# ਭਾਈ ਕਾਨ੍ਹ ਸਿੰਘ ਨਾਭਾ ਦਾ ਗੁਰਮਤਿ ਵਿਆਖਿਆਕਾਰੀ ਵਿੱਚ ਯੋਗਦਾਨ

*ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ*
*ਸਮਾਜ ਵਿਗਿਆਨ ਫ਼ੈਕਲਟੀ ਅਧੀਨ ਧਰਮ ਅਧਿਐਨ ਵਿਭਾਗ ਵਿਚ*
*ਪੀਐਚ.ਡੀ. ਦੀ ਡਿਗਰੀ ਲਈ ਪ੍ਰਸਤੁਤ*

**ਖੋਜ-ਪ੍ਰਬੰਧ**

**2018**


*ਨਿਗਰਾਨ* :

ਡਾ.ਜਸਪ੍ਰੀਤ ਕੌਰ ਸੰਧੂ
ਪ੍ਰੋਫ਼ੈਸਰ,
ਸਿੱਖ ਵਿਸ਼ਵਕੋਸ਼ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਖੋਜਾਰਥੀ:**

ਅਜੈ ਸਿੰਘ


PUNJABI UNIVERSITY PATIALA


ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਪ੍ਰਮਾਣ ਪੱਤਰ

ਤਸਦੀਕ ਕੀਤਾ ਜਾਂਦਾ ਹੈ ਕਿ ਖੋਜਾਰਥੀ ਅਜੈ ਸਿੰਘ ਨੇ ਇਹ ਖੋਜ-ਨਿਬੰਧ **ਭਾਈ ਕਾਨ੍ਹ ਸਿੰਘ ਨਾਭਾ ਦਾ ਗੁਰਮਤਿ ਵਿਆਖਿਆਕਾਰੀ ਵਿਚ ਯੋਗਦਾਨ** ਮੇਰੀ ਨਿਗਰਾਨੀ ਹੇਠ ਪੂਰਾ ਕੀਤਾ ਹੈ। ਇਹ ਖੋਜ-ਕਾਰਜ ਵਿਦਿਆਰਥੀ ਦੀ ਮੌਲਿਕ ਖੋਜ ਹੈ। ਮੈਂ ਇਸ ਖੋਜ-ਨਿਬੰਧ ਨੂੰ ਪੀਐਚ.ਡੀ. (ਧਰਮ ਅਧਿਐਨ) ਦੀ ਡਿਗਰੀ ਲਈ ਯੋਗ ਸਮਝਦੀ ਹਾਂ ਅਤੇ ਮੁਲਾਂਕਣ ਹਿੱਤ ਪ੍ਰਸਤੁਤ ਕਰਨ ਦੀ ਸਿਫ਼ਾਰਸ਼ ਕਰਦੀ ਹਾਂ।

ਮਿਤੀ: 25/12/2018

*ਨਿਗਰਾਨ*

ਜਸਪ੍ਰੀਤ ਕੌਰ ਸੰਧੂ

**ਜਸਪ੍ਰੀਤ ਕੌਰ ਸੰਧੂ**

*ਪ੍ਰੋਫੈਸਰ*

# ਘੋਸ਼ਣਾ ਪੱਤਰ

ਮੈਂ ਬਿਆਨ ਕਰਦਾ ਹਾਂ ਕਿ ਭਾਈ ਕਾਨ੍ਹ ਸਿੰਘ ਨਾਭਾ ਦਾ ਗੁਰਮਤਿ ਵਿਆਖਿਆਕਾਰੀ ਵਿਚ ਯੋਗਦਾਨ ਵਿਸ਼ੇ ਉਤੇ ਪੀਐਚ.ਡੀ. (ਧਰਮ ਅਧਿਐਨ) ਦੀ ਡਿਗਰੀ ਲਈ ਪ੍ਰਸਤੁਤ ਕੀਤਾ ਗਿਆ ਖੋਜ-ਪ੍ਰਬੰਧ ਮੇਰੀ ਮੌਲਿਕ ਰਚਨਾ ਹੈ। ਇਸ ਤੋਂ ਪਹਿਲਾਂ ਕਿਸੇ ਹੋਰ ਯੂਨੀਵਰਸਿਟੀ ਜਾਂ ਵਿੱਦਿਅਕ ਅਦਾਰੇ ਵੱਲੋਂ ਇਸ ਵਿਸ਼ੇ ਤੇ ਕੋਈ ਡਿਗਰੀ ਜਾਂ ਡਿਪਲੋਮਾ ਨਹੀਂ ਦਿੱਤਾ ਗਿਆ।

ਖੋਜਾਰਥੀ

ਅਜੈ ਸਿੰਘ

ਜਸਪ੍ਰੀਤ ਕੌਰ ਸੰਧੂ
25/12/18

(ਪ੍ਰਤੀ ਹਸਤਾਖਰ)

*ਨਿਗਰਾਨ*

ਜਸਪ੍ਰੀਤ ਕੌਰ ਸੰਧੂ

ਪ੍ਰੋਫੈਸਰ

# ਧੰਨਵਾਦ

ਅਕਾਲ ਪੁਰਖ ਵਾਹਿਗੁਰੂ ਅਤੇ ਗੁਰੂ ਗ੍ਰੰਥ ਸਾਹਿਬ ਦਾ ਧੰਨਵਾਦ ਜਿਨ੍ਹਾਂ ਦੀ ਕਿਰਪਾ ਸਦਕਾ ਮਨੁੱਖ ਆਪਣੇ ਕੰਮ ਸ਼ੁਰੂ ਕਰਦਾ ਅਤੇ ਪੂਰਨਤਾ ਵੱਲ ਲਿਜਾਣ ਦੀ ਕੋਸ਼ਿਸ਼ ਕਰਦਾ ਹੈ।

ਆਪਣੇ ਅਧਿਆਪਕਾਂ ਖਾਸਕਰ ਨਿਗਰਾਨ ਡਾ. ਜਸਪ੍ਰੀਤ ਕੌਰ ਸੰਧੂ ਜੀ ਦਾ ਧੰਨਵਾਦ ਜਿਨ੍ਹਾਂ ਦੀ ਦੇਖ-ਰੇਖ ਹੇਠ ਇਹ ਕਾਰਜ ਸੰਪੂਰਨਤਾ ਦੇ ਰਾਹ ਪਿਆ। ਸਾਰੇ ਅਧਿਆਪਕ ਜਿਨ੍ਹਾਂ ਤੋ ਇਸ ਕਾਰਜ ਸੰਬੰਧੀ ਸਹਾਇਤਾ ਲਈ ਉਨ੍ਹਾਂ ਸਭਨਾਂ ਦਾ ਧੰਨਵਾਦ।

ਮਾਪਿਆਂ ਦਾ ਧੰਨਵਾਦ ਜਿਨ੍ਹਾਂ ਨੇ ਸਾਰੀ ਜ਼ਿੰਦਗੀ ਅਸ਼ੀਰਵਾਦ ਭਰਿਆ ਹੱਥ ਸਿਰ ਤੇ ਰੱਖਿਆ। ਆਪਣੇ ਸਭ ਭੈਣ ਭਰਾਵਾਂ ਅਤੇ ਪਤਨੀ ਦਾ ਧੰਨਵਾਦ ਜਿਨ੍ਹਾਂ ਨੇ ਖੋਜ-ਕਾਰਜ ਦੀ ਸੰਪੂਰਨਤਾ ਦੌਰਾਨ ਮੇਰੀਆਂ ਜਿੰਮੇਵਾਰੀਆਂ ਆਪਣੇ ਸਿਰ ਲੈ ਕੇ ਇਹ ਕਾਰਜ ਪੂਰਾ ਕਰਨ ਲਈ ਹੌਂਸਲਾ ਦਿੱਤਾ।

ਸਾਰੇ ਪੁਸਤਕ ਲੇਖਕਾਂ, ਲਾਇਬਰੇਰੀ ਕਰਮਚਾਰੀਆਂ, ਦਾ ਧੰਨਵਾਦ ਜਿਨ੍ਹਾਂ ਦੀ ਸਹਾਇਤਾ ਨਾਲ ਕਾਫ਼ੀ ਸਮੱਗਰੀ ਮੁਹੱਈਆ ਹੋ ਗਈ।

ਅਖ਼ੀਰ ਵਿਚ ਉਨ੍ਹਾਂ ਸਭ ਦਾ ਧੰਨਵਾਦ ਜੋ ਮੇਰੇ ਇਸ ਕਾਰਜ ਨਾਲ ਕਿਸੇ ਵੀ ਰੂਪ ਵਿਚ ਜੁੜੇ।

**ਅਜੈ ਸਿੰਘ**

# ਤਤਕਰਾ


| ਮੁਖ ਪੰਨਾ | ਪੰਨੇ |
|---|---|
| *ਪ੍ਰਮਾਣ ਪੱਤਰ* | - |
| *ਘੋਸ਼ਣਾ ਪੱਤਰ* | - |
| *ਧੰਨਵਾਦ* | - |
| *ਭੂਮਿਕਾ* | *i -iiv* |
| ਅਧਿਆਇ ਪਹਿਲਾ | |
| **ਭਾਈ ਕਾਨ੍ਹ ਸਿੰਘ ਨਾਭਾ: ਜੀਵਨ ਅਤੇ ਰਚਨਾ** | **1-54** |
| ਅਧਿਆਇ ਦੂਜਾ | |
| **ਗੁਰਮਤਿ ਵਿਆਖਿਆਕਾਰੀ ਪਰੰਪਰਾ** | **55-106** |
| ਅਧਿਆਇ ਤੀਜਾ | |
| **ਭਾਈ ਕਾਨ੍ਹ ਸਿੰਘ ਨਾਭਾ ਦਾ ਗੁਰਮਤਿ ਵਿਆਖਿਆਕਾਰੀ ਵਿੱਚ ਯੋਗਦਾਨ** | **107-192** |
| ਅਧਿਆਇ ਚੌਥਾ | |
| **ਭਾਈ ਕਾਨ੍ਹ ਸਿੰਘ ਨਾਭਾ ਦੀ ਗੁਰਮਤਿ ਵਿਆਖਿਆਕਾਰੀ ਦਾ ਤੁਲਨਾਤਮਿਕ ਅਧਿਐਨ** | **193-242** |
| **ਸਾਰ ਅਤੇ ਸਥਾਪਨਾਵਾਂ** | **243-253** |
| **ਪੁਸਤਕ ਸੂਚੀ** | **252-261** |

ਅਧਿਆਇ ਪਹਿਲਾ

## ਭਾਈ ਕਾਨ੍ਹ ਸਿੰਘ ਨਾਭਾ: ਜੀਵਨ ਅਤੇ ਰਚਨਾ

ਭਾਈ ਕਾਨ੍ਹ ਸਿੰਘ ਨਾਭਾ ਸਿੱਖ ਪੰਥ ਦੇ ਵਿਦਵਾਨਾਂ ਦੀ ਕਤਾਰ ਦੇ ਮੋਹਰੀ ਹਨ। ਭਾਈ ਸਾਹਿਬ ਦੀਆਂ ਕਿਰਤਾਂ ਉਨ੍ਹਾਂ ਦੀ ਸ਼ਖਸੀਅਤ ਨੂੰ ਸ਼੍ਰੇਸਟ ਵਿਦਵਾਨ ਸਿੱਧ ਕਰਦੀਆਂ ਹਨ। ਭਾਈ ਸਾਹਿਬ ਸਿੱਖ ਪੰਥ ਨੂੰ ਦੁਨੀਆਂ ਦੇ ਧਰਮਾਂ ਵਿਚ ਅਕਾਦਮਿਕ ਤੌਰ 'ਤੇ ਸਥਾਪਿਤ ਕਰਨ ਦੀ ਚਾਹ ਰਖਦੇ ਸਨ। ਇਸ ਲਈ ਸ਼ਰਧਾ ਦੇ ਨਾਲ ਉਹ ਆਪਣੀਆਂ ਰਚਨਾਵਾਂ ਵਿਚ ਤਾਰਕਿਕ ਦ੍ਰਿਸ਼ਟੀਕੋਣ ਨੂੰ ਅਪਣਾਉਂਦੇ ਹਨ। ਇਸ ਦਾ ਕਾਰਨ ਤਤਕਾਲੀ ਵਿਦਵਾਨਾਂ, ਖਾਸ ਕਰ ਕੇ ਸਿੰਘ ਸਭਾ ਲਾਹੌਰ ਦੇ ਪ੍ਰਸਿੱਧ ਵਿਦਵਾਨ ਭਾਈ ਗੁਰਮੁਖ ਸਿੰਘ ਵਰਗਿਆਂ ਦਾ ਪ੍ਰਭਾਵ ਅਤੇ ਤਤਕਾਲੀ ਚਿੰਤਨ ਜਿਹੜਾ ਪੱਛਮੀ ਪਹੁੰਚ ਰਾਹੀਂ ਹਿੰਦੋਸਤਾਨ ਆ ਰਿਹਾ ਸੀ। ਉਸ ਤੋਂ ਇਲਾਵਾ ਭਾਈ ਸਾਹਿਬ ਦੇ ਸਮੇਂ ਚੱਲ ਰਹੀਆਂ ਧਰਮ ਸੁਧਾਰ ਦੀਆਂ ਲਹਿਰਾਂ, ਜਿਨ੍ਹਾਂ ਤੋਂ ਸਿੱਖ ਮਨ ਪ੍ਰਭਾਵ ਕਬੂਲਦਾ ਹੈ ਅਤੇ ਉਨ੍ਹਾਂ ਲਹਿਰਾਂ ਦੇ ਸਦਕਾ ਸਿੱਖੀ ਤੋਂ ਮੂੰਹ ਮੋੜਨ ਦਾ ਖਤਰਾ ਹੈ ਤੋਂ ਭਾਈ ਸਾਹਿਬ ਤੋਂ ਬਹੁਤ ਜਿਆਦਾ ਚੇਤੰਨ ਸਨ। ਇਸ ਦਾ ਪਤਾ ਉਨ੍ਹਾਂ ਦੀਆਂ ਕਿਰਤਾਂ *ਹਮ ਹਿੰਦੂ ਨਹੀਂ, ਗੁਰੁਮਤ ਮਾਰਤੰਡ , ਗੁਰੁਸ਼ਬਦ ਰਤਨਾਕਰ ਮਹਾਨ ਕੋਸ਼* ਆਦਿ ਤੋਂ ਲਗਦਾ ਹੈ।

ਹਰ ਵਿਅਕਤੀ ਦੀ ਜ਼ਿੰਦਗੀ ਨੂੰ ਉਸਦੇ ਸਮਕਾਲੀਨ ਹਾਲਾਤ ਪ੍ਰਭਾਵਿਤ ਕਰਦੇ ਹਨ। ਜਿਹਨਾਂ ਦਾ ਉਹ ਅਸਰ ਕਬੂਲਦਾ ਹੋਇਆ ਕਾਰਜ ਕਰਦਾ ਹੈ ਅਤੇ ਆਪਣੇ ਪ੍ਰਤੀਕ੍ਰਮ ਵੀ ਜ਼ਾਹਿਰ ਕਰਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਜੀ ਵਰਗੇ ਸੰਵੇਦਨਸ਼ੀਲ ਅਤੇ ਬੁੱਧੀਮਾਨ ਵਿਅਕਤੀ ਦੀ ਜ਼ਿੰਦਗੀ ਵਿੱਚ ਵੀ ਇਨ੍ਹਾਂ ਹਾਲਾਤ ਦਾ ਗਹਿਰਾ ਪ੍ਰਭਾਵ ਪਿਆ ਸੀ। ਭਾਰਤ ਅਤੇ ਪੰਜਾਬ ਦੇ ਉਸ ਵੇਲੇ ਦੇ ਸਮਾਜਿਕ,

ਰਾਜਨੀਤਿਕ, ਆਰਥਿਕ ਅਤੇ ਧਾਰਮਿਕ ਹਾਲਾਤ ਵਿਚਾਰਨ ਨਾਲ ਸਾਨੂੰ ਭਾਈ ਕਾਨ੍ਹ ਸਿੰਘ ਨਾਭਾ ਦੀਆਂ ਲਿਖਤਾਂ ਅਤੇ ਵਿਚਾਰਧਾਰਾਵਾਂ ਨੂੰ ਸਮਝਣ ਦੀ ਇੱਕ ਸੂਝ ਮਿਲਦੀ ਹੈ।

**ਭਾਈ ਕਾਨ੍ਹ ਸਿੰਘ ਨਾਭਾ ਦਾ ਜੀਵਨ**

**ਸਮਕਾਲੀਨ ਹਾਲਾਤ**

ਭਾਈ ਕਾਨ੍ਹ ਸਿੰਘ ਨਾਭਾ ਦਾ ਜੀਵਨ-ਕਾਲ 1861 ਈ. ਤੋਂ 1938 ਈ. ਤੱਕ ਦਾ ਹੈ।[1] 19ਵੀਂ ਸਦੀ ਦੇ ਸ਼ੁਰੂ ਤੱਕ ਭਾਰਤ ਵਿੱਚ ਬੜੇ ਰਾਜ ਸਥਾਪਿਤ ਹੋ ਕੇ ਖੇਰੂੰ-ਖੇਰੂੰ ਹੋ ਚੁੱਕੇ ਸਨ। ਬਾਹਰ ਦੇ ਹਮਲਾਵਰਾ ਯੂਨਾਨੀ, ਮੰਗੋਲ, ਅਫ਼ਗਾਨੀ, ਮੁਗਲ ਅਤੇ ਅੰਗਰੇਜ਼ ਭਾਰਤ ਉੱਤੇ ਹਰ ਪਹਿਲੂ ਤੋਂ ਚੰਗੇ-ਮਾੜੇ ਅਸਰ ਛੱਡ ਚੁੱਕੇ ਸਨ। ਹਿੰਦੂ, ਮੁਸਲਿਮ, ਬੁੱਧ, ਜੈਨ ਅਤੇ ਇਸਾਈ ਮੁੱਖ ਧਰਮ ਸਨ ਅਤੇ ਸਿੱਖ ਧਰਮ ਸਥਾਪਿਤ ਹੋਣ ਤੋਂ ਬਾਅਦ ਆਪਣਾ ਵਿਸਥਾਰ ਕਰ ਰਿਹਾ ਸੀ। ਬਾਹਰਲੇ ਹਮਲਾਵਰਾਂ ਦੀਆਂ ਲੁੱਟਾਂ ਕਾਰਨ ਦੇਸ਼ ਆਰਥਿਕ ਪੱਖੋਂ ਕੰਗਾਲ ਹੋ ਚੁੱਕਾ ਸੀ। ਕਈ ਕੌਮਾਂ, ਭਾਸ਼ਾਵਾਂ ਅਤੇ ਸਭਿਆਚਾਰਾਂ ਦਾ ਮਿਸ਼ਰਣ ਹੋ ਚੁੱਕਾ ਸੀ। ਪੰਜਾਬ ਇਨ੍ਹਾਂ ਹਲਚਲਾਂ ਦਾ ਕੇਂਦਰੀ ਸਥਾਨ ਰਿਹਾ ਸੀ। ਇਸ ਕਰਕੇ ਪੰਜਾਬ ਦਾ ਸਰੂਪ ਇਨ੍ਹਾਂ ਅਤੀਤ ਦੀਆਂ ਘਟਨਾਵਾਂ ਨੇ ਨਿਰਧਾਰਿਤ ਕੀਤਾ ਸੀ।

ਭਾਰਤ ਵਿੱਚ ਅੰਗਰੇਜ਼ੀ ਸਾਮਰਾਜ ਦੇ ਪਾਸਾਰ ਨਾਲ ਭਾਰਤ ਦੇ ਪਾਰੰਪਰਿਕ ਸਭਿਆਚਾਰਿਕ ਮਾਹੌਲ ਨੂੰ ਭਾਰੀ ਖੋਰਾ ਲੱਗਣਾ ਸ਼ੁਰੂ ਹੋ ਗਿਆ ਸੀ। 1857 ਵਿੱਚ ਭਾਰਤ ਦੇ ਸਭਿਆਚਾਰਿਕ, ਵਿਦਿਅਕ ਅਤੇ ਸਮਾਜਿਕ ਸਥਾਨਿਕ ਤਾਣੇ-ਬਾਣੇ ਨੂੰ ਸਾਮਰਾਜਵਾਦੀ ਨੀਤੀਆਂ ਅਧੀਨ ਪੂਰੇ ਤੌਰ 'ਤੇ ਨਸ਼ਟ ਕਰ ਦਿੱਤਾ ਗਿਆ ਸੀ। ਉਨ੍ਹਾਂ ਦਾ ਮੁੱਖ ਉਦੇਸ਼ ਸੀ ਕਿ ਈਸਾਈ ਧਰਮ ਦਾ ਝੰਡਾ ਇੱਕ ਕੋਨੇ ਤੋਂ

[1] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* (ਭੂਮਿਕਾ) ਭਾਸ਼ਾ ਵਿਭਾਗ, ਪਟਿਆਲਾ, 2006, ਪੰਨਾ ਅ

ਲੈ ਕੇ ਦੂਜੇ ਕੋਨੇ ਤੱਕ ਝੁਲਾਇਆ ਜਾ ਸਕੇ।[2] ਅਜਿਹਾ ਕਰਨ ਲਈ ਜਿੱਥੇ ਅੰਗਰੇਜ਼ਾਂ ਨੇ ਵੱਖ-ਵੱਖ ਥਾਵਾਂ ਤੇ ਆਪਣੇ ਪ੍ਰਚਾਰਕ ਅੱਡੇ ਕਾਇਮ ਕੀਤੇ, ਉੱਥੇ ਨਾਲ ਹੀ ਲੋਕਾਂ ਨੂੰ ਗੁਮਰਾਹ ਕਰਨ ਲਈ ਅੰਗਰੇਜ਼ ਅਫ਼ਸਰ, ਫ਼ੌਜੀਆਂ ਕੋਲ ਇੱਕ ਹੱਥ ਵਿੱਚ ਤਰੱਕੀ ਦੀ 'ਆਰਡਰ ਬੁੱਕ' ਤੇ ਦੂਜੇ ਹੱਥ 'ਬਾਈਬਲ' ਲੈ ਕੇ ਜਾਂਦੇ ਸਨ।[3] ਦੂਸਰੇ ਪਾਸੇ ਰੇਲ, ਡਾਕ ਪ੍ਰਬੰਧ ਸੁਧਾਰ ਅਤੇ ਹੋਰ ਸੁੱਖ-ਸੁਵਿਧਾਵਾਂ ਸਭ ਹਿੰਦੁਸਤਾਨੀਆਂ ਨੂੰ ਆਪਣੇ ਪ੍ਰਭਾਵ ਹੇਠ ਲਿਆਉਣ ਦੇ ਯਤਨ ਸਨ। ਉਨ੍ਹਾਂ ਵਕੀਲ, ਬੈਰਿਸਟਰ, ਕਲਰਕ, ਸਕੂਲ, ਕਾਲਜ ਅਧਿਆਪਕਾਂ ਦੀਆਂ ਸ੍ਰੇਣੀਆਂ ਪੰਜਾਬ 'ਚ ਨਵੀਨਤਾ ਪੈਦਾ ਕਰਨ ਲਈ ਹੋਂਦ ਵਿੱਚ ਲਿਆਂਦੀਆਂ। ਵਿੱਦਿਅਕ ਅਦਾਰੇ ਖੋਲ੍ਹੇ ਅਤੇ ਧਰਮ ਪ੍ਰਚਾਰ ਲਈ ਈਸਾਈ ਮਿਸ਼ਨਰੀ ਵੀ ਸਥਾਪਿਤ ਕੀਤੇ। ਐਨਾ ਕੁਝ ਹੋਣ ਦੇ ਬਾਵਜੂਦ ਵੀ ਹੈਰਾਨੀਜਨਕ ਗੱਲ ਇਹ ਹੋਈ ਕਿ ਢਾਈ ਤਿੰਨ ਦਹਾਕਿਆਂ ਦੇ ਅੰਦਰ ਹੀ ਭਾਰਤੀ ਪਰੰਪਰਾ ਦੇ ਪੁਨਰ-ਜਾਗਰਣ ਦੀਆਂ ਲਹਿਰਾਂ ਆਰੰਭ ਹੋ ਗਈਆਂ। ਇਨ੍ਹਾਂ ਲਹਿਰਾਂ ਨੇ ਧਾਰਮਿਕ ਆਭਾ ਮੰਡਲ ਵਿੱਚ ਆਤਮ ਸੁਧਾਰ ਰਾਹੀਂ ਆਪਣੀ ਪਰੰਪਰਿਕ ਵਿਰਾਸਤ ਨੂੰ ਸੁਰੱਖਿਅਤ ਕਰਨ ਦਾ ਰਸਤਾ ਅਪਣਾਇਆ। ਉੱਧਰ ਆਰੀਆ ਸਮਾਜ ਅੰਦਰ ਰਾਜਾ ਰਾਮ ਮੋਹਨ ਰਾਏ, ਰਵਿੰਦਰ ਨਾਥ ਟੈਗੋਰ, ਸਵਾਮੀ ਵਿਵੇਕਾਨੰਦ ਅਤੇ ਸੁਆਮੀ ਦਯਾਨੰਦ ਸਰਸਵਤੀ ਨੇ ਹਿੰਦੂ ਧਰਮ ਦੀਆਂ ਪਰੰਪਰਾਵਾਂ ਨੂੰ ਹਿੰਦੂ ਦਰਵਾਜਿਆਂ ਤੱਕ ਲਿਆਂਦਾ ਜਦੋਂ ਕਿ ਉਸ ਸਮੇਂ ਆਰੀਆ ਸਮਾਜ ਕੇਵਲ ਮੂਰਤੀ ਪੂਜਾ ਤੱਕ ਹੀ ਸੀਮਤ ਸੀ, ਪਰ ਉਪਰੋਕਤ ਸ਼ਖ਼ਸੀਅਤਾਂ ਨੇ ਉਨ੍ਹਾਂ ਨੂੰ ਰੀਤੀ-ਰਿਵਾਜ, ਕਾਰ-ਵਿਹਾਰ ਵੱਲ ਖਿੱਚ ਲਿਆ ਤੇ ਇੱਧਰ ਸਿੱਖ ਸਮਾਜ ਅੰਦਰ ਪ੍ਰੋ. ਪੂਰਨ ਸਿੰਘ ਨੇ ਸਿੱਖ

[2] ਗੁਰਚਰਨ ਸਿੰਘ ਮਹਿਤਾ, *ਭਾਈ ਵੀਰ ਸਿੰਘ ਦੀ ਕਵਿਤਾ,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1972, ਪੰਨਾ 2

[3] ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ,* ਕਵਿਰਾਜ ਨਰਾਇਣ ਸਿੰਘ ਵੱਲਭ, ਨਿਆਮਤਪੁਰੀ 1954, ਪੰਨਾ 158

ਰੀਤੀ-ਰਿਵਾਜਾਂ, ਸਿੱਖ ਪਰੰਪਰਾਵਾਂ ਨੂੰ ਆਪਣੀਆਂ ਕਿਰਤਾਂ ਵਿੱਚ ਦਰਸਾ ਕੇ ਸਿੱਖ ਸੰਗਤ ਨੂੰ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਬਾਰੇ ਜਾਣਕਾਰੀ ਦੇ ਕੇ ਹਿੰਦੂ ਧਰਮ ਦੀ ਮੂਰਤੀ ਪੂਜਾ ਵੱਲ ਜਾਣ ਤੋਂ ਵਰਜਿਆ। ਉਨ੍ਹਾਂ ਨੂੰ ਡਰ ਸੀ ਕਿ ਸਿੱਖ ਧਰਮ ਦੇ ਪੈਰੋਕਾਰ ਮੂਰਤੀ ਪੂਜਾ ਵੱਲ ਜਾ ਕੇ ਕਿਤੇ ਹਿੰਦੂ ਧਰਮ ਵਿੱਚ ਪ੍ਰਵੇਸ਼ ਨਾ ਕਰ ਜਾਣ, ਇਹੀ ਕਾਰਨ ਸੀ ਕਿ ਉਨ੍ਹਾਂ ਨੇ ਸਿੱਖਾਂ ਨੂੰ *ਗੁਰੂ ਗ੍ਰੰਥ ਸਾਹਿਬ* ਵੱਲ ਜਾਣ ਦੀ ਪ੍ਰੇਰਨਾ ਦਿੱਤੀ। ਇਹ ਉਹ ਸਮਾਜ ਸੀ ਜਦੋਂ ਸਿੱਖ ਧਰਮ ਦੇ ਗੁਰਦੁਆਰਿਆਂ ਵਿੱਚ ਸਿੱਖੀ ਦੇ ਪ੍ਰਚਾਰ ਲਈ ਕਲਾਸਾਂ ਲਗਦੀਆਂ ਸਨ। ਇਸਦੇ ਦੋ ਲਾਭ ਇਹ ਹੋਏ, ਇੱਕ ਤਾਂ ਸਿੱਖ ਧਰਮ ਦੇ ਪੈਰੋਕਾਰ ਮੂਰਤੀ ਪੂਜਾ ਵੱਲੋਂ ਰੁੱਕ ਗਏ ਤੇ ਦੂਸਰਾ, ਪੰਜਾਬੀ ਭਾਸ਼ਾ ਦਾ ਵਿਕਾਸ ਹੋਣਾ ਸ਼ੁਰੂ ਹੋ ਗਿਆ। ਮੁਸਲਮਾਨਾਂ ਵਿੱਚ ਸਰ ਸੱਯਦ ਅਹਿਮਦ ਖ਼ਾਨ, ਇਮਾਮ ਅਬੂ ਹਮੀਦ ਮੁਹੰਮਦ ਅਲਗਜ਼ਾਮੀ ਨੇ ਗਿਆਰ੍ਹਵੀਂ-ਬਾਰ੍ਹਵੀਂ ਸਦੀ ਵਿੱਚ ਆਪਣੀ ਪ੍ਰਸਿੱਧ ਪੁਸਤਕ *ਇਲਹਾਉ-ਉਲੂਮਿਦ-ਦੀਨ* ਵਿੱਚ ਮੁਸਲਮਾਨਾਂ ਦੇ ਪਰਮਾਰਥਕ ਤੇ ਸੰਸਾਰਿਕ ਜੀਵਨ ਨੂੰ ਸ਼ੁੱਧ ਬਣਾਉਣ ਲਈ ਪੂਰਨੇ ਪਾਏ ਸਨ। ਉਨ੍ਹਾਂ ਦਾ ਵਿਸਤ੍ਰਿਤ ਅਤੇ ਦਾਰਸ਼ਨਿਕ ਗਿਆਨ, *ਕੁਰਾਨ ਹਦੀਸ* ਤੇ ਵਲੀਆਂ ਦੀ ਕਥਨੀ ਅਤੇ ਕਰਨੀ 'ਤੇ ਆਧਾਰਿਤ ਸੀ। ਉੱਥੇ ਭਾਈ ਕਾਨ੍ਹ ਸਿੰਘ ਨਾਭਾ ਦਾ ਕੰਮ ਬੀਜ ਰੂਪ ਸੀ। ਸ੍ਰੀ ਮੁਖਵਾਕ ਬਾਣੀ, ਭਾਈ ਗੁਰਦਾਸ ਦੀ ਰਚਨਾ, ਭਾਈ ਨੰਦ ਲਾਲ ਦੀ ਰਚਨਾ ਸਿੱਖ ਰਿਵਾਇਤਾਂ ਵਿੱਚ ਮੌਜੂਦ ਹੈ।

1800 ਈ. ਤੱਕ ਅੰਗਰੇਜ਼ਾਂ ਨੇ ਦੇਸ਼ ਦੇ ਵੱਡੇ ਹਿੱਸੇ 'ਤੇ ਕਬਜ਼ਾ ਕਰ ਲਿਆ ਸੀ ਅਤੇ ਹੁਣ ਉਹ ਦੇਸ਼ ਦੇ ਖੁਸ਼ਹਾਲ ਸੂਬੇ ਪੰਜਾਬ ਨੂੰ ਲਲਚਾਈਆ ਅੱਖਾਂ ਨਾਲ ਦੇਖ ਰਹੇ ਸਨ। ਪੰਜਾਬ ਨੂੰ ਜਿੱਤਣ ਦੀ ਲਾਲਸਾ ਤਹਿਤ 1809 ਦੀ ਅੰਮ੍ਰਿਤਸਰ ਸੰਧੀ, 1835 ਵਿਚ ਫ਼ਿਰੋਜਪੁਰ ਕਬਜ਼ਾ, 1838 ਵਿਚ ਮਹਾਰਾਜਾ ਰਣਜੀਤ ਸਿੰਘ ਨੂੰ ਤ੍ਰਿਪੱਖੀ ਸੰਧੀ ਤੇ ਦਸਤਖ਼ਤ ਕਰਨ ਲਈ ਮਜ਼ਬੂਰ ਕੀਤਾ ਗਿਆ ਅਤੇ

1845-46 ਈ. ਵਿਚ ਪਹਿਲਾ ਐਂਗਲੋ-ਸਿੱਖ ਯੁੱਧ ਹੋਇਆ। ਮਹਾਰਾਜਾ ਰਣਜੀਤ ਸਿੰਘ ਦਾ ਰਾਜ ਉਸ ਦੀ ਮੌਤ ਤੋਂ ਬਾਅਦ ਖੇਰੂੰ-ਖੇਰੂੰ ਹੋਣਾ ਸ਼ੁਰੂ ਹੋ ਗਿਆ ਸੀ। ਦੂਜੇ ਐਂਗਲੋ-ਸਿੱਖ ਯੁੱਧ ਵਿਚ ਅੰਗਰੇਜ਼ ਜਿੱਤ ਗਏ ਅਤੇ 29 ਮਾਰਚ 1849 ਨੂੰ ਪੰਜਾਬ ਨੂੰ ਅੰਗਰੇਜ਼ੀ ਸਾਮਰਾਜ ਵਿਚ ਸ਼ਾਮਿਲ ਕਰਕੇ ਉਸ ਉੱਤੇ ਅਧਿਕਾਰ ਕਰ ਲਿਆ ਗਿਆ ਸੀ।[4] ਇਸ ਸਮੇਂ ਦੇ ਹਾਲਾਤ ਨੂੰ ਜਗਮੇਲ ਸਿੰਘ ਭਾਠੂਆਂ ਆਪਣੀ ਪੁਸਤਕ ਵਿੱਚ ਇੰਝ ਲਿਖਦੇ ਹਨ:

> "1849 ਈ. ਵਿਚ ਸਿੱਖਾਂ ਦੀ ਦੂਜੀ ਲੜਾਈ ਵਿਚ ਹਾਰ ਪਿੱਛੋਂ ਰਾਜਸੀ ਪਰਿਵਰਤਨ ਉੱਤੇ ਪੰਜਾਬੀਆਂ ਨੇ ਬੜਾ ਸ਼ੋਗ ਮਨਾਇਆ। ਮਾਨਸਿਕ ਅਧੋਗਤੀ, ਗੁਲਾਮੀ ਦਾ ਅਹਿਸਾਸ ਅਤੇ ਆਰਥਿਕ ਮੰਦਵਾੜੇ ਕਾਰਨ ਪੰਜਾਬੀਆਂ ਵਿਚ ਉਦਾਸੀ ਤੇ ਉਪਗਮਤਾ ਵੱਧਣ ਲੱਗੀ। ਨਿਰਾਸ਼ ਪੰਜਾਬੀ ਨਸ਼ਿਆਂ ਦੀ ਖੁੱਲ੍ਹ ਕੇ ਵਰਤੋਂ ਕਰਨ ਲੱਗੇ, ਚਰਿੱਤਰ ਵਿੱਚ ਗਿਰਾਵਟ ਆਈ ਅਤੇ ਵਹਿਮ-ਪ੍ਰਸਤੀ ਦਾ ਬੋਲਬਾਲਾ ਸ਼ੁਰੂ ਹੋ ਗਿਆ। ਫੇਰ ਵੀ ਸਮਾਜਿਕ ਚੇਤਨਾ ਪੈਦਾ ਕਰਨ ਲਈ ਲੋਕ ਲਹਿਰਾਂ ਜਨਮ ਲੈਂਦੀਆਂ ਰਹੀਆਂ। ਕੂਕਾ ਲਹਿਰ, ਨਿਰੰਕਾਰੀ ਲਹਿਰ, ਗੁਰਦੁਆਰਾ ਸੁਧਾਰ ਲਹਿਰ, ਦੇਸ਼ ਭਗਤ ਸਭਾ, ਸਿੰਘ ਸਭਾ ਲਹਿਰ ਆਦਿ ਨੇ ਲੋਕਾਂ ਦੇ ਸਮਾਜਿਕ ਜੀਵਨ ਨੂੰ ਹਲੂਣਿਆ, ਸਮੇਂ ਦੇ ਸਿਆਣਿਆਂ ਨੇ ਨੌਜਵਾਨਾਂ ਵਿਚ ਨਵੀਨ ਚੇਤਨਾ ਭਰਨ ਲਈ ਅਤੇ ਸਿੱਖ ਸਮਾਜ ਨੂੰ ਵਹਿਮਾਂ-ਭਰਮਾਂ ਤੋਂ ਮੁਕਤ ਕਰਵਾਉਣ ਲਈ ਅਤੇ ਗੁਰਮਤਿ ਵਿਚੋਂ ਮਨਮਤ ਦਾ ਨਿਖੇੜਾ ਕਰਨ ਲਈ ਆਧੁਨਿਕ ਵਿੱਦਿਆ ਦੇ ਪ੍ਰਚਾਰ-ਪ੍ਰਸਾਰ ਵੱਲ ਪੂਰੀ ਤਰ੍ਹਾਂ ਧਿਆਨ ਜੋੜਿਆ।"[5]

---

[4] ਵਰਿੰਦਰ ਸਿੰਘ, *ਪੰਜਾਬ ਦਾ ਇਤਿਹਾਸ,* ਚੇਤਨਾ ਪਬਲਿਸ਼ਰਜ਼, ਚੰਡੀਗੜ੍ਹ, 2001, ਪੰਨਾ 303

[5] ਜਗਮੇਲ ਸਿੰਘ ਭਾਠੂਆਂ, *ਯੁੱਗ ਪੁਰਸ਼, ਭਾਈ ਕਾਨ੍ਹ ਸਿੰਘ ਨਾਭਾ,* ਆਰਸ਼ੀ ਪਬਲਿਸ਼ਰਜ਼, ਦਿੱਲੀ, 2007, ਪੰਨੇ 41-42

ਨਾਮਧਾਰੀ ਲਹਿਰ, ਸਿੰਘ ਸਭਾ ਲਹਿਰ, ਚੀਫ਼ ਖ਼ਾਲਸਾ ਦੀਵਾਨ ਅਤੇ ਪੰਚਖੰਡ (ਭਸੌੜ) ਲਹਿਰਾਂ ਉਭਰੀਆਂ। ਇਸ ਉਪਰੰਤ ਗ਼ਦਰ ਲਹਿਰ, ਧਾਰਮਿਕ ਸੁਧਾਰ ਲਹਿਰ, ਸਿੰਘ ਸਭਾ ਲਹਿਰ ਹੋਂਦ ਵਿੱਚ ਆਈਆਂ। 1879 ਈ. ਵਿੱਚ 'ਸਿੰਘ ਸਭਾ ਲਹਿਰ' ਦੀ ਸਥਾਪਨਾ ਹੋਈ, ਜਿਸਦੇ ਪ੍ਰਧਾਨ ਦੀਵਾਨ ਬੂਟਾ ਸਿੰਘ ਅਤੇ ਭਾਈ ਗੁਰਮੁਖ ਸਿੰਘ ਸਕੱਤਰ ਚੁਣਿਆ ਗਿਆ।[6] ਸਿੰਘ ਸਭਾ ਲਹਿਰ ਵੱਲੋਂ ਸਿੱਖੀ ਪ੍ਰਚਾਰ ਤੇ ਵਿੱਦਿਅਕ ਸੁਧਾਰ ਦੇ ਆਸ਼ੇ ਨਾਲ ਕਈ ਸਕੂਲ ਸਥਾਪਿਤ ਕੀਤੇ ਗਏ। ਇੰਞ ਹੀ ਸਿੱਖ ਐਜੂਕੇਸ਼ਨਲ ਕਾਨਫ਼ਰੰਸ ਨੇ ਵਿੱਦਿਆ ਦੇ ਪ੍ਰਚਾਰ ਹਿੱਤ ਮਹਾਨ ਗ੍ਰੰਥਾਂ ਦੀ ਸਿਰਜਣਾ ਕੀਤੀ। ਜਿਸ ਵਿੱਚ ਭਾਈ ਵੀਰ ਸਿੰਘ, ਪ੍ਰੋ. ਗੁਰਮੁਖ ਸਿੰਘ, ਮੋਹਨ ਸਿੰਘ ਵੈਦ, ਗਿਆਨੀ ਦਿੱਤ ਸਿੰਘ, ਸ. ਅਤਰ ਸਿੰਘ ਭਦੌੜ, ਭਾਈ ਤਖ਼ਤ ਸਿੰਘ, ਸੁੰਦਰ ਸਿੰਘ ਮਜੀਠੀਆ, ਭਾਈ ਅਰਜਨ ਸਿੰਘ ਬਾਗੜੀਆਂ, ਸੰਤ ਅਤਰ ਸਿੰਘ, ਤੇਜਾ ਸਿੰਘ ਭਸੌੜ ਆਦਿ ਸਾਹਿਤਕਾਰਾਂ ਨੇ ਆਧੁਨਿਕ ਵਿੱਦਿਆ ਦੇ ਪ੍ਰਚਾਰ-ਪ੍ਰਸਾਰ ਵੱਲ ਅਤੇ ਗੁਰਮਤਿ ਵਿੱਚੋਂ ਮਨਮਤ ਦਾ ਨਿਖੇੜਾ ਕਰਨ 'ਚ ਯੋਗਦਾਨ ਪਾਇਆ ਅਤੇ ਨਵੇਂ ਸਾਹਿਤਕਾਰਾਂ ਜਿਵੇਂ ਚਰਨ ਸਿੰਘ ਸ਼ਹੀਦ, ਪ੍ਰੋ. ਪੂਰਨ ਸਿੰਘ, ਬਾਵਾ ਬੁੱਧ ਸਿੰਘ, ਕਰਮ ਸਿੰਘ ਹਿਸਟੋਰੀਅਨ ਤੇ ਜੀ.ਬੀ. ਸਿੰਘ ਆਦਿ ਨੂੰ ਪੰਜਾਬੀ ਸਾਹਿਤ ਰਚਣ ਵੱਲ ਪ੍ਰੇਰਿਆ। ਪ੍ਰੋ. ਪੂਰਨ ਸਿੰਘ ਅਤੇ ਭਾਈ ਕਾਨ੍ਹ ਸਿੰਘ ਨਾਭਾ ਨੇ ਸਿੱਖ ਪੁਨਰ-ਜਾਗ੍ਰਿਤੀ ਲਹਿਰ ਨੂੰ ਗਹਿਰਾ ਤੇ ਸਿਧਾਂਤਿਕ ਆਧਾਰ ਪ੍ਰਦਾਨ ਕੀਤਾ। ਜਿਸ ਸਮੇਂ ਸਿੰਘ ਸਭਾ ਲਹਿਰ ਲਾਹੌਰ ਹੋਂਦ ਵਿੱਚ ਆਈ ਉਨ੍ਹਾਂ ਦਿਨਾਂ ਵਿੱਚ ਭਾਈ ਕਾਨ੍ਹ ਸਿੰਘ ਨਾਭਾ ਵੀ ਲਾਹੌਰ ਵਿਚ ਹੀ ਸਨ। ਭਾਈ ਕਾਨ੍ਹ ਸਿੰਘ ਨਾਭਾ ਦੀ ਸਿੱਖਿਆ ਅੰਗਰੇਜ਼ੀ ਮਾਹੌਲ ਵਿੱਚ ਨਹੀਂ ਹੋਈ ਸਗੋਂ ਪੁਰਾਣੇ ਤਰੀਕੇ ਨਾਲ ਉਨ੍ਹਾਂ ਨੇ ਵਿੱਦਿਆ ਪ੍ਰਾਪਤ ਕੀਤੀ ਸੀ। ਭਾਈ

[6] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* (7ਵਾਂ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 2006, ਪੰਨਾ 193

ਕਾਨ੍ਹ ਸਿੰਘ ਨਾਭਾ ਸ਼ਬਦ ਉਤਪਤ, ਸ਼ਬਦ ਸਿਰਜਨਾ, ਵਿਆਕਰਣ, ਪਿੰਗਲ, ਅਲੰਕਾਰ ਦੇ ਪਹੁੰਚੇ ਹੋਏ ਵਿਦਵਾਨ ਸਨ ਅਤੇ ਲਾਹੌਰ ਸਿੰਘ ਸਭਾ ਲਹਿਰ, ਅਤੇ ਸਿੱਖ ਧਰਮ ਪ੍ਰਚਾਰ ਦੇ ਮਾਹੌਲ ਵਿੱਚ ਇਸ ਤਰ੍ਹਾਂ ਦੀ ਵਿੱਦਿਅਕ ਯੋਗਤਾ ਵਾਲੇ ਬੰਦੇ ਦੀ ਡਾਢੀ ਲੋੜ ਸੀ, ਜੋ ਭਾਈ ਕਾਨ੍ਹ ਸਿੰਘ ਨਾਭਾ ਨੇ ਭਲੀ ਭਾਂਤ ਪੂਰੀ ਕਰ ਦਿੱਤੀ।[7]

ਭਾਈ ਕਾਨ੍ਹ ਸਿੰਘ ਨਾਭਾ ਦੀ ਲਿਖਣੀ ’ਤੇ ਸਿੰਘ ਸਭਾ ਲਹਿਰ ਦਾ ਪ੍ਰਭਾਵ ਸਿੱਧੇ ਹੀ ਝਲਕਦਾ ਹੈ। ਇਨ੍ਹਾਂ ਨੇ ਸਿੰਘ ਸਭਾ ਲਹਿਰ ਵਿੱਚ ਬਤੌਰ ਲੇਖ਼ਕ ਆਪਣਾ ਵੱਡਮੁੱਲਾ ਯੋਗਦਾਨ ਪਾਇਆ ਅਤੇ ਇਸ ਦੇ ਅਸੂਲਾਂ ਨੂੰ ਹੀ ਆਪਣੀਆਂ ਲਿਖਤਾਂ ਦੁਆਰਾ ਪ੍ਰਚਾਰਿਆ। ਉਨ੍ਹਾਂ ਦੀਆਂ ਰਚਨਾਵਾਂ ਵਿੱਚ ਸਿੱਖ ਸਿਧਾਂਤ, ਸਿੱਖ ਪਹਿਚਾਣ, ਰਹਿਣੀ ਤੇ ਸਿੱਖਾਂ ਦੇ ਕਾਰ-ਵਿਵਹਾਰ ਨੂੰ ਪ੍ਰਤੱਖ ਰੂਪ ਵਿੱਚ ਵੇਖਿਆ ਜਾ ਸਕਦਾ ਹੈ। ਸਮੇਂ ਦੀ ਮੰਗ ਅਨੁਸਾਰ ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਗ੍ਰੰਥਾਂ ਦੀ ਸਿਰਜਣਾ ਕਰਕੇ ਸਿੱਖ ਪੁਨਰ ਜਾਗ੍ਰਿਤੀ ਲਈ ਕੰਮ ਕੀਤਾ। ਇਨ੍ਹਾਂ ਲਹਿਰਾਂ ਵਿੱਚ ਉਹ ਇੱਕ ਸਾਹਿਤਕਾਰ, ਪ੍ਰਭਾਵਸ਼ਾਲੀ ਪ੍ਰਚਾਰਕ, ਸਿਧਾਂਤਕਾਰ ਤੇ ਵਿਆਖਿਆਕਾਰ ਵਜੋਂ ਸਾਹਮਣੇ ਆਏ। ਉਨ੍ਹਾਂ ਨੇ ਭਾਈ ਵੀਰ ਸਿੰਘ ਨੂੰ ਆਪਣਾ ਪ੍ਰੇਰਨਾ ਸਰੋਤ ਮੰਨਿਆ। ਉਨ੍ਹਾਂ ਦਾ ਉਦੇਸ਼ ਸਿੱਖ ਭਾਵਨਾ ਨੂੰ ਚੜ੍ਹਦੀ ਕਲਾ ਵਿੱਚ ਰੱਖਣਾ ਸੀ।[8]

ਇਸ ਸੰਸਾਰ ਵਿੱਚ ਕੋਈ ਵੀ ਅਜਿਹਾ ਸੰਕਲਪ ਨਹੀਂ ਜਿਹੜਾ ਮਨੁੱਖ ਤੋਂ ਵੱਖਰਾ ਹੋਵੇ, ਮਨੁੱਖ ਸਾਰੇ ਸੰਕਲਪਾਂ ਦਾ ਘੜਨਹਾਰ ਹੈ। ਇਸ ਲਈ ਲੇਖਕ ਦੀ ਹਰ ਰਚਨਾਂ ਵਿੱਚ ਉਸਦਾ ਆਪਾ ਅਭਿਵਿਅਕਤ ਹੁੰਦਾ ਹੈ। ਸੋ ਕਿਸੇ ਲੇਖਕ ਦੀ ਸਮੁੱਚੀ ਰਚਨਾ ਦੀ ਪਰਖ, ਕਰਨਾ ਉਸਦੇ ਸਮੁੱਚੇ

---

[7] ਪ੍ਰੀਤਮ ਸਿੰਘ, *ਭਾਈ ਕਾਨ੍ਹ ਸਿੰਘ ਨਾਭਾ ਪਿਛੋਕੜ ਰਚਨਾ ਤੇ ਮੁਲਾਂਕਣ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1989, ਪੰਨਾ 31

[8] ਸੁਖਜੀਤ ਕੌਰ, *ਭਾਈ ਕਾਨ੍ਹ ਸਿੰਘ ਨਾਭਾ ਤੇ ਉਨ੍ਹਾਂ ਦੀਆਂ ਰਚਨਾਵਾਂ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਿਤੀ ਹੀਣ, ਪੰਨੇ 15-16

ਜੀਵਨ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਬੜੀ ਸਹਾਈ ਹੁੰਦੀ ਹੈ। ਭਾਈ ਸਾਹਿਬ ਦੀ ਰਚਨਾਵਾਂ ਦਾ ਮੁਲਾਂਕਣ ਕਰਨ ਲਈ ਜ਼ਰੂਰੀ ਹੈ ਕਿ ਉਨ੍ਹਾਂ ਦੇ ਜੀਵਨ ਦਾ ਸੰਖੇਪ ਜਿਹਾ ਅਧਿਐਨ ਕੀਤਾ ਜਾਵੇ।

**ਜਨਮ**

ਭਾਈ ਕਾਨ੍ਹ ਸਿੰਘ ਨਾਭਾ ਦੀ ਖਾਨਦਾਨੀ ਪਰੰਪਰਾ ਮਹਾਰਾਜਾ ਰਣਜੀਤ ਸਿੰਘ ਦੇ ਮੁਸਾਹਿਬ ਬਾਬਾ ਨੌਧ ਸਿੰਘ ਜੀ ਨਾਲ ਜਾ ਮਿਲਦੀ ਹੈ। ਬਾਬਾ ਜੀ ਪਿੰਡ ਪਿੱਥੋ ਦੇ ਚੌਧਰੀ ਸਨ, ਜੋ ਜਾਤ ਦੇ ਢਿੱਲੋਂ ਜੱਟ ਸਨ। ਉਹ ਘਰੋਗੀ ਕਾਰਨਾਂ ਕਰਕੇ ਮਹਾਰਾਜਾ ਰਣਜੀਤ ਸਿੰਘ ਦੀ ਨੌਕਰੀ ਛੱਡਕੇ ਪਿੰਡ ਆ ਕੇ ਰਹਿਣ ਲੱਗ ਪਏ ਸਨ। ਬਾਬਾ ਸਰੂਪ ਸਿੰਘ (1783-1861) ਉਨ੍ਹਾਂ ਦੇ ਪੁੱਤਰ ਸਨ ਜੋ ਰਹਿਤ ਦੇ ਪੱਕੇ ਤੇ ਅਦੁੱਤੀ ਆਤਮ ਸ਼ਕਤੀ ਦੇ ਮਾਲਕ ਸਨ। ਉਹ (ਬਾਬਾ ਸਰੂਪ ਸਿੰਘ) ਪ੍ਰਸਿੱਧ ਵਿਦਵਾਨ ਮਹਾਂਪੁਰਸ਼ ਬਾਬਾ ਅਜਾਪਾਲ ਸਿੰਘ ਦੇ ਸ਼ਰਧਾਲੂ ਸਨ ਅਤੇ ਉਨ੍ਹਾਂ ਦੇ ਦੇਹਾਂਤ ਤੋਂ ਬਾਅਦ ਮੁੱਖ ਮਹੰਤ ਬਣ ਗਏ। ਉਨ੍ਹਾਂ ਦਾ ਮੁੱਖ ਟੀਚਾ ਸਿੱਖ ਧਰਮ ਦਾ ਪਸਾਰ ਅਤੇ ਪ੍ਰਚਾਰ ਕਰਨਾ ਸੀ। ਉਨ੍ਹਾਂ ਨੇ ਸੈਂਕੜੇ ਲੋਕਾਂ ਨੂੰ ਅੰਮ੍ਰਿਤ ਛਕਾ ਕੇ ਧਰਮ ਪ੍ਰਚਾਰ ਕੀਤਾ। ਉਨ੍ਹਾਂ ਦੀ ਸੇਵਾ ਭਾਵਨਾ ਅਤੇ ਸਿੱਖ ਧਰਮ ਪ੍ਰਤੀ ਸ਼ਰਧਾ ਕਰਕੇ ਲੋਕਾਂ ਦੇ ਦਿਲਾਂ ਵਿੱਚ ਆਪ ਲਈ ਅਥਾਹ ਸ਼ਰਧਾ ਤੇ ਪ੍ਰੇਮ ਸੀ। ਨਾਭੇ ਦੇ ਰਾਜਾ ਭਰਪੂਰ ਸਿੰਘ ਉਨ੍ਹਾਂ ਦੀ ਕਰਨੀ ਤੋਂ ਬਹੁਤ ਜਿਆਦਾ ਪ੍ਰਭਾਵਿਤ ਸਨ, ਜਿਸ ਕਰਕੇ ਨਾਭਾਪਤੀ ਰਾਜਾ ਭਰਪੂਰ ਸਿੰਘ ਨੇ ਉਨ੍ਹਾਂ ਤੋਂ ਅੰਮ੍ਰਿਤ ਛਕਿਆ ਸੀ।[9] ਬਾਬਾ ਸਰੂਪ ਸਿੰਘ ਤੋਂ ਉਨ੍ਹਾਂ ਦੇ ਪੁੱਤਰ ਬਾਬਾ ਗੁਰਦਿਆਲ ਸਿੰਘ (1808-1846) ਤੇ ਫਿਰ ਉਨ੍ਹਾਂ ਦੇ ਪੁੱਤਰ ਬਾਬਾ ਨਾਰਾਇਣ ਸਿੰਘ (1841-1966) ਹੋਏ; ਜਿਨ੍ਹਾਂ ਦੀ ਨਾਭਾ ਰਿਆਸਤ ਵਿੱਚ ਬਹੁਤ ਮਾਣ ਪ੍ਰਤਿਸ਼ਠਾ ਸੀ।[10] ਉਨ੍ਹਾਂ ਨੇ ਬਾਬਾ ਸਰੂਪ ਸਿੰਘ ਤੋਂ

---

[9] ਸਮਸ਼ੇਰ ਸਿੰਘ ਅਸ਼ੋਕ, *ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ,* ਨੈਸ਼ਨਲ ਪ੍ਰਿੰਟਿੰਗ ਪ੍ਰੈਸ, ਪਟਿਆਲਾ, 1966, ਪੰਨਾ 3

[10] ਜਗਮੇਲ ਸਿੰਘ ਭਾਠੂਆਂ, *ਯੁੱਗ ਪੁਰਸ਼, ਭਾਈ ਕਾਨ੍ਹ ਸਿੰਘ ਨਾਭਾ,* ਆਰਸ਼ੀ ਪਬਲਿਸ਼ਰਜ਼, ਦਿੱਲੀ, 2007, ਪੰਨਾ 24

ਆਤਮਕ ਵਿੱਦਿਆ ਪ੍ਰਾਪਤ ਕੀਤੀ ਅਤੇ ਲਗਭਗ 50 ਸਾਲ ਬਾਬਾ ਅਜਾਪਾਲ ਸਿੰਘ ਗੁਰਦੁਆਰੇ ਦੀ ਸੇਵਾ ਕੀਤੀ।[11] ਬਾਬਾ ਨਾਰਾਇਣ ਸਿੰਘ ਨੂੰ *ਸ੍ਰੀ ਗੁਰੂ ਗ੍ਰੰਥ ਸਾਹਿਬ* ਦੀ ਸੰਪੂਰਨ ਬਾਣੀ ਕੰਠ ਸੀ। ਮਹਾਰਾਜਾ ਹੀਰਾ ਸਿੰਘ ਆਪ ਦੀ ਬਹੁਤ ਹੀ ਇੱਜਤ ਕਰਦੇ ਸਨ। ਬਾਬਾ ਨਾਰਾਇਣ ਸਿੰਘ ਦੀ ਪਤਨੀ ਦਾ ਨਾਂ ਹਰਿ ਕੌਰ ਸੀ। ਜਿਸ ਦੀ ਕੁੱਖੋਂ ਚਾਰ ਬੱਚੇ, ਭਾਈ ਕਾਨ੍ਹ ਸਿੰਘ (1861), ਬੀਬੀ ਕਾਨ੍ਹ ਕੌਰ (1867), ਭਾਈ ਮੀਹਾਂ ਸਿੰਘ (1871) ਤੇ ਬਾਬਾ ਬਿਸ਼ਨ ਸਿੰਘ (1873) ਪੈਦਾ ਹੋਏ।[12]

ਜੱਦੀ ਪਿੰਡ ਪਿਛੋਕੜ ਬਾਰੇ ਭਾਈ ਕਾਨ੍ਹ ਸਿੰਘ ਨਾਭਾ ਦਾ ਜਨਮ 1861 ਈ. ਵਿੱਚ ਆਪਣੇ ਨਾਨਕੇ ਘਰ ਪਿੰਡ ਸਬਜ਼-ਬਨੈਰਾ ਵਿਖੇ ਹੋਇਆ। ਇਹ ਪਿੰਡ ਉਨ੍ਹੀਂ ਦਿਨੀਂ ਪਟਿਆਲਾ ਰਿਆਸਤ ਦੇ ਅਧੀਨ ਸੀ। ਭਾਈ ਸਾਹਿਬ ਮੁੱਢ ਤੋਂ ਹੀ ਸਿਆਣੇ, ਚੁਸਤ, ਖ਼ੂਬਸੂਰਤ ਤੇ ਹੁੰਦੜਹੇਲ ਸਨ। ਇਸ ਲਈ ਇਨ੍ਹਾਂ ਨੂੰ ਆਪਣੇ ਮਾਤਾ-ਪਿਤਾ ਦਾ ਬਹੁਤ ਪਿਆਰ ਮਿਲਿਆ। ਇਨ੍ਹਾਂ ਦੇ ਜੀਵਨ ਉੱਤੇ ਇਨ੍ਹਾਂ ਦੇ ਪਿਤਾ ਬਾਬਾ ਨਰਾਇਣ ਸਿੰਘ ਅਤੇ ਮਾਤਾ ਹਰਿ ਕੌਰ ਦੇ ਸੰਤ ਸੁਭਾਅ ਦਾ ਬਹੁਤ ਪ੍ਰਭਾਵ ਪਿਆ ਸੀ। ਗੁਰਬਾਣੀ ਅਤੇ ਕੀਰਤਨ ਦੀਆਂ ਲੋਰੀਆਂ ਵਿੱਚ ਪਲਣ ਵਾਲੇ ਭਾਈ ਸਾਹਿਬ ਬਚਪਨ ਤੋਂ ਹੀ ਗੁਰਮੁਖਤਾ ਦੀ ਰੰਗਤ ਵਿੱਚ ਰੰਗੇ ਗਏ। ਇਨ੍ਹਾਂ ਨੂੰ ਸਿੱਖੀ ਸ਼ਰਧਾ ਵਿਰਸੇ ਵਿੱਚ ਪ੍ਰਾਪਤ ਹੋਈ।

### ਵਿੱਦਿਆ ਪ੍ਰਾਪਤੀ

ਬਾਲਕ ਕਾਨ੍ਹ ਸਿੰਘ ਬਹੁਤ ਹੀ ਤੇਜ ਬੁੱਧੀ ਦੇ ਮਾਲਕ ਸਨ। ਇਨ੍ਹਾਂ ਦੀ ਵਿੱਦਿਆ ਦਾ ਸਫ਼ਰ 5 ਸਾਲ ਦੀ ਉਮਰ ਤੋਂ ਹੀ ਸ਼ੁਰੂ ਹੋ ਜਾਂਦਾ ਹੈ। ਚਾਰ ਸਾਲ ਦੀ ਉਮਰ ਤੱਕ ਇਹ ਘਰ ਵਿਖੇ ਆਪਣੀ ਮਾਤਾ ਕੋਲ ਹੀ ਰਹੇ; ਪਰ ਫੇਰ ਇਹ ਆਪਣੇ ਪਿਤਾ ਜੀ ਨਾਲ ਗੁਰਦੁਆਰੇ ਚਲੇ ਗਏ ਅਤੇ ਪਿਤਾ ਨੇ

---

[11] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨਕੋਸ਼,* (ਭੂਮਿਕਾ) ਭਾਸ਼ਾ ਵਿਭਾਗ, ਪਟਿਆਲਾ, 2006,ਪੰਨਾ-ੲ

[12] ਤੇਜਵੰਤ ਮਾਨ, *ਭਾਈ ਕਾਨ੍ਹ ਸਿੰਘ ਨਾਭਾ,* ਮੰਗਲ ਪ੍ਰਕਾਸ਼ਨ, ਅੰਮ੍ਰਿਤਸਰ, 1996, ਪੰਨਾ 54

ਇਨ੍ਹਾਂ ਨੂੰ ਕਠਿਨ ਤਪੱਸਿਆ ਕਰਨੀ ਸਿਖਾਈ। ਰਾਤ ਨੂੰ ਭੁੰਜੇ ਫ਼ਰਸ਼ ਤੇ ਸੌਣਾ, ਸਵੇਰੇ ਜਲਦੀ ਜਾਗਣਾ ਅਤੇ ਇਸ਼ਨਾਨ ਕਰਨਾ ਆਦਿ ਇਨ੍ਹਾਂ ਦਾ ਨਿਤਨੇਮ ਬਣ ਗਿਆ ਸੀ। ਭਾਈ ਸਾਹਿਬ ਦੇ ਪਹਿਲੇ ਉਸਤਾਦ ਭਾਈ ਭੂਪ ਸਿੰਘ ਸਨ। ਜਿਨ੍ਹਾਂ ਨੇ ਇਨ੍ਹਾਂ ਨੂੰ ਰੇਤ ਦੇ ਟਿੱਬਿਆਂ ਤੇ 'ਇਕ ਓਅੰਕਾਰ' ਦਾ ਪਾਠ ਪੜ੍ਹਾਇਆ। ਇਹੀ ਬਾਲਕ ਕਾਨ੍ਹ ਸਿੰਘ ਦੀ ਵਿੱਦਿਆ ਦਾ ਮੁੱਢ ਸੀ। ਇਨ੍ਹਾਂ ਨੇ ਕਿਸੇ ਸਕੂਲ ਦੀ ਚਾਰ ਦਿਵਾਰੀ ਵਿੱਚ ਵਿੱਦਿਆ ਪ੍ਰਾਪਤ ਨਹੀਂ ਕੀਤੀ, ਸਗੋਂ ਇਹ ਕੁਦਰਤ ਹੀ ਇਨ੍ਹਾਂ ਦਾ ਸਕੂਲ ਸੀ।

ਛੇ ਸਾਲ ਦੀ ਉਮਰ ਹੋਣ ਤੇ ਬਾਬਾ ਨਰਾਇਣ ਸਿੰਘ ਨੇ ਬਾਲਕ ਕਾਨ੍ਹ ਸਿੰਘ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਾਉਣਾ ਆਰੰਭਿਆ ਜੋ 3 ਸਾਲਾਂ ਵਿੱਚ ਪੂਰਾ ਹੋਇਆ। ਉਸ ਵੇਲੇ ਇਨ੍ਹਾਂ ਦੀ ਉਮਰ 10 ਸਾਲ ਦੀ ਸੀ ਜਦੋਂ ਇਨ੍ਹਾਂ ਨੂੰ ਬਾਬਾ ਕਲਿਆਣ ਦਾਸ ਕੋਲ ਸੰਸਕ੍ਰਿਤ ਪੜ੍ਹਨ ਪਾਇਆ ਗਿਆ। ਇਸ ਤੋਂ ਬਾਅਦ ਇਨ੍ਹਾਂ ਨੇ ਪੰਡਿਤ ਸ੍ਰੀ ਧਰ, ਪੰਡਿਤ ਬੰਸੀ ਧਰ, ਭਾਈ ਵੀਰ ਸਿੰਘ ਲਾਲਕੇ, ਭਾਈ ਰਾਮ ਸਿੰਘ, ਬਾਵਾ ਪਰਮਾਨੰਦ ਆਦਿ ਤੋਂ ਵਿਆਕਰਣ, ਨਿਯਾਏ, ਸਾਹਿਤ ਤੇ ਵੇਦਾਂਤ ਦੀਆਂ ਪੁਸਤਕਾਂ ਪੜ੍ਹੀਆਂ। ਪ੍ਰਸਿੱਧ ਹਿੰਦੀ ਕਵੀ ਗਵਾਲ ਦੇ ਸ਼ਗਿਰਦ ਭਗਵਾਨ ਸਿੰਘ ਦੁੱਗ ਤੋਂ ਹਿੰਦੀ ਵਿੱਚ ਕਵਿਤਾ ਦਾ ਅਭਿਆਸ ਕੀਤਾ ਅਤੇ ਮਹੰਤ ਰਾਜਾ ਸਿੰਘ ਪਾਸੋਂ, ਸੰਗੀਤ ਵਿੱਦਿਆ ਪ੍ਰਾਪਤ ਕੀਤੀ।[13] ਇਸ ਤਰ੍ਹਾਂ ਵਿਆਕਰਣ ਸਿੱਖ ਸਾਹਿਤ, ਸਾਹਿਤ ਤੇ ਵੇਦਾਂਤ ਅਤੇ ਸੰਗੀਤ ਆਦਿ ਵਿੱਦਿਆ ਪ੍ਰਾਪਤ ਕਰਨ ਤੋਂ ਬਾਅਦ ਜਦ ਇਹ 20 ਸਾਲ ਦੇ ਹੋਏ ਤਾਂ ਇਨ੍ਹਾਂ ਨੇ ਫ਼ਾਰਸੀ ਅਤੇ ਅੰਗਰੇਜੀ ਸਿੱਖਣੀ ਆਰੰਭੀ, ਜਿਸ ਦਾ ਪੁਰਾਤਨ ਖਿਆਲਾਂ ਦੇ ਸਿੱਖਾਂ ਵੱਲੋਂ ਕਾਫ਼ੀ ਵਿਰੋਧ ਹੋਇਆ, ਜਿਸ ਕਾਰਣ ਬਾਬਾ ਨਰਾਇਣ ਸਿੰਘ ਨੇ ਇਨ੍ਹਾਂ ਨੂੰ ਫ਼ਾਰਸੀ ਪੜ੍ਹਨੋਂ ਰੋਕ ਦਿੱਤਾ ਸੀ। ਪਰ ਭਾਈ ਕਾਨ੍ਹ ਸਿੰਘ ਹੁਣ ਤੱਕ

---

[13] *ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼* (ਭੂਮਿਕਾ), ਭਾਸ਼ਾ ਵਿਭਾਗ, ਪਟਿਆਲਾ, 2006, ਪੰਨੇ ੲ-ਸ

ਸਿਆਣੇ ਹੋ ਚੁੱਕੇ ਸਨ ਅਤੇ ਉਹ ਸਮਝਦੇ ਸਨ ਕਿ ਹਰ ਲੇਖਕ ਵਾਸਤੇ ਵਿਦੇਸ਼ੀ ਸਾਹਿਤ ਅਤੇ ਆਪਣੇ ਦੇਸ਼ ਦੇ ਸਾਹਿਤ ਦਾ ਗਿਆਨ ਲੈਣਾ ਲਾਜ਼ਮੀ ਹੈ। ਸਿਰਫ਼ ਆਪਣੇ ਸਾਹਿਤ ਨੂੰ ਹੀ ਸਮਝਣ ਲਈ ਦੂਸਰੀਆਂ ਜੁਬਾਨਾਂ ਦਾ ਗਿਆਨ ਜ਼ਰੂਰੀ ਹੋ ਜਾਂਦਾ ਹੈ ਜਦ ਕਿ ਸਿੱਖਾਂ ਦੇ ਧਾਰਮਿਕ ਗ੍ਰੰਥਾਂ ਵਿੱਚ ਫ਼ਾਰਸੀ ਦੇ ਬਹੁਤ ਅਜੇਹੇ ਸ਼ਬਦ ਹਨ ਜੋ ਫ਼ਾਰਸੀ ਜਾਣੇ ਬਿਨ੍ਹਾਂ ਸਮਝ ਨਹੀਂ ਆ ਸਕਦੇ। ਇਸੇ ਤਰ੍ਹਾਂ ਸਿੱਖਾਂ ਦਾ ਬਹੁਤ ਸਾਰਾ ਇਤਿਹਾਸ ਫ਼ਾਰਸੀ ਅਤੇ ਅੰਗਰੇਜ਼ੀ ਵਿੱਚ ਲਿਖਿਆ ਮਿਲਦਾ ਹੈ।

ਇੱਕ ਦਿਨ ਚੁੱਪ-ਚਪੀਤੇ ਇਹ ਘਰੋਂ ਨਿਕਲ ਗਏ ਅਤੇ ਦਿੱਲੀ ਪਹੁੰਚ ਕੇ ਫ਼ਾਰਸੀ ਸਿੱਖਣੀ ਆਰੰਭ ਕਰ ਦਿੱਤੀ। ਉੱਥੋਂ ਲਖਨਊ ਹੁੰਦੇ ਹੋਏ, 1883 ਈ. ਵਿੱਚ ਇਹ ਲਾਹੌਰ ਪਹੁੰਚੇ ਜਿੱਥੇ ਇਨ੍ਹਾਂ ਨੇ ਭਾਈ ਸੰਤ ਸਿੰਘ ਡੇਹਰਾ ਸਾਹਿਬ ਵਾਲਿਆਂ ਤੋਂ *ਜ਼ਫ਼ਰਨਾਮਹ, ਜ਼ਿੰਦਗੀਨਾਮਹ, ਦੀਵਾਨ ਗੋਯਾ* ਆਦਿ ਸਿੱਖ ਸਾਹਿਤ ਨਾਲ ਸੰਬੰਧਿਤ ਫ਼ਾਰਸੀ ਦੀਆਂ ਰਚਨਾਵਾਂ ਪੜ੍ਹੀਆਂ।[14] ਇੱਥੇ ਹੀ ਭਾਈ ਸਾਹਿਬ ਦਾ ਮੇਲ ਪ੍ਰੋ. ਗੁਰਮੁਖ ਸਿੰਘ ਓਰੀਐਂਟਲ ਕਾਲਜ ਵਾਲਿਆਂ ਨਾਲ ਹੋਇਆ ਜੋ ਅੰਗਰੇਜ਼ੀ ਦੇ ਚੰਗੇ ਵਿਦਵਾਨ ਸਨ। ਇਨ੍ਹਾਂ ਦੀ ਸੰਗਤ ਵਿੱਚ ਰਹਿੰਦਿਆਂ ਭਾਈ ਸਾਹਿਬ ਨੇ ਅੰਗਰੇਜ਼ੀ ਭਾਸ਼ਾ ਦਾ ਗਿਆਨ ਵੀ ਪ੍ਰਾਪਤ ਕਰ ਲਿਆ ਸੀ। ਭਾਈ ਕਾਨ੍ਹ ਸਿੰਘ ਜੀ ਦੇ ਘੋੜ-ਸਵਾਰੀ ਅਤੇ ਸ਼ਸਤ੍ਰ ਵਿੱਦਿਆ ਦੇ ਉਸਤਾਦਾਂ ਦਾ ਵੇਰਵਾ ਨਹੀਂ ਮਿਲ ਸਕਿਆ, ਪਰ ਉਹ ਇਨ੍ਹਾਂ ਦੋਨਾਂ ਗੁਣਾਂ ਵਿੱਚ ਵੀ ਮੁਹਾਰਤ ਰੱਖਦੇ ਸਨ। ਨਿਸ਼ਾਨੇਬਾਜ਼ੀ ਵਿੱਚ ਇਨ੍ਹਾਂ ਨੂੰ ਕਮਾਲ ਹਾਸਿਲ ਸੀ। ਭਾਈ ਸਾਹਿਬ ਦੇ ਨਿਸ਼ਾਨੇਬਾਜ਼ੀ ਦਾ ਕਮਾਲ ਸ਼ਿਕਾਰ ਸਮੇਂ ਇਨ੍ਹਾਂ ਦੇ ਸਾਥੀਆਂ ਨੂੰ ਹੈਰਾਨ ਕਰ ਦਿੰਦਾ ਸੀ ਅਤੇ ਇਹ ਕੇਵਲ ਜੰਗਲੀ ਜਾਨਵਰਾਂ ਦਾ ਹੀ ਸ਼ਿਕਾਰ ਕਰਦੇ ਸਨ।

---

[14] ਦੇਵਿੰਦਰ ਸਿੰਘ ਵਿਦਿਆਰਥੀ, *ਭਾਈ ਕਾਨ੍ਹ ਸਿੰਘ ਨਾਭਾ ਜੀਵਨ ਤੇ ਰਚਨਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987, ਪੰਨਾ 23

## ਘਰ ਵਾਪਸੀ ਤੇ ਵਿਆਹ

ਭਾਈ ਕਾਨ੍ਹ ਸਿੰਘ ਨਾਭਾ 1884 ਈ. ਵਿੱਚ ਵਿੱਦਿਆ ਪ੍ਰਾਪਤ ਕਰਕੇ ਘਰ ਵਾਪਸ ਪਰਤ ਆਏ[15] ਅਤੇ ਉਸ ਸਮੇਂ ਇਨ੍ਹਾਂ ਦੀ ਉਮਰ 24 ਸਾਲ ਦੀ ਸੀ। ਮਾਤਾ-ਪਿਤਾ ਆਪਣੇ ਪੁੱਤਰ ਨੂੰ ਦੇਖ ਕੇ ਬਹੁਤ ਖੁਸ਼ ਹੋਏ ਤੇ ਉਨ੍ਹਾਂ ਦੇ ਮਨ ਵਿੱਚ ਪੁੱਤਰ ਦਾ ਵਿਆਹ ਕਰਨ ਦੀ ਇੱਛਾ ਪੈਦਾ ਹੋਈ। ਥੋੜੇ ਦਿਨ੍ਹਾਂ ਵਿੱਚ ਹੀ ਧੂਰੇ ਪਿੰਡ ਦੇ ਇੱਕ ਵਧੀਆ ਘਰ-ਪਰਿਵਾਰ ਵਿੱਚ ਇਨ੍ਹਾਂ ਦਾ ਵਿਆਹ ਕਰ ਦਿੱਤਾ ਗਿਆ। ਵਿਆਹ ਤੋਂ ਥੋੜ੍ਹੇ ਸਮੇਂ ਬਾਅਦ ਹੀ ਬਿਮਾਰੀ ਕਾਰਨ ਇਨ੍ਹਾਂ ਦੇ ਮਾਤਾ ਜੀ ਅਕਾਲ ਚਲਾਣਾ ਕਰ ਗਏ ਅਤੇ ਇਕ ਵਰੇ ਬਾਅਦ ਭਾਈ ਕਾਨ੍ਹ ਸਿੰਘ ਨਾਭਾ ਦੀ ਪਤਨੀ ਵੀ ਰੱਬ ਨੂੰ ਪਿਆਰੀ ਹੋ ਗਈ।[16] ਫਿਰ ਇਨ੍ਹਾਂ ਦੀ ਦੂਜੀ ਸ਼ਾਦੀ ਮੁਕਤਸਰ ਵਿਖੇ ਹੋਈ ਪਰ ਦੂਸਰੀ ਪਤਨੀ ਵੀ ਪਹਿਲੀ ਪਤਨੀ ਵਾਂਗ ਚੱਲ ਵਸੀ। ਦੋਨੋਂ ਪਤਨੀਆਂ ਦੇ ਵਾਰੋ-ਵਾਰੀ ਗੁਜ਼ਰਨ ਤੋਂ ਬਾਅਦ ਇਨ੍ਹਾਂ ਦੀ ਤੀਜੀ ਸ਼ਾਦੀ ਪਿੰਡ ਰਾਮਗੜ੍ਹ (ਪਟਿਆਲਾ) ਵਿਖੇ ਸ. ਹਰਦਮ ਸਿੰਘ ਦੇ ਘਰ ਹੋਈ। ਉਨ੍ਹਾਂ  ਦੀ ਇਸ ਸੁਪਤਨੀ ਦਾ ਨਾਉਂ ਬਸੰਤ ਕੌਰ ਸੀ ਜਿਸ ਕੁੱਖੋਂ ਭਾਈ ਭਗਵੰਤ ਸਿੰਘ (ਹਰੀ) ਦਾ ਜਨਮ 15 ਫ਼ਰਵਰੀ 1892 ਨੂੰ ਹੋਇਆ। ਇਹ ਭਾਈ ਸਾਹਿਬ ਦੇ ਇਕਲੌਤੇ ਪੁੱਤਰ ਸਨ।[17]

## ਨੌਕਰੀ ਅਤੇ ਰਾਜਨੀਤਿਕ ਜੀਵਨ

ਭਾਈ ਸਾਹਿਬ ਨੇ ਆਪਣੇ ਜੀਵਨ ਦਾ ਮਹੱਤਵਪੂਰਨ ਹਿੱਸਾ ਰਿਆਸਤ ਨਾਭਾ ਦੀ ਨੌਕਰੀ ਵਿੱਚ ਗੁਜਾਰਿਆ ਅਤੇ ਪਟਿਆਲਾ ਰਿਆਸਤ ਵਿੱਚ ਵੀ ਕੁਝ ਸਮਾਂ ਕੰਮ ਕੀਤਾ। 1884 ਈ. ਵਿੱਚ

---

[15] ਦੇਵਿੰਦਰ ਸਿੰਘ ਵਿਦਿਆਰਥੀ, *ਭਾਈ ਕਾਨ੍ਹ ਸਿੰਘ ਨਾਭਾ ਜੀਵਨ ਤੇ ਰਚਨਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987, ਪੰਨਾ 24

[16] ਸਮਸ਼ੇਰ ਸਿੰਘ ਅਸ਼ੋਕ, *ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ,* ਨੈਸ਼ਨਲ ਪ੍ਰਿੰਟਿੰਗ ਪ੍ਰੈਸ, ਪਟਿਆਲਾ, 1966, ਪੰਨਾ 11

[17] ਅਮਰਜੀਤ ਸਿੰਘ (ਸੰਪਾ.), *ਭਾਈ ਕਾਨ੍ਹ ਸਿੰਘ ਨਾਭਾ ਇੱਕ ਅਧਿਐਨ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1982, ਪੰਨਾ 53

ਮਹਾਰਾਜਾ ਹੀਰਾ ਸਿੰਘ ਨੇ ਇਨ੍ਹਾਂ ਨੂੰ ਆਪਣੇ ਦਰਬਾਰ ਵਿੱਚ ਮੁਲਾਜ਼ਿਮ ਰੱਖ ਲਿਆ। ਉਨ੍ਹਾਂ ਦੀ ਵਫ਼ਾਦਾਰੀ ਅਤੇ ਸਿਆਣਪ ਨੇ ਮਹਾਰਾਜੇ ਨੂੰ ਆਪਣਾ ਮੁਰੀਦ ਬਣਾ ਲਿਆ, ਜਿਸ ਕਾਰਨ ਦਰਬਾਰ ਵਿੱਚ ਇਨ੍ਹਾਂ ਦਾ ਮਾਣ-ਸਤਿਕਾਰ ਬਹੁਤ ਵਧ ਗਿਆ। ਇਨ੍ਹਾਂ ਦੀ ਕੰਮ ਕਰਨ ਦੀ ਲਿਆਕਤ ਅਤੇ ਇਮਾਨਦਾਰੀ ਤੋਂ ਖੁਸ਼ ਹੋ ਕੇ ਮਹਾਰਾਜ ਨੇ ਭਾਈ ਸਾਹਿਬ ਨੂੰ 1887 ਈ. ਵਿੱਚ ਟਿੱਕਾ ਰਿਪੁਦਮਨ ਸਿੰਘ ਜੀ ਦੇ ਉਸਤਾਦ ਮੁਕਰਰ ਕਰ ਦਿੱਤਾ। ਟਿੱਕਾ ਰਿਪੁਦਮਨ ਸਿੰਘ, ਮਹਾਰਾਜਾ ਹੀਰਾ ਸਿੰਘ ਦੇ ਪੁੱਤਰ ਸਨ। ਭਾਈ ਸਾਹਿਬ ਦੀ ਸ਼ਾਗਿਰਦੀ ਵਿੱਚ ਰਹਿ ਕੇ ਟਿੱਕਾ ਸਾਹਿਬ ਜਲਦੀ ਹੀ ਇੱਕ ਚੰਗੇ ਸਾਹਿਤਕ ਵਿਦ੍ਵਾਨ, ਨੀਤੀਵੇਤਾ ਅਤੇ ਗੁਰਮਤਿ ਦੇ ਪ੍ਰੇਮੀ ਬਣ ਗਏ।[18]

1897 ਈ. ਵਿੱਚ ਭਾਈ ਸਾਹਿਬ ਮਹਾਰਾਜਾ ਹੀਰਾ ਸਿੰਘ ਦੇ ਪ੍ਰਾਈਵੇਟ ਸੈਕਟਰੀ ਬਣੇ। ਇਸ ਤੋਂ ਥੋੜਾ ਸਮਾਂ ਬਾਅਦ ਹੀ ਭਾਈ ਸਾਹਿਬ ਸਿਟੀ ਮੈਜਿਸਟਰੇਟ, ਨਹਿਰ ਨਾਜ਼ਮ, ਨਾਜ਼ਮ ਜਿਲਾ ਧਨੌਲਾ, ਜਿਲਾ ਫੂਲ ਦੇ ਡਿਪਟੀ ਕਮਿਸ਼ਨਰ ਬਣੇ ਅਤੇ ਇਸ ਤਰ੍ਹਾਂ ਥੋੜੇ ਹੀ ਦਿਨ੍ਹਾਂ ਵਿੱਚ ਇਨ੍ਹਾਂ ਦੀ ਗਿਣਤੀ ਰਿਆਸਤ ਦੇ ਵੱਡੇ ਅਹਿਲਕਾਰਾਂ ਵਿੱਚ ਹੋਣ ਲੱਗੀ। 1897 ਈ. ਵਿੱਚ *ਹਮ ਹਿੰਦੂ ਨਹੀਂ* ਪੁਸਤਕ ਲਿਖੀ ਤਾਂ ਇਨ੍ਹਾਂ ਦੀ ਮਹਾਰਾਜਾ ਹੀਰਾ ਸਿੰਘ ਨਾਲ ਅਣਬਣ ਹੋ ਗਈ ਅਤੇ ਇਨ੍ਹਾਂ ਨੂੰ ਨੌਕਰੀ ਤੋਂ ਹਟਾ ਦਿੱਤਾ ਗਿਆ। ਕਾਫ਼ੀ ਛਾਣਬੀਣ ਤੋਂ ਬਾਅਦ ਇਨ੍ਹਾਂ ਨੂੰ ਫ਼ਿਰ ਨੌਕਰੀ ਤੇ ਬੁਲਾ ਲਿਆ ਗਿਆ।

1902 ਈ. ਵਿੱਚ ਇਹ ਰਿਆਸਤ ਨਾਭਾ ਦੇ ਦੋ ਝਗੜਿਆਂ ਦਾ ਨਿਪਟਾਰਾ ਕਰਨ ਲਈ ਵਕੀਲ ਬਣਕੇ ਅੰਗਰੇਜ਼ ਸਰਕਾਰ ਕੋਲ ਗਏ ਅਤੇ ਦੋਨੋ ਝਗੜਿਆਂ ਨੂੰ ਨਿਪਟਾਉਣ ਵਿੱਚ ਸਫ਼ਲਤਾ ਪ੍ਰਾਪਤ ਕੀਤੀ।[19] ਮਹਾਰਾਜਾ ਹੀਰਾ ਸਿੰਘ ਤੋਂ ਬਾਅਦ ਟਿੱਕਾ ਰਿਪੁਦਮਨ ਸਿੰਘ ਰਿਆਸਤ ਨਾਭਾ ਦੀ

---

[18] ਸਮਸ਼ੇਰ ਸਿੰਘ ਅਸ਼ੋਕ, *ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ*, ਨੈਸ਼ਨਲ ਪ੍ਰਿੰਟਿੰਗ ਪ੍ਰੈਸ, ਪਟਿਆਲਾ, 1966, ਪੰਨਾ 13

[19] ਅਮਰਜੀਤ ਸਿੰਘ (ਸੰਪਾ.), *ਭਾਈ ਕਾਨ੍ਹ ਸਿੰਘ ਨਾਭਾ ਇੱਕ ਅਧਿਐਨ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1982, ਪੰਨਾ 53

ਗੱਦੀ ਤੇ ਬੈਠੇ। ਟਿੱਕਾ ਸਾਹਿਬ ਨੇ ਇਨ੍ਹਾਂ ਨੂੰ ਹਾਈਕੋਰਟ ਦੇ ਜੱਜ ਦਾ ਅਹੁਦਾ ਦੇ ਦਿੱਤਾ। ਪਰੰਤੂ ਸਿਹਤ ਠੀਕ ਨਾ ਹੋਣ ਕਾਰਨ ਇਹ ਰਿਆਸਤ ਦੀ ਨੌਕਰੀ ਤੋਂ ਅਸਤੀਫ਼ਾ ਦੇ ਕੇ ਕਸ਼ਮੀਰ ਚਲੇ ਗਏ। ਇਹ ਹੁਣ ਹੋਰ ਨੌਕਰੀ ਨਹੀਂ ਕਰਨਾ ਚਾਹੁੰਦੇ ਸਨ ਪਰ ਇਨ੍ਹਾਂ ਦਾ ਇਹ ਇਰਾਦਾ ਪੂਰਾ ਨਾ ਹੋ ਸਕਿਆ।

ਸੰਨ 1915 ਈ. ਵਿੱਚ ਮਹਾਰਾਜਾ ਭੂਪਿੰਦਰ ਸਿੰਘ ਜੀ ਪਟਿਆਲਾ ਨੇ ਇਨ੍ਹਾਂ ਨੂੰ ਪੋਲੀਟੀਕਲ ਏਜੰਸੀ ਦੀ ਵਕਾਲਤ ਦਾ ਅਹੁਦਾ ਪੇਸ਼ ਕੀਤਾ ਜੋ ਕਈ ਪਾਸਿਆਂ ਤੋਂ ਜੋਰ ਕਾਰਨ ਇਨ੍ਹਾਂ ਨੇ ਪ੍ਰਵਾਨ ਕਰ ਲਿਆ। ਰਿਆਸਤ ਨਾਭਾ ਅਤੇ ਰਿਆਸਤ ਪਟਿਆਲਾ ਦੇ ਸੰਬੰਧ ਆਪਸ ਵਿੱਚ ਵਧੀਆ ਨਹੀਂ ਸਨ ਅਤੇ 1917 ਈ. ਵਿੱਚ ਦੋਨੋਂ ਰਿਆਸਤਾਂ ਦਾ ਝਗੜਾ ਪ੍ਰਤੱਖ ਰੂਪ ਵਿੱਚ ਸਾਹਮਣੇ ਆ ਗਿਆ ਅਤੇ ਖਤਰਨਾਕ ਰੂਪ ਧਾਰਨ ਕਰ ਗਿਆ।[20] ਭਾਈ ਸਾਹਿਬ ਮਹਾਰਾਜਾ ਪਟਿਆਲਾ ਦੀ ਨੌਕਰੀ ਤੋਂ ਅਸਤੀਫ਼ਾ ਦੇ ਕੇ ਪਿੰਡ ਪਿਥੋ ਆ ਗਏ। ਜਲਦੀ ਹੀ ਮਹਾਰਾਜਾ ਨਾਭਾ ਦੇ ਮਨ ਵਿੱਚ ਜੋ ਸ਼ੰਕੇ ਸਨ, ਦੂਰ ਹੋ ਗਏ ਅਤੇ ਇਨ੍ਹਾਂ ਨੂੰ 'ਵਜ਼ੀਰ ਖਾਸ' ਦਾ ਅਹੁੱਦਾ ਦੇ ਕੇ ਰਿਆਸਤ ਦੀ ਮੁਲਾਜਮਤ ਵਿੱਚ ਮੁੜ ਰੱਖ ਲਿਆ ਗਿਆ। ਇਨ੍ਹਾਂ ਨੇ ਹੁਣ ਸਾਹਿਤਕ ਕੰਮਾਂ ਵਿੱਚ ਵਧੇਰੇ ਰੂਚੀ ਲੈਣੀ ਆਰੰਭ ਕਰ ਦਿੱਤੀ। 1920 ਈ. ਵਿੱਚ ਗੁਰਦੁਆਰਾ ਸੁਧਾਰ ਲਹਿਰ ਚੱਲ ਪਈ ਅਤੇ ਨਾਲ ਹੀ ਅਕਾਲੀ ਲਹਿਰ ਦਾ ਜ਼ੋਰ ਵੀ ਵਧ ਗਿਆ। ਮਹਾਰਾਜਾ ਰਿਪੁਦਮਨ ਸਿੰਘ ਵਿਰੁੱਧ ਅੰਗਰੇਜ਼ੀ ਸਰਕਾਰ ਵੱਲੋਂ ਅਕਾਲੀਆਂ ਦਾ ਹਮਦਰਦੀ ਹੋਣ ਦਾ ਆਰੋਪ ਲੱਗਿਆ ਤੇ ਇਨ੍ਹਾਂ ਨੂੰ 9 ਜੁਲਾਈ 1923 ਨੂੰ ਮਹਾਰਾਜਾ ਦੀ ਪਦਵੀ ਤੋਂ ਵੱਖ ਕਰਕੇ ਦੇਹਰਾਦੂਨ ਭੇਜ ਦਿੱਤਾ ਗਿਆ ਅਤੇ ਨਾਲ ਹੀ ਭਾਈ ਸਾਹਿਬ ਨੂੰ ਹਮੇਸ਼ਾਂ ਲਈ ਰਿਆਸਤ ਦੀ ਮੁਲਾਜ਼ਮਤ ਤੋਂ ਅਲਹਿਦਾ ਕਰ ਦਿੱਤਾ ਗਿਆ। ਇਸ ਤੋਂ ਬਾਅਦ ਇਨ੍ਹਾਂ ਨੇ ਮੁੜ ਕੇ ਨੌਕਰੀ ਨਹੀਂ ਕੀਤੀ

[20] ਸਮਸ਼ੇਰ ਸਿੰਘ ਅਸ਼ੋਕ, *ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ,* ਨੈਸ਼ਨਲ ਪ੍ਰਿੰਟਿੰਗ ਪ੍ਰੈਸ, ਪਟਿਆਲਾ, 1966, ਪੰਨਾ 17

ਅਤੇ ਇਹ ਆਪਣਾ ਸਾਰਾ ਸਮਾਂ ਸਾਹਿਤਕ ਕੰਮਾਂ ਅਤੇ ਆਪਣੀ ਜਾਇਦਾਦ ਸੰਭਾਲਣ ਵਿੱਚ ਗੁਜ਼ਾਰਨ ਲਗ ਪਏ ਸੀ।

**ਸਮਾਜਿਕ ਖੇਤਰ ਵਿੱਚ ਯੋਗਦਾਨ**

ਭਾਈ ਸਾਹਿਬ ਨੇ ਜਿੱਥੇ ਰਾਜਨੀਤੀ ਵਿੱਚ ਬਹੁਤ ਪ੍ਰਸਿੱਧ ਕਾਰਜ ਕੀਤੇ ਉਸਦੇ ਨਾਲ-ਨਾਲ ਇਨ੍ਹਾਂ ਨੇ ਸਮਾਜਿਕ ਖੇਤਰ ਵਿੱਚ ਵੀ ਆਪਣਾ ਫ਼ਰਜ ਪੂਰੀ ਤਰ੍ਹਾਂ ਨਿਭਾਇਆ ਸੀ। ਇਨ੍ਹਾਂ ਦੇ ਜੀਵਨ ਦਾ ਦੂਸਰਾ ਪਾਸਾ ਭਾਈਚਾਰਕ ਅਤੇ ਸਮਾਜਿਕ ਸੁਧਾਰਾਂ ਨਾਲ ਸੰਬੰਧ ਰੱਖਦਾ ਹੈ। ਇਹ ਸਮਾਂ ਸਿੰਘ ਸਭਾ ਲਹਿਰ ਦਾ ਸਮਾਂ ਸੀ। ਇਨ੍ਹਾਂ ਨੇ ਸਿੰਘ ਸਭਾ ਲਾਹੌਰ ਦੇ ਨਾਲ ਮਿਲਕੇ ਗੁਰਮਤਿ ਪ੍ਰਚਾਰ ਦਾ ਕੰਮ ਆਰੰਭਿਆ। ਵਿੱਦਿਅਕ ਲਹਿਰ, ਸਮਾਜ ਸੁਧਾਰਕ ਅਤੇ ਸਿੱਖ ਪੰਥ ਦੀ ਗੌਰਵਤਾ ਨੂੰ ਕਾਇਮ ਰੱਖਣ ਲਈ ਅਦੁੱਤੀ ਸੇਵਾ ਕੀਤੀ। ਭਾਈ ਗੁਰਮੁਖ ਸਿੰਘ, ਗਿਆਨੀ ਦਿੱਤ ਸਿੰਘ, ਨਰੈਣ ਸਿੰਘ, ਬਾਬੂ ਤੇਜਾ ਸਿੰਘ ਆਦਿ ਸੱਜਣ ਸਿੰਘ ਸਭਾ ਲਹਿਰ ਦੇ ਅੰਗ ਅਤੇ ਭਾਈ ਕਾਨ੍ਹ ਸਿੰਘ ਨਾਭਾ ਇਸ ਵਿੱਚ ਰੂਹ ਦਾ ਦਰਜਾ ਰੱਖਦੇ ਸਨ। 1885 ਈ. ਵਿੱਚ ਭਾਈ ਸਾਹਿਬ ਨੇ ਮਿਸਟਰ ਮੈਕਾਲਿਫ਼ ਤੋਂ *ਸਿੱਖ ਰਿਲਿਜਨ* ਨਾਂ ਦੀ ਪੁਸਤਕ ਅੰਗਰੇਜ਼ੀ ਵਿੱਚ ਲਿਖਵਾਉਣੀ ਅਰੰਭੀ ਅਤੇ ਇਹ ਪੁਸਤਕ 1907 ਈ. ਵਿੱਚ 15 ਕੁ ਸਾਲ ਦੀ ਮਿਹਨਤ ਨਾਲ ਤਿਆਰ ਹੋ ਗਈ। ਇਹ ਪੁਸਤਕ ਵਲਾਇਤ ਤੋਂ ਛਪੀ ਸੀ।[21] ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦੀ ਅਗਵਾਈ ਵਿੱਚ ਸਿੱਖ ਪੰਥ ਲਈ ਕੀਤਾ ਗਿਆ ਇਹ ਪਹਿਲਾ ਕਾਰਜ ਭਾਈ ਕਾਨ੍ਹ ਸਿੰਘ ਨਾਭਾ ਦੀ ਸਮਾਜ ਨੂੰ ਵਿਸ਼ੇਸ਼ ਦੇਣ ਸੀ।

---

[21] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨਕੋਸ਼* (ਭੂਮਿਕਾ), ਭਾਸ਼ਾ ਵਿਭਾਗ, ਪਟਿਆਲਾ, 2006, ਪੰਨਾ ਕ

ਦੂਜਾ ਕਾਰਜ ਭਾਈ ਕਾਨ੍ਹ ਸਿੰਘ ਨਾਭਾ ਦਾ *ਹਮ ਹਿੰਦੂ ਨਹੀਂ* ਦਾ ਸੰਕਲਪ ਸੀ। ਓਪਰੀ ਨਜ਼ਰੇ ਬੇਸ਼ਕ ਇਹ ਬੜਾ ਸੌੜਾ ਅਤੇ ਅਖੜਦਾ ਹੈ। ਪਰ ਇਸਦਾ ਪਿਛੋਕੜ ਹਿੰਦੂ ਮਤ ਦੇ ਪਾਖੰਡਾਂ ਦਾ ਖੰਡਨ ਹੈ ਜੋ ਆਪਣੇ ਆਪ ਵਿੱਚ ਇੱਕ ਵਿਸ਼ੇਸ਼ ਅਰਥ ਰੱਖਦਾ ਹੈ। ਬੁੱਤ-ਪ੍ਰਸਤੀ ਤੇ ਹਿੰਦੂ ਮਨਮਤ ਦੇ ਆਧਾਰ ਹੇਠ ਪੈਦਾ ਹੋ ਰਹੀਆਂ ਬੁਰਾਈਆਂ ਨੂੰ ਦੂਰ ਕਰਨ ਲਈ ਉਂਞ ਤਾਂ ਸਮੁੱਚੀ ਸਿੰਘ ਸਭਾ ਲਹਿਰ ਨੇ ਹੀ ਕੰਮ ਕੀਤਾ। ਪਰ ਭਾਈ ਕਾਨ੍ਹ ਸਿੰਘ ਨਾਭਾ ਦਾ ਇਸ ਸੰਕਲਪ ਨੂੰ ਪੁਸਤਕ ਦੇ ਰੂਪ ਵਿੱਚ ਛਪਵਾਣਾ ਇੱਕ ਵਿਸ਼ੇਸ਼ ਮਹੱਤਤਾ ਰੱਖਦਾ ਹੈ ਅਤੇ ਉਸ ਸਮੇਂ ਇਹ ਪੁਸਤਕ ਬਹੁਤ ਚਰਚਾ ਦਾ ਵਿਸ਼ਾ ਵੀ ਬਣੀ। ਇਸ ਪ੍ਰਕਾਰ ਆਪ ਨੇ ਸਿੱਖਾਂ ਦੀ ਵਿਲੱਖਣਤਾ ਨੂੰ ਪੇਸ਼ ਕਰਨ ਲਈ ਪੁਸਤਕ ਵਿੱਚ ਤਰਕ ਦੇ ਆਧਾਰ 'ਤੇ ਗੱਲ ਕੀਤੀ।

ਦਰਬਾਰ ਸਾਹਿਬ ਦੀ ਪਰਿਕਰਮਾ ਵਿੱਚ ਬਹੁਤ ਸਾਰੇ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਰੱਖੀਆਂ ਹੋਈਆਂ ਸਨ। ਜਿਸ ਕਾਰਨ ਦਰਬਾਰ ਸਾਹਿਬ ਦੀ ਪਰਿਕਰਮਾ ਵਿੱਚ ਥਾਂ ਥਾਂ ਬੁੱਤ ਪ੍ਰਸਤੀ ਕੀਤੀ ਜਾਂਦੀ ਸੀ। ਸਿੰਘ ਸਭਾ ਦਾ ਪ੍ਰਚਾਰ ਹੋਣ ਤੇ ਸਿੱਖ ਇਹ ਗੱਲ ਸਹਾਰ ਨਾ ਸਕੇ ਅਤੇ ਮੂਰਤੀਆਂ ਨੂੰ ਹਟਵਾਉਣ ਲਈ ਸੰਘਰਸ਼ ਸ਼ੁਰੂ ਕਰ ਦਿੱਤਾ। ਉਸ ਸਮੇਂ ਭਾਈ ਸਾਹਿਬ ਦੀਆਂ ਲਿਖਤਾਂ ਨੇ ਇਹ ਸਿੱਧ ਕਰ ਦਿੱਤਾ ਕਿ ਦੇਵੀ-ਦੇਵਤਿਆਂ ਦੀ ਪੂਜਾ ਕਰਨੀ ਗੁਰਮਤਿ ਤੋਂ ਉਲਟ ਹੈ। ਇਸ ਤਰ੍ਹਾਂ ਦਰਬਾਰ ਸਾਹਿਬ ਦੀ ਪਰਿਕਰਮਾਂ ਵਿੱਚੋਂ ਮੂਰਤੀਆਂ ਹਟਾ ਦਿੱਤੀਆਂ ਗਈਆਂ।

ਭਾਈ ਕਾਨ੍ਹ ਸਿੰਘ ਨਾਭਾ ਬਾਰੇ ਪੜ੍ਹਕੇ ਅਤੇ ਇਨ੍ਹਾਂ ਦੀਆਂ ਲਿਖਤਾਂ ਦਾ ਅਧਿਐਨ ਕਰਕੇ ਇਹ ਗੱਲ ਤਾਂ ਸਾਫ਼ ਹੋ ਜਾਂਦੀ ਹੈ ਕਿ ਇਨ੍ਹਾਂ ਨੂੰ ਪੜ੍ਹਨ ਅਤੇ ਲਿਖਣ ਦਾ ਬਹੁਤ ਸ਼ੌਕ ਸੀ। ਵਿੱਦਿਅਕ ਪ੍ਰਾਪਤੀ ਦੀ ਤਾਂਘ ਕਾਰਨ ਆਪ ਘਰ ਛੱਡਕੇ ਵੀ ਚਲੇ ਗਏ ਸਨ ਅਤੇ ਵਿੱਦਿਆ ਪ੍ਰਾਪਤ ਕਰਕੇ ਹੀ ਘਰ ਵਾਪਸ

ਪਰਤੇ। ਇਨ੍ਹਾਂ ਨੂੰ ਸਿਰਫ਼ ਪੜ੍ਹਨ ਦਾ ਹੀ ਸ਼ੌਕ ਨਹੀਂ ਸੀ ਸਗੋਂ ਇਹ ਇੱਕ ਸੂਝਵਾਨ ਸਿੱਖ ਹੋਣ ਦੇ ਨਾਤੇ ਸੋਚਦੇ ਤੇ ਮਹਿਸੂਸ ਕਰਦੇ ਸਨ ਕਿ ਸਿੱਖ ਸਮਾਜ ਵੀ ਪੜ੍ਹਿਆ-ਲਿਖਿਆ ਹੋਣਾ ਚਾਹੀਦਾ ਹੈ।

ਸਿੰਘ ਸਭਾ ਲਹਿਰ ਤੋਂ ਪਹਿਲਾਂ ਸਿੱਖਾਂ ਵਿੱਚ ਪੜ੍ਹਨ ਦਾ ਰੁਝਾਨ ਘੱਟ ਹੋਣ ਦਾ ਇੱਕ ਵੱਡਾ ਕਾਰਨ ਇਹ ਵੀ ਸੀ ਕਿ ਉਸ ਸਮੇਂ ਸਿੱਖਾਂ ਦਾ ਕੋਈ ਵਿਸ਼ੇਸ਼ ਵਿੱਦਿਅਕ ਕੇਂਦਰ ਨਹੀਂ ਸੀ, ਜਿੱਥੇ ਜਾ ਕੇ ਸਿੱਖ ਪੜ੍ਹ ਸਕਦੇ ਅਤੇ ਆਪਣੇ ਧਰਮ ਬਾਰੇ ਗਿਆਨ ਪ੍ਰਾਪਤ ਕਰ ਸਕਦੇ। ਫਿਰ ਹੋਇਆ ਇਸ ਤਰ੍ਹਾਂ ਕਿ ਭਾਈ ਗੁਰਮੁਖ ਸਿੰਘ, ਪ੍ਰੋਫ਼ੈਸਰ, ਓਰੀਐਂਟਲ ਕਾਲਜ ਲਾਹੌਰ, ਭਾਈ ਕਾਨ੍ਹ ਸਿੰਘ ਨਾਭਾ ਨੂੰ ਮਿਲੇ ਅਤੇ ਖ਼ਾਲਸਾ ਕਾਲਜ ਬਣਾਉਣ ਲਈ ਉਨ੍ਹਾਂ  ਨਾਲ ਸਲਾਹ ਮਸ਼ਵਰਾ ਕੀਤਾ।[22] ਜਿਸਨੂੰ ਭਾਈ ਕਾਨ੍ਹ ਸਿੰਘ ਨਾਭਾ ਨੇ ਬਹੁਤ ਹੀ ਖੁਸ਼ੀ ਨਾਲ ਪ੍ਰਵਾਨ ਕਰ ਲਿਆ। ਇਸਨੂੰ ਪ੍ਰਵਾਨ ਕਰਨ ਦਾ ਇੱਕ ਕਾਰਨ ਇਹ ਵੀ ਸੀ ਕਿ ਕਿਸੇ ਨਾ ਕਿਸੇ ਰੂਪ ਵਿੱਚ ਭਾਈ ਕਾਨ੍ਹ ਸਿੰਘ ਨਾਭਾ ਵੀ ਇਸ ਤਰ੍ਹਾਂ ਦੀ ਸੰਸਥਾ ਬਣਾਉਣਾ ਚਾਹੁੰਦੇ ਸਨ ਅਤੇ ਇਸ ਗੱਲ ਦਾ ਪੂਰਾ ਹੋਣਾ ਇੱਕ ਸੁਪਨਾ ਪੂਰਾ ਹੋਣ ਵਾਂਗ ਮੰਨਦੇ ਹੋਣਗੇ।

ਭਾਈ ਕਾਨ੍ਹ ਸਿੰਘ ਨਾਭਾ ਨੇ ਖ਼ਾਲਸਾ ਕਾਲਜ ਬਣਾਉਣ ਦਾ ਸੁਪਨਾ ਪੂਰਾ ਕਰਨ ਲਈ ਸਿੰਘ ਸਭਾ ਲਾਹੌਰ ਦੇ ਮੋਢੀ ਸਰਦਾਰ ਅਤਰ ਸਿੰਘ ਜੀ ਰਈਸ ਭਸੌੜ ਨਾਲ ਮੇਲ ਕੀਤਾ ਤੇ ਖ਼ਾਲਸਾ ਕਾਲਜ ਬਣਾਉਣ ਲਈ ਭਾਈ ਗੁਰਮੁਖ ਸਿੰਘ ਹੋਰਾਂ ਨੂੰ ਇੱਕ ਢੰਗ ਦੱਸਿਆ। ਇਸ ਕਾਰਜ ਦੀ ਪੂਰਤੀ ਲਈ ਭਾਈ ਸਾਹਿਬ ਨੇ ਪਹਿਲਾਂ ਭਾਈ ਅਤਰ ਸਿੰਘ ਜੀ ਭਦੌੜ ਅਤੇ ਮਹਾਰਾਜਾ ਹੀਰਾ ਸਿੰਘ ਦੀ ਸੁਲ੍ਹਾ ਕਰਵਾਈ ਅਤੇ ਫਿਰ ਰਿਆਸਤ ਪਟਿਆਲਾ ਦੀ ਦਿਲੀ ਰੰਜਿਸ਼ ਦੂਰ ਕਰਕੇ ਸਰਦਾਰ ਅਤਰ ਸਿੰਘ ਨਾਲ ਮੇਲ ਜੋਲ ਕਰਵਾ ਦਿੱਤਾ। ਇਸ ਪ੍ਰਕਾਰ ਇਨ੍ਹਾਂ ਵਿਦਵਾਨਾਂ ਵਿੱਚ ਸੁਲ੍ਹਾ ਹੋਣ ਨਾਲ ਖ਼ਾਲਸਾ ਕਾਲਜ ਦੀ ਕਾਇਮੀ ਲਈ ਇਕ ਕਿਲ੍ਹਾ ਫ਼ਤਿਹ ਹੋ ਗਿਆ।

---

[22] ਸਮਸ਼ੇਰ ਸਿੰਘ ਅਸ਼ੋਕ, *ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ,* ਨੈਸ਼ਨਲ ਪ੍ਰਿੰਟਿੰਗ ਪ੍ਰੈਸ, ਪਟਿਆਲਾ, 1966, ਪੰਨਾ 33

ਵਿਦਵਾਨ ਪਹਿਲਾਂ ਖ਼ਾਲਸਾ ਕਾਲਜ ਲਾਹੌਰ ਬਣਾਉਣ ਦੇ ਹੱਕ ਵਿੱਚ ਸਨ ਪਰ ਕਿਸੇ ਝਗੜੇ ਕਾਰਨ ਖ਼ਾਲਸਾ ਕਾਲਜ ਬਣਾਉਣ ਲਈ ਸ੍ਰੀ ਅੰਮ੍ਰਿਤਸਰ ਨੂੰ ਚੁਣਿਆ ਗਿਆ ਅਤੇ 1892 ਈ. ਨੂੰ ਖ਼ਾਲਸਾ ਕਾਲਜ ਦੀ ਨੀਂਹ ਰੱਖੀ ਗਈ। ਇਸ ਪ੍ਰਕਾਰ ਭਾਈ ਸਾਹਿਬ ਨੇ ਕੌਮ ਦੀ ਵਿੱਦਿਅਕ ਉਨਤੀ ਲਈ ਦਿਨ ਰਾਤ ਮਿਹਨਤ ਕਰਕੇ ਖ਼ਾਲਸਾ ਕਾਲਜ ਦੀ ਸਥਾਪਨਾ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾਇਆ। ਇਹ ਭਾਈ ਕਾਨ੍ਹ ਸਿੰਘ ਨਾਭਾ ਦੀ ਆਪਣੀ ਕੌਮ ਅਤੇ ਵਿੱਦਿਆ ਪ੍ਰਤੀ ਲਗਨ ਨੂੰ ਉਜਾਗਰ ਕਰਦਾ ਹੈ। 1914 ਈ. ਵਿੱਚ ਗੁਰਦੁਆਰਾ ਰਕਾਬ ਗੰਜ ਦੀ ਕੰਧ ਢਾਹੇ ਜਾਣ ਦੀ ਐਜੀਟੇਸ਼ਨ ਵਿੱਚ ਭਾਈ ਕਾਨ੍ਹ ਸਿੰਘ ਨੇ ਮਹਾਰਾਜਾ ਰਿਪੁਦਮਨ ਸਿੰਘ ਦੀ ਸਹਾਇਤਾ ਨਾਲ ਅੰਗਰੇਜ਼ੀ ਸਰਕਾਰ ਉੱਤੇ ਇਸ ਕੰਧ ਨੂੰ ਦੁਬਾਰਾ ਬਣਾਉਣ ਲਈ ਜ਼ੋਰ ਪਾਇਆ। ਮਹਾਰਾਜਾ ਰਿਪੁਦਮਨ ਸਿੰਘ ਦੇ ਸਹਿਯੋਗ ਸਦਕਾ ਅਤੇ ਅੰਗਰੇਜ਼ ਅਫ਼ਸਰਾਂ ਨਾਲ ਆਪਣੇ ਰਸੂਖ ਸਦਕਾ 1918 ਈ. ਵਿੱਚ ਇਸ ਇਤਿਹਾਸਕ ਕੰਧ ਦੀ ਮੁੜ ਉਸਾਰੀ ਕਰਵਾਈ।

1914 ਈ. ਵਿੱਚ ਕੁਝ ਸ਼ਰਾਰਤੀ ਆਰੀਆ ਸਮਾਜੀਆਂ ਨੇ *ਖ਼ਾਲਸਾ ਪੰਥ ਦੀ ਹਕੀਕਤ* ਨਾਮੀ ਟ੍ਰੈਕਟ ਉਰਦੂ ਵਿੱਚ ਕੱਢਿਆ ਜੋ ਸਿੱਖ ਗੁਰੂ ਸਾਹਿਬਾਨ ਦੀ ਤੌਹੀਨ ਕਰਨ ਦੇ ਮਕਸਦ ਨਾਲ ਲਿਖਿਆ ਗਿਆ ਸੀ। ਇਸ ਗੱਲੋਂ ਸਿੱਖ ਬਹੁਤ ਹੀ ਦੁਖੀ ਹੋ ਗਏ। ਰਿਆਸਤ ਵਿੱਚ ਅਮਨ ਅਤੇ ਸ਼ਾਂਤੀ ਬਣਾਏ ਰੱਖਣ ਦੇ ਮੱਦੇਨਜ਼ਰ ਰਿਆਸਤ ਪਟਿਆਲਾ ਨੇ ਖ਼ੁਦ ਇਸ ਮਾਮਲੇ ਨੂੰ ਆਪਣੇ ਹੱਥ ਵਿੱਚ ਲੈ ਲਿਆ ਅਤੇ ਉਸ ਲਿਖਾਰੀ ਉਤੇ ਮੁਕੱਦਮਾ ਚਲਾਇਆ ਜਿਸ ਨੇ ਇਹ ਟ੍ਰੈਕਟ ਲਿਖਿਆ ਸੀ। ਭਾਈ ਸਾਹਿਬ ਨੂੰ ਇਸ ਕੇਸ ਵਿੱਚ ਪ੍ਰਮੁੱਖ ਗਵਾਹ ਵਜੋਂ ਪੇਸ਼ ਕੀਤਾ ਗਿਆ ਅਤੇ ਇਨ੍ਹਾਂ ਦੀ ਗਵਾਹੀ ਸਦਕਾ ਹੀ ਫ਼ੈਸਲਾ ਸਿੱਖਾਂ ਦੇ ਹੱਕ ਵਿੱਚ ਹੋਇਆ। ਉਹ ਟ੍ਰੈਕਟ ਜ਼ਬਤ ਕੀਤਾ ਗਿਆ ਤੇ ਉਸ ਦੇ ਲਿਖਾਰੀ ਨੂੰ ਰਾਜ ਦੰਡ ਦਿੱਤਾ ਗਿਆ।

## ਸਮਕਾਲੀ ਵਿਚਾਰ

ਉਨ੍ਹਾਂ  ਦਿਨਾਂ ਵਿੱਚ ਆਰੀਆ ਸਮਾਜ ਅਤੇ ਈਸਾਈ ਧਰਮ ਬੜੀ ਤੇਜੀ ਨਾਲ ਪ੍ਰਚਾਰ ਅਤੇ ਪਸਾਰ ਕਰ ਰਿਹਾ ਸੀ। ਜਿਸ ਕਾਰਨ ਬਹੁਤ ਸਾਰੇ ਸਿੱਖ ਇਨ੍ਹਾਂ ਦੇ ਪ੍ਰਭਾਵ ਵਿੱਚ ਆ ਚੁੱਕੇ ਸਨ। ਸਿੱਖ ਧਰਮ ਦੇ ਬਚਾਅ ਲਈ ਸਿੰਘ ਸਭਾ ਲਹਿਰ ਵੀ ਜ਼ੋਰ ਫ਼ੜਦੀ ਜਾ ਰਹੀ ਸੀ। ਪ੍ਰੋ. ਗੁਰਮੁਖ ਸਿੰਘ, ਗਿਆਨੀ ਦਿੱਤ ਸਿੰਘ ਆਦਿ ਸਿੱਖ ਧਰਮ ਨੂੰ ਇਨ੍ਹਾਂ ਦੋਵਾਂ ਦੇ ਪ੍ਰਭਾਵ ਤੋਂ ਬਚਾਉਣ ਲਈ ਸਕੀਮਾਂ ਬਣਾ ਰਹੇ ਸਨ। ਭਾਈ ਕਾਨ੍ਹ ਸਿੰਘ ਨਾਭਾ ਇਸ ਸਮੇਂ ਇਨ੍ਹਾਂ ਨਾਲ ਆ ਮਿਲੇ। ਇਹ ਪ੍ਰੋ. ਗੁਰਮੁਖ ਸਿੰਘ ਦੀ ਪ੍ਰੇਰਨਾ ਨਾਲ ਗੁਰਮਤਿ ਦੇ ਅਮਲੀ ਪ੍ਰਚਾਰ ਵਿੱਚ ਜੁਟ ਗਏ। ਸਿੱਖ ਧਰਮ ਸੰਬੰਧੀ ਨਵੇਂ ਵਿਚਾਰ ਬਣਾਉਣ ਵਿੱਚ ਇਨ੍ਹਾਂ ਦਾ ਬਹੁਤ ਵੱਡਾ ਯੋਗਦਾਨ ਹੈ। ਸਿੰਘ ਸਭਾ ਲਹਿਰ ਦੇ ਪ੍ਰਚਾਰ ਵਿੱਚ ਭਾਈ ਸਾਹਿਬ ਨੇ ਬਹੁਤ ਵੱਡਾ ਯੋਗਦਾਨ ਦਿੱਤਾ, ਜਿਸ ਪ੍ਰਕਾਰ ਗਿਆਨੀ ਦਿੱਤ ਸਿੰਘ ਨੇ ਧਾਰਮਿਕ ਅਤੇ ਸਮਾਜਿਕ ਸੁਧਾਰ ਲਈ, ਪ੍ਰੋ. ਗੁਰਮੁਖ ਸਿੰਘ ਅਤੇ ਬਾਬੂ ਤੇਜਾ ਸਿੰਘ ਨੇ ਵਿੱਦਿਅਕ ਕਾਰਜ ਨੂੰ ਜਥੇਬੰਦ ਕਰਨ ਲਈ ਕੰਮ ਕੀਤਾ, ਇਸੇ ਤਰ੍ਹਾਂ ਹੀ ਭਾਈ ਕਾਨ੍ਹ ਸਿੰਘ ਨਾਭਾ ਨੇ ਸਾਰੀ ਸਿੰਘ ਸਭਾ ਲਹਿਰ ਲਈ ਬਤੌਰ ਲਿਖਾਰੀ ਕੰਮ ਕੀਤਾ। ਭਾਈ ਸਾਹਿਬ ਨੇ ਆਪਣੀ ਕਲਮੀ ਸੇਵਾ ਧਰਮ ਪ੍ਰਚਾਰ ਲਈ ਵਰਤਣ ਨੂੰ ਆਪਣਾ ਆਦਰਸ਼ ਤੇ ਧਰਮ ਬਣਾ ਲਿਆ ਸੀ।

ਸ੍ਰੀ ਗੁਰੂ ਸਿੰਘ ਸਭਾ, ਲਾਹੌਰ ਵੱਲੋਂ ਕੁਝ ਪ੍ਰੋਗਰਾਮ ਉਲੀਕੇ ਗਏ ਤੇ ਗੁਰਮਤ ਸੰਬੰਧੀ ਪੰਜਾਬੀ ਗ੍ਰੰਥਾਂ ਦੇ ਸੰਪਾਦਨ ਅਤੇ ਪ੍ਰਕਾਸ਼ਨ ਦੀ ਇੱਕ ਸਕੀਮ ਸ਼ੁਰੂ ਕੀਤੀ ਗਈ। ਇਸ ਸਕੀਮ ਅਧੀਨ *ਵਲਾਇਤ ਵਾਲੀ ਜਨਮ ਸਾਖੀ* ਦਾ ਉਤਾਰਾ ਕਰਕੇ ਸੰਪਾਦਨ ਕੀਤਾ ਗਿਆ ਅਤੇ ਗੁਰਬਾਣੀ ਦੇ ਸਹੀ ਅਰਥ ਭਾਵ ਪ੍ਰਗਟ ਕਰਨ ਲਈ ਦੂਜੀ ਇੱਕ ਹੋਰ ਪੁਸਤਕ ਦੋ ਭਾਗਾਂ ਵਿੱਚ ਲਿਖੀ, ਜਿਸਦਾ ਨਾਮ *ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਯਾਯ* ਸੀ। ਇਸ ਪ੍ਰਕਾਰ ਭਾਈ ਸਾਹਿਬ, ਸਿੰਘ ਸਭਾ ਲਹਿਰ ਦੇ ਪ੍ਰਚਾਰ ਵਿੱਚ

ਬਤੌਰ ਲੇਖਕ ਆਪਣਾ ਵਡਮੁੱਲਾ ਯੋਗਦਾਨ ਲਗਾਤਾਰ ਦਿੰਦੇ ਰਹੇ। ਭਾਈ ਸਾਹਿਬ ਦੀਆਂ ਰਚਨਾਵਾਂ ਤੋਂ ਸਪਸ਼ਟ ਹੈ ਕਿ ਇਹ ਸਿੰਘ ਸਭਾ ਲਹਿਰ ਵੱਲੋਂ ਸ਼ੁਰੂ ਕੀਤੇ ਕਾਰਜਾਂ ਤੋਂ ਪ੍ਰੇਰਣਾ ਲੈ ਕੇ ਉਨ੍ਹਾਂ ਨੂੰ ਹੀ ਅੱਗੇ ਤੋਰਦੇ ਹਨ।

**ਸਾਹਿਤਕ ਜੀਵਨ**

ਭਾਈ ਸਾਹਿਬ ਆਪਣੀ ਪੜ੍ਹਾਈ ਦੇ ਸਮੇਂ ਤੋਂ ਹੀ ਸਾਹਿਤ ਵਿੱਚ ਰੁਚੀ ਰੱਖਣ ਲਗ ਪਏ ਸਨ। ਇਹ ਬਹੁਤਾ ਚਿਰ ਰਾਜ ਦਰਬਾਰ ਵਿੱਚ ਹੀ ਰਹੇ ਅਤੇ ਸੰਸਕ੍ਰਿਤ ਅਤੇ ਹਿੰਦੀ ਦੇ ਵਿਦਵਾਨਾਂ ਤੋਂ ਵਿੱਦਿਆ ਪ੍ਰਾਪਤ ਕੀਤੀ। ਭਾਈ ਭਗਵਾਨ ਸਿੰਘ ਦੁੱਗ ਜੋ ਪਿੰਗਲ ਦੇ ਮਾਹਰ ਸਨ ਤੋਂ ਇਨ੍ਹਾਂ ਨੇ ਕਾਵਿ ਰਚਨਾ ਦਾ ਅਭਿਆਸ ਕੀਤਾ ਸੀ। ਬਚਪਨ ਵਿੱਚ ਹੀ ਇਨ੍ਹਾਂ ਨੇ ਪਿੰਗਲ ਪੜ੍ਹਦੇ ਸਮੇਂ ਪੁਰਾਤਨ ਢੰਗ ਦੀਆਂ ਹਿੰਦੀ ਕਵਿਤਾਵਾਂ ਲਿਖਣੀਆਂ ਆਰੰਭ ਕਰ ਦਿੱਤੀਆਂ ਸਨ। ਸਿੰਘ ਸਭਾ ਲਹਿਰ ਅਧੀਨ ਪੰਜਾਬੀ ਭਾਸ਼ਾ ਦੇ ਪੁਨਰ ਨਿਰਮਾਣ 'ਤੇ ਜ਼ੋਰ ਦਿੱਤਾ ਗਿਆ ਅਤੇ ਸਿੱਖ ਕਵੀ ਪੰਜਾਬੀ ਸਾਹਿਤ ਰਚਣ ਵੱਲ ਮੁੜੇ, ਸਿੱਟਾ ਇਹ ਹੋਇਆ ਕਿ ਭਾਈ ਕਾਨ੍ਹ ਸਿੰਘ ਜੀ ਵੀ ਪੰਜਾਬੀ ਵਿੱਚ ਲਿਖਣ ਲਗ ਪਏ ਸਨ। ਭਾਈ ਸਾਹਿਬ ਨੇ ਸਾਹਿਤਕ, ਰਾਜਨੀਤਿਕ, ਸਮਾਜਿਕ, ਸਭਿਆਚਾਰਿਕ ਅਤੇ ਧਾਰਮਿਕ ਹਰ ਖੇਤਰ ਵਿੱਚ ਹੀ ਆਪਣਾ ਵਡਮੁੱਲਾ ਯੋਗਦਾਨ ਦਿੱਤਾ ਸੀ।

ਲਾਹੌਰ ਜਾ ਕੇ ਇਨ੍ਹਾਂ ਨੇ ਸਿੱਖ ਧਰਮ ਦੇ ਪ੍ਰਚਾਰ ਲਈ ਤੇ ਭਾਈਚਾਰਕ ਸੁਧਾਰਾਂ ਹਿੱਤ ਆਪਣੀ ਕਲਮ ਚੁੱਕ ਲਈ। ਪ੍ਰੋ. ਗੁਰਮੁਖ ਸਿੰਘ, ਗਿਆਨੀ ਦਿੱਤ ਸਿੰਘ ਅਤੇ ਬਾਬੂ ਤੇਜਾ ਸਿੰਘ ਆਦਿ ਨਾਲ ਮਿਲਕੇ ਪੁਸਤਕਾਂ ਲਿਖਣੀਆਂ, ਸੰਪਾਦਨ ਕਰਨੀਆਂ ਅਤੇ ਛਾਪਣੀਆਂ ਆਰੰਭ ਕਰ ਦਿੱਤੀਆਂ। ਇਹ ਮੁੱਢ ਵਿੱਚ ਖ਼ਾਲਸਾ ਦੀਵਾਨ ਲਾਹੌਰ ਦੇ ਅਸੂਲਾਂ ਦੇ ਧਾਰਨੀ ਰਹੇ ਅਤੇ ਫੇਰ ਪੰਚ ਖ਼ਾਲਸਾ ਭਸੌੜ ਦੇ ਨਿਯਮਾਂ ਦਾ ਪ੍ਰਚਾਰ ਕਰਦੇ ਰਹੇ। ਬਾਬੂ ਤੇਜਾ ਸਿੰਘ ਜੀ ਇਨ੍ਹਾਂ ਦੇ ਪਰਮ ਮਿੱਤਰ ਸਨ। ਇਨ੍ਹਾਂ ਨੇ *ਸ੍ਰੀ*

*ਗੁਰੂ ਗ੍ਰੰਥ ਸਾਹਿਬ* ਜੀ ਦੀ ਪਦ ਵੰਡ ਦੀ ਸੇਵਾ ਵਿੱਚ ਬਾਬੂ ਤੇਜਾ ਸਿੰਘ ਜੀ ਦੀ ਕਾਫ਼ੀ ਸਹਾਇਤਾ ਕੀਤੀ ਸੀ। ਗਿਆਨੀ ਲਾਲ ਸਿੰਘ ਸੰਗਰੂਰ ਅਤੇ ਪ੍ਰੋ. ਤੇਜਾ ਸਿੰਘ (ਐਮ.ਏ.) ਆਪ ਦੇ ਖਾਸ ਸ਼ਰਧਾਲੂਆਂ ਵਿੱਚੋਂ ਸਨ। ਅਕਾਲੀ ਕੌਰ ਸਿੰਘ ਇਨ੍ਹਾਂ ਦੇ ਸੁਹਿਰਦ ਮਿੱਤਰ ਸਨ ਅਤੇ ਭਾਈ ਕਾਨ੍ਹ ਸਿੰਘ ਨਾਭਾ ਨੇ ਉਨ੍ਹਾਂ  ਦੀ ਪੁਸਤਕ ਹਜ਼ੂਰੀ ਸਾਥੀ ਦਾ ਮੁੱਖ ਬੰਦ ਵੀ ਲਿਖਿਆ ਸੀ।

ਅਸਲ ਵਿੱਚ ਭਾਈ ਸਾਹਿਬ ਦਾ ਸਾਹਿਤਕ ਜੀਵਨ ਸਿੰਘ ਸਭਾ ਲਾਹੌਰ ਦੇ ਅਸਰ ਹੇਠ ਹੀ ਤੁਰਿਆ, ਜਿਸਦੀ ਮੋਹਰ ਇਨ੍ਹਾਂ ਦੀਆਂ ਲਿਖਤਾਂ ਉੱਤੇ ਥਾਂ ਪੁਰ ਥਾਂ ਲੱਗੀ ਪਈ ਹੈ। ਇਹ ਆਪਣਾ ਸਰਕਾਰੀ ਮੁਲਾਜਮਤ ਵਿੱਚੋਂ ਬਚਦਾ ਸਾਰਾ ਸਮਾਂ ਵਧੇਰੇ ਗੁਰਮਤਿ ਪ੍ਰਚਾਰ ਤੇ ਸਿੱਖ ਸਾਹਿਤ ਦੀ ਖੋਜ ਅਥਵਾ ਇਸ ਸੰਬੰਧ ਵਿੱਚ ਪੁਸਤਕਾਂ ਲਿਖਣ ਤੇ ਹੀ ਬਿਤਾਉਂਦੇ ਸਨ। 1884 ਈ. ਤੋਂ 1938 ਈ. ਤੱਕ ਇਨ੍ਹਾਂ ਨੇ ਕੋਈ 30 ਦੇ ਕਰੀਬ ਪੁਸਤਕਾਂ ਸਿੱਖ ਧਰਮ ਦੀ ਖੋਜ, ਗੁਰਬਾਣੀ ਵਿਆਖਿਆ, ਸਮਾਜ ਸੁਧਾਰ, ਇਤਿਹਾਸ, ਕਾਵਿ ਆਲੋਚਨਾ ਆਦਿ ਵਿਸ਼ਿਆਂ ਉੱਤੇ ਲਿਖੀਆਂ। ਜਿਨ੍ਹਾਂ ਵਿੱਚੋਂ *ਹਮ ਹਿੰਦੂ ਨਹੀਂ, ਗੁਰੁਮਤ ਸੁਧਾਕਰ, ਗੁਰੁਮਤ ਪ੍ਰਭਾਕਰ, ਗੁਰ ਗਿਰਾ ਕਸੌਟੀ, ਗੁਰੁਛੰਦ ਦਿਵਾਕਰ, ਗੁਰੁ ਸ਼ਬਦਾਲੰਕਾਰ, ਗੁਰੁ ਸ਼ਬਦ ਰਤਨਾਕਰ ਮਹਾਨ ਕੋਸ਼* ਆਦਿ ਪੁਸਤਕਾਂ ਤਾਂ ਬਹੁਤ ਪ੍ਰਸਿੱਧ ਹਨ। ਇਨ੍ਹਾਂ ਪੁਸਤਕਾਂ ਨੂੰ ਪੜ੍ਹਕੇ ਇਨ੍ਹਾਂ ਦੀ ਵਿਦਵਤਾ ਬਾਰੇ ਸਹਿਜੇ ਹੀ ਅੰਦਾਜਾ ਲਾਇਆ ਜਾ ਸਕਦਾ ਹੈ। ਇਕੱਲਾ *ਗੁਰਸ਼ਬਦ ਰਤਨਾਕਰ ਮਹਾਨ ਕੋਸ਼* ਹੀ ਇਨ੍ਹਾਂ ਦੀ 15 ਸਾਲ ਦੀ ਮਿਹਨਤ ਦਾ ਨਤੀਜਾ ਹੈ। ਪੰਜਾਬੀ, ਹਿੰਦੀ, ਉਰਦੂ, ਫ਼ਾਰਸੀ, ਸੰਸਕ੍ਰਿਤ ਆਦਿ ਸ਼ਬਦਾਂ ਦਾ ਇਹ ਇੱਕ ਮਹਾਨ ਕੋਸ਼ ਹੈ ਜੋ ਪੁਰਾਤਨ ਪੰਜਾਬੀ ਸਾਹਿਤ, ਸਿੱਖ ਸਾਹਿਤ ਦੀ ਹੀ ਨਹੀਂ ਸਗੋਂ ਸਮੁੱਚੇ ਪੰਜਾਬੀ ਸਭਿਆਚਾਰ ਦੀ ਇੱਕ ਬੇਮਿਸਾਲ ਲਾਇਬਰੇਰੀ ਹੈ।

**ਭਾਈ ਸਾਹਿਬ ਦਾ ਅੰਤਿਮ ਸਮਾਂ**

ਭਾਈ ਸਾਹਿਬ ਨੇ ਆਪਣਾ ਸਾਰਾ ਜੀਵਨ ਹੀ ਬੜੀ ਸਖ਼ਤ ਮਿਹਨਤ ਅਤੇ ਦਲੇਰੀ ਨਾਲ ਗੁਜ਼ਾਰਿਆ ਸੀ। ਇਹ ਸਿੱਖ ਧਰਮ ਦੇ ਮਹਾਨ ਵਿਆਖਿਆਕਾਰ, ਧਰਮ-ਸ਼ਾਸਤਰੀ ਦੇ ਤੌਰ 'ਤੇ ਸਾਹਮਣੇ ਆਏ ਹਨ। ਮੈਕਸ ਆਰਥਰ ਮੈਕਾਲਿਫ਼ ਅਤੇ ਮਹਾਰਾਜਾ ਰਿਪੁਦਮਨ ਸਿੰਘ ਤੋਂ ਇਲਾਵਾ ਮਹਾਰਾਣੀ ਸਰੋਜਨੀ ਦੇਵੀ (ਮਹਾਰਾਣੀ ਰਿਪੁਦਮਨ ਸਿੰਘ), ਪ੍ਰਸਿੱਧ ਇਤਿਹਾਸਕਾਰ ਸਮਸ਼ੇਰ ਸਿੰਘ ਅਸ਼ੋਕ ਅਤੇ ਡਾ. ਦੇਵਿੰਦਰ ਸਿੰਘ ਵਿਦਿਆਰਥੀ, ਭਾਈ ਸਾਹਿਬ ਦੇ ਪ੍ਰਮੁੱਖ ਸ਼ਿਸ਼ ਬਣੇ।[23] ਉਸ ਸਮੇਂ ਚੱਲੀਆਂ ਸਾਰੀਆਂ ਧਾਰਮਿਕ ਲਹਿਰਾਂ ਦੇ ਮੁਖੀਆਂ ਉੱਤੇ ਭਾਈ ਕਾਨ੍ਹ ਸਿੰਘ ਨਾਭਾ ਦੀ ਵਿਦਵਤਾ ਦਾ ਬਹੁਤ ਅਸਰ ਪਿਆ। ਭਾਈ ਕਾਨ੍ਹ ਸਿੰਘ ਨਾਭਾ ਜੀ ਸਿੰਘ ਸਭਾ ਲਹਿਰ ਲਈ ਤਾਂ ਇੱਕ ਲਿਖਾਰੀ ਦੇ ਰੂਪ ਵਿੱਚ ਲਿਖਦੇ ਵੀ ਰਹੇ ਸਨ।

27 ਨਵੰਬਰ 1936 ਨੂੰ ਇਨ੍ਹਾਂ ਦੇ ਭਰਾ ਭਾਈ ਬਿਸ਼ਨ ਸਿੰਘ ਦਾ ਦੇਹਾਂਤ ਹੋ ਗਿਆ ਅਤੇ ਉਸ ਤੋਂ ਸੱਤ ਮਹੀਨੇ ਬਾਅਦ ਦੂਸਰੇ ਭਰਾ ਮੀਹਾਂ ਸਿੰਘ ਜੀ ਵੀ 17 ਜੂਨ 1937 ਨੂੰ ਸਵਰਗਵਾਸ ਹੋ ਗਏ। ਦੋਵਾਂ ਭਰਾਵਾਂ ਦੇ ਇਸ ਤਰ੍ਹਾਂ ਸਦੀਵੀ ਵਿਛੋੜਾ ਦੇ ਜਾਣ ਕਾਰਨ ਇਹ ਅੰਦਰੋਂ ਬਹੁਤ ਹੀ ਉਦਾਸ ਹੋ ਗਏ ਸਨ ਪਰ ਇਹ ਇਤਨੇ ਧੀਰਜਵਾਨ ਸਨ ਕਿ ਇਨ੍ਹਾਂ ਨੇ ਇਹ ਦੁੱਖ ਆਪਣੇ ਚਿਹਰੇ ਤੋਂ ਕਦੇ ਪ੍ਰਗਟ ਨਹੀਂ ਹੋਣ ਦਿੱਤਾ ਸੀ। 24 ਨਵੰਬਰ 1938 ਨੂੰ ਸਾਢੇ ਸਤੱਤਰ ਸਾਲ ਦੀ ਉਮਰ ਵਿੱਚ ਭਾਈ ਕਾਨ੍ਹ ਸਿੰਘ ਨਾਭਾ ਬਿਨ੍ਹਾ ਕਿਸੇ ਬਿਮਾਰੀ ਦੇ ਨਾਭਾ ਵਿਖੇ ਅਕਾਲ ਚਲਾਣਾ ਕਰ ਗਏ ਸਨ। ਇਨ੍ਹਾਂ ਦੇ ਇਕਲੋਤੇ ਪੁੱਤਰ ਭਗਵੰਤ ਸਿੰਘ ਹਰੀ ਜੀ ਉਸ ਸਮੇਂ ਮੌਜੂਦ ਸਨ।

---

[23] ਜਗਮੇਲ ਸਿੰਘ ਭਾਠੂਆਂ, *ਯੁੱਗ ਪੁਰਸ਼, ਭਾਈ ਕਾਨ੍ਹ ਸਿੰਘ ਨਾਭਾ,* ਆਰਸ਼ੀ ਪਬਲਿਸ਼ਰਜ਼, ਦਿੱਲੀ, 2007, ਪੰਨਾ 33

## ਸਮੁੱਚਾ ਵਿਅਕਤੀਤਵ

ਭਾਈ ਕਾਨ੍ਹ ਸਿੰਘ ਨਾਭਾ ਦੀ ਪੋਤੀ ਬੀਬੀ ਹਰਦਰਸ਼ਨ ਕੌਰ ਅਨੁਸਾਰ ਉਨ੍ਹਾਂ ਦਾ ਚਿਹਰਾ ਸੁਨੱਖਾ, ਰੰਗ ਗੋਰਾ, ਛਾਤੀ ਚੌੜੀ ਤੇ ਕੱਦ ਲੰਮਾ ਸੀ। ਚਿਹਰੇ ਤੇ ਹਰ ਸਮੇਂ ਮਿੱਠੀ ਮੁਸਕਾਨ, ਅਵਾਜ਼ ਧੀਮੀ ਅਤੇ ਸੁਰੀਲੀ ਸੀ ਅਤੇ ਇਹ ਸਮੇਂ ਦੇ ਬਹੁਤ ਪਾਬੰਦ ਸਨ। ਜ਼ਿੰਦਗੀ ਦੇ ਹਰ ਕੰਮ ਲਈ ਸਮਾਂ ਨਿਸ਼ਚਿਤ ਸੀ। ਸੈਰ, ਬਾਗ਼ਬਾਨੀ, ਕਲਾਸੀਕਲ ਸੰਗੀਤ ਵੱਲ ਜਿਆਦਾ ਝੁਕਾਅ ਸੀ। ਇਹ ਰੋਜ਼ਾਨਾ ਸਵੇਰੇ ਚਾਰ ਵਜੇ ਉੱਠਕੇ 4 ਮੀਲ ਦੀ ਸੈਰ ਕਰਦੇ ਸਨ, ਸੈਰ ਤੋਂ ਬਾਅਦ ਇਹ ਇਸ਼ਨਾਨ ਕਰਕੇ ਸਾਹਿਤਕ ਕੰਮਾਂ ਵਿੱਚ ਲਗ ਜਾਂਦੇ ਸਨ। ਸਵੇਰ ਦਾ ਸਮਾਂ ਅਕਸਰ ਇਹ ਲਿਖਦੇ ਹੁੰਦੇ ਸਨ। ਇੱਕ ਵਜੇ ਦੁਪਹਿਰ ਦਾ ਖਾਣਾ ਖਾਣ ਤੋਂ ਬਾਅਦ ਇਹ ਘੰਟਾ ਕੁ ਆਰਾਮ ਕਰਦੇ ਸਨ ਅਤੇ ਬਾਅਦ ਵਿੱਚ ਇਹ ਆਪਣੀ ਲਾਇਬਰੇਰੀ ਵਿੱਚ ਕਿਤਾਬਾਂ ਦਾ ਅਧਿਐਨ ਕਰਦੇ ਸਨ ਅਤੇ ਖੋਜ ਕਾਰਜ ਲਈ ਨੋਟ ਲੈਂਦੇ ਸਨ।

ਭਾਈ ਸਾਹਿਬ ਦੇ ਸ਼ਾਗਿਰਦ ਸ਼ਮਸ਼ੇਰ ਸਿੰਘ ਅਸ਼ੋਕ ਅਨੁਸਾਰ ਭਾਈ ਸਾਹਿਬ ਸੰਤ ਪੁਰਸ਼ਾਂ ਦੀ ਤਰ੍ਹਾਂ ਪ੍ਰਭੂ ਭਗਤੀ ਅਤੇ ਗੁਰਬਾਣੀ ਵਿੱਚ ਪੂਰਾ ਵਿਸ਼ਵਾਸ ਰੱਖਦੇ ਸਨ। ਨਿੱਤ ਨੇਮ ਦੀਆਂ ਬਾਣੀਆਂ ਦੇ ਪਾਠ ਤੋਂ ਇਲਾਵਾ ਇਹ ਨਾਮ ਸਿਮਰਨ ਲਈ ਵੀ ਧਿਆਨ ਵਿੱਚ ਬੈਠਦੇ ਸਨ। ਭਾਈ ਸਾਹਿਬ ਬਾਰੇ ਦੇਵਿੰਦਰ ਸਿੰਘ ਵਿਦਿਆਰਥੀ ਜੀ ਆਪਣੀ ਪੁਸਤਕ ਵਿੱਚ ਲਿਖਦੇ ਹਨ ਕਿ, "ਭਾਈ ਕਾਨ੍ਹ ਸਿੰਘ ਨਾਭਾ ਦਾ ਚਰਿਤ੍ਰ ਇੱਕ ਸਫ਼ਲ ਬਹੁਪੱਖੀ ਜੀਵਨ ਦਾ ਚਿਤ੍ਰ ਹੈ ਜਿਸ ਨੇ ਜ਼ਿੰਦਗੀ ਨੂੰ ਹਰ ਨਰਮ ਗਰਮ ਦੇ ਦੌਰ ਵਿੱਚ ਧੀਰਜ ਅਤੇ ਠਰੰਮੇ ਨਾਲ ਸਹਿਜ ਸੁਖਾਵਾਂ ਜੀਵਿਆ ਸੀ। ਗੁਣਾਂ ਦੀ ਲਗਨ ਅਤੇ ਗੁਣੀ ਦੀ ਸੇਵਾ ਸੰਭਾਲ ਉਨ੍ਹਾਂ ਦਾ ਆਦਰਸ਼ ਸੀ ਅਤੇ ਮਨੁੱਖਤਾ ਨੂੰ ਵਿਚਾਰਾਂ ਦੀ ਅਮੀਰੀ ਵੱਲ ਪ੍ਰੇਰਨਾਂ ਦੇਣਾ ਉਨ੍ਹਾਂ ਦਾ ਨਿਸ਼ਾਨਾ ਸੀ।"[24]

---

[24] ਦੇਵਿੰਦਰ ਸਿੰਘ ਵਿਦਿਆਰਥੀ, *ਭਾਈ ਕਾਨ੍ਹ ਸਿੰਘ ਨਾਭਾ ਜੀਵਨ ਤੇ ਰਚਨਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987, ਪੰਨਾ 38

ਭਾਈ ਸਾਹਿਬ ਬਹੁਤ ਹੀ ਸਫਾਈ ਪਸੰਦ ਵਿਅਕਤੀ ਸਨ। ਇਨ੍ਹਾਂ ਦਾ ਘਰ ਅਤੇ ਕਮਰਾ ਹਮੇਸ਼ਾ ਸਾਫ਼ ਸੁਥਰਾ ਰਹਿੰਦਾ ਸੀ। ਇਹ ਆਪਣੇ ਸਰੀਰ ਦੇ ਨਾਲ-ਨਾਲ ਆਪਣਾ ਆਲਾ-ਦੁਆਲਾ ਵੀ ਸਾਫ਼ ਸੁਥਰਾ ਰੱਖਦੇ ਸਨ। ਬੱਚਿਆਂ ਨਾਲ ਇਨ੍ਹਾਂ ਦਾ ਬਹੁਤ ਸਨੇਹ ਸੀ। ਇਹ ਫ਼ੁੱਲਾਂ ਦੇ ਵੀ ਬਹੁਤ ਸ਼ੌਕੀਨ ਸਨ, ਪਿੰਡ ਪਿੱਥੋ ਵਿੱਚ ਇਨ੍ਹਾਂ ਨੇ ਖਾਸ ਪੜ੍ਹਨ ਲਿਖਣ ਲਈ ਜੋ ਕੋਠੀ, 'ਨਾਰਾਇਣ ਭਵਨ' ਬਣਵਾਈ ਸੀ ਉਸਦੇ ਚਾਰੇ ਪਾਸੇ ਬਹੁਤ ਹੀ ਸੁੰਦਰ ਫ਼ੁੱਲ ਕਿਆਰੀਆਂ ਵਿੱਚ ਲਗਵਾਏ ਸਨ, ਜਿਨ੍ਹਾਂ ਦੇ ਆਲੇ-ਦੁਆਲੇ ਫਲਾਂ ਵਾਲੇ ਬਾਗ ਦਾ ਘੇਰਾ ਸੀ। ਇਸ ਪ੍ਰਕਾਰ ਇਹ ਕਹਿ ਸਕਦੇ ਹਾਂ ਕਿ ਭਾਈ ਸਾਹਿਬ ਦੀ ਸੁਚੱਜੀ ਸ਼ਖਸੀਅਤ ਦਾ ਅਤੇ ਇਹੋ ਜੇ ਸੋਹਣੇ ਵਾਤਾਵਰਣ ਦਾ ਆਪਸ ਵਿੱਚ ਬਹੁਤ ਹੀ ਸੋਹਣਾ ਮੇਲ ਸੀ। ਕਲਮ, ਸਿਰੀ ਸਾਹਿਬ, ਚਾਕੂ, ਕਟਾਰ, ਬੰਦੂਕ, ਤਾਉਸ ਤੇ ਸਿਤਾਰ ਆਪ ਦੀਆਂ ਮਨ ਭਾਉਂਦੀਆਂ ਚੀਜਾਂ ਸਨ।

ਇਹ ਜਿੱਥੇ ਸੰਗੀਤ ਦੇ ਰਸੀਏ, ਸੁਭਾਅ ਦੇ ਮਿੱਠੇ ਸਨ ਉੱਥੇ ਹੀ ਇੱਕ ਉੱਚ ਦਰਜੇ ਦੇ ਸ਼ਿਕਾਰੀ ਵੀ ਸਨ। ਘੋੜ ਸਵਾਰੀ ਦਾ ਵੀ ਸ਼ੌਕ ਰੱਖਦੇ ਸਨ। ਰਾਜਨੀਤੀ ਦੇ ਇਹ ਬਹੁਤ ਮਾਹਿਰ ਸਨ, ਇੱਸੇ ਲਈ ਮਹਾਰਾਜਾ ਨਾਭਾ ਨੇ ਇਨ੍ਹਾਂ ਦਾ ਉਪਨਾਮ "ਨੀਤੀ ਜੀ" ਰੱਖਿਆ ਹੋਇਆ ਸੀ, ਪਰ ਕਵਿਤਾ ਵਿੱਚ ਇਹ ਆਪਣੀ ਕਵੀ ਛਾਪ 'ਦ੍ਵਿਜੇਸ਼' ਲਿਖਦੇ ਸਨ।[25] ਇਹ ਹਮੇਸ਼ਾਂ ਸਾਦਾ ਰਹਿਣਾ ਪਸੰਦ ਕਰਦੇ ਸਨ ਅਤੇ ਬਾਹਰੀ ਦਿਖਾਵੇ ਨਾਲੋਂ ਆਤਮਿਕ ਗੁਣਾ ਵਿੱਚ ਵਧੇਰੇ ਵਿਸ਼ਵਾਸ ਰਖਦੇ ਸਨ। ਗੁਰੂ ਪੰਥ ਦੀ ਸੇਵਾ ਇਨ੍ਹਾਂ ਦੀ ਜ਼ਿੰਦਗੀ ਦਾ ਮੁੱਖ ਮੰਤਵ ਸੀ। ਇਹ ਜਾਤ-ਪਾਤ ਦੀਆਂ ਵਲਗਣਾਂ ਤੋਂ ਦੂਰ ਰਹੇ ਤੇ ਹਮੇਸ਼ਾਂ ਤੋਂ ਹੀ ਕੌਮੀ ਏਕਤਾ ਦੇ ਚਾਹਵਾਨ ਸਨ। ਜਾਤ-ਪਾਤ ਦੇ ਖਿਆਲ ਨੂੰ ਇੱਕ ਪਾਸੇ ਰੱਖਕੇ ਇਨ੍ਹਾਂ ਨੇ ਆਪਣੇ

---

[25] *ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼* (ਭੂਮਿਕਾ), ਭਾਸ਼ਾ ਵਿਭਾਗ, ਪਟਿਆਲਾ, 2006, ਪੰਨਾ ਚ

ਇਕਲੌਤੇ ਪੁੱਤਰ ਭਗਵੰਤ ਸਿੰਘ ਜੀ ਦੀ ਸ਼ਾਦੀ ਜੀਵਨ ਸਿੰਘ ਸੇਵਕ ਦੀ ਲੜਕੀ ਹਰਨਾਮ ਕੌਰ ਨਾਲ ਕੀਤੀ ਸੀ। ਆਪ ਦੇ ਜੀਵਨ ਸੰਬੰਧੀ ਕਾਫ਼ੀ ਸਿੱਖਿਅਦਾਇਕ ਕਹਾਣੀਆਂ ਵੀ ਮਿਲਦੀਆਂ ਹਨ। ਬੁਰਿਆਂ ਨਾਲ ਨੇਕੀ ਕਰਨੀ, ਦੇਸ਼ ਦਾ ਮਾਨ, ਗਰੀਬਾਂ ਨਾਲ ਪਿਆਰ, ਛੋਟਿਆਂ ਦਾ ਸਨਮਾਨ ਆਦਿ ਇਨ੍ਹਾਂ ਦੇ ਜੀਵਨ ਸੰਬੰਧੀ ਸਾਖੀਆਂ, ਇਨ੍ਹਾਂ ਦੇ ਜੀਵਨ ਸੰਬੰਧੀ ਰਚੀਆਂ ਪੁਸਤਕਾਂ ਵਿੱਚੋਂ ਪ੍ਰਾਪਤ ਹੋ ਜਾਂਦੀ ਹੈ।

ਇਨ੍ਹਾਂ ਦੇ ਸਮੁੱਚੇ ਜੀਵਨ ਦਾ ਅਧਿਐਨ ਕਰਨ ਨਾਲ ਪਤਾ ਚਲਦਾ ਹੈ ਕਿ ਇਹ ਇਕ ਉੱਚ ਕੋਟੀ ਦੇ ਵਿਦਵਾਨ ਹੀ ਨਹੀਂ ਬਲਕਿ ਇੱਕ ਬਹੁਤ ਹੀ ਸੁਲਝੇ ਹੋਏ ਵਿਅਕਤੀਤਵ ਵਾਲੇ ਵਿਅਕਤੀ ਵੀ ਸਨ। ਇਨ੍ਹਾਂ ਦੇ ਜੀਵਨ ਵਿੱਚ ਕਿਧਰੇ ਵੀ ਪਾਖੰਡ ਤੇ ਅੰਧ ਵਿਸ਼ਵਾਸ ਲਈ ਕੋਈ ਥਾਂ ਨਹੀਂ ਸੀ। ਇਨ੍ਹਾਂ ਦਾ ਸਾਰਾ ਜੀਵਨ ਗੁਰਬਾਣੀ ਅਤੇ ਸਿੱਖ ਰਹਿਤ ਮਰਿਯਾਦਾ ਅਨੁਸਾਰ ਹੀ ਬਤੀਤ ਹੋਇਆ ਸੀ। ਇਨ੍ਹਾਂ ਨੇ ਆਪਣੀਆਂ ਪੁਸਤਕਾਂ ਵਿੱਚ ਵੀ ਗੁਰਬਾਣੀ ਅਤੇ ਗੁਰੂ ਸਾਹਿਬਾਨ ਬਾਰੇ ਪਾਏ ਭਰਮਾਂ ਨੂੰ ਗੁਰਬਾਣੀ ਦੀਆਂ ਤੁਕਾਂ ਅਤੇ ਇਤਿਹਾਸਿਕ ਹਵਾਲਿਆਂ ਨਾਲ ਦੂਰ ਹੀ ਨਹੀਂ ਕੀਤਾ ਬਲਕਿ ਇਨ੍ਹਾਂ ਬਾਰੇ ਪਾਏ ਭਰਮ-ਭੁਲੇਖਿਆਂ ਨੂੰ ਸਦਾ ਲਈ ਝੁਠਲਾ ਦਿੱਤਾ ਸੀ। ਗੁਰਬਾਣੀ ਵਿੱਚ ਇਹ ਆਪ ਵੀ ਬਹੁਤ ਹੀ ਜਿਆਦਾ ਸ਼ਰਧਾ ਰੱਖਦੇ ਸਨ। ਜੋ ਵੀ ਵਾਕ ਗੁਰਬਾਣੀ ਅਨੁਸਾਰ ਹੁੰਦਾ ਉਸੇ ਨੂੰ ਹੀ ਉੱਚਤਮ ਮੰਨਦੇ ਸਨ। ਇਨ੍ਹਾਂ ਦਾ ਵਿਅਕਤੀਤਵ ਇੰਨਾ ਪ੍ਰਭਾਵਸ਼ਾਲੀ ਸੀ ਕਿ ਸਿੰਘ ਸਭਾ ਲਹਿਰ, ਸਿੱਖ ਵਿੱਦਿਅਕ ਲਹਿਰ, ਨਾਭਾ ਦਰਬਾਰ, ਪੰਚ ਖ਼ਾਲਸਾ ਦੀਵਾਨ, ਪੰਜਾਬੀ ਸਾਹਿਤ (1890-1940) ਦੀ ਜਦੋਂ ਵੀ ਗੱਲ ਚਲੇਗੀ ਤਾਂ ਭਾਈ ਕਾਨ੍ਹ ਸਿੰਘ ਨਾਭਾ ਦਾ ਨਾਂ ਮੋਢੀ ਵਿਦਵਾਨਾਂ ਵਿੱਚ ਗਿਣਿਆ ਜਾਵੇਗਾ।

**ਭਾਈ ਕਾਨ੍ਹ ਸਿੰਘ ਨਾਭਾ ਦੀਆਂ ਰਚਨਾਵਾਂ**

ਭਾਈ ਸਾਹਿਬ ਦਾ ਸਾਹਿਤਿਕ ਗ੍ਰੰਥ ਰਚਣ ਦਾ ਸਮਾਂ 1884 ਈ. ਤੋਂ ਸ਼ੁਰੂ ਹੁੰਦਾ ਹੈ। ਇਨ੍ਹਾਂ ਨੇ ਗੁਰਮਤ ਪ੍ਰਚਾਰ, ਰਾਜਨੀਤੀ, ਵਿੱਦਿਆ, ਸਮਾਜ ਸੁਧਾਰ, ਛੰਦ, ਅਲੰਕਾਰ ਕੋਸ਼, ਜੋਤਿਸ਼ ਆਦਿ

ਬਹੁਤ ਸਾਰੇ ਵਿਸ਼ਿਆਂ ਉੱਤੇ ਗ੍ਰੰਥਾਂ ਰਚਨਾ ਕੀਤੀ ਹੈ। ਸ. ਸਮਸ਼ੇਰ ਸਿੰਘ ਅਸ਼ੋਕ[26] ਅਤੇ ਬੀਬੀ ਸੁਖਜੀਤ ਕੌਰ[27] ਦੁਆਰਾ ਦਿੱਤੀਆਂ ਸੂਚਨਾਵਾਂ ਦੇ ਆਧਾਰ 'ਤੇ ਭਾਈ ਸਾਹਿਬ ਦੀਆਂ ਰਚਨਾਵਾਂ ਦੀ ਗਿਣਤੀ 31 ਤੱਕ ਪਹੁੰਚ ਜਾਂਦੀ ਹੈ ਅਤੇ ਰਚਨਾ ਕਾਲ 1884 ਈ. ਤੋਂ 1938 ਈ. ਤੱਕ ਬਣਦਾ ਹੈ।

ਭਾਈ ਕਾਨ੍ਹ ਸਿੰਘ ਨਾਭਾ ਦੀਆਂ ਰਚਨਾਵਾਂ ਤਿੰਨ ਭਾਗਾਂ ਵਿੱਚ ਵੰਡੀਆਂ ਜਾ ਸਕਦੀਆਂ ਹਨ ਜਾਂ ਇਸ ਪ੍ਰਕਾਰ ਕਹਿ ਲਵੋ ਕਿ ਇਨ੍ਹਾਂ ਨੇ ਆਪਣੀਆਂ ਰਚਨਾਵਾਂ ਤਿੰਨ ਪੜਾਵਾਂ ਵਿੱਚ ਰਚੀਆਂ ਸਨ। ਇਹ ਤਿੰਨ ਪੜਾਵਾਂ ਵਿੱਚੋਂ ਪਹਿਲਾ ਪੜਾਅ ਜਾਂ ਪਹਿਲੇ ਦੌਰ ਦੀਆਂ ਰਚਨਾਵਾਂ, ਦੂਸਰੇ ਦੌਰ ਦੀਆਂ ਰਚਨਾਵਾਂ ਅਤੇ ਅੰਤਲਾ ਭਾਗ ਤੀਸਰੇ ਦੌਰ ਦੀਆਂ ਰਚਨਾਵਾਂ ਕਰਕੇ ਕੀਤਾ ਗਿਆ ਹੈ। ਦੇਵਿੰਦਰ ਸਿੰਘ ਵਿਦਿਆਰਥੀ, ਡਾ. ਤੇਜਵੰਤ ਸਿੰਘ ਮਾਨ ਅਤੇ ਜਗਮੇਲ ਸਿੰਘ ਭਾਠੂਆਂ ਆਦਿ ਲਿਖਾਰੀਆਂ ਜਿਨ੍ਹਾਂ ਨੇ ਵੀ ਭਾਈ ਕਾਨ੍ਹ ਸਿੰਘ ਨਾਭਾ ਦੇ ਜੀਵਨ ਬਾਰੇ ਲਿਖਿਆ ਹੈ, ਉਨ੍ਹਾਂ ਸਾਰਿਆਂ ਨੇ ਹੀ ਭਾਈ ਕਾਨ੍ਹ ਸਾਹਿਬ ਦੇ ਸਾਹਿਤ-ਕਾਲ ਨੂੰ ਇਨ੍ਹਾਂ ਤਿੰਨਾਂ ਭਾਗਾਂ ਵਿੱਚ ਹੀ ਵੰਡਿਆ ਹੈ। ਹਾਲਾਂਕਿ ਰਚਨਾਵਾਂ ਨੂੰ ਕਾਲ ਵੰਡ ਕਰਨ ਸਮੇਂ ਇਨ੍ਹਾਂ ਰਚਨਾਵਾਂ ਦਾ ਸਮਾਂ ਸਭ ਨੇ ਵੱਖਰਾ-ਵੱਖਰਾ ਰੱਖਿਆ ਹੈ। ਡਾ. ਜਗਮੇਲ ਸਿੰਘ ਭਾਠੂਆਂ ਨੇ ਆਪਣੀ ਪੁਸਤਕ *ਯੁਗਪੁਰਸ਼ ਭਾਈ ਕਾਨ੍ਹ ਸਿੰਘ ਨਾਭਾ* ਵਿੱਚ ਇਸ ਵੰਡ ਦੇ ਪਹਿਲੇ ਦੌਰ ਦਾ ਸਮਾਂ 1884 ਈ. ਤੋਂ 1897 ਈ. ਤੱਕ[28] ਮਿਥਿਆ ਹੈ। ਇਸ ਦੌਰ ਵਿੱਚ ਉਨ੍ਹਾਂ ਨੇ ਆਪ ਦੁਆਰਾ ਰਚੀਆਂ ਤਿੰਨ ਪੁਸਤਕਾਂ *ਰਾਜ ਧਰਮ, ਟੀਕਾ ਜੈਮਨੀ ਅਸ਼ਵਮੇਧ, ਨਾਟਕ ਭਾਵਾਰਥ ਦੀਪਿਕਾ* ਨੂੰ ਰੱਖਿਆ ਹੈ। ਇਸ ਤੋਂ ਅਗਲਾ ਦੌਰ 1897 ਈ. ਤੋਂ ਆਰੰਭ ਕੇ 1907 ਈ. ਤੱਕ ਚਿਤਰਿਆ ਹੈ ਅਤੇ

---

[26] ਸਮਸ਼ੇਰ ਸਿੰਘ ਅਸ਼ੋਕ, *ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ,* ਨੈਸ਼ਨਲ ਪ੍ਰਿੰਟਿੰਗ ਪ੍ਰੈਸ, ਪਟਿਆਲਾ, 1966, ਪੰਨੇ 47-61

[27] ਸੁਖਜੀਤ ਕੌਰ, *ਭਾਈ ਕਾਨ੍ਹ ਸਿੰਘ ਨਾਭਾ ਤੇ ਉਨ੍ਹਾਂ ਦੀਆਂ ਰਚਨਾਵਾਂ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਿਤੀ ਹੀਣ, ਪੰਨੇ 17-45

[28] ਜਗਮੇਲ ਸਿੰਘ ਭਾਠੂਆ, *ਯੁੱਗ ਪੁਰਸ਼, ਭਾਈ ਕਾਨ੍ਹ ਸਿੰਘ ਨਾਭਾ,* ਆਰਸ਼ੀ ਪਬਲਿਸ਼ਰਜ਼, ਦਿੱਲੀ, 2007, ਪੰਨਾ 44

ਅੰਤਿਮ ਦੌਰ ਨੂੰ ਤੀਸਰੇ ਦੌਰ ਦੀਆਂ ਰਚਨਾਵਾਂ ਲਿਖਕੇ ਇਸਦਾ ਸਮਾਂ 1907 ਈ. ਤੋਂ ਲੈ ਕੇ 1938 ਈ. ਤੱਕ ਮਿਥਿਆ ਹੈ, ਇਸ ਦੌਰ ਨੂੰ ਇਨ੍ਹਾਂ ਨੇ ਆਪ ਦੀਆਂ ਰਚਨਾਵਾਂ ਦਾ ਸਿਖਰਲਾ ਦੌਰ ਕਿਹਾ ਹੈ। ਭਾਵ ਕਿ ਇਸ ਸਮੇਂ ਦੌਰਾਨ ਕੀਤਾ ਗਿਆ ਕਾਰਜ ਹਰ ਪੱਖ ਤੋਂ ਪਹਿਲਾਂ ਨਾਲੋਂ ਵੀ ਵਧ ਸੀ।

ਇਸੇ ਪ੍ਰਕਾਰ ਹੀ ਦੇਵਿੰਦਰ ਸਿੰਘ ਵਿਦਿਆਰਥੀ ਨੇ ਵੀ ਭਾਈ ਕਾਨ੍ਹ ਸਿੰਘ ਨਾਭਾ ਦੀਆਂ ਰਚਨਾ ਕਾਲ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਹੈ ਪਰ ਉਨ੍ਹਾਂ ਨੇ ਆਪ ਦੁਆਰਾ ਪ੍ਰਕਾਸ਼ਿਤ ਪਹਿਲੇ ਦੌਰ ਦੀਆਂ ਰਚਨਾਵਾਂ ਵਿਚ *ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਯਾਯ, ਰਾਜ ਧਰਮ, ਨਾਟਕ ਭਾਵਾਰਥ ਦੀਪਿਕਾ* ਅਤੇ *ਟੀਕਾ, ਵਿਸ਼ਨੂੰ ਪੁਰਾਣ ਚਾਰ* ਪੁਸਤਕਾਂ ਨੂੰ ਰੱਖਿਆ ਹੈ।[29] ਪਰੰਤੂ ਇਸ ਦੌਰ ਦੀ ਕਾਲ-ਵੰਡ ਕਰਨ ਸਮੇਂ ਇਸਦੀ ਸਮੇਂ ਸੀਮਾ ਨਹੀਂ ਦਿੱਤੀ। ਜੇਕਰ ਰਚਨਾਵਾਂ ਦੇ ਕਾਲ ਨੂੰ ਵੇਖਿਆ ਜਾਵੇ ਤਾਂ ਇਸਦਾ ਸਮਾਂ ਵੀ ਤਕਰੀਬਨ ਉਹੀ ਬਣਦਾ ਹੈ ਜੋ ਜਗਮੇਲ ਸਿੰਘ ਦੁਆਰਾ ਦੱਸਿਆ ਗਿਆ ਹੈ। ਇਸੇ ਪ੍ਰਕਾਰ ਦੂਸਰੇ ਦੌਰ ਦੀਆਂ ਰਚਨਾਵਾਂ ਦਾ ਆਰੰਭ *ਹਮ ਹਿੰਦੂ ਨਹੀਂ* ਪੁਸਤਕ ਤੋਂ ਕਰਦੇ ਹਨ ਜਿਸਦਾ ਸਮਾਂ 1897 ਈ. ਬਣਦਾ ਹੈ ਅਤੇ ਅੰਤਿਮ ਦੌਰ ਜਾਂ ਕਹਿ ਲਵੋ ਤੀਸਰੇ ਦੌਰ ਦੀਆਂ ਰਚਨਾਵਾਂ ਬਾਰੇ ਆਪ ਲਿਖਦੇ ਹਨ, "ਭਾਈ ਕਾਨ੍ਹ ਸਿੰਘ ਨਾਭਾ ਦੀਆਂ ਰਚਨਾਵਾਂ ਦਾ ਤੀਜਾ ਦੌਰ ਸਾਰੇ ਦਾ ਸਾਰਾ ਇਕ ਪ੍ਰਕਾਰ *ਗੁਰੁ ਸ਼ਬਦ ਰਤਨਾਕਰ ਮਹਾਨ ਕੋਸ਼* ਦੀ ਤਿਆਰੀ ਅਤੇ ਰਚਨਾ ਦਾ ਦੌਰ ਕਿਹਾ ਜਾ ਸਕਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਦੇ ਆਪਣੇ ਕਥਨ ਅਨੁਸਾਰ ਇਹ ਦੌਰ 1900 ਵਿੱਚ ਆਰੰਭ ਹੁੰਦਾ ਹੈ ਅਤੇ ਭਾਈ ਸਾਹਿਬ ਦੇ ਜੀਵਨ ਦੇ ਅੰਤ ਤੋੜੀ ਚਲਦਾ ਹੈ।"[30]

---

[29] ਦੇਵਿੰਦਰ ਸਿੰਘ ਵਿਦਿਆਰਥੀ, *ਭਾਈ ਕਾਨ੍ਹ ਸਿੰਘ ਨਾਭਾ ਜੀਵਨ ਤੇ ਰਚਨਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987, ਪੰਨੇ 61-68

[30] ਦੇਵਿੰਦਰ ਸਿੰਘ ਵਿਦਿਆਰਥੀ, *ਭਾਈ ਕਾਨ੍ਹ ਸਿੰਘ ਨਾਭਾ ਜੀਵਨ ਤੇ ਰਚਨਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987, ਪੰਨਾ 91

ਇਸ ਪ੍ਰਕਾਰ ਵਿਦਵਾਨਾਂ ਦੀ ਰਾਇ ਨੂੰ ਜਾਣਨ ਅਤੇ ਭਾਈ ਸਾਹਿਬ ਬਾਰੇ ਪੜ੍ਹਨ ਅਤੇ ਉਨ੍ਹਾਂ ਦੀਆਂ ਰਚਨਾਵਾਂ ਦੇ ਅਧਿਐਨ ਤੋਂ ਬਾਅਦ ਇਹ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਨੇ ਆਪਣੇ ਸਾਹਿਤ ਦਾ ਆਰੰਭ ਨਾਭਾਪਤੀ ਦੇ ਕਹਿਣ ਤੇ ਪਹਿਲਾ ਪੁਰਾਤਨ ਗ੍ਰੰਥਾਂ ਦਾ ਸੰਪਾਦਨ ਕਰਕੇ ਕੀਤਾ। ਇਸ ਤੋਂ ਬਾਅਦ ਦੂਸਰੇ ਦੌਰ ਦੀਆਂ ਰਚਨਾਵਾਂ ਰਚਣ ਸਮੇਂ ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਆਪਣਾ ਸਾਹਿਤ ਰਚਿਆ। ਇਸ ਸਮੇਂ ਦੌਰਾਨ ਉਨ੍ਹਾਂ ਦੀਆਂ ਰਚਨਾਵਾਂ ਪੰਜਾਬੀ ਭਾਸ਼ਾ ਵਿੱਚ ਅਤੇ ਸਿੱਖ ਧਰਮ ਦੇ ਪ੍ਰਚਾਰ ਹਿਤ ਹੀ ਰਚੀਆਂ ਗਈਆਂ। ਇਸ ਸਮੇਂ ਆਰੀਆ ਸਮਾਜੀ ਅਤੇ ਇਸਾਈ ਮਿਸ਼ਨਰੀ ਵਰਗੀਆਂ ਲਹਿਰਾਂ ਜ਼ੋਰਾਂ 'ਤੇ ਸਨ। ਇਨ੍ਹਾਂ ਲਹਿਰਾਂ ਦੇ ਦੁਸ਼ ਪ੍ਰਭਾਵ ਤੋਂ ਸਿੱਖ ਧਰਮ ਨੂੰ ਬਚਾਉਣ ਲਈ ਸਿੰਘ ਸਭਾ ਲਹਿਰ ਹੋਂਦ ਵਿੱਚ ਆਈ ਅਤੇ ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਲਹਿਰ ਸਮੇਂ ਸਿੱਖੀ ਪ੍ਰਚਾਰ, ਪਸਾਰ ਲਈ ਰਚਨਾਵਾਂ ਦਾ ਖਾਕਾ ਤਿਆਰ ਕਰਕੇ ਇਨ੍ਹਾਂ ਦੀ ਰਚਨਾ ਕਰਵਾਈ। ਜਿਸ ਵਿੱਚ *ਹਮ ਹਿੰਦੂ ਨਹੀਂ, ਗੁਰੁਮਤ ਪ੍ਰਭਾਕਰ, ਗੁਰੁਮਤ ਸੁਧਾਕਰ ਅਤੇ ਗੁਰੁ ਗਿਰਾ ਕਸੌਟੀ* ਪ੍ਰਮੁੱਖ ਹਨ। ਇਨ੍ਹਾਂ ਰਚਨਾਵਾਂ ਤੋਂ ਬਾਅਦ ਦਾ ਸਮਾਂ *ਮਹਾਨ ਕੋਸ਼* ਦੀ ਤਿਆਰੀ ਤੇ ਪ੍ਰਕਾਸ਼ਨਾਂ ਵਿੱਚ ਗੁਜ਼ਰਿਆ, ਤੀਸਰੇ ਦੌਰ ਦੀਆਂ ਰਚਨਾਵਾਂ ਨੂੰ ਅੰਤਿਮ ਦੌਰ ਦੀਆਂ ਰਚਨਾਵਾਂ ਵੀ ਕਿਹਾ ਜਾ ਸਕਦਾ ਹੈ।

ਉਕਤ ਅਧਿਆਇ ਵਿੱਚ ਭਾਈ ਕਾਨ੍ਹ ਸਿੰਘ ਨਾਭਾ ਦੀਆਂ ਸਮੁੱਚੀਆਂ ਰਚਨਾਵਾਂ ਬਾਰੇ ਸੰਖੇਪ ਵਿੱਚ ਜਾਣਕਾਰੀ ਮੁਹੱਈਆ ਕਰਵਾਈ ਗਈ ਹੈ। ਇਨ੍ਹਾਂ ਸਾਰੀਆਂ ਰਚਨਾਵਾਂ ਨੂੰ ਕਾਲ-ਵੰਡ ਅਨੁਸਾਰ ਨਾ ਦੇ ਕੇ ਉਨ੍ਹਾਂ ਦੇ ਛਪਣ ਦੇ ਸਾਲ ਅਨੁਸਾਰ ਤਰਤੀਬ ਦਿੱਤੀ ਗਈ ਹੈ ਜੋ ਇਸ ਪ੍ਰਕਾਰ ਹਨ:

***ਰਾਜ ਧਰਮ* (1884)**

ਇਹ ਪੁਸਤਕ ਉਸ ਵੇਲੇ ਦੀ ਰਚਨਾ ਹੈ ਜਦੋਂ ਇਹ ਮਹਾਰਾਜਾ ਹੀਰਾ ਸਿੰਘ ਕੋਲ ਮੁਲਾਜ਼ਮ ਲਗ ਗਏ ਸਨ। ਇਹ ਗ੍ਰੰਥ ਦੋ ਭਾਗਾਂ ਵਿੱਚ ਛਪਿਆ। ਇਹ ਪੁਸਤਕ ਮਹਾਰਾਜੇ ਵੱਲੋਂ ਸਰਕਾਰੀ ਖ਼ਰਚੇ

ਤੇ ਆਪ ਛਾਪਕੇ ਮੁਫਤ ਵੰਡੀ ਗਈ ਸੀ।[31] ਇਹ ਪੁਸਤਕ ਮਹਾਰਾਜਾ ਹੀਰਾ ਸਿੰਘ ਦੇ ਨਾਂ ਹੇਠ ਛਪੀ। *ਰਾਜ ਧਰਮ* ਪੁਸਤਕ ਦਾ ਪਹਿਲੇ ਭਾਗ ਦੇ 304 ਸਫ਼ੇ ਅਤੇ ਦੂਸਰੇ ਭਾਗ ਦੇ 356 ਸਫ਼ੇ ਹਨ। ਇਹ ਪੁਸਤਕ ਪਹਿਲੀ ਵਾਰ ਦੁਰਗਾ ਪ੍ਰੈਸ, ਲਾਹੌਰ ਵੱਲੋਂ 1896 ਈ. ਵਿੱਚ ਛਾਪੀ ਗਈ। ਇਹ ਪੁਸਤਕ ਮਹਾਰਾਜਾ ਹੀਰਾ ਸਿੰਘ ਦੇ ਵਿਚਾਰਾਂ ਉੱਤੇ ਹੀ ਲਿਖੀ ਗਈ ਹੈ।ਮਹਾਰਾਜਾ ਹੀਰਾ ਸਿੰਘ ਨੂੰ ਆਪਣੇ ਅਨੁਭਵ ਦਸਕੇ ਪੁਸਤਕਾਂ ਲਿਖਵਾਉਣ ਦਾ ਸ਼ੌਕ ਸੀ। ਉਸਨੇ 108 ਗ੍ਰੰਥਾਂ ਦੀ ਲੜੀ ਆਪਣੇ ਵਿਚਾਰ ਦੱਸ ਦੱਸ ਕੇ ਆਪਣੇ ਦਰਬਾਰ ਦੇ ਵਿਦਵਾਨਾਂ ਤੋਂ ਲਿਖਵਾਈ ਸੀ।

ਭਾਈ ਕਾਨ੍ਹ ਸਿੰਘ ਨਾਭਾ, ਭਾਈ ਪ੍ਰੇਮ ਸਿੰਘ ਅਤੇ ਪੰਡਿਤ ਸ਼੍ਰੀਧਰ ਮਹਾਰਾਜੇ ਦੇ ਦਰਬਾਰ ਦਾ ਸ਼ਿੰਗਾਰ ਸਨ। ਇਸ ਪੁਸਤਕ ਵਿਚ ਭਾਈ ਕਾਨ੍ਹ ਸਿੰਘ ਨਾਭਾ ਸਿੰਘ ਸਭਾ ਦੇ ਵਿਚਾਰਕ ਅਤੇ ਭਾਈ ਪ੍ਰੇਮ ਸਿੰਘ ਅਤੇ ਪੰਡਿਤ ਸ਼੍ਰੀਧਰ ਸਨਾਤਨ ਹਿੰਦੂ ਵਿਚਾਰਧਾਰਾਵਾਂ ਦੇ ਵਕਤਾਵਾਂ ਵਜੋਂ ਪੇਸ਼ ਹੁੰਦੇ ਹਨ। ਇਸ ਪੁਸਤਕ ਦੀ ਬੋਲੀ ਪੁਰਾਣੇ ਢੰਗ ਦੀ ਹਿੰਦੀ ਪੰਜਾਬੀ ਹੈ। ਪੁਸਤਕ ਦੇ ਹਰੇਕ ਅਧਿਆਇ ਵਿੱਚ ਕਹਾਣੀ ਦਰ ਕਹਾਣੀ ਸਿੰਘ ਅਤੇ ਜ਼ਿਮੀਦਾਰ ਪਾਤਰਾਂ ਦੇ ਮਾਧਿਅਮ ਰਾਹੀਂ ਕਿਸੇ ਨਾ ਕਿਸੇ ਮਸਲੇ ਨੂੰ ਸੁਲਝਾਇਆ ਗਿਆ ਹੈ। ਪੁਸਤਕ ਵਿੱਚ ਰਾਜੇ ਦੇ ਚਰਿੱਤਰ ਬਾਰੇ, ਉਸਦੇ ਫਰਜ਼ ਕੀ ਹਨ ਆਦਿ ਬਾਰੇ ਦੱਸਿਆ ਗਿਆ ਹੈ। ਜਿਸ ਤਰ੍ਹਾਂ ਕਿ ਪੁਸਤਕ ਵਿੱਚ ਦਰਜ ਹੈ ਕਿ ਰਾਜੇ ਨੂੰ ਸ਼ਿੰਗਾਰ ਰਸ ਦੇ ਗ੍ਰੰਥਾਂ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ ਅਤੇ ਇਨ੍ਹਾਂ ਗ੍ਰੰਥਾਂ ਦੀ ਥਾਂ ਤੇ ਵੇਦਾਂਤ ਨੀਤੀ ਅਤੇ ਧਾਰਮਿਕ ਗ੍ਰੰਥਾਂ ਵੱਲ ਧਿਆਨ ਦੇਣਾ ਚਾਹੀਦਾ ਹੈ। ਸਿੱਧੇ ਸ਼ਬਦਾਂ ਵਿੱਚ ਕਹੀਏ ਤਾਂ ਇਸ ਪੁਸਤਕ ਵਿੱਚ ਦੱਸਿਆ ਗਿਆ ਹੈ ਕਿ ਇੱਕ ਰਾਜਾ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ। ਉਸਦੇ ਕੀ-ਕੀ ਫਰਜ਼ ਹਨ ਤੇ ਉਸਦਾ ਜੀਵਨ

---

[31] ਭਾਈ ਕਾਨ੍ਹ ਸਿੰਘ ਨਾਭਾ, *ਗੁਰਸ਼ਬਦ ਰਤਨਾਕਰ ਮਹਾਨ ਕੋਸ਼* (ਭੂਮਿਕਾ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2008, ਪੰਨਾ - ਖ

ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ। ਇਸ ਤੋਂ ਬਾਅਦ ਇਹ ਪੁਸਤਕ ਨੈਸ਼ਨਲ ਬੁੱਕ ਸ਼ਾਪ, ਦਿੱਲੀ ਵੱਲੋਂ 2005 ਈ. ਵਿੱਚ ਪ੍ਰਕਾਸ਼ਿਤ ਹੋਈ ਸੀ। ਇਸਦੇ ਸੰਪਾਦਕ ਜਗਮੇਲ ਸਿੰਘ ਭਾਠੂਆਂ ਹਨ।

***ਜੈਮਨੀ ਅਸ਼ਵਮੇਧ*** **(1890)**

ਇਹ ਟੀਕਾ ਭਾਈ ਕਾਨ੍ਹ ਸਿੰਘ ਨਾਭਾ ਨੇ 1889 ਈ. ਵਿੱਚ ਕੀਤਾ ਅਤੇ 1890 ਈ. ਵਿੱਚ ਦੁਰਗਾ ਪ੍ਰੈਸ, ਨਾਭਾ ਤੋਂ 542 ਸਫਿਆਂ ਵਿੱਚ ਛਪਵਾਇਆ।[32] ਇਸ ਟੀਕੇ ਵਿੱਚ ਭਾਈ ਸਾਹਿਬ ਨੇ ਬਹੁਤ ਸਾਰੇ ਸਲੋਕਾ ਅਤੇ ਚੌਪਈਆ ਦਾ ਸਾਰ ਲੈ ਕੇ ਅਰਥ ਅਤੇ ਵਿਆਖਿਆ ਕੀਤੀ ਹੈ। ਇਹ ਰਚਨਾ ਮਹਾਰਿਸ਼ੀ ਵੇਦ ਵਿਆਸ ਦੇ ਇੱਕ ਸ਼ਿਸ਼ ਜੈਮਿਨੀ ਦੀ ਰਚਨਾ ਹੈ। ਭਾਈ ਸਾਹਿਬ ਨੇ ਇਸ ਸਾਰ ਦਾ ਟੀਕਾ ਕੀਤਾ ਹੈ। ਇਸ ਧਰਮ ਗ੍ਰੰਥ ਵਿੱਚ ਧਰਮ ਪ੍ਰਕਰਣ, ਅਧਰਮ ਪ੍ਰਕਰਣ, ਸੇਵਾ ਪ੍ਰਕਰਣ, ਇਸਤਰੀ ਪ੍ਰਕਰਣ ਅਤੇ ਮੰਤ੍ਰ ਪ੍ਰਕਰਣ ਲਿਖਿਆ ਹੈ। ਪੁਸਤਕ ਦੀ ਭੂਮਿਕਾ ਬਹੁਤ ਹੀ ਸੰਖੇਪ ਲਿਖੀ ਗਈ ਹੈ। ਭਾਈ ਸਾਹਿਬ ਦੱਸਦੇ ਹਨ ਕਿ ਪਾਠਕ ਪੁਸਤਕ ਦਾ ਭਾਵ ਸਮਝ ਕੇ ਬੜਾ ਕੁਝ ਨਵਾਂ ਸਿੱਖ ਸਕਦੇ ਹਨ। ਕ੍ਰਿਸ਼ਨ ਲੀਲਾ ਦੀ ਗੱਲ ਪੁਸਤਕ ਦੇ ਮਾਧਿਅਮ ਰਾਹੀਂ ਨਵੇਂ ਅਰਥਾਂ ਵਿੱਚ ਪੇਸ਼ ਕਰਦੇ ਹਨ ਅਤੇ ਨਾਲ ਹੀ ਛੋਟੀ ਉਮਰ ਵਿੱਚ ਗ੍ਰਿਹਸਥ ਜੀਵਨ ਧਾਰਨ ਕਰਨ ਨਾਲ ਹੋਣ ਵਾਲੇ ਨੁਕਸਾਨ ਬਾਰੇ ਵੀ ਦੱਸਦੇ ਹਨ। *ਟੀਕਾ ਜੈਮਨੀ ਅਸ਼ਵਮੇਧ* ਗ੍ਰੰਥ ਦੀ ਭੂਮਿਕਾ ਵਿੱਚ ਭਾਈ ਸਾਹਿਬ ਦੇਸ਼ ਵਾਸੀਆਂ ਨੂੰ ਗ੍ਰੰਥ ਦੇ ਅਰਥ (ਤਾਤਪਰਯ) ਜਾਨਣ ਲਈ ਪ੍ਰੇਰਿਤ ਕਰਦੇ ਹਨ। ਸਮੁੱਚੇ ਅਧਿਐਨ ਤੋਂ ਭਾਈ ਕਾਨ੍ਹ ਸਿੰਘ ਨਾਭਾ ਦੀ ਸੁਤੰਤਰ ਵਿਚਾਰਧਾਰਾ ਉਜਾਗਰ ਹੁੰਦੀ ਹੈ। ਉਹ ਪ੍ਰਾਚੀਨ ਢੰਗ ਦੀ ਬਜਾਏ ਨਵੇਂ ਢੰਗ

---

[32] ਤੇਜਵੰਤ ਮਾਨ, *ਭਾਈ ਕਾਨ੍ਹ ਸਿੰਘ ਨਾਭਾ,* ਮੰਗਲ ਪ੍ਰਕਾਸ਼ਨ, ਅੰਮ੍ਰਿਤਸਰ, 1996, ਪੰਨਾ 50.

ਨਾਲ ਵਿਆਖਿਆ ਕਰਦੇ ਹਨ। ਭਾਈ ਸਾਹਿਬ ਅਨੁਸਾਰ ਗ੍ਰੰਥ ਨੂੰ ਪੜ੍ਹਕੇ ਵਿਚਾਰ ਕਰਕੇ ਅਸੀਂ ਬੁਰੇ-ਭਲੇ ਦੀ ਪਹਿਚਾਣ ਕਰ ਸਕਦੇ ਹਾਂ।

***ਨਾਟਕ ਭਾਵਾਰਥ ਦੀਪਿਕਾ* (1897)**

ਭਾਈ ਕਾਨ੍ਹ ਸਿੰਘ ਨਾਭਾ 1887 ਈ. ਵਿੱਚ ਟਿੱਕਾ ਰਿਪੁਦਮਨ ਸਿੰਘ ਦੇ ਉਸਤਾਦ ਲੱਗੇ। 1888 ਈ. ਵਿੱਚ ਜਦੋਂ ਇਹ ਰਿਪੁਦਮਨ ਸਿੰਘ ਨੂੰ *ਹਨੂਮਾਨ ਨਾਟਕ* ਪੜ੍ਹਾਇਆ ਕਰਦੇ ਸਨ ਤਾਂ ਮਹਾਰਾਜਾ ਹੀਰਾ ਸਿੰਘ ਦੇ ਹੁਕਮ ਨਾਲ ਜੋ ਅਰਥ ਭਾਈ ਸਾਹਿਬ ਕਰਦੇ ਸਨ, ਉਹ ਨੋਟ ਕਰ ਲੈਂਦੇ ਸਨ। ਪਿੱਛੋਂ ਭਾਈ ਸਾਹਿਬ ਨੇ ਉਨ੍ਹਾਂ ਨੂੰ ਸੋਂਪ ਕੇ ਪੁਸਤਕ ਰੂਪ ਵਿੱਚ *ਨਾਟਕ ਭਾਵਰਥ ਦੀਪਿਕਾ* ਦੇ ਨਾਂ ਹੇਠ ਛਪਵਾਇਆ। ਇਹ ਪੁਸਤਕ ਸਭ ਤੋਂ ਪਹਿਲਾਂ ਦਰਬਾਰ ਨਾਭਾ ਵੱਲੋਂ ਮੁਫ਼ੀਦ ਆਮ ਪ੍ਰੈਸ, ਲਾਹੌਰ ਤੋਂ 431 ਸਫ਼ਿਆਂ ਵਿੱਚ ਛਪੀ।[33] ਸਮਸ਼ੇਰ ਸਿੰਘ ਅਸ਼ੋਕ, ਬੀਬੀ ਸੁਖਜੀਤ ਕੌਰ, ਪ੍ਰੋ. ਪ੍ਰੀਤਮ ਸਿੰਘ, ਤੇਜਵੰਤ ਮਾਨ, ਪਿਆਰਾ ਸਿੰਘ ਆਦਿ ਭਾਈ ਕਾਨ੍ਹ ਸਿੰਘ ਨਾਭਾ ਉੱਪਰ ਲਿਖਣ ਵਾਲੇ ਵਿਦਵਾਨਾਂ ਵੱਲੋਂ ਇਸ ਗ੍ਰੰਥ ਦਾ ਪ੍ਰਕਾਸ਼ਨ ਸਾਲ 1888 ਈ. ਵਿੱਚ ਲਿਖਿਆ ਹੈ, ਪ੍ਰੰਤੂ ਦੇਵਿੰਦਰ ਸਿੰਘ ਵਿਦਿਆਰਥੀ ਇਸ ਗ੍ਰੰਥ ਦਾ ਪ੍ਰਕਾਸ਼ਨ ਸਾਲ 1897 ਈ. ਲਿਖਦੇ ਹਨ। [34]

ਇਸ ਗ੍ਰੰਥ ਦੀ ਲਿਪੀ ਗੁਰਮੁਖੀ ਹੈ,ਪ੍ਰੰਤੂ ਭਾਸ਼ਾ ਹਿੰਦੀ ਹੈ। ਭਾਈ ਸਾਹਿਬ ਇਸਦੀ ਭੂਮਿਕਾ ਵਿਚ ਇਸ ਪੁਸਤਕ ਦੀ ਵਿਸ਼ੇਸ਼ਤਾ ਬਾਰੇ ਲਿਖਦੇ ਹਨ, "ਇਸ *ਨਾਟਕ ਭਾਵਾਰਥ ਦੀਪਿਕਾ* ਕੇ ਪ੍ਰਕਾਸ਼ ਹੋਨੇ ਕਾ ਮੁਖ ਕਾਰਣ ਯੇਹ ਹੈ ਕਿ ਜਬ ਮੈਂ ਸ੍ਰੀ ੫ ਯੁਤ ੧੧੧ ਰਾਜਕੁਮਾਰ ਰਿਪੁਦਮਨ ਸਿੰਘ ਸਾਹਿਬ ਬਹਾਦਰ ਕੋ ਨਾਟਕ ਪੜ੍ਹਾਯਾ ਕਰਤਾ ਥਾ ਤਬ ਸ੍ਰੀ ੫ ਹਜ਼ੂਰ ਮਹਾਰਾਜ ਸਾਹਿਬ ਭੀ, ਜੋ ਨਾਟਕ

---

[33] ਸਮਸ਼ੇਰ ਸਿੰਘ ਅਸ਼ੋਕ, *ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ,* ਨੈਸ਼ਨਲ ਪ੍ਰਿੰਟਿੰਗ ਪ੍ਰੈਸ, ਪਟਿਆਲਾ, 1966, ਪੰਨਾ 48

[34] ਦੇਵਿੰਦਰ ਸਿੰਘ ਵਿਦਿਆਰਥੀ, *ਭਾਈ ਕਾਨ੍ਹ ਸਿੰਘ ਨਾਭਾ ਜੀਵਨ ਤੇ ਰਚਨਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987, ਪੰਨਾ 68

ਆਦਿਕ ਗ੍ਰੰਥੋਂ ਕੇ ਪੰਡਿਤ ਹੈਂ ਔਰ ਜਿਨ ਕੀ ਬੁੱਧੀ ਮੇਂ ਕੁਦਰਤੀ ਚਮਤਕਾਰ ਹੈਂ ਵਹਾਂ ਤਸ਼ਰੀਫ਼ ਲਾਯਾ ਕਰਤੇ, ਔਰ ਜਬ ਮੈਂ ਸਾਂਪ੍ਰਦਾਈ ਅਰਥ ਕਰ ਚੁਕਤਾ ਤਬ ਮਹਾਰਾਜਾ ਸਾਹਿਬ ਅਪਨਾ ਬਚਿਤ੍ਰ ਭਾਵ ਪ੍ਰਗਟ ਕਰਤੇ, ਜਿਸ ਤਰਹ ਨਾਟਕ ਕੇ ਸਮਾਪਤ ਹੋਨੇ ਤਕ ਯੇਹ ਪੁਸਤਕ ਬਨ ਗਯਾ।"[35]

ਭਾਈ ਸਾਹਿਬ ਅੰਨੁਸਾਰ ਇਸ ਰਚਨਾ ਦਾ ਮਨੋਰਥ ਲੋਕਾਂ ਨੂੰ ਧਾਰਮਿਕ ਰਚਨਾਵਾਂ ਦਾ ਭਾਵਾਰਥ ਸਮਝਾ ਕੇ ਅਸਲੀ ਰੂਪ ਵਿਚ ਅਪਣਾਉਣ ਦੀ ਪ੍ਰੇਰਣਾ ਦੇਣਾ ਹੈ। ਇਸ ਗ੍ਰੰਥ ਵਿਚ ਹਨੂਮਾਨ ਨਾਟਕ ਦੀ ਪੌਰਾਣਿਕ ਕਥਾ ਦਾ ਵਿਵਰਣ ਦੇ ਕੇ ਭਾਈ ਸਾਹਿਬ ਨੇ ਵਿਆਖਿਆ ਕੀਤੀ ਹੈ। ਇਸ ਪੁਸਤਕ ਵਿਚ ਮਨੁਖ ਨੂੰ ਸਦਾਚਾਰੀ, ਨਿਆਇਸ਼ੀਲ ਬਣਨ ਦੀ ਪ੍ਰੇਰਨਾ ਹੈ। ਆਪਣੇ ਵਿਚਾਰਾਂ ਦੀ ਪੁਸ਼ਟੀ ਲਈ ਸੰਸਕ੍ਰਿਤ ਗ੍ਰੰਥਾਂ ਅਤੇ ਗੁਰਬਾਣੀ ਵਿਚੋਂ ਹਵਾਲੇ ਲਏ ਗਏ ਹਨ। ਭੂਮਿਕਾ ਦੇ ਅੰਤ ਉੱਤੇ ਟਿੱਕਾ ਰਿਪੁਦਮਨ ਸਿੰਘ ਨੂੰ ਅਸ਼ੀਰਵਾਦ ਦਿੰਦਿਆਂ ਤਿੰਨ ਕਬਿੱਤ ਲਿਖੇ ਹਨ।

### *ਹਮ ਹਿੰਦੂ ਨਹੀਂ* (1898)

ਇਹ ਭਾਈ ਸਾਹਿਬ ਦੀ ਤੀਜੀ ਪੁਸਤਕ ਹੈ। ਇਸ ਵਿਚ ਸਿੱਖਾਂ ਦੇ ਹਿੰਦੂ ਬਾਰੇ ਵਿਚਾਰ ਦਾ ਦਲੀਲਾਂ ਨਾਲ ਖੰਡਨ ਕੀਤਾ ਗਿਆ ਹੈ। ਭਾਈ ਸਾਹਿਬ ਅਨੁਸਾਰ ਖ਼ਾਲਸਾ, ਹਿੰਦੂ ਅਤੇ ਮੁਸਲਮਾਨ ਆਦਿ ਤੋਂ ਭਿੰਨ ਹੈ। ਇਹ ਪੁਸਤਕ ਭਾਈ ਸਾਹਿਬ ਨੇ 1893 ਈ. ਵਿਚ ਕਾਇਮ ਹੋਈ ਸਿੰਘ ਸਭਾ ਭਸੌੜ, ਜੋ ਖ਼ਾਲਸਾ ਦੀਵਾਨ ਲਾਹੌਰ ਨਾਲ ਸੰਬੰਧਿਤ ਸੀ, ਦੇ ਪ੍ਰਮੁਖ ਕਾਰਜ-ਕਰਤਾਵਾਂ ਬਾਬੂ ਤੇਜਾ ਸਿੰਘ ਅਤੇ ਪ੍ਰੋ. ਗੁਰਮੁਖ ਸਿੰਘ ਜਿਹੜੇ ਸਿੰਘ ਸਭਾ ਲਾਹੌਰ ਅਤੇ ਖ਼ਾਲਸਾ ਦੀਵਾਨ ਲਾਹੌਰ ਦੇ ਮੁਖੀ ਸਨ, ਦੀ ਸਲਾਹ ਨਾਲ ਲਿਖੀ। ਇਹ ਪੁਸਤਕ 1898 ਵਿਚ ਛਪੀ।

---

[35] ਭਾਈ ਕਾਨ੍ਹ ਸਿੰਘ ਨਾਭਾ, *ਨਾਟਕ ਭਾਵਾਰਥ ਦੀਪਿਕਾ,* ਰਾਇ ਸਾਹਿਬ ਮੁਨਸ਼ੀ ਗੁਲਾਬ ਸਿੰਘ ਐਂਡ ਸਨਜ਼, ਲਾਹੌਰ, 1888, ਪੰਨਾ 4

ਇਸ ਪੁਸਤਕ ਵਿੱਚ ਭਾਈ ਸਾਹਿਬ ਦੁਆਰਾ ਸਿੱਖ ਪਛਾਣ ਸਬੰਧੀ ਵਿਚਾਰ ਪੇਸ਼ ਕੀਤੇ ਗਏ ਹਨ ਅਤੇ ਸਪਸ਼ਟ ਕੀਤਾ ਗਿਆ ਹੈ ਕਿ ਸਿੱਖ ਇੱਕ ਵੱਖਰੀ ਅਤੇ ਸੁਤੰਤਰ ਕੌਮ ਹੈ। ਇਨ੍ਹਾਂ ਦੁਆਰਾ ਕੀਤਾ ਗਿਆ ਕਥਨ ਪੁਸਤਕ ਦਾ ਬੁਨਿਆਦੀ ਸਿਧਾਂਤ ਬਣ ਗਿਆ ਹੈ। ਇਹ ਪੁਸਤਕ ਸਿੱਖਾਂ ਅਤੇ ਹਿੰਦੂਆਂ ਦੇ ਵਿਚਕਾਰ ਲੰਮੇ ਸਮੇਂ ਤੋਂ ਚੱਲੇ ਆ ਰਹੇ ਵਿਵਾਦ ਕਿ ਸਿੱਖ ਹਿੰਦੂ ਹਨ, ਨੂੰ ਦਰਸਾਉਂਦੀ ਹੈ। ਪੁਸਤਕ ਵਿੱਚ ਇੱਕ ਹਿੰਦੂ ਸਵਾਲ ਕਰਦਾ ਹੈ ਅਤੇ ਇੱਕ ਸਿੱਖ ਗੁਰਬਾਣੀ ਅਤੇ ਸਿੱਖ ਧਰਮ ਪੁਸਤਕਾਂ ਵਿੱਚੋਂ ਹਵਾਲੇ ਦੇ ਕੇ ਉਸ ਦੇ ਪ੍ਰਸ਼ਨ ਦਾ ਉੱਤਰ ਤਰਕ ਨਾਲ ਦਿੰਦਾ ਹੈ। ਇਸ ਪੁਸਤਕ ਵਿੱਚ ਸਿੱਖ ਧਰਮ ਗ੍ਰੰਥ ਵਿੱਚੋਂ ਹਵਾਲੇ ਦਿੱਤੇ ਗਏ ਹਨ, ਜਿਨ੍ਹਾਂ ਤੋਂ ਇਸ ਤਰ੍ਹਾਂ ਪ੍ਰਤੀਤ ਹੋਵੇ ਕਿ ਸਿੱਖ ਧਰਮ ਹਿੰਦੂ ਰਸਮਾਂ-ਰੀਤਾਂ ਤੋਂ ਇੰਨਾ ਜਿਆਦਾ ਅਲੱਗ ਹੈ ਕਿ ਸਿੱਖ ਧਰਮ ਨੂੰ ਵੱਖਰੀ ਧਾਰਮਿਕ ਪ੍ਰਣਾਲੀ ਸਮਝਦੇ ਹੋਏ ਇਸ ਨੂੰ ਪੂਰਨ ਸੁਤੰਤਰ ਅਤੇ ਵੱਖਰਾ ਧਰਮ ਮੰਨਿਆ ਜਾਂਦਾ ਹੈ। ਇਹ ਪੁਸਤਕ ਸਿੱਖਾਂ ਦੀ ਵੱਖਰੀ ਹੋਂਦ ਦਾ ਪ੍ਰਮਾਣ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਐਲਾਨ ਕਰਦੀ ਹੈ।

***ਗੁਰੁਮਤ ਪ੍ਰਭਾਕਰ* (1898)**

ਇਹ ਪੁਸਤਕ 1898 ਈ. ਵਿਚ ਛਪੀ। ਇਸ ਵਿਚ ਸਿੱਖ ਪੰਥ ਦੇ ਮੌਲਿਕ ਸਿਧਾਤਾਂ ਅਤੇ ਸਿੱਖ ਜੀਵਨ-ਜਾਂਚ ਦਾ ਪ੍ਰਮਾਣਾ ਨਾਲ ਨਿਰਣਾ ਕੀਤਾ ਗਿਆ। ਇਹ ਸਿੱਖੀ ਦਾ 'ਵੀਚਾਰ ਕੋਸ਼'[36] ਹੈ। ਇਹ ਗ੍ਰੰਥ ਮਹਾਰਾਜਾ ਰਿਪੁਦਮਨ ਸਿੰਘ ਦੀ ਬੇਨਤੀ ਤੇ ਲਿਖਿਆ ਗਿਆ ਸੀ। ਇਸ ਬਾਰੇ ਮਹਾਰਾਜਾ ਸਾਹਿਬ ਦੀ ਚਿੱਠੀ ਦੀ ਇਬਾਰਤ ਇਸ ਤਰ੍ਹਾਂ ਹੈ, "ਆਜ ਕਲ ਮੇਂ ਏਕ ਧਰਮ-ਸ਼ਾਸਤ੍ਰ ਕੀ ਬੜੀ ਭਾਰੀ ਜ਼ਰੂਰਤ ਹੈ ਜਿਸ ਮੇਂ ਜਨਮ ਲੇਨੇ ਸੇ ਕਰ ਮਰਣ ਪ੍ਰਯੰਤ ਸਭ ਰੀਤੀ ਗੁਰਮਤਿ ਅਨੁਸਾਰ ਕਰਨੇ ਕੀ

[36] ਇਸ ਕੋਸ਼ ਦੀ ਤਰਜ ਤੇ ਭਾਈ ਜੋਧ ਸਿੰਘ ਦਾ *ਗੁਰੁਮਤ ਨਿਰਣਯ* ਅਤੇ ਪਿਆਰਾ ਸਿੰਘ ਪਦਮ ਦਾ *ਗੁਰੂ ਗ੍ਰੰਥ ਵਿਚਾਰ ਕੋਸ਼* ਦੇਖੇ ਜਾ ਸਕਦੇ ਹਨ।

ਬਿਧੀ ਲਿਖੀ ਜਾਵੇ। ਇਸ ਕਾਮ ਕੋ ਪੂਰਾ ਕਰਨੇ ਵਾਸਤੇ ਮੇਰੇ ਨਜ਼ਦੀਕ ਆਪ ਸੇ ਬਢ ਕਰ ਔਰ ਪੰਥ ਕੋ ਕੋਈ ਵਿਦ੍ਵਾਨ ਨਹੀਂ ਮਿਲ ਸਕਤਾ। ਇਸ ਹੇਤੂ ਮੈ ਆਪ ਕੀ ਸੇਵਾ ਮੇਂ ਪ੍ਰਾਰਥਨਾ ਕਿਯੇ ਬਗੈਰ ਨਹੀਂ ਰਹਿ ਸਕਤਾ ਕਿ ਆਪ ਔਰ ਸਭ ਕਾਮ ਛੋੜ ਕਰ ਸਭ ਸੇ ਪ੍ਰਥਮ ਇਸ ਪੰਥ-ਸੇਵਾ ਕੋ ਕਰ ਕੇ ਯਸ਼ ਕੇ ਭਾਗੀ ਬਨੇਂ। ਆਪ ਦਾ ਜੀਵਨ ਪੰਥ ਕੇ ਵਾਸਤੇ ਅਮੋਲਕ ਹੈ। ਇਸੇ ਵਾਸਤੇ ਆਪ ਜੋ ਕੁਛ ਕਰ ਜਾਏਂ ਸੋ ਸਭ ਥੋੜਾ ਹੈ। ਆਸਾ ਹੈ ਆਪ ਆਪਣੇ ਦਯਾਲਤਾ ਕੇ ਸੁਭਾਵ ਸੇ ਮੇਰੀ ਇਸ ਬੇਨਤੀ ਕੇ ਅੰਗੀਕਾਰ ਕਰਕੇ ਮੁਝੇ ਕ੍ਰਿਤਾਰਥ ਕਰੇਂਗੇ।"[37] ਇਸ ਪੁਸਤਕ ਵਿੱਚ ਭਾਈ ਕਾਨ੍ਹ ਸਿੰਘ ਨਾਭਾ ਵਿਸ਼ੇ ਨੂੰ ਸਪਸ਼ਟ ਕਰਨ ਲਈ 843 ਵਿਸ਼ੇ ਲਏ ਹਨ ਅਤੇ ਹਰ ਵਿਸ਼ੇ ਦੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਹਵਾਲੇ ਲੈ ਕੇ ਬਹੁਤ ਹੀ ਵਿਸਥਾਰ ਸਹਿਤ ਵਿਆਖਿਆ ਕੀਤੀ ਗਈ ਹੈ। ਭਾਈ ਸਾਹਿਬ ਨੇ ਵਿਸਥਾਰਪੂਰਵਕ ਟਿੱਪਣੀਆਂ ਅਤੇ ਫੁੱਟਨੋਟ ਦਿੱਤੇ ਹਨ ਤਾਂ ਕਿ ਸਿੱਖਾਂ ਸਿਧਾਂਤਾਂ ਅਤੇ ਸਿੱਖਿਆਵਾਂ ਨੂੰ ਸਹੀ ਢੰਗ ਨਾਲ ਸਮਝਿਆ ਜਾ ਸਕੇ।

***ਗੁਰੁਮਤ ਸੁਧਾਕਰ*** **(1899)**

ਇਹ ਪੁਸਤਕ ਪਹਿਲੀ ਵਾਰ 1899 ਈ. ਵਿੱਚ ਪ੍ਰਕਾਸ਼ਿਤ ਹੋਈ ਇਸ ਵਿੱਚ ਪੁਰਾਤਨ ਸਿੱਖ ਇਤਿਹਾਸਕ ਪੁਸਤਕਾਂ ਅਤੇ ਧਾਰਮਿਕ ਨਿਯਮਾਵਲੀਆਂ ਵਿੱਚੋਂ ਨਿਰਧਾਰਿਤ ਕੀਤੇ ਗਏ ਆਚਰਣ ਨੂੰ ਪ੍ਰਗਟਾਉਣ ਵਾਲੀਆਂ ਚੋਣਵੀਆਂ ਲਾਈਨਾਂ ਲੈ ਕੇ ਕੀਤੀ ਗਈ ਰਚਨਾ ਦਾ ਸੰਗ੍ਰਿਹ ਹੈ। ਇਸ ਪੁਸਤਕ ਨੂੰ 16 ਅਧਿਆਇਆਂ ਵਿੱਚ ਵੰਡਿਆ ਗਿਆ ਹੈ। ਇਹ ਪੁਸਤਕ ਵਿੱਚ ਸਿੱਖ ਧਰਮ ਨਾਲ ਜੁੜੀਆਂ ਕਰਾਮਾਤਾਂ, ਕਰਮਕਾਂਡਾਂ ਅਤੇ ਵਹਿਮਾਂ-ਭਰਮਾਂ ਦਾ ਖੰਡਨ ਕੀਤਾ ਗਿਆ ਹੈ ਅਤੇ ਗੁਰਮਤਿ ਅਨੁਸਾਰ

---

[37] ਸ਼ਮਸ਼ੇਰ ਸਿੰਘ ਅਸ਼ੋਕ, *ਭਾਈ ਕਾਨ੍ਹ ਸਿੰਘ ਨਾਭਾ,* ਨੈਸ਼ਨਲ ਪ੍ਰਿੰਟਿੰਗ ਪ੍ਰੈਸ, ਪਟਿਆਲਾ, 1966, ਪੰਨੇ 49-50

ਸਿੱਖ ਧਰਮ ਵਿੱਚ ਵਧ ਰਹੇ ਭਰਮਾਂ ਨੂੰ ਦੂਰ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਪੁਸਤਕ ਵਿੱਚ *ਦਸਮ ਗ੍ਰੰਥ, ਭਾਈ ਗੁਰਦਾਸ ਦੀ ਰਚਨਾ, ਗੁਰ ਬਿਲਾਸ, ਜਨਮ ਸਾਖੀ, ਸ੍ਰੀ ਗੁਰੂ ਨਾਨਕ ਪ੍ਰਕਾਸ਼, ਸੂਰਯ ਪ੍ਰਕਾਸ਼, ਪੰਥ ਪ੍ਰਕਾਸ਼, ਸੌ ਸਾਖੀ, ਰਹਿਤਨਾਮੇ* ਆਦਿ ਕਈ ਗ੍ਰੰਥਾਂ ਵਿੱਚੋਂ ਗੁਰਮਤਿ ਦੇ ਸਿਧਾਂਤਾਂ ਦੀ ਪ੍ਰੋੜਤਾ ਲਈ ਪ੍ਰਮਾਣ ਦਿੱਤੇ ਗਏ ਹਨ।

ਲੇਖਕ ਦੱਸਦਾ ਹੈ ਕਿ ਕਈ ਵਾਰ ਅਸੀ ਆਪਣੇ ਮਨ ਵਿੱਚ ਆਪਣੇ ਧਰਮ ਗ੍ਰੰਥਾਂ ਸਬੰਧੀ ਭਰਮ ਪਾਲ ਲੈਂਦੇ ਹਾਂ, ਇਸ ਤਰ੍ਹਾਂ ਜਦੋਂ ਵੀ ਹੁੰਦਾ ਹੈ ਤਾਂ ਸਾਨੂੰ ਆਪਣੇ ਧਰਮ ਗ੍ਰੰਥਾਂ ਦੀ ਖੋਜ ਪਰਖ ਕਰਨੀ ਚਾਹੀਦੀ ਹੈ, ਜਿਸ ਨਾਲ ਸਾਡੇ ਸ਼ੰਕੇ ਦੂਰ ਹੋ ਸਕਣ। ਇਸ ਪੁਸਤਕ ਦਾ ਅਸਲ ਮਕਸਦ ਸਿੱਖ ਰਹਿਤ ਮਰਿਯਾਦਾ ਨੂੰ ਦ੍ਰਿੜ ਕਰਵਾਉਣਾ ਹੈ ਇਹ ਪੁਸਤਕ ਪੜ ਕੇ ਅਸੀਂ ਸਿੱਖ ਰਹਿਤ ਮਰਿਆਦਾ ਦੀ ਪੂਰੀ ਵਾਕਫ਼ੀਅਤ ਪ੍ਰਾਪਤ ਕਰ ਸਕਦੇ ਹਾਂ।

***ਗੁਰੁ ਗਿਰਾ ਕਸੌਟੀ (1899)***

ਸੰਨ 1899 ਈ. ਵਿਚ ਇਹ ਪੁਸਤਕ ਲਿਖੀ ਗਈ ਇਸ ਦਾ ਮੁਖ ਮਨੋਰਥ ਇਹ ਸੀ ਕਿ ਗੁਰਬਾਣੀ ਦੀ ਕਈ ਗੱਲਾਂ ਨੂੰ ਆਪਾ ਵਿਰੋਧੀ ਸਮਝ ਕੇ ਸ਼ੰਕਾ ਕੀਤਾ ਜਾਂਦਾ ਹੈ ਪਰੰਤੂ ਗੁਰਮਤਿ ਵਿਚ ਕੋਈ ਗੱਲ ਆਪਾ ਵਿਰੋਧੀ ਨਹੀਂ। ਇਸ ਤੋਂ ਇਲਾਵਾ ਸਿੱਖ ਸਾਹਿਤ ਖਾਸਕਰ ਜਨਮ ਸਾਖੀ *ਭਾਈ ਬਾਲਾ, ਗੁਰ ਪ੍ਰਤਾਪ ਸੂਰਜ ਗ੍ਰੰਥ* ਵਿਚ ਪਾਏ ਜਾਂਦੇ ਗੁਰਮਤਿ ਵਿਰੋਧੀ ਅੰਸ਼ਾਂ ਦਾ ਖੰਡਨ ਕੀਤਾ ਗਿਆ ਹੈ। ਇਹ ਪੁਸਤਕ ਉਸ ਵੇਲੇ ਦੀ ਰਚਨਾ ਹੈ ਜਿਸ ਵੇਲੇ ਭਾਈ ਕਾਨ੍ਹ ਸਿੰਘ ਨਾਭਾ ਸਿੰਘ ਸਭਾ ਲਹਿਰ ਲਈ ਕਾਰਜ ਕਰ ਰਹੇ ਸਨ। ਇਸ ਵਿੱਚ ਭਾਈ ਕਾਨ੍ਹ ਸਿੰਘ ਨਾਭਾ ਨੇ ਗੁਰਬਾਣੀ ਦੇ ਵਿਰੋਧਤਾ ਵਿੱਚ ਪਾਏ ਜਾਂਦੇ ਸ਼ੰਕਿਆਂ ਨੂੰ ਸਾਫ ਕਰਕੇ ਸਪਸ਼ਟ ਕੀਤਾ ਹੈ ਕਿ ਗੁਰਬਾਣੀ ਇੱਕ ਰਸ ਹੈ। ਇਹ ਪੁਸਤਕ

ਕਿਸੇ ਕਾਰਨ ਕਰਕੇ ਅਣਛਪੀ ਰਹਿ ਗਈ। ਪਿੱਛੋਂ ਇਸ ਪੁਸਤਕ ਦੀ ਚੌਥੀ ਵਸਤੂ *ਗੁਰੁਮਤ ਪ੍ਰਭਾਕਰ, ਗੁਰੁਮਤ ਸੁਧਾਕਰ* ਨਾਲ ਸਮੋ ਕੇ ਭਾਈ ਕਾਨ੍ਹ ਸਿੰਘ ਨਾਭਾ ਨੇ *ਗੁਰੁਮਤ ਮਾਰਤੰਡ* ਨਾਂ ਹੇਠ ਇੱਕ ਪੁਸਤਕ ਪ੍ਰਕਾਸ਼ਿਤ ਕਰ ਦਿੱਤੀ।

***ਸਮਸਯਾ ਪੂਰਤੀ* (1899)**

ਸਭ ਤੋਂ ਪਹਿਲਾਂ ਇਹ ਸੰਗ੍ਰਹਿ ਟ੍ਰੈਕਟ ਦੀ ਸ਼ਕਲ ਵਿੱਚ ਖ਼ਾਲਸਾ ਪ੍ਰੈਸ, ਲਾਹੌਰ ਤੋਂ 1899 ਈ. ਵਿੱਚ ਛਪਿਆ।[38] ਇਹ ਕਵਿਤਾ ਵਿੱਚ ਸਮੱਸਿਆ ਪੂਰਤੀ ਇੱਕ ਸੰਗ੍ਰਹਿ ਹੈ, ਇਸ ਵਿੱਚ ਗਿਆਨੀ ਦਿੱਤ ਸਿੰਘ, ਮਹਾਰਾਜਾ ਰਿਪੁਦਮਨ ਸਿੰਘ ਤੇ ਭਾਈ ਕਾਨ੍ਹ ਸਿੰਘ ਨਾਭਾ ਅਤੇ ਹੋਰ ਕਵੀਆਂ ਦੀਆਂ ਪੂਰਤੀਆਂ ਦਰਜ ਹਨ। ਸਮੱਸਿਆ ਖਾਸ ਕਰਕੇ 1. ਨਾਰੀ ਚੜੀ ਹੈ ਅਟਾਰੀ ਨਾ ਉਤਾਰੀ ਉਤਰਤ ਹੈ 2. ਕਿਹ ਕਾਰਣ ਨਾਰਿ ਨਰੇਲ ਉਛਾਲੇ ਆਦਿ ਹਨ। ਇਸ ਦੇ ਪ੍ਰਕਾਸ਼ਿਤ ਹੋਣ ਤੋਂ ਪਹਿਲਾਂ ਇਸ ਸੰਬੰਧ ਵਿੱਚ ਟਿੱਕਾ ਰਿਪੁਦਮਨ ਸਿੰਘ ਜੀ ਨੇ ਭਾਈ ਸਾਹਿਬ ਨੂੰ ਜੋ ਪਤ੍ਰਿਕਾ ਲਿਖੀ ਸੀ, ਉਹ ਖਾਸ ਤੌਰ ਤੇ ਦੇਖਣਯੋਗ ਹੈ। ਇਹ ਲਿਖਦੇ ਹਨ, "ਆਪ ਨੇ ਜੋ ਪਹਿਲੀ ਸਮੱਸਿਆ ਪਰ ਏਕ ਕਬਿਤ ਲਿਖਾ ਹੈ, ਉਸ ਦੀ ਪ੍ਰਸ਼ੰਸਾ ਕਰਨੇ ਮੇਂ ਮੈਂ ਅਸਮਰਥ ਨੂੰ 'ਅਟਾਰੀ' ਸ਼ਬਦ ਕਾ ਜੋ ਕੁਛ ਆਪ ਨੇ ਉਸ ਮੇਂ ਭਾਵ ਰੱਖਾ ਹੈ ਵਹੁ ਅਦੁਤੀਯ ਹੈ। ਚੁਕਿ ਮੁਝੇ ਭੀ ਆਪ ਕੇ ਸ਼ਿਸ਼ਯ ਹੋਨੇ ਕਾ ਫ਼ਖ਼ਰ ਹਾਸਲ ਹੈ, ਇਸ ਵਾਸਤੇ ਸਬਿਨਯ ਪ੍ਰਾਰਥਨਾ ਹੈ ਜੋ ਆਪ ਮੁਝਇਨ ਕਬਿਤੋਂ ਔਰ ਸਵੱਯੋਂ ਕੇ ਖਾਲਸਾ ਅਖਬਾਰ ਮੇਂ ਛਪਵਾਨੇ ਕੀ ਆਗਯਾ ਦੇ ਜਿਸ ਸੇ ਮੈਂ, ਆਪਣੀ ਅਭਿਲਾਖਾ ਕੋ ਪੂਰਨ ਕਰ ਸਕੂੰ। ਮੇਰੀ ਯਹ ਪ੍ਰਾਰਥਨਾ ਨਿਸ਼ਫਲ ਨਾ ਜਾਵੇ, ਅਵਸ਼ਯ ਸਵਿਕਾਰ ਹੋਣ।"[39] (25 ਦਸੰਬਰ 1898) ਰਿਪੁਦਮਨ ਸਿੰਘ

---

[38] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ* ਮਹਾਨ ਕੋਸ਼, (ਭੂਮਿਕਾ), ਭਾਸ਼ਾ ਵਿਭਾਗ, ਪਟਿਆਲਾ, 2006, ਪੰਨਾ-ਗ

[39] ਸਮਸ਼ੇਰ ਸਿੰਘ ਅਸ਼ੋਕ, *ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ,* ਨੈਸ਼ਨਲ ਪ੍ਰਿੰਟਿੰਗ ਪ੍ਰੈਸ, ਪਟਿਆਲਾ, 1966, ਪੰਨਾ 51

***ਠਗ ਲੀਲਾ* (1899)**

ਇਸ ਪੁਸਤਕ ਦੀ ਪ੍ਰਕਾਸ਼ਨਾ 1899 ਈ. ਹੈ ਅਤੇ ਇਹ ਪੁਸਤਕ ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ ਤੋਂ ਛਪੀ ਹੈ। ਜਗਮੇਲ ਸਿੰਘ ਭਾਠੂਆਂ ਅਤੇ ਬੀਬੀ ਹਰਦਰਸ਼ਨ ਕੌਰ, ਪੋਤੀ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਇਹ ਪੁਸਤਕ ਭਾਈ ਕਾਨ੍ਹ ਸਿੰਘ ਨਾਭਾ ਦੀ ਹੀ ਰਚਨਾ ਹੈ। ਇਸ ਪੁਸਤਕ ਦੇ ਸੰਬੰਧ ਵਿੱਚ ਦੇਵਿੰਦਰ ਸਿੰਘ ਵਿਦਿਆਰਥੀ ਪੁਸਤਕ ਦੀ ਭੂਮਿਕਾ ਪੜ੍ਹਕੇ ਲਿਖਦੇ ਹਨ, "ਇਸ ਸੰਸਕਰਣ ਦੇ ਮੁੱਢ ਵਿੱਚ ਜੋ ਸੰਖੇਪ ਜਿਹੀ ਭੂਮਿਕਾ ਹੈ, ਉਸਦੇ ਅੰਤ ਉੱਤੇ ਲੇਖਕ ਦੇ ਨਾਉਂ ਦੀ ਥਾਂ ਭ. ਬ.ਸ.ਨ.ਨ. ਦਰਜ ਹੈ, ਜੋ ਭਾਈ ਬਿਸ਼ਨ ਸਿੰਘ ਨਾਭਾ ਨਿਵਾਸੀ ਦਾ ਸੰਖੇਪ ਲੇਖਨ ਕਿਹਾ ਜਾ ਸਕਦਾ ਹੈ। ਇਹ ਭਾਈ ਕਾਨ੍ਹ ਸਿੰਘ ਦੇ ਛੋਟੇ ਭਾਈ ਸਨ ਅਤੇ 1899 ਈ. ਵਿੱਚ 26 ਵਰ੍ਹੇ ਦੇ ਨੌਜਵਾਨ ਸਨ।"[40] ਬੋਲੀ ਅਤੇ ਸ਼ੈਲੀ ਦਾ ਸਰੂਪ ਜਾਨਣ ਲਈ ਉਹ ਪੁਸਤਕ ਠਗ ਲੀਲਾ ਵਿੱਚੋਂ ਉਦਾਹਰਨ ਦਿੰਦੇ ਹਨ ਅਤੇ ਉਸਦੇ ਆਧਾਰ 'ਤੇ ਇਹ ਸਿੱਟਾ ਕੱਢਦੇ ਹਨ ਕਿ ਪੁਸਤਕ ਭਾਈ ਸਾਹਿਬ ਦੀ ਰਚਨਾ ਨਹੀਂ ਹੈ। ਪ੍ਰੰਤੂ ਬਾਕੀ ਵਿਦਵਾਨਾਂ ਦੇ ਮਤ ਅਨੁਸਾਰ ਇਹ ਪੁਸਤਕ ਨੂੰ ਭਾਈ ਕਾਨ੍ਹ ਸਿੰਘ ਨਾਭਾ ਦੀ ਰਚਨਾ ਹੀ ਹੈ।

ਭਾਈ ਸਾਹਿਬ ਨੇ ਇਸ ਪੁਸਤਕ ਦੀ ਰਚਨਾ ਸਮਾਜਿਕ ਭਰਮ-ਭੁਲੇਖੇ ਦੂਰ ਕਰਨ ਹਿੱਤ ਸੰਪਾਦਿਤ ਕੀਤੀ ਹੈ। ਉਕਤ ਪੁਸਤਕ ਵਿੱਚ ਭਾਈ ਸਾਹਿਬ ਨੇ ਦਸਮ ਗ੍ਰੰਥ ਦੇ *ਚਰਿਤ੍ਰੋਪਾਖਯਾਨ* ਵਿਚੋਂ 266ਵਾਂ ਚਰਿਤ੍ਰ ਦਰਜ ਕਰਕੇ ਪੁਸਤਕ ਛਾਪੀ ਹੈ। ਇਸ ਪੁਸਤਕ ਦੇ 54 ਸਫ਼ੇ ਹਨ ਅਤੇ ਇਸ ਵਿੱਚ ਕਬਿੱਤ, ਚੌਪਈ, ਸਵੈਯਾ, ਦੋਹਰਾ ਆਦਿ 125 ਛੰਦ ਮਿਲਦੇ ਹਨ।

---

[40] ਸਮਸ਼ੇਰ ਸਿੰਘ ਅਸ਼ੋਕ, *ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ,* ਨੈਸ਼ਨਲ ਪ੍ਰਿੰਟਿੰਗ ਪ੍ਰੈਸ, ਪਟਿਆਲਾ, 1966, ਪੰਨਾ 10

***ਸੱਦ ਪਰਮਾਰਥ* (1901)**

ਇਹ ਪੁਸਤਕ ਦਾ ਪੰਜਾਬੀ ਰੂਪ ਪ੍ਰਕਾਸ਼ਿਤ ਨਹੀਂ ਹੈ। ਇਸ ਰਚਨਾ ਦੀ ਭਾਸ਼ਾ *ਨਾਟਕ ਭਾਵਾਰਥ ਦੀਪਿਕਾ* ਵਾਲੀ ਹੀ ਹੈ। ਇਸ ਪੁਸਤਕ ਉੱਤੇ ਲੇਖਕ ਦਾ ਨਾਉਂ ਦਰਜ ਨਹੀਂ ਹੈ। ਇਹ ਪੁਸਤਕ 1901 ਈ. ਵਿੱਚ ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ ਤੋਂ ਛਪੀ ਸੀ। ਭਾਈ ਸਾਹਿਬ ਬਾਗੜੀਆਂ ਦੇ ਗ੍ਰੰਥ ਸੰਗ੍ਰਹਿ ਵਿੱਚ ਇਹ ਪੁਸਤਕ ਭਾਈ ਕਾਨ੍ਹ ਸਿੰਘ ਨਾਭਾ ਦੀ ਰਚਨਾ ਦੇ ਰੂਪ ਵਿੱਚ ਦਰਜ ਹੈ।[41]

ਇਸ ਪੁਸਤਕ ਵਿੱਚ *ਗੁਰੂ ਗ੍ਰੰਥ ਸਾਹਿਬ* ਵਿੱਚੋਂ, ਰਾਗ ਰਾਮਕਲੀ ਵਿੱਚ 'ਸਦ' ਜੋ ਬਾਬਾ ਸੁੰਦਰ ਦੀ ਰਚਨਾ ਹੈ, ਦਾ ਟੀਕਾ ਕੀਤਾ ਗਿਆ ਹੈ ਤਾਂ ਕਿ ਭਰਮ-ਭੁਲੇਖਿਆਂ ਨੂੰ ਦੂਰ ਕੀਤਾ ਜਾ ਸਕੇ। ਇਹ ਸੱਦ ਮਿਰਤਕ ਸੰਸਕਾਰ ਬਾਰੇ ਹਿੰਦੂ ਰੀਤੀ ਦਾ ਪ੍ਰਚਾਰ ਕਰਦੀ ਹੈ, ਭਾਈ ਸਾਹਿਬ ਨੇ ਇਸ ਪਾਖੰਡ ਦਾ ਖੰਡਨ ਕੀਤਾ ਹੈ। ਇਸ ਪੁਸਤਕ ਵਿੱਚ ਉਨ੍ਹਾਂ ਨੇ ਗੁਰਮਤਿ ਅਤੇ ਮਨਮਤ ਦਾ ਨਿਖੇੜਾ ਕਰਕੇ ਭਰਮ ਦੂਰ ਕੀਤਾ ਹੈ।

***ਬ੍ਰਿਜ ਸਵਾਮੀ ਧਰਮ* (1901)**

ਭਾਈ ਸਾਹਿਬ ਦੀ ਨੀਤੀ ਦੇ ਵਿਸ਼ੇ ਬਾਰੇ ਇਹ ਦੂਜੀ ਪੁਸਤਕ ਹੈ। ਇਹ ਪੁਸਤਕ ਦੁਰਗਾ ਪ੍ਰੈਸ, ਨਾਭਾ ਤੋਂ 1901 ਈ. ਵਿੱਚ ਛਪੀ। ਇਸ ਪੁਸਤਕ ਦੇ 335 ਪੰਨੇ ਹਨ ਅਤੇ ਇਸਨੂੰ 5 ਭਾਗਾਂ ਵਿੱਚ ਵੰਡ ਕੇ 54 ਸਿਰਲੇਖਾਂ ਅਧੀਨ ਫ਼ੌਜੀ ਜੀਵਨ ਅਤੇ ਨੀਤੀ ਬਾਰੇ ਜਾਣਕਾਰੀ ਦਿੱਤੀ ਹੈ। ਇਸ ਪੁਸਤਕ ਦੇ ਆਰੰਭ ਵਿੱਚ ਹੀ ਲਿਖਿਆ ਹੈ, "ਇਸ ਪੁਸਤਕ ਦੇ ਰਚਨੇ ਕਾ ਕਾਰਨ ਯੇਹ ਹੈ ਕਿ ਫ਼ੌਜੀ ਸਰਦਾਰੋਂ ਔਰ ਸਿਪਾਹੀਆਨ ਅਪਨੇ ਧਰਮ ਸੇ ਵਾਕਿਫ ਹੋਕਰ ਸ੍ਵਾਮੀ (ਬਾਦਸ਼ਾਹ) ਕੀ ਖਿਦਮਤ ਤਨ, ਮਨ, ਧਨ ਸੇ ਕਰੇਂ ਔਰ ਆਪਸ ਮੇਂ ਸਰਦਾਰ ਔਰ ਸਿਪਾਹੀ ਏਕ ਦਿਲ ਹੋਕਰ ਸ੍ਵਾਮੀ ਕੇ ਕਾਰਜ ਕੀ ਸਿਧੀ ਕਰੇਂ।"

---

[41] ਸੁਖਜੀਤ ਕੌਰ, *ਭਾਈ ਕਾਨ੍ਹ ਸਿੰਘ ਨਾਭਾ ਤੇ ਉਨ੍ਹਾਂ ਦੀਆਂ ਰਚਨਾਵਾਂ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਿਤੀ ਹੀਣ, ਪੰਨਾ 33

ਪੁਸਤਕ ਵਿੱਚ ਦੱਸਿਆ ਗਿਆ ਹੈ ਕਿ ਫ਼ੌਜੀ ਜਵਾਨਾਂ, ਸਰਦਾਰਾਂ ਅਤੇ ਅਫ਼ਸਰਾਂ ਨੂੰ ਸਭ ਗੱਲਾਂ ਦਾ ਵਿਚਾਰ ਕਰਨਾ ਚਾਹੀਦਾ ਹੈ ਕਿ ਕਿਹੜੀਆਂ ਨਫ਼ੇ ਵਾਲੀਆਂ ਹਨ ਅਤੇ ਕਿਹੜੀਆਂ ਨਾਲ ਨੁਕਸਾਨ ਹੋ ਸਕਦਾ ਹੈ, ਇਹ ਗੱਲਾਂ ਵਿਚਾਰ ਕੇ ਕਾਰਜ ਕਰਨਾ ਚਾਹੀਦਾ ਹੈ ਅਤੇ ਆਪਣੇ ਰਾਜੇ ਅਤੇ ਰਾਜ ਦੀ ਸੇਵਾ ਬੜੀ ਇਮਾਨਦਾਰੀ ਨਾਲ ਕਰਨੀ ਚਾਹੀਦੀ ਹੈ।

ਰਾਜ ਧਰਮ ਪੁਸਤਕ ਵਾਂਗ ਇਸ ਪੁਸਤਕ ਵਿੱਚ ਵੀ ਹਦਾਇਤ ਕੀਤੀ ਗਈ ਹੈ ਕਿ ਮਾੜੇ ਕੰਮਾਂ ਤੋਂ ਬਚਣਾ ਚਾਹੀਦਾ ਹੈ। ਮਾੜੇ ਕਾਰਜ ਜਿਵੇਂ ਨਸ਼ਾ ਕਰਨਾ ਜਿਸ ਕਾਰਨ ਵਿਅਕਤੀ ਕੰਮ ਕਰਨ ਦੀ ਹਾਲਤ ਵਿੱਚ ਨਹੀਂ ਰਹਿੰਦਾ। ਨਸ਼ਾ ਕਰਨ ਦੀ ਬਜਾਏ ਸਾਨੂੰ ਚੰਗੀ ਖੁਰਾਕ ਖਾਣੀ ਚਾਹੀਦੀ ਹੈ ਤਾਂ ਜੋ ਤਨ ਅਤੇ ਮਨ ਦੋਵੇਂ ਅਰੋਗ ਰਹਿ ਸਕਣ। ਪਰਾਈ ਔਰਤ ਦਾ ਸੰਗ ਮਾਨਣ ਤੋਂ ਪ੍ਰਹੇਜ ਕਰਨ ਦੀ ਵੀ ਹਿਦਾਇਤ ਕੀਤੀ ਗਈ ਹੈ। ਇਸ ਗ੍ਰੰਥ ਦੀ ਸਿੱਖਿਆ ਵਿੱਚ ਕੇਵਲ ਪ੍ਰਸ਼ਾਸਨਿਕ ਅਤੇ ਜੰਗ ਨਾਲ ਸਬੰਧਿਤ ਮਸਲਿਆਂ ਬਾਰੇ ਹੀ ਨਹੀਂ ਕਿਹਾ ਗਿਆ, ਸਗੋਂ ਰੋਜ਼ਾਨਾ ਜੀਵਨ ਦੇ ਜ਼ਰੂਰੀ ਮਸਲਿਆਂ ਨੂੰ ਹੱਲ ਕਰਨ ਲਈ ਇਮਾਨਦਾਰੀ ਨਾਲ ਰਹਿਣ ਨੂੰ ਦੱਸਿਆ ਗਿਆ ਹੈ।

***ਟੀਕਾ ਵਿਸ਼ਨੂੰ ਪੁਰਾਣ*** **(1902)**

ਭਾਈ ਕਾਨ੍ਹ ਸਿੰਘ ਨਾਭਾ ਨੇ ਇਹ ਟੀਕਾ 1902 ਈ. ਵਿੱਚ ਕੀਤਾ ਅਤੇ ਇਹ ਦੁਰਗਾ ਪ੍ਰੈਸ, ਨਾਭਾ ਨੇ ਛਾਪਿਆ। ਇਹ ਟੀਕਾ 120 ਪੰਨਿਆਂ ਵਿੱਚ ਛਪਿਆ। ਬੀਬੀ ਸੁਖਜੀਤ ਕੌਰ ਨੇ ਇਸ ਪੁਸਤਕ ਦਾ ਪ੍ਰਕਾਸ਼ਨਾ ਸਾਲ 1903 ਈ. ਦਿੱਤਾ ਹੈ।[42] ਰਿਆਸਤ ਨਾਭਾ ਦੇ ਪ੍ਰਸੰਗ ਵਿੱਚ ਇਸ ਗ੍ਰੰਥ ਦਾ ਵਿਸ਼ੇਸ਼ ਮਹੱਤਵ, ਇਸ ਗੱਲ ਤੋਂ ਜਿਆਦਾ ਇਸ ਲਈ ਸਮਝਿਆ ਜਾ ਸਕਦਾ ਹੈ ਕਿਉਂਕਿ ਇਸ ਰਿਆਸਤ ਦੇ ਪਹਿਲੇ ਦੋ ਰਾਜਾ (ਜਸਵੰਤ ਸਿੰਘ ਅਤੇ ਦੇਵਿੰਦਰ ਸਿੰਘ) ਵੈਸ਼ਨਵ ਸੰਪਰਦਾਇ ਦੇ

[42] ਸੁਖਜੀਤ ਕੌਰ, *ਭਾਈ ਕਾਨ੍ਹ ਸਿੰਘ ਨਾਭਾ ਤੇ ਉਨ੍ਹਾਂ ਦੀਆਂ ਰਚਨਾਵਾਂ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਿਤੀ ਹੀਣ, ਪੰਨਾ 21

ਸ਼ਰਧਾਲੂ ਸਨ।[43] ਪੁਸਤਕ ਦੇ ਨਾਂ ਤੋਂ ਹੀ ਪਤਾ ਲਗਦਾ ਹੈ ਕਿ ਪੁਸਤਕ ਵਿੱਚ ਭਾਈ ਸਾਹਿਬ ਨੇ ਵਿਸ਼ਨੂੰ ਪੁਰਾਣ ਦਾ ਟੀਕਾ ਕੀਤਾ ਹੈ। ਟੀਕਾਕਾਰ ਨੇ ਇਸ ਦਾ ਟੀਕਾ ਕਰਦੇ ਸਮੇਂ ਪਹਿਲਾਂ ਕੁਝ ਤੁਕਾਂ ਦੇ ਵਿੱਚ ਪੁਰਾਣ ਦੇ ਕੁਝ ਪੰਨਿਆਂ ਦਾ ਸਾਰ ਦਿੱਤਾ ਹੈ, ਫਿਰ ਮੂਲ ਵਿਚਾਰ ਨੂੰ ਟਿੱਪਣੀਆਂ ਵਿੱਚ ਚੰਗੀ ਤਰ੍ਹਾਂ ਸਪਸ਼ਟ ਕੀਤਾ ਹੈ, ਇਨ੍ਹਾਂ ਤੁਕਾਂ ਦਾ ਪੂਰੀ ਤਰ੍ਹਾਂ ਅਰਥ ਕੱਢ ਕੇ ਵਿਆਖਿਆ ਤੇ ਆਲੋਚਨਾ ਕੀਤੀ ਹੈ ਤਾਂ ਕਿ ਕੋਈ ਭਰਮ ਭੁਲੇਖਾ ਨਾ ਰਹੇ।

***ਪਹਾੜ ਯਾਤਰਾ* (1906)**

ਇਹ ਸਫ਼ਰਨਾਮਾ ਭਾਈ ਕਾਨ੍ਹ ਸਿੰਘ ਨਾਭਾ ਦੇ ਬਾਈਧਾਰ ਦੀਆਂ ਪਹਾੜੀ ਰਿਆਸਤਾਂ ਦੇ ਸਫ਼ਰ ਨਾਲ ਸੰਬੰਧ ਰੱਖਦਾ ਹੈ। 1906 ਈ. ਵਿੱਚ ਆਪ ਪਹਾੜੀ ਰਿਆਸਤਾਂ ਦਾ ਦੌਰਾ ਕਰਕੇ ਸਿੱਖ ਸਾਹਿਤ ਅਤੇ ਇਤਿਹਾਸ ਦੀ ਸਮੱਗਰੀ ਦੀ ਖੋਜ ਕੀਤੀ ਅਤੇ ਨਾਲ-ਨਾਲ ਯਾਤਰਾ ਦੇ ਅਨੁਭਵ ਵੀ ਲਿਖਦੇ ਰਹੇ। ਇਹ ਪੁਸਤਕ ਅਣਛਪੀ ਹੈ। ਇਸ ਪੁਸਤਕ ਵਿੱਚ ਹਿਮਾਚਲ ਪ੍ਰਦੇਸ ਵਿੱਚ ਪੈਂਦੀਆਂ ਅਨੇਕਾਂ ਥਾਵਾਂ ਦੀ ਰਹੁ-ਰੀਤ, ਵੇਖਣਯੋਗ ਥਾਵਾਂ ਦਾ ਬੜਾ ਹੀ ਸੋਹਣਾ ਵਰਣਨ ਕੀਤਾ ਗਿਆ ਹੈ।

ਇਸ ਪੁਸਤਕ ਵਿੱਚ ਪੰਜਾਬੀ ਦਾ ਪਹਿਲਾ ਵਿਗਿਆਨਿਕ ਢੰਗ ਨਾਲ ਲਿਖਿਆ ਸਫ਼ਰਨਾਮਾ ਕਿਹਾ ਜਾ ਸਕਦਾ ਹੈ। ਸਮਸ਼ੇਰ ਸਿੰਘ ਅਸ਼ੋਕ ਦੁਆਰਾ ਲਿਖੀ ਪੁਸਤਕ ਵਿੱਚ ਇਸ ਸਫ਼ਰਨਾਮੇ ਦਾ ਵਰਣਨ ਕੀਤਾ ਹੈ, ਉਸ ਦਾ ਇੱਕ ਉਦਾਹਰਨ ਇਸ ਪ੍ਰਕਾਰ ਹੈ: “ਇਸ ਪਾਸੇ ਦੀਆਂ ਤੀਵੀਆਂ ਦਾ ਲਿਬਾਸ ਭੀ ਬਹੁਤ ਅਜੀਬ ਹੈ। ਸਿਰ ਦੇ ਵਿਚਕਾਰ ਗਿੱਠ ਉਚਾ ਜੂੜਾ ਕਰਦੀਆਂ ਹਨ। ਜੂੜੇ ਉਪਰ ਪੀਲਾ ਯਾ ਸਿਆਹ ਚੁਕੋਨਾ ਸਾਫ਼ਾ ਲਪੇਟਦੀਆਂ ਹਨ। ਉੱਪਰ ਸਿਆਹ ਰੰਗ ਦੀ ਉਨ ਦੀ ਰੱਸੀ ਦੋ ਤਿੰਨ ਗਜ ਲੰਮੀ ਕੱਸ ਕੇ ਬੰਨਦੀਆਂ ਹਨ। ਦੂਰੋਂ ਦੇਖ ਕੇ ਕੋਈ ਨਹੀਂ ਆਖਦਾ ਕਿ ਇਹ ਔਰਤਾਂ ਹਨ।

[43] ਦੇਵਿੰਦਰ ਸਿੰਘ ਵਿਦਿਆਰਥੀ, *ਭਾਈ ਕਾਨ੍ਹ ਸਿੰਘ ਨਾਭਾ ਜੀਵਨ ਤੇ ਰਚਨਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987, ਪੰਨਾ 69

ਬਲਕਿ ਸਭ ਪੰਜਾਬੀ ਕਹਿਣਗੇ ਕਿ ਨਿਹੰਗ ਸਿੰਘ ਆਉਂਦਾ ਹੈ। ਮੈਨੂੰ ਭੀ ਦੇਖ ਕੇ ਇਹੀ ਭਰਮ ਹੋਇਆ ਸੀ ਕਿ ਨਿਹੰਗ ਸਿੰਘਾਂ ਦਾ ਟੋਲਾ ਆਉਂਦਾ ਹੈ, ਪਰ ਨੇੜੇ ਪਹੁੰਚਣ ਤੇ, ਕੰਨਾਂ ਦੀਆਂ ਡੰਡੀਆਂ ਦੇਖ ਕੇ ਔਰਤਾਂ ਪ੍ਰਤੀਤ ਹੋਈਆਂ। ਇਹ ਕੰਬਲ ਦੀ ਗਿੱਲਤੀ ਰੱਖਦੀਆਂ ਹਨ।[44]

***ਘਰ ਦੀ ਜੁਗਤ*** **(1906)**

ਭਾਈ ਸਾਹਿਬ ਨੇ ਬਹੁਤ ਸਾਰੀਆਂ ਪੁਸਤਕਾਂ ਸਮਾਜ ਸੁਧਾਰ ਲਈ ਲਿਖੀਆਂ। ਇਸ ਪੁਸਤਕ ਦਾ ਰਚਨਾ ਕਾਲ 1906-10 ਈ. ਦੇ ਵਿਚਕਾਰ ਦਾ ਸਮਾਂ ਹੈ। ਇਸ ਪੁਸਤਕ ਦਾ ਵੇਰਵਾ ਭਾਸ਼ਾ ਵਿਭਾਗ ਪੰਜਾਬ ਦੁਆਰਾ ਛਪੀ ਪੰਜਾਬੀ ਪ੍ਰਕਾਸ਼ਨਾਵਾਂ ਦੀ ਸੂਚੀ ਵਿਚ ਦਰਜ ਹੈ। ਪਰੰਤੂ ਇਹ ਪੁਸਤਕ ਦੁਰਲਭ ਹੈ ਅਤੇ 62 ਪੰਨਿਆਂ ਦੀ ਦੱਸੀ ਜਾਂਦੀ ਹੈ।[45]

***ਸ਼ਰਾਬ ਨਿਸ਼ੇਧ*** **(1907)**

ਇਹ ਪੁਸਤਕ ਮੁਫ਼ੀਦ ਆਮ ਪ੍ਰੈਸ, ਲਾਹੌਰ ਤੋਂ ਛਪੀ ਹੈ ਅਤੇ ਇਸਦਾ ਰਚਨਾ-ਕਾਲ 1907 ਈ. ਦਰਜ ਹੈ। ਇਸ ਪੁਸਤਕ ਦੇ 26 ਪੰਨੇ ਹਨ। ਦੇਵਿੰਦਰ ਸਿੰਘ ਵਿਦਿਆਰਥੀ ਇਸ ਪੁਸਤਕ ਨੂੰ ਪਹਿਲੀ ਵਾਰ ਦੁਰਗਾ ਪ੍ਰੈਸ, ਨਾਭਾ ਤੋਂ 42 ਸਫਿਆਂ ਵਿੱਚ ਛਪਿਆ ਮੰਨਦੇ ਹਨ ਤੇ ਉਸਤੋਂ ਬਾਅਦ 1907 ਈ. ਵਿੱਚ ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ ਤੋਂ ਛਪਿਆ ਦਸਦੇ ਹਨ।[46] ਇਸ ਪੁਸਤਕ ਨੂੰ ਰਚਣ ਦਾ ਮੂਲ ਕਾਰਨ ਪੰਜਾਬੀਆਂ ਨੂੰ ਸ਼ਰਾਬ ਦੇ ਨਸ਼ੇ ਦੇ ਭੈੜੇ ਪ੍ਰਭਾਵਾਂ ਤੋਂ ਜਾਣੂ ਕਰਾਉਣਾ ਅਤੇ ਉਨ੍ਹਾਂ ਨੂੰ ਸ਼ਰਾਬ ਦੇ ਨਸ਼ੇ ਤੋਂ ਦੂਰ ਕਰਨਾ ਸੀ। ਪੁਸਤਕ ਵਿੱਚ ਸ਼ਰਾਬ ਪੀਣ ਦੀਆਂ ਹਾਨੀਆਂ ਦੱਸੀਆਂ

---

[44] ਸਮਸ਼ੇਰ ਸਿੰਘ ਅਸ਼ੋਕ, *ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ,* ਨੈਸ਼ਨਲ ਪ੍ਰਿੰਟਿੰਗ ਪ੍ਰੈਸ, ਪਟਿਆਲਾ, 1966, ਪੰਨਾ 76

[45] ਸਮਸ਼ੇਰ ਸਿੰਘ ਅਸ਼ੋਕ, *ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ,* ਨੈਸ਼ਨਲ ਪ੍ਰਿੰਟਿੰਗ ਪ੍ਰੈਸ, ਪਟਿਆਲਾ, 1966, ਪੰਨਾ 73

[46] ਦੇਵਿੰਦਰ ਸਿੰਘ ਵਿਦਿਆਰਥੀ, *ਭਾਈ ਕਾਨ੍ਹ ਸਿੰਘ ਨਾਭਾ ਜੀਵਨ ਤੇ ਰਚਨਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987, ਪੰਨਾ 86

ਗਈਆਂ ਹਨ ਤੇ ਉਸ ਤੋਂ ਬਚਣ ਦੀਆਂ ਹਦਾਇਤਾਂ ਕੀਤੀਆਂ ਗਈਆਂ ਹਨ। ਸਮਸ਼ੇਰ ਸਿੰਘ ਅਸ਼ੋਕ ਨੇ ਆਪਣੀ ਪੁਸਤਕ ਵਿੱਚ ਇਸਦਾ ਨਾ *ਸ਼ਰਾਬ ਨਿਖੇਧ* ਦਰਜ ਕੀਤਾ ਹੈ।[47]

***ਵਲਾਇਤ ਯਾਤਰਾ*** **(1907-10)**

ਭਾਈ ਕਾਨ੍ਹ ਸਿੰਘ ਨਾਭਾ ਨੇ ਤਿੰਨ ਵਾਰੀ 1907, 1908 ਅਤੇ 1910 ਵਿੱਚ ਇੰਗਲੈਂਡ ਦੀ ਯਾਤਰਾ ਕੀਤੀ। ਇਨ੍ਹਾਂ ਯਾਤਰਾਵਾਂ ਦਾ ਸਫ਼ਰਨਾਮਾ ਵੀ *ਪਹਾੜ ਯਾਤਰਾ* ਵਾਂਗ ਨਹੀਂ ਛਪਿਆ।[48] ਸਮਸ਼ੇਰ ਸਿੰਘ ਅਸ਼ੋਕ ਨੇ ਇੱਕ ਹੋਰ ਅਣਛਪੇ ਗ੍ਰੰਥ *'ਇੰਗਲੈਂਡ'* ਦਾ ਜ਼ਿਕਰ ਵੀ ਕੀਤਾ ਹੈ।[49] ਸ਼ੈਲੀ ਅਤੇ ਭਾਸ਼ਾ ਦੇ ਲਿਹਾਜ ਨਾਲ *'ਪਹਾੜ ਯਾਤਰਾ'* ਅਤੇ *'ਵਲਾਯਤ ਯਾਤਰਾ'* ਵਿੱਚ ਅੰਤਰ ਨਹੀਂ, ਦੋਹਾਂ ਵਿੱਚ ਲੇਖਕ ਨੇ ਆਪਣੇ ਤਜ਼ਰਬਿਆਂ ਨੂੰ ਬੜੀ ਹੀ ਨੀਝ ਨਾਲ ਵਰਨਨ ਕੀਤਾ ਹੈ। ਇਸ ਵਿੱਚ ਵਲਾਇਤ ਦੇ ਲੋਕਾਂ ਦੇ ਸੱਭਿਆਚਾਰ ਬਾਰੇ ਵੇਰਵੇ ਸਹਿਤ ਵਰਨਨ ਹੈ। ਇਨ੍ਹਾਂ ਪੁਸਤਕਾਂ ਨੂੰ ਬੀਬੀ ਰਛਪਾਲ ਕੌਰ, ਜਿਹੜੀ ਭਾਈ ਕਾਨ੍ਹ ਸਿੰਘ ਨਾਭਾ ਦੀ ਪੋਤ ਨੂੰਹ ਹੈ, ਨੇ *ਭਾਈ ਕਾਨ੍ਹ ਸਿੰਘ ਨਾਭਾ ਦੇ ਅਪ੍ਰਕਾਸ਼ਿਤ ਸਫ਼ਰਨਾਮੇ* ਸਿਰਲੇਖ ਅਧੀਨ ਇੱਕ ਪੁਸਤਕ ਰੂਪ ਵਿੱਚ ਪ੍ਰਕਾਸ਼ਿਤ ਕੀਤਾ ਹੈ। ਇਹ ਬ੍ਰਿਜੇਸ਼ ਪ੍ਰਕਾਸ਼ਨ, ਨਾਭਾ ਤੋਂ 1984 ਈ. ਵਿੱਚ ਛਪੀ।

***ਜੋਤਿਸ਼ ਗ੍ਰੰਥ ਤਾਰਾ ਵਿਗਿਆਨ ਬਾਰੇ*** **(1911)**

ਭਾਈ ਸਾਹਿਬ ਦੀ ਇਸ ਪੁਸਤਕ ਦਾ ਕੋਈ ਨਾ ਨਹੀਂ ਰੱਖਿਆ ਗਿਆ। 1911 ਈ. ਵਿੱਚ ਇਹ ਪੁਸਤਕ *ਮਹਾਰਾਜਾ ਹੀਰਾ ਸਿੰਘ* ਦੇ ਹੁਕਮ ਨਾਲ ਤਾਰਾ ਵਿਗਿਆਨ ਸੰਬੰਧੀ ਤਿਆਰ ਕੀਤੀ ਗਈ।

---

[47] ਸਮਸ਼ੇਰ ਸਿੰਘ ਅਸ਼ੋਕ, *ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ,* ਨੈਸ਼ਨਲ ਪ੍ਰਿੰਟਿੰਗ ਪ੍ਰੈਸ, ਪਟਿਆਲਾ, 1966, ਪੰਨਾ 52

[48] ਦੇਵਿੰਦਰ ਸਿੰਘ ਵਿਦਿਆਰਥੀ, *ਭਾਈ ਕਾਨ੍ਹ ਸਿੰਘ ਨਾਭਾ ਜੀਵਨ ਤੇ ਰਚਨਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987, ਪੰਨਾ 87

[49] ਸਮਸ਼ੇਰ ਸਿੰਘ ਅਸ਼ੋਕ, *ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ,* ਨੈਸ਼ਨਲ ਪ੍ਰਿੰਟਿੰਗ ਪ੍ਰੈਸ, ਪਟਿਆਲਾ, 1966, ਪੰਨਾ 81

ਇਸ ਵਿੱਚ ਤਾਰਿਆਂ ਦੀ ਚਾਲ ਬਾਰੇ ਬੜਾ ਵਿਸਤਾਰ ਨਾਲ ਬਿਆਨ ਕੀਤਾ ਗਿਆ ਹੈ। ਇਹ ਪੁਸਤਕ ਅੰਧ ਵਿਸ਼ਵਾਸੀ ਨਹੀਂ ਹੈ ਸਗੋਂ ਵਿਗਿਆਨ ਆਧਾਰਿਤ ਹੈ। ਇਸ ਪੁਸਤਕ ਦੇ ਛਾਪਣ ਲਈ ਮਹਾਰਾਜੇ ਵੱਲੋਂ ਸਵਾ ਲੱਖ ਰੁਪਿਆ ਦੇਣ ਦਾ ਵਾਅਦਾ ਕੀਤਾ ਗਿਆ ਸੀ, ਪਰ ਅਚਾਨਕ 25 ਦਸੰਬਰ 1911 ਈ. ਨੂੰ ਮਹਾਰਾਜਾ ਹੀਰਾ ਸਿੰਘ ਦਾ ਚਲਾਣਾ ਹੋ ਗਿਆ ਤੇ ਇਹ ਪੁਸਤਕ ਛਪ ਨਾ ਸਕੀ।[50]

***ਗੁਰੁਛੰਦ ਦਿਵਾਕਰ*** **(1924)**

ਭਾਈ ਸਾਹਿਬ ਨੇ ਸਿੱਖ ਸਾਹਿਤ ਵਿਚ ਵਰਤੇ ਗਏ ਛੰਦਾਂ ਨੂੰ ਪਿੰਗਲ ਦੀ ਕਸੌਟੀ ਉਪਰ ਪਰਖਦਿਆਂ ਇਹ ਪੁਸਤਕ ਲਿਖੀ। ਇਹ ਪੁਸਤਕ ਨਾਭਾ ਦਰਬਾਰ ਵਲੋਂ 1921 ਈ. ਵਿਚ ਛਪੀ ਅਤੇ ਅਜਕੱਲ੍ਹ ਭਾਸ਼ਾ ਵਿਭਾਗ ਵਲੋਂ ਛਾਪੀ ਜਾਂਦੀ ਹੈ। ਇਸ ਪੁਸਤਕ ਵਿਚ ਮਾਤ੍ਰਿਕ ਅਤੇ ਵਰਣਿਕ ਆਦਿ ਛੰਦਾਂ ਦਾ ਵਿਸਥਾਰਿਤ ਵਰਨਣ ਕੀਤਾ ਗਿਆ ਹੈ। ਪੁਸਤਕ ਵਿੱਚ ਭਾਈ ਸਾਹਿਬ ਨੇ *ਸ੍ਰੀ ਗੁਰੂ ਗ੍ਰੰਥ ਸਾਹਿਬ* ਅਤੇ ਸਿੱਖ ਧਰਮ ਨਾਲ ਸੰਬੰਧਿਤ ਪ੍ਰਮੁੱਖ ਧਰਮ ਗ੍ਰੰਥਾਂ ਵਿੱਚ ਵਰਤੇ ਗਏ ਛੰਦਾਂ ਦੀ ਖੋਜ-ਪੜਤਾਲ ਕਰਕੇ, ਛੰਦ ਦੇ ਸਰੂਪ ਅਤੇ ਬਣਤਰ ਦੱਸੀ ਹੈ। ਸਾਰੀ ਬਾਣੀ ਰਚਨਾ ਛੰਦਾਂ ਵਿੱਚ ਕੀਤੀ ਗਈ ਹੈ। ਇਸ ਪੁਸਤਕ ਵਿੱਚ ਦਰਜ ਛੰਦਾਂ ਦਾ ਗਿਆਨ ਪ੍ਰਾਪਤ ਕਰਨ ਨਾਲ ਗੁਰਬਾਣੀ ਦੇ ਸ਼ੁੱਧ ਅਤੇ ਰਸੀਲੇ ਪਾਠ ਕਰਨ ਵਿੱਚ ਬੜੀ ਮਦਦ ਮਿਲਦੀ ਹੈ। ਇਹ ਛੰਦ ਸ਼ਾਸਤਰ ਦਾ ਪੰਜਾਬੀ ਵਿੱਚ ਆਪਣੀ ਤਰ੍ਹਾਂ ਦਾ ਪਹਿਲਾ ਵਿਗਿਆਨਿਕ ਯਤਨ ਹੈ। ਇਸ ਵਿੱਚ ਛੰਦ ਸ਼ਾਸਤਰ ਦੇ ਅੰਗਾਂ, ਮਾਤ੍ਰਾ, ਲਘੂ, ਗੁਰੂ, ਦਗਧ ਅੱਖਰ, ਵਰਣਿਕ ਗਣ, ਮਾਤ੍ਰਿਕ ਗਣ ਬਾਰੇ ਬੜੇ ਹੀ ਸੁਚੱਜੇ ਢੰਗ ਨਾਲ ਵਰਣਨ ਕੀਤਾ ਗਿਆ ਹੈ। ਪੰਜਾਬੀ ਵਿੱਚ ਪ੍ਰਚਲਿਤ ਲਗਭਗ ਸਾਰੇ ਛੰਦ ਇਸ ਪੁਸਤਕ ਵਿੱਚ ਦਰਜ ਕੀਤੇ ਗਏ ਹਨ।

---

[50] ਸਮਸ਼ੇਰ ਸਿੰਘ ਅਸ਼ੋਕ, *ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ,* ਨੈਸ਼ਨਲ ਪ੍ਰਿੰਟਿੰਗ ਪ੍ਰੈਸ, ਪਟਿਆਲਾ, 1966, ਪੰਨੇ 52-53

ਪੁਸਤਕ ਵਿੱਚ ਛੰਦ ਦਾ ਵਰਣਨ ਬੜੇ ਹੀ ਨਿਪੁੰਨ ਤਰੀਕੇ ਨਾਲ ਕੀਤਾ ਮਿਲਦਾ ਹੈ, ਜਿਸ ਤੋਂ ਸਹਿਜੇ ਹੀ ਅੰਦਾਜਾ ਹੁੰਦਾ ਹੈ ਕਿ ਇਕ ਵਿਆਖਿਆਕਾਰ ਕੋਸ਼ਕਾਰ ਹੋਣ ਦੇ ਨਾਲ-ਨਾਲ ਆਪ ਛੰਦ ਸ਼ਾਸਤਰ ਦੇ ਵੀ ਮਾਹਿਰ ਵਿਦਵਾਨ ਸਨ।

***ਰੂਪਦੀਪ ਪਿੰਗਲ*** **(1925)**

ਇਹ ਪੁਸਤਕ ਕਵੀ ਜੈ ਕਿਸ਼ਨ ਭੌਜਗਾ ਦੀ ਰਚਨਾ ਹੈ। ਇਹ ਪੁਸਤਕ 1719 ਈ. ਦੀ ਲਿਖੀ ਹੋਈ ਹੈ। ਇਹ ਪੁਸਤਕ ਪੰਜਾਬ ਦੇ ਕਵੀਆਂ ਵਿੱਚ ਬਹੁਤ ਹਰਮਨ ਪਿਆਰੀ ਰਹੀ ਹੈ। ਇਸ ਪੁਸਤਕ ਨੂੰ ਭਾਈ ਕਾਨ੍ਹ ਸਿੰਘ ਨਾਭਾ ਨੇ 1 ਜਨਵਰੀ 1925 ਵਿੱਚ ਪ੍ਰਕਾਸ਼ਿਤ ਕਰਵਾਇਆ ਸੀ। ਇਹ ਪੁਸਤਕ ਆਕਾਰ ਵਿੱਚ ਛੋਟੀ ਹੈ, ਜਿਸਦੇ 30-32 ਪੰਨੇ ਹਨ। ਇਹ ਪੁਸਤਕ ਭਾਈ ਗੁਰਦਿਆਲ ਸਿੰਘ, ਲਾਹੌਰ ਵਾਲਿਆਂ ਨੇ ਛਾਪੀ। *ਰੂਪਦੀਪ ਪਿੰਗਲ* ਪੁਸਤਕ ਵਿੱਚ 52 ਛੰਦਾਂ ਦਾ ਵੇਰਵਾ ਦਿੱਤਾ ਗਿਆ ਹੈ, ਜਿਨ੍ਹਾ ਵਿੱਚ 17 ਗਣ, 27 ਮਾਤ੍ਰਿਕ ਤੇ 8 ਵਰਣਿਕ ਹਨ। ਇਹ ਪੁਸਤਕ ਇੱਕ ਚੰਗੀ ਟੀਕਾਕਾਰੀ ਦਾ ਸਬੂਤ ਹੈ।

***ਅਨੇਕਾਰਥ ਕੋਸ਼*** **(1925)**

ਇਹ ਕਾਵਿ-ਰੂਪ ਸ਼ਬਦ ਕੋਸ਼ ਪ੍ਰਸਿੱਧ ਹਿੰਦੀ ਕਵੀ ਨੰਦ ਦਾਸ ਦੀ ਕ੍ਰਿਤ ਹੈ।[51] ਭਾਈ ਸਾਹਿਬ ਨੇ ਇਹ ਕੋਸ਼ ਪੰਜਾਬੀ ਵਿੱਚ ਪਹਿਲੀ ਵਾਰ ਛਪਵਾਇਆ। ਇਸ ਕੋਸ਼ ਵਿੱਚ ਹਰੇਕ ਸ਼ਬਦ ਦੇ ਅਨੇਕ ਅਰਥ ਬੜੀ ਵਿਆਖਿਆ ਨਾਲ ਦਿੱਤੇ ਹਨ। ਇਹ ਕੋਸ਼ ਕਾਵਿ-ਰੂਪ ਵਿੱਚ ਹੈ ਤਾਂ ਕਿ ਸੌਖਿਆਂ ਯਾਦ ਹੋ ਸਕੇ। ਇਹ ਪੁਸਤਕ ਭਾਈ ਸਾਹਿਬ ਨੇ ਚੰਗੀ ਤਰ੍ਹਾਂ ਸੋਧ ਕੇ ਫੁੱਟ ਨੋਟਾਂ ਸਮੇਤ ਪੰਜਾਬੀ ਵਿੱਚ

---

[51] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼* (ਭੂਮਿਕਾ), ਭਾਸ਼ਾ ਵਿਭਾਗ, ਪਟਿਆਲਾ, 2006, ਪੰਨਾ ਘ

ਸੁਦਰਸ਼ਨ ਪ੍ਰੈਸ, ਅੰਮ੍ਰਿਤਸਰ ਤੋਂ 1925 ਵਿੱਚ ਪ੍ਰਕਾਸ਼ਿਤ ਕਰਵਾਇਆ। ਇਸ ਪੁਸਤਕ ਦੇ ਕੁੱਲ 43 ਸਫੇ ਹਨ। ਮੂਲ ਖਰੜੇ ਵਿੱਚ 117 ਸ਼ਬਦਾਂ ਦੇ ਕਈ ਅਰਥ ਦੋਹਾਂ ਛੰਦ ਵਿੱਚ ਦਰਜ ਕੀਤੇ ਹੋਏ ਹਨ। ਭਾਈ ਸਾਹਿਬ ਨੇ ਇਸ ਵਿੱਚ ਕੁਝ ਹੋਰ ਸ਼ਬਦ ਜੋੜ ਕੇ ਵਿਆਖਿਆ ਕੀਤੀ ਹੈ। *ਅਨੇਕਕਾਰਥ ਕੋਸ਼* ਵਿੱਚ ਹੁਣ 231 ਸ਼ਬਦ ਅਤੇ ਇਨ੍ਹਾਂ ਦੇ ਅਨੇਕਾਰਥ ਰੂਪ ਟੀਕੇ ਦਰਜ ਹਨ। ਪੁਸਤਕ ਵਿੱਚ ਰਚਨਾਕਾਰ ਆਪਣੀ ਗੱਲ ਦੀ ਪੁਸ਼ਟੀ ਕਰਨ ਲਈ *ਵੇਦ, ਕਸ਼ੱਤ੍ਰਿਯੋਤਪਤਿ ਮਾਰਤੰਡ, ਕਸ਼ੱਤ੍ਰਿਯਵੰਸ਼ ਪ੍ਰਦੀਪ ਟਾਂਕ ਕਸ਼ੱਤ੍ਰਿਯ ਮੀਮਾਂਸ, ਮਨੁ-ਸਮ੍ਰਿਤੀ, ਬ੍ਰਹਮ ਵੈਵਰਤ, ਕਲਾਵਿਲਾਸ, ਲਲਿਤ ਵਿਸਤਾਰ, ਸ਼ੁਕ੍ਰਨੀਤੀ* ਅਤੇ *ਸਰ ਜੇਮਸ ਟਾਂਡ* ਆਦਿ ਕਿਤਾਬਾਂ ਵਿੱਚੋਂ ਹਵਾਲੇ ਦਿੱਤੇ ਹਨ।

***ਗੁਰ ਸ਼ਬਦ ਅਲੰਕਾਰ* (1925)**

ਇਹ ਇਕ ਅਜਿਹੀ ਪੁਸਤਕ ਹੈ ਜਿਸ ਵਿਚ *ਗੁਰੂ ਗ੍ਰੰਥ ਸਾਹਿਬ* ਅਤੇ ਕਈ ਪ੍ਰਮੁੱਖ ਸਿੱਖ ਰਚਨਾਵਾਂ ਵਿਚੋਂ ਉਦਾਹਰਨਾਂ ਲੈ ਕੇ ਅਲੰਕਾਰਾਂ ਦੀ ਮਹੱਤਤਾ ਨੂੰ ਦਰਸਾਇਆ ਗਿਆ ਹੈ। ਇਹ ਪੁਸਤਕ ਭਾਈ ਸਾਹਿਬ ਦੀ 1925 ਈ. ਦੀ ਰਚਨਾ ਹੈ। ਭਾਈ ਸਾਹਿਬ ਨੇ ਸਿੱਖ ਕਾਵਿ ਵਿਚ ਵਰਤੇ ਅਲੰਕਾਰਾਂ ਨੂੰ ਚੁਣਕੇ ਸਿੱਖ ਕਾਵਿ ਦੀ ਅਲੰਕ੍ਰਿਤ ਵਿਸ਼ੇਸ਼ਤਾ ਨੂੰ ਪਾਠਕਾਂ ਸਾਹਮਣੇ ਲਿਆਂਦਾ ਹੈ। ਇਹ ਪੁਸਤਕ ਭਾਈ ਕਾਨ੍ਹ ਸਿੰਘ ਨਾਭਾ ਨੇ 1924 ਈਂ ਵਿੱਖ ਲਿਖੀ ਹੈ ਅਤੇ ਇਸੇ ਹੀ ਸਾਲ ਸੁਦਰਸ਼ਨ ਪ੍ਰੈਸ, ਅੰਮ੍ਰਿਤਸਰ ਵਲੋਂ ਛਾਪੀ ਗਈ। ਇਹ ਪੁਸਤਕ ਦਰਬਾਰ ਨਾਭਾ ਵੱਲੋਂ ਛਪਵਾਈ ਗਈ ਅਤੇ ਇਸ ਦੇ ਸਫ਼ਿਆਂ ਦੀ ਗਿਣਤੀ 203 ਹੈ। ਜਿਸ ਪ੍ਰਕਾਰ *ਗੁਰੁਛੰਦ ਦਿਵਾਕਰ* ਵਿੱਚ ਛੰਦਾਂ ਬਾਰੇ ਦੱਸਿਆ ਗਿਆ ਹੈ ਉਸੇ ਹੀ ਪ੍ਰਕਾਰ ਇਸ ਪੁਸਤਕ ਵਿੱਚ ਅਲੰਕਾਰਾਂ ਬਾਰੇ ਚਾਨਣਾ ਪਾਇਆ ਗਿਆ ਹੈ। ਪੰਜਾਬੀ ਸਾਹਿਤ ਵਿੱਚ ਅਲੰਕਾਰ ਕਿਸੇ ਵੀ ਰਚਨਾ ਲਈ ਬਹੁਤ ਜ਼ਰੂਰੀ ਅੰਗ ਵਜੋਂ ਵਰਤੇ ਜਾਂਦੇ ਹਨ। ਕਿਹਾ ਜਾਂਦਾ ਹੈ ਕਿ ਰਚਨਾ ਦਾ ਹਾਰ-ਸਿੰਗਾਰ ਅਲੰਕਾਰ ਹਨ ਅਤੇ ਇਹ ਜਾਨਣਾ ਬੜਾ ਜ਼ਰੂਰੀ ਹੈ ਕਿ

ਕਾਵਿ ਰਚਨਾ ਸਮੇਂ ਸ਼ਬਦਾਂ ਦੀ ਚੋਣ ਸਮੇਂ ਕਿਹੜੇ ਅਲੰਕਾਰ ਵਰਤੇ ਜਾਂਦੇ ਹਨ ਅਤੇ ਅਰਥਾਂ ਵਿੱਚ ਕਿਹੜੇ ਅਲੰਕਾਰਾਂ ਦੀ ਵਰਤੋਂ ਹੁੰਦੀ ਹੈ। ਇਸ ਪੁਸਤਕ ਦੇ ਅਧਿਐਨ ਨਾਲ ਗੁਰਬਾਣੀ ਤੇ ਸਿੱਖ ਕਵਿਤਾ ਦੀ ਕਲਾਤਮਿਕ ਪੱਖੋਂ ਜਾਣਕਾਰੀ ਹੁੰਦੀ ਹੈ ਅਤੇ ਵਿਸ਼ੇ ਦੀ ਸਪਸ਼ਟਤਾ ਜਾਨਣ ਵਿੱਚ ਵੀ ਮਦਦ ਮਿਲਦੀ ਹੈ।

***ਉਕਤਿ ਬਿਲਾਸ*** **(1927)**

ਇਹ ਪੁਸਤਕ ਸੰਨ 1927 ਈ. ਵਿੱਚ ਪ੍ਰਕਾਸ਼ਿਤ ਹੋਈ। ਇਸ ਸੰਬੰਧ ਵਿੱਚ ਸਮਸ਼ੇਰ ਸਿੰਘ ਅਸ਼ੋਕ ਦੱਸਦੇ ਹਨ, "ਭਾਈ ਸਾਹਿਬ ਨੇ ਦੇਵਨਾਗਰੀ ਅੱਖਰਾਂ ਵਿੱਚ, *ਦਸਮ ਗ੍ਰੰਥ* ਵਿੱਚੋਂ *ਚੰਡੀ ਚਰਿਤ੍ਰ ਉਕਤਿ ਬਿਲਾਸ* ਪ੍ਰਕਾਸ਼ਿਤ ਕਰਵਾਈ ਸੀ।[52] ਇਸ ਪੁਸਤਕ ਬਾਰੇ ਦੇਵਿੰਦਰ ਸਿੰਘ ਵਿਦਿਆਰਥੀ ਲਿਖਦੇ ਹਨ ਕਿ, "ਇਸ ਨਾਉਂ ਦਾ ਕੋਈ ਗ੍ਰੰਥ ਮੈਨੂੰ ਨਹੀਂ ਮਿਲ ਸਕਿਆ ਪਰ, *ਉਕਤਿ ਬਿਲਾਸ* ਨਾਉਂ ਵਾਲੀ, ਦੇਵਨਾਗਰੀ ਅੱਖਰਾਂ ਵਿੱਚ ਛਪੀ ਪੁਸਤਕ ਜ਼ਰੂਰ ਮਿਲੀ ਹੈ। ਜੋ ਠਾਕੁਰ ਦਾਸ ਐਂਡ ਸੰਨਜ, ਦਿੱਲੀ ਰਾਹੀਂ 1927 ਵਿੱਚ ਛਾਪੀ ਗਈ ਸੀ।

***ਛੀਪਾ ਸ਼ਬਦ ਦੀ ਉਤਪਤੀ*** **(1930)**

ਭਾਈ ਸਾਹਿਬ ਦੀ ਇਹ ਰਚਨਾ ਇੱਕ ਖੋਜ ਪਰਖ ਟ੍ਰੈਕਟ ਰੂਪ ਵਿੱਚ ਹੈ। ਇਸ ਵਿੱਚ ਭਾਈ ਸਾਹਿਬ ਛੀਪਾ ਸ਼ਬਦ ਦੇ ਅਰਥ ਸਪਸ਼ਟ ਕਰਦੇ ਹਨ। ਛੀਪਾ ਸ਼ਬਦ ਦਾ ਅਰਥ ਦਸਤਕਾਰੀ ਕਰਨ ਵਾਲਾ, ਜਿਨ੍ਹਾਂ ਲੋਕਾਂ ਨੇ ਰੰਗਣਾ, ਛਾਪਣਾ, ਸਿਉਣਾ ਆਦਿ ਕਰਮ ਅਖਤਿਆਰ ਕੀਤੇ ਉਹ ਛੀਬੇਂ ਹੋ ਗਏ।[53] ਇਸ ਪੁਸਤਕ ਬਾਰੇ ਸਮਸ਼ੇਰ ਸਿੰਘ ਅਸ਼ੋਕ, ਦੇਵਿੰਦਰ ਸਿੰਘ ਵਿਦਿਆਰਥੀ, ਬੀਬੀ ਸੁਖਜੀਤ

---

[52] ਦੇਵਿੰਦਰ ਸਿੰਘ ਵਿਦਿਆਰਥੀ, *ਭਾਈ ਕਾਨ੍ਹ ਸਿੰਘ ਨਾਭਾ ਜੀਵਨ ਤੇ ਰਚਨਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987, ਪੰਨਾ 102

[53] ਜਗਮੇਲ ਸਿੰਘ ਭਾਠੂਆਂ, *ਯੁੱਗ ਪੁਰਸ਼, ਭਾਈ ਕਾਨ੍ਹ ਸਿੰਘ ਨਾਭਾ,* ਆਰਸ਼ੀ ਪਬਲਿਸ਼ਰਜ਼, ਦਿੱਲੀ, 2007, ਪੰਨਾ 82

ਕੌਰ, ਤੇਜਵੰਤ ਸਿੰਘ ਮਾਨ ਹੋਰਾਂ ਨੇ ਕੋਈ ਵੀ ਜਾਣਕਾਰੀ ਨਹੀਂ ਦਿੱਤੀ। ਇਸ ਪੁਸਤਕ ਬਾਰੇ ਜਗਮੇਲ ਸਿੰਘ ਭਾਠੂਆਂ ਨੇ ਹੀ ਮੁਢਲੀ ਜਾਣਕਾਰੀ ਦਿੱਤੀ ਹੈ। ਇਸ ਤੋਂ ਇਲਾਵਾ ਪ੍ਰੋ. ਪ੍ਰੀਤਮ ਸਿੰਘ ਨੇ ਵੀ ਇਸ ਪੁਸਤਕ ਦਾ ਜ਼ਿਕਰ ਕੀਤਾ ਹੈ। ਉਨ੍ਹਾਂ ਇਸ ਪੁਸਤਕ ਦਾ ਰਚਨਾ ਕਾਲ 1930 ਲਿਖਿਆ ਹੈ ਜੋ ਜਗਮੇਲ ਸਿੰਘ ਭਾਠੂਆਂ ਦੁਆਰਾ ਦਿੱਤੀ ਗਈ ਜਾਣਕਾਰੀ ਨਾਲ ਮੇਲ ਖਾਂਦਾ ਹੈ।

***ਗੁਰੁਸ਼ਬਦ ਰਤਨਾਕਰ ਮਹਾਨ ਕੋਸ਼* (1930)**

ਇਸ ਪੁਸਤਕ ਦਾ ਪੂਰਾ ਨਾ *ਗੁਰੁਸ਼ਬਦ ਰਤਨਾਕਰ* ਮਹਾਨ ਕੋਸ਼ ਹੈ ਪਰੰਤੂ ਆਮ ਤੌਰ ਤੇ ਇਸ ਨੂੰ ਇਸਦੇ ਸੰਖੇਪ ਨਾਂ ਮਹਾਨ ਕੋਸ਼ ਵਜੋਂ ਹੀ ਜਾਣਿਆ ਜਾਂਦਾ ਹੈ। ਇਹ ਕੋਸ਼ ਭਾਈ ਸਾਹਿਬ ਦੀ ਸੱਚ-ਮੁੱਚ ਹੀ ਇੱਕ ਮਹਾਨ ਰਚਨਾ ਹੈ ਜੋ ਉਨ੍ਹਾਂ ਦੀ 14-15 ਸਾਲ ਦੀ ਸਖ਼ਤ ਮਿਹਨਤ ਦਾ ਨਤੀਜਾ ਹੈ। ਅਸਲ ਵਿੱਚ ਮਹਾਨ ਕੋਸ਼ ਨੂੰ ਲਿਖਣ ਦਾ ਫੁਰਨਾ ਕੋਸ਼ਕਾਰ ਨੂੰ ਪੰਡਤ ਤਾਰਾ ਸਿੰਘ ਨਿਰੋਤਮ ਦਾ *ਗੁਰੁ ਗਿਰਾਰਥ ਕੋਸ਼ (*1895) ਅਤੇ ਹਜਾਰਾ ਸਿੰਘ ਦੇ *ਸ੍ਰੀ ਗੁਰੂ ਗ੍ਰੰਥ ਕੋਸ਼* (1899) ਨੂੰ ਪੜ ਕੇ ਫੁਰਿਆ। ਉਨ੍ਹਾਂ ਨੇ ਸੋਚਿਆ ਕਿ ਅੱਖਰ, ਮਾਤ੍ਰਾ, ਕ੍ਰਮ ਅਨੁਸਾਰ ਜੋੜ ਕੇ ਇੱਕ ਮਹਾਨ ਕੋਸ਼ ਤਿਆਰ ਕੀਤਾ ਜਾਵੇ। ਕਾਨ੍ਹ ਸਿੰਘ ਨਾਭਾ ਨੇ ਇਸ ਕੋਸ਼ ਦਾ ਕੰਮ 10 ਮਈ 1912 ਈ. ਨੂੰ ਅਰੰਭ ਕੀਤਾ ਅਤੇ ਤਕਰੀਬਨ 14 ਸਾਲ ਦੀ ਘੋਰ ਘਾਲਣਾ ਘਾਲ ਕੇ 6 ਫ਼ਰਵਰੀ 1926 ਨੂੰ ਇਸ ਕੰਮ ਨੂੰ ਮੁਕੰਮਲ ਕੀਤਾ।[54] ਪਹਿਲਾਂ ਇਸ ਗ੍ਰੰਥ ਨੂੰ ਛਾਪਣ ਦੀ ਜ਼ਿੰਮੇਵਾਰੀ ਮਹਾਰਾਜਾ ਬ੍ਰਿਜਿੰਦਰ ਸਿੰਘ ਨੇ ਲਈ ਪਰੰਤੂ 1918 ਈ. ਵਿੱਚ ਉਨ੍ਹਾਂ ਦਾ ਦੇਹਾਂਤ ਹੋ ਗਿਆ। ਬਾਅਦ ਵਿੱਚ ਪਟਿਆਲ੍ਹਾ ਦੇ ਮਹਾਰਾਜਾ ਭੁਪਿੰਦਰ ਸਿੰਘ ਨੇ ਸ਼ਾਹੀ ਖਰਚੇ ਤੇ ਇਸ ਗ੍ਰੰਥ ਦੀ ਛਪਾਈ ਕਰਵਾਈ। ਇਸ ਗ੍ਰੰਥ ਦੀ ਛਪਾਈ ਦਾ ਕੰਮ 1927

[54] ਜੋਧ ਸਿੰਘ (ਮੁਖ ਸੰਪਾ.) *ਸਿੱਖ ਧਰਮ ਵਿਸ਼ਵਕੋਸ਼,* ਸੈਂਚੀ ਦੂਜੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013, ਪੰਨੇ 440-441

ਈ. ਨੂੰ ਸ਼ੁਰੂ ਹੋਇਆ ਅਤੇ 13 ਅਪ੍ਰੈਲ 1930 ਈ. ਨੂੰ ਸੁਦਰਸ਼ਨ ਪ੍ਰੈਸ, ਅੰਮ੍ਰਿਤਸਰ ਨੇ ਇਸ ਗ੍ਰੰਥ ਨੂੰ ਛਾਪਿਆ। ਇਸ ਗ੍ਰੰਥ ਦਾ ਪਹਿਲਾ ਸੰਸਕਰਣ 3338 ਸਫ਼ਿਆਂ ਦੀਆਂ ਵੱਡੀਆਂ ਚਾਰ ਜਿਲਦਾਂ ਵਿੱਚ ਚਾਰ ਭਾਗਾਂ ਵਿੱਚ ਛਪਿਆ ਅਤੇ ਬਾਅਦ ਵਿੱਚ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਨੇ ਇਸਨੂੰ ਇੱਕ ਜਿਲਦ ਵਿੱਚ ਛਾਪਿਆ। ਇਸ ਪੁਸਤਕ ਦਾ ਅੰਤਲਾ ਸੰਸਕਰਣ 1981 ਈ. ਵਿੱਚ ਛਪਿਆ ਸੀ।

ਇਸ ਗ੍ਰੰਥ ਵਿੱਚ ਸਿੱਖ ਸਾਹਿਤ ਵਿੱਚ ਆਏ 64,263 ਸ਼ਬਦਾਂ ਦੇ ਅਰਥ ਵਿਆਖਿਆ ਸਮੇਤ ਦਿੱਤੇ ਗਏ ਹਨ। ਜਿੱਥੇ ਇਹ ਗ੍ਰੰਥ ਸਿੱਖ ਸਾਹਿਤ ਦਾ ਕੋਸ਼ ਹੈ, ਉੱਥੇ ਇਹ ਗੁਰੂਆਂ, ਰਾਜਿਆਂ ਦੀ ਜੀਵਨੀ ਕੋਸ਼ ਅਤੇ ਸਿੱਖ ਗੁਰਦੁਆਰਿਆਂ ਦਾ ਵੀ ਵਿਸਤਾਰ ਸਹਿਤ ਵਰਣਨ ਕਰਦਾ ਹੈ। ਇਸ ਕੋਸ਼ ਵਿੱਚ ਬਨਸਪਤੀ, ਔਸ਼ਧਾਂ ਛੰਦ, ਸੰਗੀਤ ਆਦਿ ਦੀ ਵਿਆਖਿਆ ਵੀ ਬੜੇ ਹੀ ਵਿਦਵਤਾ ਭਰਪੂਰ ਢੰਗ ਨਾਲ ਕੀਤੀ ਗਈ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਆਪਣੇ ਇਸ ਮਹਾਨ ਕੋਸ਼ ਨੂੰ ਇੱਕ ਗਿਆਨ ਕੋਸ਼ ਦੀ ਤਰ੍ਹਾਂ ਪੇਸ਼ ਕੀਤਾ ਹੈ। ਇਸ ਖਾਸ ਗਿਆਨ ਕੋਸ਼ ਵਿੱਚ ਸ਼ਬਦਾਂ ਦੀ ਉਤਪਤੀ, ਵਿਆਕਰਣਕ ਬਣਤਰ, ਸੰਬੰਧਤ ਪੁਸਤਕਾਂ ਦੇ ਹਵਾਲੇ, ਇਤਿਹਾਸਿਕ ਸੱਚਾਈਆਂ, ਗੁਰਦੁਆਰਿਆਂ ਦੇ ਨਕਸ਼ੇ, ਸ਼ਸਤਰਾਂ, ਪੰਛੀਆਂ ਦੀਆਂ ਤਸਵੀਰਾਂ, ਸਿੱਖ ਰਾਜਿਆਂ-ਮਹਾਰਾਜਿਆਂ ਦੇ ਖਾਨਦਾਨਾਂ ਦਾ ਹਾਲ, ਧਰਮਾਂ ਬਾਰੇ ਪੂਰੀ-ਪੂਰੀ ਜਾਣਕਾਰੀ, ਦੇਸਾਂ, ਸ਼ਹਿਰਾਂ, ਦਰਿਆਵਾਂ ਦਾ ਵਿਸਥਾਰ ਨਾਲ ਵਰਣਨ, ਭੂਗੋਲਿਕ ਤੇ ਦਾਰਸ਼ਨਿਕ ਵਿਚਾਰਾਂ, ਸਾਹਿਤ, ਸੰਗੀਤ, ਵੇਦਗੀ, ਜੋਤਿਸ਼ ਆਦਿ ਦੀ ਪੂਰੀ ਜਾਣਕਾਰੀ ਇਸ ਗ੍ਰੰਥ ਵਿੱਚ ਦਿੱਤੀ ਗਈ ਹੈ। ਇਸ ਗ੍ਰੰਥ ਵਿੱਚੋਂ ਜੀਵਨੀਆਂ ਤੇ ਹੋਰ ਵਿਸ਼ਿਆਂ ਤੇ ਬਹੁਤ ਸਾਰੀਆਂ ਕਿਤਾਬਾਂ ਦੀ ਰਚਨਾ ਕੀਤੀ ਜਾ ਸਕਦੀ ਹੈ। ਆਪਣੇ ਆਪ ਵਿੱਚ ਇਹ ਕੋਸ਼ ਇੱਕ ਅਦੁੱਤੀ ਰਚਨਾ ਹੈ ਜੋ ਸਾਰੇ ਦਾ ਸਾਰਾ ਸਿੱਖ ਸਾਹਿਤ, ਪੰਜਾਬੀ ਸਭਿਆਚਾਰ ਆਪਣੇ ਵਿੱਚ ਸਮੋਈ ਬੈਠਾ ਹੈ। ਇਸ ਗ੍ਰੰਥ ਰਚਨਾ ਨੂੰ

ਵੇਖ ਕੇ ਇਸ ਗੱਲ ਤੇ ਵੀ ਅਚੰਭਾ ਹੁੰਦਾ ਹੈ ਕਿ ਇੰਨਾ ਵੱਡਾ ਕਾਰਜ ਕੋਈ ਵਿਅਕਤੀ ਇਕੱਲਾ ਕਿਸ ਤਰ੍ਹਾਂ ਕਰ ਸਕਦਾ ਹੈ ਉਹ ਵੀ ਉਸ ਵੇਲੇ ਜਦੋਂ ਅੱਜ ਦੀ ਤਰ੍ਹਾਂ ਸਾਧਨ ਉਪਲੱਬਧ ਨਹੀਂ ਸਨ।

***ਪ੍ਰਧਾਨਗੀ ਭਾਸ਼ਣ*** **(1931)**

ਭਾਈ ਕਾਨ੍ਹ ਸਿੰਘ ਨਾਭਾ ਨੂੰ 4 ਅਪ੍ਰੈਲ 1931 ਈ. ਵਿੱਚ ਅੰਮ੍ਰਿਤਸਰ ਵਿੱਚ ਹੋਈ 21ਵੀਂ ਸਿੱਖ ਐਜੂਕੇਸ਼ਨ ਕਾਨਫ਼ਰੰਸ ਦੀ ਪ੍ਰਧਾਨਗੀ ਲਈ ਬੁਲਾਇਆ ਗਿਆ ਸੀ। ਇਸ ਕਾਨਫ਼ਰੰਸ ਨੂੰ ਮੁੱਖ ਰੱਖਦਿਆਂ ਭਾਈ ਸਾਹਿਬ ਨੇ ਸਿੱਖ ਬੱਚਿਆਂ ਦੀ ਵਿੱਦਿਆ ਬਾਰੇ ਬੜੇ ਹੀ ਸੁਚੱਜੇ ਢੰਗ ਨਾਲ ਭਾਸ਼ਣ ਦਿੱਤਾ ਸੀ। ਜਿਸ ਵਿੱਚ ਸਿੱਖ ਬੱਚਿਆਂ ਖਾਸ ਕਰ ਕੁੜੀਆਂ ਦੀ ਉੱਚ ਵਿੱਦਿਆ ਲਈ ਵਿਚਾਰ ਪੇਸ਼ ਕੀਤੇ ਸਨ। ਇਹ ਭਾਸ਼ਣ ਸਿੱਖ ਐਜੂਕੇਸ਼ਨਲ ਕਮੇਟੀ, ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤਾ ਹੈ।

***ਨਾਮ ਮਾਲਾ ਕੋਸ਼*** **(1938)**

ਇਹ ਕੋਸ਼ ਸੁਦਰਸ਼ਨ ਪ੍ਰੈਸ, ਅੰਮ੍ਰਿਤਸਰ ਨੇ 1938 ਈ. ਵਿੱਚ 69 ਸਫਿਆਂ ਵਿੱਚ ਛਾਪਿਆ ਹੈ। ਇਹ ਕੋਸ਼ ਇੱਕ ਤਰ੍ਹਾਂ ਦਾ ਨਾਮ ਕੋਸ਼ ਹੈ। ਇਸ ਵਿੱਚ ਇੱਕ (ਚੀਜ਼) ਸ਼ਬਦ ਕੇ ਕਈ ਨਾਮ ਦੱਸੇ ਗਏ ਹਨ। ਇਹ ਕੋਸ਼ ਕਵੀ ਨੰਦ ਦਾਸ ਦੀ ਰਚਨਾ ਹੈ, ਇਸ ਕੋਸ਼ ਦਾ ਨਾਮ *ਨਾਮ ਮੰਜਰੀ* ਵੀ ਪ੍ਰਸਿੱਧ ਹੈ। ਕਵੀ ਅਚਾਰਯ ਨੰਦ ਦਾਸ ਸੰਸਕ੍ਰਿਤ ਦੇ ਉੱਤਮ ਪੰਡਿਤ ਅਤੇ ਬ੍ਰਜ ਭਾਸ਼ਾ ਦੇ ਚੋਣਵੇਂ ਕਵੀਆਂ ਵਿੱਚੋਂ ਸਨ। *ਅਨੇਕ ਆਰਥ ਕੋਸ਼* ਅਤੇ *ਨਾਮ ਮਾਲਾ ਕੋਸ਼* ਤੋਂ ਪਹਿਲਾਂ ਵੀ ਇਸ ਤਰ੍ਹਾਂ ਦੇ ਗ੍ਰੰਥਾਂ ਦੀ ਰਚਨਾ ਹੋ ਚੁੱਕੀ ਸੀ ਅਤੇ ਇਨ੍ਹਾਂ ਗ੍ਰੰਥਾਂ ਵਿੱਚ ਪੰਜਾਬੀ ਭਾਸ਼ਾ ਦੀ ਸ਼ਬਦਾਵਲੀ ਜਾਂ *ਗੁਰੂ ਗ੍ਰੰਥ ਸਾਹਿਬ* ਜੀ ਦੀ ਸ਼ਬਦਾਵਲੀ ਦੇ ਅਰਥ ਹੀ ਦਿੱਤੇ ਗਏ ਸਨ। ਪ੍ਰੰਤੂ *ਨਾਮ ਮਾਲਾ ਕੋਸ਼* ਸੰਸਕ੍ਰਿਤ ਭਾਸ਼ਾ ਦੀ ਸ਼ਬਦਾਵਲੀ ਸਮਝਾਉਣ ਲਈ ਰਚੀ ਗਈ ਹੈ।

ਭੂਮਿਕਾ ਵਿੱਚ ਭਾਈ ਸਾਹਿਬ ਇਸ ਪ੍ਰਕਾਰ ਲਿਖਦੇ ਹਨ, "ਇਹ ਕੋਸ਼ ਭੀ ਅਨੇਕਾਰਥ ਵਾਂਗ ਅਗਯਾਨੀ ਲਿਖਾਰੀਆਂ ਨੇ ਇਤਨਾ ਵਿਗਾੜਿਆ ਕਿ ਬਹੁਤ ਸ਼ਬਦਾਂ ਦਾ ਮੂਲ ਸਮਝਣਾ ਔਖਾ ਹੋ ਗਿਆ ਸੀ। ਵਿਦਯਾ ਅਭਯਾਸੀ ਅਤੇ ਕਵੀਆਂ ਦੇ ਹਿੱਤ ਲਈ ਮੈਂ ਮਹਾਂ ਪ੍ਰਯਤਨ ਕਰਕੇ ਇਸ ਕੋਸ਼ ਨੂੰ ਸ਼ੁੱਧ ਕੀਤਾ ਅਤੇ ਬਹੁਤ ਸਾਰੇ ਨਵੇਂ ਸ਼ਬਦ ਮਿਲਾਕੇ ਮੁਕੰਮਲ ਕਰ ਦਿੱਤਾ ਹੈ।"[55]

***ਇਤਿਹਾਸ ਬਾਗੜੀਆਂ* (1936)**

ਇਹ ਇਕ ਇਤਿਹਾਸਿਕ ਪੁਸਤਕ ਹੈ। ਇਸ ਵਿਚ ਬਾਗੜੀਆਂ ਖ਼ਾਨਦਾਨ ਦਾ ਸੰਪੂਰਨ ਵੇਰਵਾ ਦਿੱਤਾ ਗਿਆ ਹੈ। ਦਵਿੰਦਰ ਸਿੰਘ ਵਿਦਿਆਰਥੀ ਦੀ ਸੂਚਨਾ ਅਨੁਸਾਰ ਇਹ ਪੁਸਤਕ ਅਣਛਪੀ ਹੈ।[56] ਪਰੰਤੂ ਹੁਣ ਇਹ ਪੁਸਤਕ ਛਪ ਚੁੱਕੀ ਹੈ। ਇਸ ਨੂੰ ਰਵਿੰਦਰ ਕੌਰ ਰਵੀ ਨੇ ਸੰਪਾਦਿਤ ਕੀਤਾ ਹੈ।

***ਗੁਰੁਮਤ ਮਾਰਤੰਡ* (1962)**

*ਗੁਰੁਮਤ ਮਾਰਤੰਡ* ਇੱਕ ਵੱਖਰੀ ਪ੍ਰਕਾਰ ਦਾ ਮਹਾਨ ਕੋਸ਼ ਹੈ। ਇਹ ਪੁਸਤਕ ਭਾਈ ਸਾਹਿਬ ਦੇ ਦੇਹਾਂਤ ਤੋਂ ਕੋਈ 24 ਸਾਲ ਬਾਅਦ 1962 ਈ. ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਨੇ ਦੋ ਜਿਲਦਾਂ ਵਿੱਚ 848 ਪੰਨਿਆਂ ਵਿੱਚ ਛਾਪਿਆ। ਅਸਲ ਵਿੱਚ ਇਹ ਕੋਸ਼ ਨੁਮਾ ਪੁਸਤਕ ਭਾਈ ਸਾਹਿਬ ਦੀਆਂ ਪਿਛਲੀਆਂ ਤਿੰਨ ਪੁਸਤਕਾਂ *ਗੁਰੁਮਤ ਪ੍ਰਭਾਕਰ, ਗੁਰੁਮਤ ਸੁਧਾਕਰ* ਅਤੇ *ਗੁਰੁ ਗਿਰਾ ਕਸੌਟੀ* ਨੂੰ ਮਿਲਾ ਕੇ ਬਣਾਇਆ ਗਿਆ ਹੈ ਜੋ ਕਿ ਪੁਸਤਕ ਦੇ ਅਰੰਭ ਵਿੱਚ ਹੀ ਭਾਈ ਸਾਹਿਬ ਨੇ ਮੁੱਖ ਬੰਦ ਵਿੱਚ ਲਿਖਿਆ ਹੈ। ਇਹ ਪੁਸਤਕ *ਗੁਰੁਮਤ ਸੁਧਾਕਰ, ਗੁਰੁਮਤ ਪ੍ਰਭਾਕਰ ਅਤੇ*

---

[55] ਭਾਈ ਕਾਨ੍ਹ ਸਿੰਘ ਨਾਭਾ, *ਨਾਮ ਮਾਲਾ ਕੋਸ਼,* ਸੁਦਰਸ਼ਨ ਪ੍ਰੈਸ, 1938, ਅੰਮ੍ਰਿਤਸਰ, ਪੰਨਾ ਅ

[56] ਦੇਵਿੰਦਰ ਸਿੰਘ ਵਿਦਿਆਰਥੀ, *ਭਾਈ ਕਾਨ੍ਹ ਸਿੰਘ ਨਾਭਾ ਜੀਵਨ ਤੇ ਰਚਨਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987, ਪੰਨਾ 79

*ਗੁਰੁ ਗਿਰਾ ਕਸੌਟੀ* ਵਾਂਗ ਹੀ ਲਿਖੀ ਗਈ ਹੈ ਭਾਵ ਤਿੰਨਾਂ ਗ੍ਰੰਥਾਂ ਦੀ ਵਿਧੀ ਇੱਕੋ ਵਰਤੀ ਗਈ ਹੈ ਭਾਵ, ਕੋਸ਼ ਰਿਤੀ ਅਨੁਸਾਰ ਸਿਰਲੇਖ ਦੇ ਕੇ ਬੜੇ ਹੀ ਵਿਗਿਆਨਕ ਢੰਗ ਨਾਲ ਗਿਆਨ ਅਰਸੇ ਨੂੰ ਉਘਾੜਿਆ ਹੈ।

ਇਸ ਪੁਸਤਕ ਵਿੱਚ ਸਿਰਲੇਖਾਂ ਦੀ ਚੋਣ ਬੜੇ ਹੀ ਵਿਸਤਾਰਪੂਰਵਕ ਢੰਗ ਨਾਲ ਕੀਤੀ ਹੈ ਤੇ ਇਨ੍ਹਾਂ ਦਾ ਨਿਭਾਅ ਵੀ ਵਿਸਤਾਰ ਨਾਲ ਕੀਤਾ ਹੈ। ਹਰੇਕ ਸਿਰਲੇਖ ਸੰਬੰਧੀ ਪਹਿਲਾਂ ਸੰਖੇਪ ਵਿੱਚ ਉਸਦੇ ਅਰਥ ਦੱਸੇ ਹਨ ਅਤੇ ਸਪਸ਼ਟ ਕਰਨ ਲਈ ਜਾਣਕਾਰੀ ਦਿੱਤੀ ਗਈ ਹੈ। ਇਸਦੇ ਨਾਲ ਹੀ *ਸ੍ਰੀ ਗੁਰੂ ਗ੍ਰੰਥ ਸਾਹਿਬ* ਵਿੱਚੋਂ ਅਤੇ ਹੋਰ ਸਿੱਖ ਪ੍ਰਮਾਣਿਕ ਗ੍ਰੰਥਾਂ ਵਿੱਚੋਂ ਅਤੇ ਹੋਰ ਸਾਹਿਤ ਵਿੱਚੋਂ ਉਸ ਵਿਸ਼ੇ ਨਾਲ ਸਬੰਧਿਤ ਹਵਾਲੇ ਦੇ ਕੇ ਵਿਆਖਿਆ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਹਰੇਕ ਇਤਿਹਾਸਿਕ ਜਾਂ ਮਿਥਿਹਾਸਿਕ ਸੰਕੇਤ ਨੂੰ ਸਪਸ਼ਟ ਕਰਨ ਲਈ ਫੁੱਟ ਨੋਟਾਂ ਵਿੱਚ ਵਿਸਥਾਰ ਸਹਿਤ ਜਿਥੇ ਲੋੜ ਹੈ ਵਰਣਨ ਕੀਤਾ ਹੈ ਤੇ ਕਈ ਜਗ੍ਹਾ ਸੰਖੇਪ ਵਿੱਚ ਵਰਣਨ ਕੀਤਾ ਹੈ। *ਗੁਰੁਮਤ ਪ੍ਰਭਾਕਰ* ਅਤੇ *ਗੁਰੁਮਤ ਸੁਧਾਕਰ* ਪੁਸਤਕਾਂ ਵਿੱਚ ਸ਼ਾਮਿਲ ਜਾਣਕਾਰੀ ਦੀ ਵਰਤੋਂ ਕੀਤੀ ਹੈ ਜਿੱਥੇ ਵੀ ਜ਼ਰੂਰਤ ਪਈ ਉੱਥੇ ਮੂਲਪਾਠ ਦੇ ਹਵਾਲਿਆਂ ਨਾਲ ਇਸ ਜਾਣਕਾਰੀ ਨੂੰ ਪੇਸ਼ ਕੀਤਾ ਗਿਆ ਹੈ।[57]

ਸਾਰਾਂਸ਼ ਵਜੋਂ ਕਿਹਾ ਜਾ ਸਕਦਾ ਹੈ ਕਿ ਭਾਈ ਕਾਨ੍ਹ ਸਿੰਘ ਨਾਭਾ ਪੰਜਾਬ ਦੇ ਤਤਕਾਲੀਨ ਸਭਿਆਚਾਰਕ, ਰਾਜਨੀਤਿਕ ਅਤੇ ਧਾਰਮਿਕ ਪ੍ਰਭਾਵ ਨੂੰ ਸਪਸ਼ਟ ਰੂਪ ਵਿੱਚ ਗ੍ਰਹਿਣ ਕਰਦੇ ਹਨ। ਉਨ੍ਹਾਂ ਪ੍ਰਭਾਵਾਂ ਨੂੰ ਇਹ ਆਪਣੀ ਲੇਖਣੀ ਰਾਹੀਂ ਸਪਸ਼ਟ ਕਰਦੇ ਹਨ। ਇਹ ਸਿੱਖ ਧਰਮ ਵਿੱਚ ਪੈਦਾ ਹੋਣ ਵਾਲੇ ਜਾਗਰੂਕ ਸਿੱਖ ਸਨ, ਜਿਹੜੇ ਬਾਹਰੀ ਅਤੇ ਅੰਦਰੂਨੀ ਪ੍ਰਭਾਵਾਂ ਦਾ ਡਟ ਕੇ ਮੁਕਾਬਲਾ

---

[57] ਜੋਧ ਸਿੰਘ (ਸੰਪਾ.), *ਸਿੱਖ ਪੰਥ ਵਿਸ਼ਵਕੋਸ਼ (ਜਿਲਦ ਦੂਜੀ)*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2013, ਪੰਨਾ 443

ਕਰਨ ਲਈ ਖੜ੍ਹੇ ਹੁੰਦੇ ਸਨ। ਇਹ ਆਪਣੀ ਧਾਰਮਿਕ ਮਾਨਤਾਵਾਂ ਦੀ ਬੌਧਿਕ ਵਿਆਖਿਆ ਕਰਨ ਵੱਲ ਰੁਚਿਤ ਸਨ ਤਾਂ ਕਿ ਨਵੀਆਂ ਪ੍ਰਸਥਿਤੀਆਂ ਦੇ ਮੁਕਾਬਲੇ ਵਿੱਚ ਸ਼ਰਧਾ ਅਤੇ ਵਿਸ਼ਵਾਸ ਨੂੰ ਬੌਧਿਕ ਪੱਧਰ ਤੇ ਖੜ੍ਹਾ ਰੱਖਿਆ ਜਾ ਸਕੇ। ਇਹ ਹੋਰ ਧਰਮਾਂ ਦੇ ਮੁਕਾਬਲੇ ਸਿੱਖ ਧਰਮ ਨੂੰ ਜਿਆਦਾ ਬੌਧਿਕ ਪ੍ਰਗਤੀਸ਼ਾਲੀ ਅਤੇ ਅਗਾਂਹਵਧੂ ਸਮਝਦੇ ਸਨ। ਇਸੇ ਪ੍ਰਸੰਗ ਵਿੱਚ ਇਹ ਆਪਣੀ ਰਚਨਾ ਦਾ ਮੁੱਢ ਬੰਨ੍ਹਦੇ ਹਨ। ਉਨ੍ਹਾਂ ਦੀਆਂ ਰਚਨਾਵਾਂ ਖਾਸ ਤੌਰ 'ਤੇ *ਹਮ ਹਿੰਦੂ ਨਹੀਂ, ਗੁਰਮਤ ਸੁਧਾਕਰ, ਗੁਰੁਮਤ ਪ੍ਰਭਾਕਰ* ਅਤੇ *ਗੁਰੁਮਤ ਮਾਰਤੰਡ* ਆਦਿ ਇੱਕ ਵਿਸ਼ੇਸ਼ ਵਿਚਾਰਧਾਰਾ ਦਾ ਪ੍ਰਗਟਾਵਾ ਕਰਦੀਆਂ ਹਨ।

ਇਨ੍ਹਾਂ ਵਿੱਚ ਸਿੱਖ ਧਰਮ ਨੂੰ ਇੱਕ ਮੌਲਿਕ ਧਰਮ ਵਜੋਂ ਸਥਾਪਿਤ ਕਰਨ ਦਾ ਯਤਨ ਪ੍ਰਤੱਖ ਦਿਸਦਾ ਹੈ। ਰਚਨਾਵਾਂ ਦੀ ਗਿਣਤੀ ਸਾਨੂੰ ਇਨ੍ਹਾਂ ਦੀ ਸ਼ਖਸੀਅਤ ਦੇ ਬਹੁਪਸਾਰੀ ਹੋਣ ਦਾ ਸਬੂਤ ਦਿੰਦੀ ਹੈ। ਇਹ ਸਾਡੇ ਸਨਮੁੱਖ ਇੱਕ ਇਤਿਹਾਸਕਾਰ, ਕੋਸ਼ਕਾਰ, ਵਿਆਖਿਆਕਾਰ, ਛੰਦ ਸ਼ਾਸਤਰੀ, ਸਾਹਿਤਕਾਰ ਆਦਿ ਅਨੇਕਾਂ ਰੂਪਾਂ ਵਿੱਚ ਮੂਰਤੀਮਾਨ ਹੁੰਦੇ ਹਨ। ਇਹ ਵਿਦੇਸ਼ੀ ਖੋਜਕਾਰਾਂ ਨੂੰ ਸਿੱਖ ਧਰਮ ਬਾਰੇ ਲਿਖਣ ਲਈ ਉਤਸ਼ਾਹਿਤ ਕਰਦੇ ਹਨ, ਜਿਸ ਤੋਂ ਸਿੱਖ ਧਰਮ ਵਰਗੀਆਂ ਵੱਡ ਆਕਾਰੀ ਕਿਰਤਾਂ ਹੋਂਦ ਵਿੱਚ ਆਉਂਦੀਆਂ ਹਨ। ਮਹਾਨ ਕੋਸ਼ ਵਰਗੀਆਂ ਕਿਰਤਾਂ ਤੋਂ ਇਨ੍ਹਾਂ ਦੇ ਭਾਸ਼ਾ ਵਿਗਿਆਨੀ ਹੋਣ ਦਾ ਪਤਾ ਲੱਗਦਾ ਹੈ।

ਹਥਲੇ ਅਧਿਆਇ ਵਿਚ ਭਾਈ ਕਾਨ੍ਹ ਸਿੰਘ ਨਾਭਾ ਸਮੇਂ ਪੰਜਾਬ ਵਿਚਲੀਆਂ ਧਰਮ ਸੁਧਾਰ ਅਤੇ ਲੋਕ ਲਹਿਰਾਂ ਦੀ ਚਰਚਾ ਕੀਤੀ ਗਈ ਹੈ, ਨਾਲ ਹੀ ਇਨ੍ਹਾਂ ਦੇ ਸਮਕਾਲੀ ਹਾਲਾਤ ਅਤੇ ਜੀਵਨ ਦਾ ਵੇਰਵਾ ਦੇਣ ਤੋਂ ਇਲਾਵਾ ਸਿੰਘ ਸਭਾ ਲਹਿਰ ਦਾ ਇਨ੍ਹਾਂ ਦੀ ਸ਼ਖਸੀਅਤ ਉੱਪਰ ਪਏ ਪ੍ਰਭਾਵ ਨੂੰ ਵੀ ਚਿਤਰਿਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਭਾਈ ਕਾਨ੍ਹ ਸਿੰਘ ਨਾਭਾ ਦਾ ਜਨਮ ਇੱਕ ਸਧਾਰਨ

ਪਰਿਵਾਰ ਵਿਚ ਹੋਇਆ। ਸਾਰਾ ਪਰਿਵਾਰ ਗੁਰਸਿੱਖ ਸੀ ਅਤੇ *ਸ੍ਰੀ ਗੁਰੂ ਗ੍ਰੰਥ ਸਾਹਿਬ* ਦੀ ਸੇਵਾ ਨਿਭਾਅ ਰਹੇ ਸਨ। ਇਨ੍ਹਾਂ ਦਾ ਪ੍ਰਭਾਵ ਭਾਈ ਕਾਨ੍ਹ ਨਾਭਾ ਦੇ ਜੀਵਨ ਤੇ ਪੈਣਾ ਵੀ ਲਾਜ਼ਮੀ ਸੀ। ਭਾਈ ਕਾਨ੍ਹ ਸਿੰਘ ਨਾਭਾ ਦੀ ਵਿੱਦਿਆ ਵੀ ਪੁਰਾਣੇ ਤੌਰ-ਤਰੀਕਿਆਂ ਨਾਲ ਕਰਵਾਈ ਗਈ। ਉਨ੍ਹਾਂ ਨੂੰ ਸਿੱਖ ਧਰਮ ਦੇ ਨਾਲ ਹੋਰ ਧਰਮ ਦੇ ਗ੍ਰੰਥਾਂ ਦਾ ਵੀ ਗਿਆਨ ਕਰਵਾਇਆ ਗਿਆ। ਭਾਈ ਸਾਹਿਬ ਨੂੰ ਹੌਲੀ-ਹੌਲੀ ਇਹ ਸਮਝ ਆ ਗਈ ਸੀ ਕਿ ਹੋਰ ਭਾਸ਼ਾਵਾਂ ਦੇ ਗਿਆਨ ਤੋਂ ਬਿਨ੍ਹਾਂ ਆਪਣੇ ਧਰਮ ਦੇ ਗ੍ਰੰਥਾਂ ਨੂੰ ਸਮਝਣਾ ਵੀ ਮੁਸ਼ਕਿਲ ਹੈ, ਕਿਉਂਕਿ ਸਿੱਖ ਸਾਹਿਤ ਬਹੁਤ ਸਾਰੀਆਂ ਭਾਸ਼ਾਵਾਂ ਵਿਚ ਰਚਿਆ ਗਿਆ ਹੈ। ਇਸੇ ਮਨੋਰਥ ਦੀ ਪੂਰਤੀ ਲਈ ਭਾਈ ਕਾਨ੍ਹ ਸਿੰਘ ਨਾਭਾ ਨੇ ਪੰਜਾਬੀ ਭਾਸ਼ਾ ਤੋਂ ਇਲਾਵਾ ਅਰਬੀ, ਫ਼ਾਰਸੀ, ਹਿੰਦੀ, ਸੰਸਕ੍ਰਿਤ, ਉਰਦੂ ਅਤੇ ਅੰਗਰੇਜ਼ੀ ਭਾਸ਼ਾਵਾਂ ਦਾ ਗਿਆਨ ਪ੍ਰਾਪਤ ਕੀਤਾ। ਉਨ੍ਹਾਂ ਨੇ ਨਾਭਾ ਰਿਆਸਤ ਅਤੇ ਹੋਰ ਰਿਆਸਤਾਂ ਵਿੱਚ ਮੁਲਾਜ਼ਮਤ ਕੀਤੀ ਅਤੇ ਰਾਜ ਕੰਮਾਂ ਵਿੱਚੋਂ ਬੱਚਦਾ ਸਮਾਂ ਸਿੱਖ ਧਰਮ ਦੇ ਪ੍ਰਸਾਰ ਅਤੇ ਪ੍ਰਚਾਰ ਵਿੱਚ ਲਗਾ ਦਿੱਤਾ। ਇਥੇ ਇਹ ਵੀ ਦੱਸਿਆ ਗਿਆ ਹੈ ਕਿ ਸਿੰਘ ਸਭਾ ਲਹਿਰ ਅਤੇ ਹੋਰ ਸਿੱਖ ਧਰਮ ਪ੍ਰਚਾਰ ਲਹਿਰਾਂ ਨੇ ਸਿੱਖ ਧਰਮ ਵਿੱਚ ਪਏ ਰਲਾ ਨੂੰ ਘੱਟ ਕਰਨ ਲਈ ਯਤਨ ਕਰ ਰਹੇ ਸਨ।

ਭਾਈ ਕਾਨ੍ਹ ਸਿੰਘ ਨਾਭਾ ਨੇ ਵੀ ਸਿੰਘ ਲਹਿਰ ਦੇ ਪ੍ਰਭਾਵ ਅਧੀਨ ਸਿੱਖ ਸਾਹਿਤ ਦੀ ਸਿਰਜਣਾ ਕਰਨੀ ਸ਼ੁਰੂ ਕੀਤੀ ਅਤੇ ਸਿੱਖੀ ਵਿੱਚ ਪਏ ਨਿਖੇੜੇ ਨੂੰ ਦੂਰ ਕਰਨ ਦਾ ਯਤਨ ਕੀਤਾ। ਅਧਿਆਇ ਦੇ ਇਸ ਭਾਗ ਵਿੱਚ ਦੱਸਿਆ ਗਿਆ ਹੈ ਕਿ ਭਾਈ ਸਾਹਿਬ ਨੇ ਸਾਹਿਤ ਰਚਨਾ ਸਿੰਘ ਸਭਾ ਦੇ ਆਸੇ ਅਨੁਸਾਰ ਸਿੱਖ ਧਰਮ ਵਿੱਚ ਪਏ ਰਲਾ ਨੂੰ ਘੱਟ ਕਰਨ ਲਈ ਕੀਤੀ। ਭਾਈ ਸਾਹਿਬ ਦੀਆਂ ਰਚਨਾਵਾਂ ਦਾ ਸਿੰਘ ਸਭਾ ਲਹਿਰ ਅਤੇ ਨਾਭਾਪਤੀ ਮਹਾਰਾਜਾ ਹੀਰਾ ਸਿੰਘ ਦੇ ਪ੍ਰਭਾਵ ਵਿੱਚ ਇਨ੍ਹਾਂ ਨੇ ਰਚਨਾਵਾਂ

ਰਚਣੀਆਂ ਆਰੰਭ ਕਰ ਦਿੱਤੀਆਂ। ਇਨ੍ਹਾਂ ਦੀਆਂ ਰਚਨਾਵਾਂ ਤੇ ਜ਼ਿਆਦਾ ਪ੍ਰਭਾਵ ਸਿੰਘ ਸਭਾ ਲਹਿਰ ਦਾ ਹੀ ਰਿਹਾ, ਜੋ ਇਨ੍ਹਾਂ ਦੀਆਂ ਲਿਖਤਾਂ ਪੜ੍ਹਨ ਤੇ ਸਹਿਜੇ ਹੀ ਪਤਾ ਲੱਗ ਜਾਂਦਾ ਹੈ। ਉਨ੍ਹਾਂ ਦੀਆਂ ਰਚਨਾਵਾਂ ਨੂੰ ਸਿੱਖ ਸਾਹਿਤ ਵਿੱਚ ਬਹੁਤ ਉੱਚਾ ਸਥਾਨ ਪ੍ਰਾਪਤ ਹੈ ਅਤੇ ਇਨ੍ਹਾਂ ਦੇ ਦਿੱਤੇ ਯੋਗਦਾਨ ਦਾ ਪੂਰਾ ਸਿੱਖ ਜਗਤ ਰਹਿੰਦੇ ਸਮੇਂ ਤੱਕ ਫ਼ਾਇਦਾ ਉਠਾਉਂਦਾ ਰਹੇਗਾ।

ਭਾਈ ਸਾਹਿਬ ਦੀਆਂ ਰਚਨਾਵਾਂ ਨਾਲ ਵੀ ਜਾਣ-ਪਛਾਣ ਕਰਵਾਈ ਗਈ ਹੈ। ਜਿਸ ਵਿਚ ਇਨ੍ਹਾਂ ਦੀਆਂ ਸਾਹਿਤਿਕ, ਰਾਜਨੀਤੀ, ਕੂਟਨੀਤੀ, ਸਫ਼ਰਨਾਮਾ ਆਦਿ ਰਚਨਾਵਾਂ ਤੋਂ ਇਲਾਵਾ ਗੁਰਮਤਿ ਵਿਆਖਿਆਕਾਰੀ ਨਾਲ ਸੰਬੰਧਿਤ ਰਚਨਾਵਾਂ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਇਸ ਵਿਚ ਰਚਨਾਵਾਂ ਦੀ ਛਪਾਈ ਦਾ ਸਮਾਂ, ਰਚਨਾ ਦਾ ਵਿਸ਼ਾ-ਵਸਤੂ, ਰਚਨਾ ਦਾ ਵਿਸ਼ਾ-ਵਸਤੂ ਆਦਿ ਇਸ ਵਿਚ ਸ਼ਾਮਿਲ ਕੀਤਾ ਗਿਆ ਹੈ।

ਅਸੀਂ ਕਹਿ ਸਕਦੇ ਹਾਂ ਕਿ ਆਪਣੇ ਛੋਟੇ ਜਿਹੇ ਪੇਂਡੂ ਪਿਛੋਕੜ ਤੋਂ ਉੱਠ ਕੇ ਰਾਜ ਦੇ ਵੱਡੇ ਅਧਿਕਾਰੀ ਦੇ ਪਦਾਂ ਉੱਪਰ ਨਿਯੁਕਤ ਹੋਣਾ ਇੱਕ ਵੱਡੇ ਕੱਦ ਵਾਲੇ ਧਰਮ-ਸ਼ਾਸਤਰੀ, ਵਿਆਖਿਆਕਾਰ ਆਦਿ ਬਣਨਾ ਭਾਈ ਸਾਹਿਬ ਦੀ ਸ਼ਖਸੀਅਤ ਦੇ ਨਿਵੇਕਲੇ ਗੁਣ ਹਨ, ਜਿਹੜੇ ਸੰਸਾਰ ਵਿੱਚ ਵਿਰਲਿਆਂ ਦੇ ਹਿੱਸੇ ਆਉਂਦੇ ਹਨ।

ਅਧਿਆਇ ਦੂਜਾ

# ਗੁਰਮਤਿ ਵਿਆਖਿਆਕਾਰੀ ਪਰੰਪਰਾ

ਗੁਰਬਾਣੀ ਸਿਰਜਣਾ ਕਾਰਨ ਪੰਜਾਬੀ ਸਾਹਿਤ ਦਾ ਮੱਧ ਕਾਲ ਸੁਨਹਿਰੀ ਕਾਲ ਹੋ ਗਿਆ। ਗੁਰਬਾਣੀ ਰਾਹੀਂ ਗੁਰਮਤਿ ਵਿਚਾਰਧਾਰਾ ਪੰਜਾਬੀ ਲੋਕ ਚੇਤਨਾ ਵਿਚ ਇਕ ਨਵੀਂ ਜੀਵਨ ਸ਼ੈਲੀ ਅਤੇ ਸੰਸਕ੍ਰਿਤੀ ਪੈਦਾ ਕਰਦੀ ਹੈ। ਗੁਰਬਾਣੀ ਗੁਰਮਤਿ ਵਿਚਾਰਧਾਰਾ ਦੀ ਚੇਤਨਾ ਅਤੇ ਚਿੰਤਨ ਨੂੰ ਅਮਲੀ ਪੱਧਰ ’ਤੇ ਪ੍ਰਗਟਾ ਕੇ ਸਿੱਖ ਦਰਸ਼ਨ ਸ਼ਾਸ਼ਤਰ ਦਾ ਬੀਜ ਬੀਜਕੇ ਉਸਨੂੰ ਸਿੱਖੀ ਦੇ ਬਾਗ਼ ਵਿਚ ਤਬਦੀਲ ਕਰਦੀ ਹੈ। ਅਜਿਹਾ ਕਹਿਣਾ ਅਤਿਕਥਨੀ ਨਹੀਂ ਹੋਵੇਗਾ ਕਿ ਗੁਰਮਤਿ ਵਿਚਾਰਧਾਰਾ ਰਾਹੀਂ ਸਿੱਖ ਸੰਸਕ੍ਰਿਤੀ ਨੂੰ ਸਥਾਪਿਤ ਕਰਦੀ ਹੈ। ਮੁੱਖ ਤੌਰ ’ਤੇ ਗੁਰਮਤਿ ਕਾਵਿ ਜੀਵਨ ਨੂੰ ਨਵੀਂ ਸੇਧ ਦੇਣ ਲਈ ਵਿਦਰੋਹੀ ਅਤੇ ਕ੍ਰਾਂਤੀਕਾਰੀ ਸੁਰ ਅਪਣਾਉਂਦਾ ਹੈ, ਜਿਸ ਨਾਲ ਉਹ ਥੋਥੀਆਂ ਮਾਨਤਾਵਾਂ ਅਤੇ ਪ੍ਰਚਲਨਾਂ ਨੂੰ ਛੰਡਦਾ ਹੈ।

ਗੁਰਬਾਣੀ ਦੀ ਵਿਆਖਿਆਕਾਰੀ ਪਰੰਪਰਾ ਗੁਰਬਾਣੀ ਸਿਰਜਣਾ ਜਿੰਨੀ ਹੀ ਪੁਰਾਣੀ ਹੈ। ਪਹਿਲਾਂ ਗੁਰੂ ਸਾਹਿਬਾਨ ਦੀ ਗੁਰਬਾਣੀ ਉਚਾਰਨ ਤੋਂ ਬਾਅਦ ਸੰਗਤਾਂ ਨੂੰ ਵਿਸਥਾਰ ਨਾਲ ਸਮਝਾਉਂਦੇ ਰਹੇ। ਫਿਰ ਗੁਰੂ ਦੇ ਸਿੱਖਾਂ ਨੇ ਕੀਰਤਨ ਦੀਵਾਨਾਂ ਰਾਹੀਂ ਗੁਰਬਾਣੀ ਸਿਧਾਂਤਾਂ ਨੂੰ ਲੋਕਾਂ ਤੱਕ ਸਰਲ ਤਰੀਕੇ ਨਾਲ ਪਹੁੰਚਾਇਆ। ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਰਾਹੀਂ ਗੁਰਮਤਿ ਦੇ ਮੂਲ ਸੰਕਲਪਾਂ ਦੀ ਕਾਵਿ ਰੂਪ ਵਿਚ ਹੀ ਵਿਆਖਿਆ ਕੀਤੀ। ਭਾਈ ਸਾਹਿਬ ਨੂੰ ਸਿੱਖੀ ਦੇ ਪਹਿਲੇ ਵਿਆਖਿਆਕਾਰ ਵੀ ਕਿਹਾ ਜਾਂਦਾ ਹੈ। ਗੁਰਬਾਣੀ ਵਿਆਖਿਆਕਾਰੀ ਮੁੱਖ ਤੌਰ ’ਤੇ ਤਿੰਨ ਕਾਲ ਗੁਰੂ ਕਾਲ, ਗੁਰਮਤਿ ਵਿਆਖਿਆਕਾਰੀ, ਉੱਤਰ ਗੁਰੂ ਕਾਲ ਦੀ ਗੁਰਮਤਿ ਵਿਆਖਿਆਕਾਰੀ ਅਤੇ ਆਧੁਨਿਕ ਕਾਲ ਦੀ ਗੁਰਮਤਿ ਵਿਆਖਿਆਕਾਰੀ ਬਣਦੇ ਹਨ। ਗੁਰੂ ਕਾਲ

ਦੀ ਗੁਰਮਤਿ ਵਿਆਖਿਆਕਾਰੀ ਦੂਜੇ ਵੇਦਾਂ ਅਤੇ ਧਰਮਾਂ ਦੇ ਪ੍ਰਭਾਵ ਤੋਂ ਮੁਕਤ ਹੈ। ਇਸ ਕਾਲ ਦੌਰਾਨ ਸਹਿਜ ਪ੍ਰਣਾਲੀ, ਭਾਈ ਪ੍ਰਣਾਲੀ ਅਤੇ ਪਰਮਾਰਥ ਪ੍ਰਣਾਲੀ ਪ੍ਰਚਲਿਤ ਹੋਈਆਂ। ਸਹਿਜ ਪ੍ਰਣਾਲੀ ਰਾਹੀਂ ਗੁਰੂ ਸਾਹਿਬਾਨ ਨੇ ਬਾਣੀ ਦੀ ਬਾਣੀ ਰੂਪ ਵਿਚ ਹੀ ਵਿਆਖਿਆ ਕੀਤੀ। ਭਾਈ ਗੁਰਦਾਸ ਜੀ, ਭਾਈ ਪ੍ਰਣਾਲੀ ਦੇ ਮੋਢੀ ਸਨ। ਉਨ੍ਹਾਂ ਨੇ ਵਾਰਾਂ ਰਾਹੀਂ ਗੁਰਬਾਣੀ ਸੰਕਲਪਾਂ ਦੀ ਵਿਆਖਿਆ ਕੀਤੀ। ਪਰਮਾਰਥ ਪ੍ਰਣਾਲੀ ਦੇ ਮੋਢੀ ਸੋਢੀ ਮਨੋਰਥਦਾਸ ਸਨ। ਇਹ ਪਰਮਾਰਥ ਪ੍ਰਣਾਲੀ ਗੁਰਬਾਣੀ ਦੀ ਪਹਿਲੀ ਵਾਰਤਕ ਵਿਆਖਿਆਕਾਰੀ ਸੀ। ਉੱਤਰ ਗੁਰੂ ਕਾਲ ਵਿਚ ਉਦਾਸੀ ਪ੍ਰਣਾਲੀ ਅਤੇ ਨਿਰਮਲਾ ਪ੍ਰਣਾਲੀ ਨੂੰ ਰੱਖਿਆ ਜਾ ਸਕਦਾ ਹੈ। ਉੱਤਰ ਗੁਰੂ ਕਾਲ ਦੀ ਗੁਰਮਤਿ ਵਿਆਖਿਆਕਾਰੀ ਉੱਪਰ ਵੇਦਾਂ ਅਤੇ ਵੇਦਾਂਤਾਂ ਦਾ ਪ੍ਰਭਾਵ ਸੱਪਸ਼ਟ ਝਲਕਦਾ ਹੈ ਕਿਉਂਕਿ ਉਦਾਸੀ ਪ੍ਰਣਾਲੀ ਅਤੇ ਨਿਰਮਲਾ ਪ੍ਰਣਾਲੀ ਦੇ ਸੰਤ ਸੰਸਕ੍ਰਿਤ ਭਾਸ਼ਾ ਅਤੇ ਪ੍ਰਾਚੀਨ ਭਾਰਤੀ ਧਰਮ ਗ੍ਰੰਥ ਦੇ ਗੰਭੀਰ ਅਧਿਐਨ ਕਰਤਾ ਸਨ। ਇਨ੍ਹਾਂ ਪ੍ਰਣਾਲੀਆਂ ਦਾ ਅਸਰ ਮਿਆਰੀ ਸੰਪਰਦਾਇ ਉਪਰ ਵੀ ਪਿਆ।

1849 ਵਿਚ ਪੰਜਾਬ ਉਪਰ ਅੰਗਰੇਜ਼ਾਂ ਦਾ ਕਬਜਾ ਹੋ ਗਿਆ ਸੀ। ਇਸ ਸਮੇਂ ਨੂੰ ਪੰਜਾਬੀ ਸਾਹਿਤ ਦੇ ਇਤਿਹਾਸ ਦਾ ਆਧੁਨਿਕ ਕਾਲ ਮੰਨਿਆ ਜਾਂਦਾ ਹੈ। ਗੁਰਮਤਿ ਵਿਆਖਿਆਕਾਰੀ ਦੇ ਇਤਿਹਾਸ ਵਿਚ ਵੀ ਲਗਭਗ ਇਹੀ ਸਮਾਂ ਆਧੁਨਿਕ ਕਾਲ ਦੀ ਗੁਰਮਤਿ ਵਿਆਖਿਆਕਾਰੀ ਦਾ ਹੈ। ਇਸਾਈ ਧਰਮ ਪ੍ਰਚਾਰ ਅਤੇ ਦੂਜੇ ਧਰਮਾਂ ਦੇ ਦਖਲ ਦੇ ਵਿਰੋਧ ਵਿਚ ਵੱਖ-ਵੱਖ ਸਿੰਘ ਸਭਾ ਲਹਿਰ, ਗੁਰਦੁਆਰਾ ਸੁਧਾਰ ਲਹਿਰ ਅਤੇ ਅਕਾਲੀ ਲਹਿਰਾ ਆਦਿ ਨੇ ਜਨਮ ਲਿਆ। ਟ੍ਰੰਪ ਦੁਆਰਾ ਕੀਤੇ ਅੰਗਰੇਜ਼ੀ ਅਨੁਵਾਦ (The Adi Granth-1877ਈ.) ਨੇ ਵੀ ਸਿੱਖ-ਜਗਤ ਵਿਚ ਪ੍ਰਤਿਕਿਰਿਆ ਪੈਦਾ ਕੀਤੀ। ਇਸ ਤਰ੍ਹਾਂ ਗੁਰਮਤਿ ਵਿਆਖਿਆਕਾਰੀ ਵਿਚ ਆਧੁਨਿਕਤਾ ਦੇ ਬੀਜ ਫੁੱਟੇ।

ਇਸ ਤਰ੍ਹਾਂ ਰਾਜਨੀਤਿਕ ਅਤੇ ਸਮਾਜਿਕ ਤਬਦੀਲੀਆਂ ਨੇ ਧਾਰਮਿਕ ਅਤੇ ਵਿਚਾਰਧਾਰਕ ਤਬਦੀਲੀ ਨੂੰ ਜਨਮ ਦਿੱਤਾ। ਅਜਿਹੇ ਦੌਰ ਵਿਚ ਗੁਰਬਾਣੀ ਦਾ ਵਿਚਾਰਧਾਰਕ ਅਤੇ ਸਿਧਾਂਤਕ ਪਰਿਪੇਖ ਮੌਜੂਦਾ ਪ੍ਰਸਥਿਤੀਆਂ ਵਿਚ ਵਰਤਮਾਨ ਮੁਹਾਵਰੇ ਵਿਚ ਉਸਾਰਨਾ ਬਹੁਤ ਜਰੂਰੀ ਹੋ ਗਿਆ ਸੀ। ਇਸ ਕਾਰਜ ਲਈ ਭਾਈ ਕਾਨ੍ਹ ਸਿੰਘ ਨਾਭਾ, ਭਾਈ ਵੀਰ ਸਿੰਘ, ਭਾਈ ਜੋਧ ਸਿੰਘ ਪ੍ਰੋ. ਸਾਹਿਬ ਸਿੰਘ, ਪ੍ਰੋ. ਪੂਰਨ ਸਿੰਘ , ਪ੍ਰਿੰ. ਤੇਜਾ ਸਿੰਘ ਆਦਿ ਸਿੱਖ ਚਿੰਤਕਾਂ ਨੂੰ ਮੌਜੂਦਾ ਪ੍ਰਸਥਿਤੀਆਂ ਵਿਚ ਪੈਦਾ ਹੋਈਆਂ ਤਬਦੀਲੀਆਂ ਦੇ ਸਨਮੁੱਖ ਗੁਰਮਤਿ ਵਿਚਾਰਧਾਰਾ ਨੂੰ ਸ਼ਰਧਾ ਮੂਲਕ ਪਹੁੰਚ ਦੀ ਬਜਾਏ, ਤਰਕ-ਦਲੀਲ ਅਤੇ ਚਿੰਤਨਸ਼ੀਲ ਦ੍ਰਿਸ਼ਟੀ ਨਾਲ ਵਿਚਾਰਿਆ। ਭਾਈ ਕਾਨ੍ਹ ਸਿੰਘ ਨਾਭਾ ਗੁਰਬਾਣੀ ਸ਼ਬਦਾਂ ਨੂੰ ਆਧੁਨਿਕ ਵਿਗਿਆਨਾਂ ਦਾ ਸੰਦਰਭ ਵਰਤਦੇ ਹੋਏ ਕੋਸ਼ਕਾਰੀ ਪੱਧਰ 'ਤੇ ਤਰਕ ਸੰਗਤ ਕੀਤਾ ਅਤੇ ਅਰਥਾਂ ਵਿਚਲੇ ਧੁਧਲੇਪਣ ਨੂੰ ਹਟਾ ਕੇ ਗੁਰਬਾਣੀ ਦੇ ਸਾਰ ਤੱਤ ਨੂੰ ਲੋਕ ਮਨ ਨੂੰ ਸਪੱਸ਼ਟ ਕਰਨ ਦਾ ਯਤਨ ਕੀਤਾ। ਇਸ ਤਰ੍ਹਾਂ ਆਧੁਨਿਕ ਗੁਰਮਤਿ ਵਿਆਖਿਆਕਾਰੀ ਵਿਚ ਭਾਈ ਕਾਨ੍ਹ ਸਿੰਘ ਨਾਭਾ ਦੀ ਦੇਣ ਮਹੱਤਵਪੂਰਨ ਹੈ।

**1. ਵਿਆਖਿਆਕਾਰੀ ਦਾ ਅਰਥ**

ਵਿਆਖਿਆਕਾਰੀ ਸ਼ਬਦ ਮੁਢਲੇ ਪੱਧਰ ਤੇ ਦੋ ਸ਼ਬਦ ਜੋੜਾਂ 'ਵਿਆਖਿਆ' ਅਤੇ 'ਕਾਰੀ' ਨੂੰ ਮਿਲਾ ਕੇ ਬਣਿਆ ਹੈ। ਪਹਿਲਾਂ ਵਿਆਖਿਆ ਸ਼ਬਦ ਦੀ ਨਿਰੁਕਤੀ ਦੇਖਦੇ ਹਾਂ। ਵਿਆਖਿਆ ਸ਼ਬਦ ਸੰਸਕ੍ਰਿਤ 'ਚੋਂ ਆਇਆ ਹੈ। ਇਹ ਸੰਸਕ੍ਰਿਤ ਦੇ 'ਵਿ' ਅਗੇਤਰ ਅਤੇ 'ਆਖਿਆ' ਸ਼ਬਦ ਨੂੰ ਮਿਲਾ ਕੇ ਬਣਿਆ ਹੈ। ਜੀ. ਐਸ. ਰਿਆਲ 'ਆਖਿਆ' ਸ਼ਬਦ ਦਾ ਇੰਦਰਾਜ ਇਸ ਤਰ੍ਹਾਂ ਦਿੰਦੇ ਹਨ: "ਆਖਿਆ: ਕਿਹਾ; ਪਾਲੀ. ਅੱਖਾਤ; ਪ੍ਰਾਕ. ਅੱਖਾ, ਕਿਹਾ; ਸੰਸ. ਕਿਹਾ {ਭੂ.ਕਿਰ. ਵਲੋਂ ਅਗੇ. +. ਕਹਿਣਾ}"[1]

---

[1] ਜੀ. ਐੱਸ. ਰਿਆਲ, *ਪੰਜਾਬੀ ਭਾਸ਼ਾ ਦਾ ਨਿਰੁਕਤ ਕੋਸ਼* , ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ-56

ਇਸ ਤਰ੍ਹਾਂ ਸਰਲ ਤੌਰ ਤੇ ਅਸੀਂ ਦੇਖਦੇ ਹਾਂ ਕਿ 'ਆਖਿਆ' 'ਕਹਿਣਾ' ਕਿਰਿਆ ਦਾ ਭੂਤ ਕਿਰਦੰਤ ਹੈ। 'ਕਹਿਣਾ' ਸ਼ਬਦ ਸੰਸਕ੍ਰਿਤ ਦੇ 'ਕਥ' ਧਾਤੂ ਦਾ ਬਦਲਿਆ ਰੂਪ ਹੈ। ਇਸ ਤਰ੍ਹਾਂ ਸੰਸਕ੍ਰਿਤ ਦੇ 'ਕਥਾ' ਦਾ ਪੰਜਾਬੀ ਰੂਪ 'ਕਿਹਾ' ਬਣ ਗਿਆ ਹੈ। 'ਆਖਿਆ' ਸ਼ਬਦ 'ਆ+ਖਿਆ' ਤੋਂ ਬਣਿਆ ਹੈ। ਇਸ ਵਿਚ 'ਆ' ਭੂਤ ਕਿਰਦੰਤ ਅਗੇਤਰ ਹੈ ਅਤੇ 'ਖਿਆ' ਮੂਲਾਂਸ਼। 'ਆਖਿਆ' 'ਆਖਣਾ' ਕਿਰਿਆ ਦਾ ਕਿਰਦੰਤ ਹੋਵੇ ਨਿਰੁਕਤੀ ਇਸ ਗੱਲ ਦੀ ਸ਼ਾਹਦੀ ਨਹੀਂ ਭਰਦੀ।

ਕਹਿਣਾ ਜਾਂ ਕਥਨਾ ਦਾ ਅਰਥ ਹੈ ਬਿਆਨ ਕਰਨਾ, ਦੱਸਣਾ, ਬੋਲਣਾ, ਪ੍ਰਗਟਾਉਣਾ। ਜੋ ਮਹਿਸੂਸ ਕੀਤਾ ਜਾਂਦਾ ਹੈ ਜਾਂ ਸੋਚਿਆ ਜਾਂਦਾ ਹੈ, ਉਸਨੂੰ ਬੋਲ ਕੇ ਪ੍ਰਗਟਾਇਆ ਜਾਂਦਾ ਹੈ। ਆਖਿਆ ਦਾ ਅਰਥ ਹੈ ਕਿਹਾ, ਬੋਲਿਆ, ਬਿਆਨ ਕੀਤਾ, ਦੱਸਿਆ, ਪ੍ਰਗਟਾਇਆ, 'ਆਖਿਆ' ਕਹਿਣਾ ਦਾ ਭੂਤ ਕਿਰਦੰਤ ਹੈ। 'ਵਿਆਖਿਆ' ਸ਼ਬਦ 'ਵਿ' ਅਗੇਤਰ ਅਤੇ 'ਆਖਿਆ' ਨੂੰ ਮਿਲਾ ਕੇ ਬਣਿਆ ਹੈ। 'ਵਿ' ਅਗੇਤਰ ਦੇ ਪੰਜਾਬੀ ਕੋਸ਼ ਅਨੁਸਾਰ ਪੰਜਾਬੀ ਵਿਚ ਦੋ ਅਰਥ ਪ੍ਰਚਲਿਤ ਹਨ:

(ੳ) ਵਿ-ਸੰਜੋਗ ਤੋਂ, ਸਮੇਤ, ਨਾਲ ਆਦਿ।[2]

(ਅ) ਵਿ-ਉਲਟ, ਭਿੰਨ, ਆਦਿ।[3]

'ਵਿ' ਅਗੇਤਰ ਦਾ ਦੂਜਾ ਅਰਥ ਵਿਆਖਿਆ ਸ਼ਬਦ ਦੇ ਸੰਦਰਭ 'ਚ ਅਢੁੱਕਵਾਂ ਹੈ। ਇਸ ਲਈ 'ਵਿ' ਦਾ ਮਤਲਬ ਹੈ ਨਾਲ, ਸਮੇਤ, ਸੰਜੋਗ ਤੋਂ ਇਸ ਤਰ੍ਹਾਂ ਰੂਪ ਵਿਗਿਆਨਕ ਆਧਾਰ ਤੇ 'ਵਿਆਖਿਆ' ਸ਼ਬਦ ਦਾ ਅਰਥ 'ਆਖੇ ਸਮੇਤ', 'ਵਿਸ਼ੇਸ਼ ਆਖਿਆ', ਜਾਂ 'ਫਿਰ ਤੋਂ ਆਖਿਆ'

---

[2] *ਪੰਜਾਬੀ ਕੋਸ਼* , (ਜਿਲਦ ਛੇਵੀਂ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1990, ਪੰਨਾ-287

[3] *ਪੰਜਾਬੀ ਕੋਸ਼* , (ਜਿਲਦ ਛੇਵੀਂ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1990, ਪੰਨਾ 287.

ਆਦਿ ਬਣਦੇ ਹਨ। ਮੋਟੇ ਤੌਰ ਤੇ ਆਖੇ ਹੋਏ ਨੂੰ ਖੋਲ੍ਹ ਕੇ ਦੱਸਣਾ। ਇਸ ਤਰ੍ਹਾਂ ਵਿਆਖਿਆ ਕਿਸੇ ਸ਼ਬਦ, ਵਾਕ ਆਦਿ ਨੂੰ ਖੋਲ੍ਹ ਕੇ ਦੱਸਣ ਦਾ ਭਾਵ ਹੈ। 'ਕਾਰੀ' 'ਕਾਰ' ਦਾ ਇਸਤਰੀ ਲਿੰਗ ਰੂਪ ਹੈ। 'ਕਾਰ' ਵਧੇਤਰ ਅਰਥ-ਸੂਚਕ ਪਿਛੇਤਰ ਹੈ ਜਿਸ ਦਾ ਮਤਲਬ ਹੈ ਕਰਨ ਵਾਲਾ। ਵਿਆਖਿਆਕਾਰ ਦੇ ਕੰਮ ਨੂੰ ਵਿਆਖਿਆਕਾਰੀ ਕਿਹਾ ਜਾਂਦਾ ਹੈ। ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਕਾਰ ਮਤਲਬ ਕੰਮ ਅਤੇ ਵਿਆਖਿਆ ਦੇ ਕਾਰਜ ਨੂੰ ਵਿਆਖਿਆਕਾਰੀ ਕਿਹਾ ਜਾਂਦਾ ਹੈ।

ਇਹ 'ਵਿਆਖਿਆਕਾਰੀ' ਸ਼ਬਦ ਦਾ ਨਿਰੁਕਤੀਗਤ ਅਧਿਐਨ ਸੀ। ਨਿਰੁਕਤੀ ਅਨੁਸਾਰ ਬਣਦਾ ਅਰਥ ਵੀ ਦਰਸਾਇਆ ਗਿਆ ਹੈ। ਵਿਆਖਿਆ ਸ਼ਬਦ ਦਾ ਮੁੱਢਲਾ ਅਰਥ ਤਾਂ ਉਹੀ ਹੈ ਜਿਸ ਦਾ ਜ਼ਿਕਰ ਕੀਤਾ ਗਿਆ ਹੈ, ਪਰ ਇੱਥੇ ਅਸੀਂ ਇਸਨੂੰ ਸਿਰਫ ਧਾਰਮਿਕ ਪੁਸਤਕਾਂ ਦੀ ਵਿਆਖਿਆ ਵਾਲੇ ਭਾਵ ਵਿਚ ਹੀ ਵਰਤਾਂਗੇ। ਇਸ ਤਰ੍ਹਾਂ ਇਸ ਦੇ ਪ੍ਰਚਲਿਤ ਭਾਵ ਨੂੰ ਦੋ ਹਿੱਸਿਆ ਵਿਚ ਵੰਡਿਆ ਜਾ ਸਕਦਾ ਹੈ:

- ਕਿਸੇ ਵੀ ਵਾਕ, ਨੁਕਤੇ, ਸ਼ਬਦ, ਸੰਕਲਪ ਆਦਿ ਨੂੰ ਖੋਲ੍ਹ ਕੇ ਬਿਆਨ ਕਰਨਾ।
- ਧਾਰਮਿਕ ਸੰਕਲਪ, ਸ਼ਬਦ, ਬਾਣੀ ਆਦਿ ਦਾ ਮੂਲ ਅਰਥ ਸਮਝਾਉਂਦੇ ਹੋਏ ਬਿਆਨ ਕਰਨਾ।

ਇਸ ਖੋਜ ਕਾਰਜ ਦਾ ਸਾਰਾ ਸੰਬੰਧ 'ਵਿਆਖਿਆ' ਸ਼ਬਦ ਦੇ ਦੂਸਰੇ ਭਾਵ ਨਾਲ ਹੀ ਸਬੰਧਿਤ ਹੈ ਅਤੇ ਇਸੇ ਸੰਦਰਭ ਵਿਚ ਇਹ ਵਰਤਿਆ ਜਾਵੇਗਾ।

### 2. ਵਿਆਖਿਆਕਾਰੀ ਸ਼ਬਦ ਦੀ ਪਰਿਭਾਸ਼ਾ

ਮੁੱਢਲੇ ਰੂਪ ਵਿਚ ਕਿਸੇ ਪਾਠ ਜਾਂ ਸਾਹਿਤਕ ਕ੍ਰਿਤ ਦੇ ਅਰਥਾਂ ਨੂੰ ਸਪਸ਼ਟ ਜਾਂ ਨਿਰਧਾਰਿਤ ਕਰਨ ਦੇ ਕਾਰਜ ਨੂੰ ਵਿਆਖਿਆਕਾਰੀ ਕਿਹਾ ਜਾਂਦਾ ਹੈ। ਇਸ ਦੀਆਂ ਵਿਦਵਾਨਾਂ ਵੱਲੋਂ ਵੱਖ-ਵੱਖ

ਪਰਿਭਾਸ਼ਾਵਾਂ ਦਿੱਤੀਆਂ ਗਈਆਂ ਹਨ। ਇਨ੍ਹਾਂ ਵਿੱਚੋਂ ਕੁਝ ਨੂੰ ਇੱਥੇ ਸੰਕਲਿਤ ਕੀਤਾ ਜਾ ਰਿਹਾ ਹੈ ਤਾਂ ਕਿ ਵਿਆਖਿਆਕਾਰੀ ਦੀਆਂ ਵਿਸ਼ੇਸ਼ਤਾਵਾਂ ਤੋਂ ਜਾਣੂ ਹੋਇਆ ਜਾ ਸਕੇ। ਰਤਨ ਸਿੰਘ ਜੱਗੀ ਅਨੁਸਾਰ "ਜੋ ਰਚਨਾ ਵਿਸਥਾਰ ਵਿਚ ਅਰਥ ਸਮਝਾਵੇ ਉਹ ਵਿਆਖਿਆ ਹੈ।[4]" ਤਾਰਨ ਸਿੰਘ ਆਪਣੀ ਕਿਤਾਬ ਵਿਆਖਿਆਕਾਰੀ ਦੀ ਪਰਿਭਾਸ਼ਾ ਤੋਂ ਸ਼ੁਰੂ ਕਰਦੇ ਹੋਏ ਲਿਖਦੇ ਹਨ, "ਵਿਆਖਿਆਕਾਰੀ ਉਹ ਸਿਰਜਨਾਤਮਕ ਕਲਾ ਹੈ ਜੋ ਕਿਸੇ ਅਨੁਭਵੀ ਸਾਹਿਤਕ ਕਿਰਤ ਦੇ ਵਿਚਾਰਾਂ, ਭਾਵਾਂ, ਭਾਵਨਾਵਾਂ ਨੂੰ ਸਪਸ਼ਟ ਕਰਨ ਦਾ ਯਤਨ ਕਰਦੀ ਹੈ। ਧਰਮ ਗ੍ਰੰਥਾਂ ਦੇ ਵਿਸ਼ੇਸ਼ ਕਰਕੇ ਅਤੇ ਹੋਰ ਸਾਹਿਤਕ ਗ੍ਰੰਥਾਂ ਦੇ ਆਮ ਕਰਕੇ ਜੋ ਪਦਾਰਥ, ਟੀਕੇ, ਭਾਸ਼, ਪਰਮਾਰਥ, ਆਦਿ ਮਿਲਦੇ ਹਨ, ਉਹ ਇਸੇ ਵਰਗ ਦੀਆਂ ਰਚਨਾਵਾਂ ਕਹੇ ਜਾ ਸਕਦੇ ਹਨ।"[5] ਵਿਆਖਿਆ ਬਾਰੇ ਦਰਸ਼ਨ ਸਿੰਘ ਨੇ ਲਿਖਿਆ ਹੈ, "ਵਿਆਖਿਆ ਦਾ ਅਰਥ ਟੀਕਾ ਜਾਂ ਸ਼ਾਬਦਿਕ ਅਰਥਾਂ ਵਿਚ ਪ੍ਰਗਟਾਵਾ ਨਹੀਂ ਸਗੋਂ ਇਹ ਮੂਲ ਅਨੁਭਵ ਦੇ ਮੂਲ ਸੰਦੇਸ਼ ਨੂੰ ਵਿਸਥਾਰ ਵਿਚ ਸਪਸ਼ਟਤਾ ਸਹਿਤ ਬਿਆਨ ਕਰਨ ਦਾ ਯਤਨ ਹੁੰਦਾ ਹੈ।"[6] ਪਿਆਰ ਸਿੰਘ ਆਖਦੇ ਹਨ, "ਵਿਆਖਿਆ ਸਭ ਤਰ੍ਹਾਂ ਦੇ ਢੰਗ ਵਰਤ ਕੇ ਰਚਨਾ ਦੇ ਮਰਮ ਤੇ ਗੁਹਜ ਨੂੰ ਖੋਲ੍ਹਣ ਦੀ ਪਰਿਪਾਟੀ ਹੈ।"[7] ਟੀਕਾਕਾਰੀ ਜਾਂ

---

[4] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼-II*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002 ਪੰਨਾ-49

[5] ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ-1

[6] ਦਰਸ਼ਨ ਸਿੰਘ, *ਭਾਈ ਗੁਰਦਾਸ ਸਿੱਖੀ ਦੇ ਪਹਿਲੇ ਵਿਆਖਿਆਕਾਰ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ-105

[7] ਅਮਰਜੀਤ ਸਿੰਘ ਢਿੱਲੋਂ, *ਟੀਕਾਕਾਰੀ, ਇਤਿਹਾਸਕਾਰੀ ਅਤੇ ਪੱਤਰਕਾਰੀ ਕੁੱਝ ਦ੍ਰਿਸ਼ਟੀਕੋਣ* , ਪਿਆਰ ਸਿੰਘ, 'ਟੀਕਾਕਾਰੀ: ਸਿਧਾਂਤਕ ਵਿਸ਼ਲੇਸ਼ਣ', ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ-99

ਵਿਆਖਿਆਕਾਰੀ ਸਾਨੂੰ ਪੁਰਾਤਨ ਜਾਂ ਗੂੜ੍ਹ ਰਚਨਾਵਾਂ ਨੂੰ ਸਮਝਣ ਵਿਚ ਮਦਦ ਕਰਦੀ ਹੈ। ਪਿਆਰਾ ਸਿੰਘ ਪਦਮ ਇਸ ਸਬੰਧੀ ਲਿਖਦੇ ਹਨ, "ਟੀਕਾਕਾਰੀ ਇਕ ਪ੍ਰਮੁੱਖ ਵਿਧੀ ਹੈ ਜਿਸ ਨਾਲ ਕਿਸੇ ਸਨਾਤਨ ਗ੍ਰੰਥ ਦਾ ਅਰਥ ਬੋਧ, ਵਾਰਤਕ ਵਿਚ ਤੇ ਨਵੀਨ ਬੋਲੀ ਤੇ ਸ਼ੈਲੀ ਵਿਚ ਕੀਤਾ ਜਾਂਦਾ ਹੈ ਤਾਂ ਕਿ ਨਵੀਂ ਪੀੜ੍ਹੀ ਉਸ ਵਿਚਾਰਧਾਰਾ ਤੋਂ ਲਾਭ ਉਠਾ ਸਕੇ।"[8] ਬਲਬੀਰ ਸਿੰਘ ਨੰਦਾ ਇਸ ਸੰਬੰਧ 'ਚ ਕਹਿੰਦੇ ਹਨ, "ਕਿਸੇ ਕਠਿਨ, ਅਸਪੱਸ਼ਟ ਜਾਂ ਰਹੱਸਮਈ ਪਦ, ਵਾਕ, ਸੂਤ੍ਰ, ਜਾਂ ਸੁਤ੍ਰ-ਗ੍ਰੰਥ ਨੂੰ ਸਪਸ਼ਟ, ਸਰਲ ਤੇ ਸੂਖੈਨ ਰੂਪ ਵਿਚ ਵਿਸਤਾਰਮਈ ਢੰਗ ਨਾਲ ਬਿਆਨ ਕਰਨ ਵਾਲੀ ਵ੍ਰਿਤੀ ਨੂੰ ਵਿਆਖਿਆ ਆਖਿਆ ਜਾਂਦਾ ਹੈ।"[9] ਸੋ ਵਿਆਖਿਆ ਵਿਚ ਕਿਸੇ ਰਚਨਾ ਦੇ ਅਰਥਾਂ, ਭਾਵਾਂ, ਮੂਲ ਸੰਦੇਸ਼ਾਂ ਆਦਿ ਨੂੰ ਸਰਲ ਵਾਰਤਕ ਭਾਸ਼ਾ ਵਿਚ ਵਿਸਤਾਰ ਨਾਲ ਕੋਈ ਵੀ ਤਰੀਕਾ ਵਰਤ ਕੇ ਸਪੱਸ਼ਟ ਕੀਤਾ ਜਾਂਦਾ ਹੈ। ਉਕਤ ਵਿਦਵਾਨਾਂ ਦੀਆਂ ਪਰਿਭਾਸ਼ਾਵਾਂ ਤੋਂ ਗੁਰਬਾਣੀ ਵਿਆਖਿਆਕਾਰੀ ਦੀਆਂ ਨਿਮਨਲਿਖਤ ਵਿਸ਼ੇਸ਼ਤਾਵਾਂ ਉਜਾਗਰ ਹੁੰਦੀਆਂ ਹਨ:

-ਵਿਆਖਿਆਕਾਰੀ ਇਕ ਨਿਰੰਤਰ ਗਤੀਸ਼ੀਲ ਸਿਰਜਨਾਤਮਕ ਕਲਾ ਹੈ।

- ਵਿਆਖਿਆਕਾਰੀ ਪਾਠ ਅਤੇ ਪਾਠਕ ਦੇ ਵਿਚਕਾਰ ਪੈਦਾ ਹੋਏ ਜਾਂ ਹੋਣ ਵਾਲੇ ਖੱਪੇ ਨੂੰ ਘਟਾਉਂਦੀ ਹੈ।

- ਵਿਆਖਿਆਕਾਰੀ ਦਾ ਕਾਰਜ ਜਟਿਲ ਅਤੇ ਆਮ ਸਾਹਿਤਕ ਕਿਰਤਾਂ ਨਾਲੋਂ ਵੱਖਰਾ ਅਤੇ ਵਿਸ਼ੇਸ਼ ਹੁੰਦਾ ਹੈ।

---

[8] ਅਮਰਜੀਤ ਸਿੰਘ ਢਿੱਲੋਂ (ਸੰਪਾ.), *ਟੀਕਾਕਾਰੀ, ਇਤਿਹਾਸਕਾਰੀ ਅਤੇ ਪੱਤਰਕਾਰੀ ਕੁੱਝ ਦ੍ਰਿਸ਼ਟੀਕੋਣ* , ਪਿਆਰ ਸਿੰਘ, 'ਟੀਕਾਕਾਰੀ: ਸਿਧਾਂਤਕ ਵਿਸ਼ਲੇਸ਼ਣ', ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 99

[9] ਗੁਰਚਰਨ ਸਿੰਘ (ਸੰਪਾ.), *ਆਲੋਚਨਾ* , ਜੁਲਾਈ-ਸਤੰਬਰ 1986, ਬਲਬੀਰ ਸਿੰਘ ਨੰਦਾ, 'ਪੰਜਾਬੀ ਟੀਕਾਕਾਰੀ: ਸਰੂਪ ਅਤੇ ਵਿਕਾਸ', 1986, ਪੰਨਾ-1

-ਵਿਆਖਿਆਕਾਰੀ ਮਹਿਸੂਸੇ ਅਧਿਆਤਮਿਕ ਅਨੁਭਵ ਨੂੰ ਉਨ੍ਹਾਂ ਹੀ ਅਰਥਾਂ ਵਿਚ ਪ੍ਰਗਟ ਕਰਨ ਦਾ ਇਕ ਜਤਨ ਹੈ।

-ਵਿਆਖਿਆਕਾਰੀ ਗੁਰਮਤ ਸਿਧਾਤਾਂ ਨੂੰ ਸਹੀ ਅਰਥਾਂ ਵਿਚ ਸਮਝਾਉਣ ਦੀ ਇਕ ਕੋਸ਼ਿਸ਼ ਹੈ।

-ਵਿਆਖਿਆਕਾਰੀ ਧਾਰਮਿਕ ਅਨੁਭਵ ਦੀ ਮੰਗ ਕਰਦੀ ਹੈ।

-ਗੁਰਬਾਣੀ ਵਿਆਖਿਆਕਾਰੀ ਸਿੱਖ ਸਭਿਆਚਾਰ (ਜਾਂ ਧਰਮ) ਦਾ ਅਨਿੱਖੜਵਾਂ ਅੰਗ ਹੈ।

**3. ਵਿਆਖਿਆਕਾਰੀ ਸ਼ਬਦ ਨਾਲ ਸੰਬੰਧਿਤ ਹੋਰ ਸ਼ਬਦ**

ਧਾਰਮਿਕ ਗ੍ਰੰਥਾਂ ਜਾਂ ਮੁਸ਼ਕਿਲ ਰਚਨਾਵਾਂ ਦੇ ਅਰਥ ਸਪੱਸ਼ਟ ਕਰਨ ਨੂੰ ਵਿਆਖਿਆ, ਟੀਕਾ, ਪਰਮਾਰਥ, ਪਦਾਰਥ, ਵ੍ਰਿਤੀ, ਭਾਸ਼ਯ ਆਦਿ ਕਿਹਾ ਜਾਂਦਾ ਹੈ। ਇਸ ਤਰ੍ਹਾਂ ਇਹ ਸ਼ਬਦ ਮੋਟੇ ਤੌਰ ਤੇ ਸਮਾਨ-ਅਰਥੀ ਕਹੇ ਜਾ ਸਕਦੇ ਹਨ। ਇਨ੍ਹਾਂ ਵਿਚਲੇ ਸੂਖਮ ਅਰਥਾਂ ਨੂੰ ਅੱਗੇ ਵਿਚਾਰਾਂਗੇ। ਪੰਜਾਬੀ ਵਿਚ ਪ੍ਰਚਲਿਤ ਸ਼ਬਦਾਂ ਵਿੱਚੋਂ 'ਟੀਕਾ' ਅਤੇ 'ਵਿਆਖਿਆ' ਜ਼ਿਆਦਾ ਵਰਤੇ ਜਾਂਦੇ ਹਨ। ਅੱਜ-ਕੱਲ੍ਹ ਵਿਆਖਿਆ ਜਾਂ ਵਿਆਖਿਆਕਾਰੀ ਸ਼ਬਦ ਹੀ ਇਸ ਸੰਦਰਭ ਵਿਚ ਵਰਤਿਆ ਜਾਂਦਾ ਹੈ, ਜਦ ਕਿ ਪਹਿਲਾਂ ਟੀਕਾ ਜਾਂ ਟੀਕਾਕਾਰੀ ਜ਼ਿਆਦਾ ਪ੍ਰਚਲਿਤ ਸੀ। ਵਿਆਖਿਆ ਸ਼ਬਦ ਦਾ ਪ੍ਰਚਲਨ ਨਾ ਹੋਣ ਦਾ ਸਬੂਤ ਇਸ ਗੱਲ ਤੋਂ ਮਿਲਦਾ ਹੈ ਕਿ ਭਾਈ ਕਾਨ੍ਹ ਸਿੰਘ ਨਾਭਾ ਦੇ *ਮਹਾਨ ਕੋਸ਼* ਅਤੇ ਭਾਈ ਵੀਰ ਸਿੰਘ ਦੇ *ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼* ਵਿਚ 'ਵਿਆਖਿਆ' ਸ਼ਬਦ ਦਾ ਇੰਦਰਾਜ ਹੀ ਨਹੀਂ ਹੈ। ਪੁਰਾਤਨ ਪੰਜਾਬੀ ਸਾਹਿਤ ਵਿਚ ਟੀਕਾ, ਵਿਆਖਿਆ, ਭਾਸ਼ਾ, ਪਰਮਾਰਥ ਆਦਿ ਦੀਆਂ ਵਿਭਿੰਨਤਾਵਾਂ ਵੱਲ ਬਹੁਤਾ ਧਿਆਨ ਨਾ ਦੇ ਕੇ ਸਭ ਲਈ ਆਮ ਤੌਰ ਤੇ ਪਰਮਾਰਥ ਜਾਂ ਟੀਕਾ ਸ਼ਬਦ ਹੀ ਵਰਤ ਲਿਆ ਜਾਂਦਾ ਰਿਹਾ ਹੈ।

ਰਤਨ ਸਿੰਘ ਜੱਗੀ ਵਿਆਖਿਆਕਾਰੀ ਦੀ ਬਜਾਏ ਟੀਕਾਕਾਰੀ ਸ਼ਬਦ ਜ਼ਿਆਦਾ ਵਰਤਦੇ ਹਨ ਅਤੇ ਉਨ੍ਹਾਂ ਨੇ ਆਪਣੇ *ਸਿੱਖ ਪੰਥ ਵਿਸ਼ਵਕੋਸ਼* ਅਤੇ *ਗੁਰੂ ਗ੍ਰੰਥ ਵਿਸ਼ਵਕੋਸ਼* ਦੋਵਾਂ ਵਿਚ 'ਵਿਆਖਿਆ' 'ਵਿਆਖਿਆਕਾਰੀ' ਸ਼ਬਦ ਦਾ ਇੰਦਰਾਜ ਨਹੀਂ ਦਿੱਤਾ, ਜਦ ਕਿ ਟੀਕਾ ਅਤੇ ਟੀਕਾਕਾਰੀ ਦੇ ਇੰਦਰਾਜਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਇਨ੍ਹਾਂ ਗੱਲਾਂ ਤੋਂ ਮਹਿਸੂਸ ਹੁੰਦਾ ਹੈ ਕਿ ਉਹ ਵਿਆਖਿਆਕਾਰੀ ਸ਼ਬਦ ਦੀ ਥਾਂ 'ਟੀਕਾਕਾਰੀ' ਸ਼ਬਦ ਵਰਤਣ ਨੂੰ ਤਰਜੀਹ ਦਿੰਦੇ ਹਨ ਪਰ ਉਹ ਦੋਵਾਂ ਦੇ ਅੰਤਰ ਤੋਂ ਬਾਖੂਬੀ ਵਾਕਫ਼ ਹਨ ਅਤੇ ਲੋੜ ਅਨੁਸਾਰ ਦੋਵਾਂ ਸ਼ਬਦਾਂ ਦੀ ਸੁਚੇਤ ਵਰਤੋਂ ਕਰਦੇ ਹਨ, ਪਰ ਜਦ ਸਮਾਨ ਅਰਥੀ ਦੇ ਤੌਰ ਤੇ ਵਰਤਣਾ ਪਵੇ ਤਾਂ ਉਹ ਟੀਕਾਕਾਰੀ ਹੀ ਵਰਤਦੇ ਹਨ। ਉਨ੍ਹਾਂ ਦਾ ਚੇਤਨ ਅਚੇਤਨ ਰੂਪ ਵਿਚ ਇਸ ਤਰ੍ਹਾਂ ਕਰਨਾ ਜਾਇਜ਼ ਹੈ ਕਿਉਂਕਿ 'ਟੀਕਾ' ਸ਼ਬਦ ਸਦੀਆਂ ਤੋਂ ਵਰਤੋਂ ਹੁੰਦਾ ਆ ਰਿਹਾ ਹੈ, ਜਦ ਕਿ ਵਿਆਖਿਆ ਸ਼ਬਦ ਨੂੰ ਕੁਝ ਦਹਾਕੇ ਹੀ ਹੋਏ ਹਨ। ਇਸ ਤੋਂ ਉਲਟ ਤਾਰਨ ਸਿੰਘ ਅਤੇ ਦਰਸ਼ਨ ਸਿੰਘ ਵਿਆਖਿਆ ਜਾਂ ਵਿਆਖਿਆਕਾਰੀ ਸ਼ਬਦ ਨੂੰ ਤਰਜੀਹ ਦਿੰਦੇ ਹਨ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਮਾਰਚ-2012 ਵਿਚ 'ਨੈਸ਼ਨਲ ਸੈਮੀਨਾਰ ਆਨ ਐਕਸੇਜੈਸਿਸ ਆਫ਼ ਸ੍ਰੀ ਗੁਰੂ ਗ੍ਰੰਥ ਸਾਹਿਬ : ਨੇਚਰ ਐਂਡ ਮੈਥਡੋਲਾਜੀ' ਵਿਸ਼ੇ ਤੇ ਹੋਏ ਸੈਮੀਨਾਰ ਵਿਚ ਲਗਪਗ ਵਿਆਖਿਆ ਅਤੇ ਵਿਆਖਿਆਕਾਰੀ ਸ਼ਬਦ ਹੀ ਪ੍ਰਯੋਗ ਹੋਇਆ ਹੈ। ਅੰਗਰੇਜ਼ੀ-ਪੰਜਾਬੀ ਕੋਸ਼ਾਂ ਵਿਚ 'ਐਕਸੇਜੈਸਿਸ' ਦਾ ਪਹਿਲਾ ਅਰਥ ਵਿਆਖਿਆ ਹੀ ਦਿੱਤਾ ਹੈ। ਅਜੋਕੇ ਦੌਰ ਵਿਚ ਵਿਆਖਿਆਕਾਰੀ ਸ਼ਬਦ ਨੇ ਟੀਕਾਕਾਰੀ, ਪਰਮਾਰਥ, ਪਦਾਰਥ, ਅਤੇ ਭਾਸ਼ਯ ਸ਼ਬਦਾਂ ਨੂੰ ਆਪਣੇ ਅੰਤਰਗਤ ਕਰ ਲਿਆ ਹੈ।

### 3.1 ਟੀਕਾਕਾਰੀ/ਟੀਕਾ:

ਟੀਕਾ ਸ਼ਬਦ ਸੰਸਕ੍ਰਿਤ ਦੇ ਧਾਤੂ 'ਟੀਕ' ਤੋਂ ਬਣਿਆ ਹੈ ਜਿਸ ਦਾ ਅਰਥ ਹੈ 'ਬਿਆਨ ਕਰਨਾ, ਦੱਸਣਾ'।[10] ਭਾਈ ਕਾਨ੍ਹ ਸਿੰਘ ਨਾਭਾ *ਮਹਾਨ ਕੋਸ਼* ਵਿਚ ਟੀਕਾ ਦਾ ਅਰਥ 'ਗ੍ਰੰਥ ਦੀ ਵਯਾਖਯਾ' ਦੱਸਦੇ ਹਨ। ਗੁਰਬਾਣੀ ਵਿਚ 'ਟੀਕਾ' ਸ਼ਬਦ ਦਾ ਮਤਲਬ 'ਅਰਥ' ਹੈ। ਗੁਰੂ ਅਰਜਨ ਦੇਵ ਜੀ ਦੇ ਸ਼ਬਦ ਵਿਚ ਇਸ ਤਰ੍ਹਾਂ ਆਇਆ ਹੈ:

> ਮੁਖ ਤੇ ਪੜਤਾ ਟੀਕਾ ਸਹਿਤ॥ ਹਿਰਦੈ ਰਾਮੁ ਨਹੀ ਪੂਰਨ ਰਹਤ॥ (ਗੁ.ਗ੍ਰੰ. 887)

ਰਤਨ ਸਿੰਘ ਜੱਗੀ ਅਨੁਸਾਰ "ਸੰਖੇਪ ਵਿਚ ਅਰਥ ਸਮਝਾਉਣ ਵਾਲੇ ਵਾਕ ਨੂੰ ਟੀਕਾ ਆਖਦੇ ਹਨ, ਜਿਵੇਂ ਸੰਸਕ੍ਰਿਤ ਗ੍ਰੰਥਾਂ ਦੇ ਸਾਰ-ਪ੍ਰਬੋਧਿਕੀ ਟੀਕੇ, 'ਤਰਕ ਸੰਗ੍ਰਹਿ' ਗ੍ਰੰਥ ਦਗ ਅਨੰਮ ਭੱਟ ਰਚਿਤ 'ਤਰਕ ਸੰਗ੍ਰਹਿ ਦੀਪਕਾ ਟੀਕਾ' ਆਦਿ।"[11] ਬਲਕਾਰ ਸਿੰਘ ਆਪਣੇ ਕੁੰਜੀਵਤ ਭਾਸ਼ਣ ਵਿਚ 'ਟੀਕਾ' ਸ਼ਬਦ ਨੂੰ 'ਸਾਰੇ ਰਸਾਂ ਦਾ ਤਿਲਕ' ਅਤੇ 'ਸ਼ਰਣਾਗਤਾਂ ਦੀ ਪਾਲਣਾ ਕਰਣ ਵਾਲਿਆਂ ਵਿਚੋਂ ਮੁਖੀਆ' ਨਾਲ ਜੋੜਦੇ ਹਨ[12], ਜੋ ਕਿ ਮਹਾਨ ਕੋਸ਼ ਵਿਚੋਂ ਅਰਥ ਦੇਖਣ ਲੱਗੇ ਲਾਪਰਵਾਹੀ ਦਾ ਸਿੱਟਾ ਹੈ। ਜਦ ਕਿ ਭਾਈ ਕਾਨ੍ਹ ਸਿੰਘ ਨਾਭਾ 'ਟੀਕਾ' ਸ਼ਬਦ ਦੇ ਇੰਦਰਾਜ ਵਿਚ 'ਟੀਕ' ਧਾਤੂ ਦੇਖਣ ਦਾ ਸਪੱਸ਼ਟ ਇਸ਼ਾਰਾ ਕਰਦੇ ਹਨ, ਜਿਸਦੇ ਅਰਥ ਹਨ ਬਿਆਨ ਕਰਨਾ। ਤਾਰਨ ਸਿੰਘ ਅਨੁਸਾਰ, "ਟੀਕਾ ਟਿੱਪਣੀਆਂ ਸਹਿਤ, ਰਚਨਾ ਨੂੰ ਸਰਲ ਬੋਲੀ ਵਿਚ ਇੰਨ-ਬਿੰਨ ਪੇਸ਼ ਕਰਦਾ

---

[10] ਭਾਈ ਕਾਨ੍ਹ ਸਿੰਘ ਨਾਭਾ, *ਗੁਰਸ਼ਬਦ ਰਤਨਾਕਰ ਮਹਾਨ ਕੋਸ਼* , ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਪੰਨਾ-551

[11] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼-II*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002 ਪੰਨਾ-871

[12] ਬਲਕਾਰ ਸਿੰਘ, *ਨੈਸ਼ਨਲ ਸੈਮੀਨਾਰ ਆਨ ਐਕਸੇਜੈਸਿਸ ਆਫ਼ ਸ੍ਰੀ ਗੁਰੂ ਗ੍ਰੰਥ ਸਾਹਿਬ: ਨੇਚਰ ਐਂਡ ਮੈਥਡੋਲਾਜ਼ੀ ਕੁੰਜੀਵਤ ਭਾਸ਼ਣ ਵਿਚ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2012, ਪੰਨਾ-1

ਹੈ।"[13] ਮਹਿੰਦਰ ਕੌਰ ਗਿੱਲ ਟੀਕੇ ਨੂੰ ਏਦਾਂ ਪਰਿਭਾਸ਼ਿਤ ਕਰਦੇ ਹਨ, "ਟੀਕਾ ਦਾ ਅਰਥ ਹੈ ਬਿਆਨ ਕਰਨਾ। ਕਿਸੇ ਗ੍ਰੰਥ ਦੀ ਵਿਆਖਿਆ ਲਿਖਣ ਵਾਲੇ ਵ੍ਰਿਤੀਕਾਰ ਨੂੰ ਟੀਕਾਕਾਰ ਕਹਿੰਦੇ ਹਨ। ਟੀਕਾ ਸਬਦ ਦਾ ਵਿਉਂਤਪਤੀ ਮੂਲਕ ਅਰਥ ਹੈ, ਕਿਸੇ ਵਸਤੂ ਜਾਂ ਤੱਥ ਦਾ ਬੋਧ ਕਰਾਉਣ ਵਾਲਾ ਵਾਕ ਸਾਧਨ। ਸੰਖੇਪ ਵਿਚ, ਕਿਸੇ ਸ਼ਬਦ, ਪਦ, ਜਾਂ ਵਾਕਾਂ ਦਾ ਅਰਥ ਸਪੱਸ਼ਟ ਕਰਨ ਵਾਲਾ ਕਾਰਜ ਟੀਕਾ ਅਖਵਾਉਂਦਾ ਹੈ।"[14] ਪਿਆਰ ਸਿੰਘ ਇਸ ਸੰਬੰਧ 'ਚ ਕਹਿੰਦੇ ਹਨ, "ਟੀਕਾ ਟਿੱਪਣੀਆਂ ਸਹਿਤ ਰਚਨਾ ਨੂੰ ਸਰਲ ਬੋਲੀ ਵਿਚ ਇੰਨ-ਬਿੰਨ ਸੁਹਿਰਦਤਾ ਨਾਲ ਪ੍ਰਗਟਾਉਣ ਦਾ ਨਾਂ ਹੈ।"[15] ਉਪਰੋਕਤ ਸਾਰੀਆਂ ਪਰਿਭਾਸ਼ਾਵਾਂ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਕਿਸੇ ਕਠਿਨ ਰਚਨਾ ਜਾਂ ਜਟਿਲ ਵਾਕਾਂ ਜਾਂ ਕਾਵਿ ਦਾ ਸੰਖੇਪ ਵਿਚ ਲੋੜ ਅਨੁਸਾਰ ਟਿੱਪਣੀ ਸਹਿਤ, ਸਰਲ ਭਾਸ਼ਾ ਵਿਚ ਅਰਥ ਸਪੱਸ਼ਟ ਕਰਨ ਦਾ ਕਾਰਜ ਟੀਕਾਕਾਰੀ ਅਖਵਾਉਂਦਾ ਹੈ।

### 3.2 ਪਰਮਾਰਥ

ਤਾਰਨ ਸਿੰਘ ਅਨੁਸਾਰ, "ਪਰਮਾਰਥ ਰਚਨਾ ਦੇ ਅਧਿਆਤਮਕ ਸਿਧਾਂਤਾਂ ਨੂੰ ਸਪੱਸ਼ਟ ਕਰਦਾ ਹੈ।"[16] ਭਾਈ ਕਾਨ੍ਹ ਸਿੰਘ ਨਾਭਾ ਪਰਮਾਰਥ ਸ਼ਬਦ ਦੇ ਅਰਥ 'ਸਾਰ ਵਸਤੂ', 'ਆਤਮ

---

[13] ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ-1

[14] ਗੁਰਦੇਵ ਸਿੰਘ (ਸੰਪਾ.), *ਉਦਾਸੀ ਸੰਪਰਦਾਇ ਅਤੇ ਸਿੱਖ ਪੰਥ* , ਮਹਿੰਦਰ ਕੌਰ ਗਿੱਲ, '*ਉਦਾਸੀ ਸੰਤ: ਟੀਕਾਕਾਰੀ ਨੂੰ ਦੇਣ* ', ਪੰਨਾ-126

[15] ਪਿਆਰ ਸਿੰਘ, *ਨਾਨਕ ਪ੍ਰਕਾਸ਼ ਪਤ੍ਰਿਕਾ* , 1985, *'ਗੁਰਬਾਣੀ ਟੀਕਾ ਪ੍ਰਣਾਲੀਆਂ'*, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ-106

[16] ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ-1

ਵਿਦਯ', ਵਾਕਯ ਦਾ ਭਾਵਾਰਥ, ਸਿਧਾਂਤ, ਨਿਚੋੜ' ਦਿੰਦੇ ਹਨ।[17] ਰਤਨ ਸਿੰਘ ਜੱਗੀ ਦੀ ਪਰਿਭਾਸ਼ਾ ਵੀ ਇਸ ਅਰਥ ਦੀ ਪੁਸ਼ਟੀ ਕਰਦੀ ਹੈ, "ਪਰਮਾਰਥ ਵਿਚ ਮੂਲ ਰਚਨਾ ਵਿਚਲੇ ਅਧਿਆਤਮਕ ਤੱਥਾਂ ਦਾ ਵਿਸ਼ੇਸ਼ ਵਿਸ਼ਲੇਸ਼ਣ ਕੀਤਾ ਜਾਂਦਾ ਹੈ।"[18] ਇਸ ਤਰ੍ਹਾਂ ਪਰਮਾਰਥ ਵਿਚ ਬਾਣੀ ਦੇ ਖਾਸ ਕਰ ਗੂੜ੍ਹੇ ਅਧਿਆਤਮਕ ਪੱਖਾਂ ਨੂੰ ਹੀ ਵਿਚਾਰਿਆ ਜਾਂਦਾ ਹੈ। ਪਰਮਰਾਥਾਂ ਦਾ ਅਸਲੀ ਵਿਕਾਸ ਪੁਰਾਣ-ਸਾਹਿਤ ਵਿਚ ਮਿਲਦਾ ਹੈ। ਗੁਰਬਾਣੀ ਦੇ ਸੰਦਰਭ ਵਿਚ ਇਸ ਪਰੰਪਰਾ ਦਾ ਅਰੰਭ ਮੀਣਾ ਪਰੰਪਰਾ ਦੇ ਵਿਦਵਾਨਾਂ ਨੇ ਕੀਤਾ। ਬ੍ਰਹਮਜਗਦੀਸ਼ ਸਿੰਘ ਇਸ ਸੰਬੰਧੀ ਆਖਦੇ ਹਨ, "ਬਹੁਤੀ ਵਾਰ ਇਹ ਪਰਮਾਰਥ ਗੋਸ਼ਟੀ ਦੀ ਸ਼ਕਲ ਅਖਤਿਆਰ ਕਰ ਜਾਂਦੇ ਹਨ। ਇਨ੍ਹਾਂ ਦੀ ਵਿਧੀ ਨਾਟਕੀ ਕਿਸਮ ਦੀ ਹੈ। ਕੋਈ ਜਗਿਆਸੂ ਪ੍ਰਸ਼ਨ ਕਰਦਾ ਦਿਖਾਇਆ ਜਾਂਦਾ ਹੈ; ਜਿਸ ਦੇ ਉੱਤਰ ਵਿਚ ਪਰਮਾਰਥ ਦੀ ਕੋਈ ਟੁਕੜੀ ਰਚੀ ਜਾਂਦੀ ਹੈ। ਪਰਮਾਰਥ ਨੂੰ ਰੋਚਕ ਬਣਾਉਣ ਲਈ ਕਈ ਵਾਰ ਕੋਈ ਕਥਾ ਵੀ ਸ਼ਾਮਿਲ ਕਰ ਲਈ ਜਾਂਦੀ ਹੈ।"[19]

ਬਲਬੀਰ ਸਿੰਘ ਨੰਦਾ ਲਿਖਦੇ ਹਨ, "ਪਰਮਾਰਥ ਮੂਲ ਰਚਨਾ ਵਿਚਲੇ ਪਦਾਂ ਤੇ ਪੰਕਤੀਆਂ ਦੀ ਕੈਦ ਤੋਂ ਮੁਕਤ, ਸਮੁੱਚੇ ਭਾਵ ਨੂੰ ਮੁੱਖ ਰੱਖ ਕੇ ਕੀਤੀ ਗਈ, ਅਜੇਹੀ ਸਰਲ ਤੇ ਸੰਖੇਪ ਵਿਆਖਿਆ ਹੈ ਜਿਸ ਵਿਚ ਮੂਲ ਰਚਨਾ ਦੇ ਭਾਵ ਅਰਥ ਨੂੰ ਸਪਸ਼ਟ ਕੀਤਾ ਜਾਂਦਾ ਹੈ ਅਤੇ ਉਸ ਵਿਚਲੇ ਅਧਿਆਤਮਕ ਤੱਥਾਂ ਨੂੰ ਉਘਾੜਿਆ ਜਾਂਦਾ ਹੈ।"[20] ਸੋ ਪਰਮਾਰਥ ਵਿਚ ਰਚਨਾ ਦਾ

---

[17] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼* , ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਪੰਨਾ-555

[18] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼-II*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002 ਪੰਨਾ-49

[19] ਬ੍ਰਹਮਜਗਦੀਸ਼ ਸਿੰਘ, *ਸਾਹਿਤ ਸੰਕਲਪ ਕੋਸ਼* , ਵਾਰਸ ਸ਼ਾਹ ਫ਼ਾਉਂਡੇਸ਼ਨ, ਅੰਮ੍ਰਿਤਸਰ, ਪੰਨਾ-233

[20] ਅਮਰਜੀਤ ਸਿੰਘ ਢਿੱਲੋਂ, *ਟੀਕਾਕਾਰੀ, ਇਤਿਹਾਸਕਾਰੀ ਅਤੇ ਪੱਤਰਕਾਰੀ ਕੁੱਝ ਦ੍ਰਿਸ਼ਟੀਕੋਣ* , ਨੰਦਾ, ਬਲਬੀਰ ਸਿੰਘ, 'ਪੰਜਾਬੀ ਟੀਕਾਕਾਰੀ ਦੀਆਂ ਮੁੱਖ ਪ੍ਰਵਿਰਤੀਆਂ', ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ-114

ਅਧਿਆਤਮਿਕ ਪੱਖ ਕੇਂਦਰੀ ਬਿੰਦੂ ਹੈ। ਇਸ ਲਈ ਪਰਮਾਰਥ ਵਿਚ ਪਦਾਂ ਅਤੇ ਪੰਕਤੀਆਂ ਅਨੁਸਾਰ ਵਿਆਖਿਆ ਦੀ ਬਜਾਏ ਉਨ੍ਹਾਂ ਵਿਚਲੇ ਸਮੁੱਚੇ ਜਾਂ ਕੇਂਦਰੀ ਭਾਵਾਂ ਅਤੇ ਅਧਿਆਤਮਿਕ ਸਿੱਧਾਂਤ ਨੂੰ ਸਰਲਤਾ ਨਾਲ ਸਪੱਸ਼ਟ ਕੀਤਾ ਜਾਂਦਾ ਹੈ।

### 3.3 ਭਾਸ਼ਯ

ਭਾਸ਼ਯ ਬਾਰੇ ਮਹਾਨ ਕੋਸ਼ ਵਿਚ ਇਸ ਤਰ੍ਹਾਂ ਦਰਜ ਹੈ, "ਉਹ ਟੀਕਾਰੂਪ ਗ੍ਰੰਥ, ਜਿਸ ਵਿਚ ਕਿਸੇ ਸੂਤਰ ਆਦਿ ਵਾਕਾਂ ਦਾ ਖੋਲ੍ਹ ਕੇ ਅਰਥ ਲਿਖਿਆ ਜਾਵੇ, ਅਤੇ ਵਿਸਤਾਰ ਸਹਿਤ ਕੀਤੀ ਵਯਾਖਯਾ।"[21] ਰਤਨ ਸਿੰਘ ਜੱਗੀ ਇਸ ਬਾਰੇ ਲਿਖਦੇ ਹਨ, "ਭਾਸ਼ (ਭਾਸ਼ਯ) ਵਿਚ ਮੂਲ ਰਚਨਾ ਦੀਆਂ ਅਸਪੱਸ਼ਟ ਗੱਲਾਂ ਨੂੰ ਸਪੱਸ਼ਟ ਕੀਤਾ ਜਾਂਦਾ ਹੈ ਅਤੇ ਉਸ ਸਬੰਧੀ ਕੁਝ ਸਮੱਗ੍ਰੀ ਭਾਸਕਰ ਆਪਣੇ ਵੱਲੋਂ ਵੀ ਸ਼ਾਮਿਲ ਕਰ ਦਿੰਦਾ ਹੈ, ਜਿਵੇਂ 'ਪਾਇਨੀ ਸੂਤ੍ਰ' ਉੱਤੇ ਪਤੰਜਲੀ ਦਾ 'ਵਿਆਕਰਣ ਮਹਾਭਾਸ਼ਯ ਅਤੇ ਸ਼ੰਕਰ ਦੇ ਉਪਨਿਸ਼ਦਾਂ ਉੱਤੇ ਲਿਖੇ ਭਾਸ਼ਯ।"[22] ਤਾਰਨ ਸਿੰਘ ਅਨੁਸਾਰ, "ਭਾਸ਼ ਵਿਚ ਕਿਸੇ ਵਿਸ਼ੇਸ਼ ਦ੍ਰਿਸ਼ਟੀਕੋਨ ਤੋਂ ਰਚਨਾ ਦੇ ਸਿਧਾਂਤ ਤੇ ਭਾਵ, ਭਾਵਨਾ ਪ੍ਰਗਟ ਕੀਤੇ ਜਾਂਦੇ ਹਨ।"[23] ਬਲਬੀਰ ਸਿੰਘ ਨੰਦਾ ਲਿਖਦੇ ਹਨ, "ਸੂਤ੍ਰਾਂ ਨੂੰ ਵਿਆਖਿਆ ਰਾਹੀਂ ਸਪੱਸ਼ਟ ਕਰਨ ਦੀ ਲੋੜ ਨੇ ਹੀ ਭਾਸ਼ ਸਾਹਿਤ ਨੂੰ ਜਨਮ ਦਿੱਤਾ। ਭਾਸ਼ ਕਿਸੇ ਵਿਸ਼ੇਸ਼ ਦ੍ਰਿਸ਼ਟੀਕੋਣ ਨੂੰ ਮੁੱਖ ਰੱਖ ਕੇ ਲਿਖਿਆ ਜਾਂਦਾ ਹੈ ਅਤੇ ਇੱਕੋ ਮੂਲ ਰਚਨਾ ਦੇ ਵੱਖ-ਵੱਖ ਵਿਸ਼ੇਸ਼ ਸ਼ੈਲੀ ਵਿਚ ਸੂਤ੍ਰਾਂ ਦੀ ਅਜੇਹੀ ਵਿਸਤਾਰਪੂਰਵਕ ਵਿਆਖਿਆ ਹੈ ਜਿਸ ਵਿਚ ਭਾਸ਼ਕਾਰ ਨੇ ਆਪਣੇ ਦ੍ਰਿਸ਼ਟੀਕੋਣ ਨੂੰ ਸਹੀ ਸਿੱਧ ਕਰਨ ਲਈ ਆਪਣੇ ਵਿਚਾਰ ਵੀ ਦਿੱਤੇ ਹੁੰਦੇ ਹਨ। ਭਾਸ਼ ਵਿਚ ਕੀਤੀ ਵਿਆਖਿਆ ਟੀਕੇ ਨਾਲੋਂ

[21] ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼* , ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਪੰਨਾ-703

[22] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼-II* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002 ਪੰਨਾ-49

[23] ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ-1

ਕਠਿਨ, ਗੰਭੀਰ ਅਤੇ ਵਧੇਰੇ ਵਿਸਤਾਰਪੂਰਵਕ ਹੁੰਦੀ ਹੈ।"[24] ਇਨ੍ਹਾਂ ਪਰਿਭਾਸ਼ਾਵਾਂ ਤੋਂ ਇਹ ਨੁਕਤੇ ਹਾਸਿਲ ਹੁੰਦੇ ਹਨ ਕਿ ਭਾਸ਼ਯ ਵਿਚ ਲੋੜੀਂਦੇ ਸੂਤਰਾਂ ਦਾ ਖੋਲ੍ਹ ਕੇ ਵਿਸਤਾਰਮਈ ਅਰਥ ਕਰਨਾ, ਸਿਰਫ ਅਸਪੱਸ਼ਟ ਪੱਖਾਂ ਨੂੰ ਸਪੱਸ਼ਟ ਕਰਨਾ, ਵਿਆਖਿਆਰਕਾਰ ਦਾ ਖੁਦ ਵੀ ਕੁਝ ਸ਼ਾਮਿਲ ਕਰਨਾ, ਕਿਸੇ ਖਾਸ ਦ੍ਰਿਸ਼ਟੀਕੋਣ ਜਾਂ ਸਿਧਾਂਤ ਦੀ ਪੁਸ਼ਟੀ ਕਰਨਾ, ਆਦਿ ਵਿਸ਼ੇਸ਼ਤਾਵਾਂ ਸ਼ਾਮਿਲ ਹੁੰਦੀਆਂ ਹਨ। ਚੋਣਵੇਂ ਸੂਤਰਾਂ ਦੀ ਵਿਆਖਿਆਕਾਰੀ ਅਤੇ ਵਧੇਰੇ ਵਿਸਤਾਰ ਭਾਸ਼ਯ ਨੂੰ ਟੀਕਾਕਾਰੀ ਨਾਲੋਂ ਨਿਖੇੜਦਾ ਹੈ।

### 3.4 ਪਦਾਰਥ

ਭਾਈ ਕਾਨ੍ਹ ਸਿੰਘ ਨਾਭਾ *ਮਹਾਨ ਕੋਸ਼* ਵਿਚ ਪਦਾਰਥ ਦਾ ਅਰਥ "ਪਦ ਦਾ ਅਰਥ. ਤੁਕ ਅਤੇ ਸ਼ਬਦ ਦਾ ਭਾਵ" ਦਾ ਭਾਵ ਦਿੰਦੇ ਹਨ। ਇਸ ਤਰ੍ਹਾਂ ਪਦਾਰਥ ਦਾ ਮਤਲਬ ਕਿਸੇ ਸ਼ਬਦ ਜਾਂ ਪਦ ਨੂੰ ਸਰਲ ਕਰਕੇ ਸਮਝਾਉਣਾ ਜਾਂ ਲਿਖਣਾ ਹੈ। ਤਾਰਨ ਸਿੰਘ ਲਿਖਦੇ ਹਨ, "ਪਦਾਰਥ ਵਿਚ ਪ੍ਰਯਾਯਵਾਚੀ ਸ਼ਬਦੀ ਅਰਥ ਹੁੰਦੇ ਹਨ।"[25]

### 3.5 ਟਿੱਪਣੀ

ਬਲਬੀਰ ਸਿੰਘ ਨੰਦਾ ਕਹਿੰਦੇ ਹਨ, "ਟਿੱਪਣੀ ਸ਼ਬਦ ਟੀਕੇ ਦਾ ਪਰਯਯਵਾਚੀ ਹੈ ਪਰ ਸਾਹਿਤ ਵਿਚ ਇਹ ਸ਼ਬਦ ਵੱਖ-ਵੱਖ ਅਰਥਾਂ ਵਿਚ ਪ੍ਰਯੁਕਤ ਹੋਇਆ ਹੈ। ਕਿਸੇ ਦੇ ਸੰਬੰਧ ਵਿਚ ਪ੍ਰਗਟ ਕੀਤਾ ਗਿਆ ਸੰਖਿਪਤ ਵਿਚਾਰ ਵੀ ਟਿੱਪਣੀ ਅਖਵਾਉਂਦਾ ਹੈ। ਜਦੋਂ ਟਿੱਪਣੀ ਸ਼ਬਦ ਨੂੰ ਟੀਕੇ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ ਤਾਂ ਇਸ ਤੋਂ ਭਾਵ ਅਜਿਹਾ ਸੰਖਿਪਤ ਟੀਕਾ ਹੁੰਦਾ ਹੈ

---

[24] ਗੁਰਚਰਨ ਸਿੰਘ (ਸੰਪਾ), *ਆਲੋਚਨਾ, ਜੁਲਾਈ-ਸਤੰਬਰ 1986,* ਬਲਬੀਰ ਸਿੰਘ ਨੰਦਾ, 'ਪੰਜਾਬੀ ਟੀਕਾਕਾਰੀ: ਸਰੂਪ ਅਤੇ ਵਿਕਾਸ', ਪੰਨਾ-1

[25] ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ* , ਪੰਜਾਬੀ ਯੂਨਿਵਰਸਿਟੀ, ਪਟਿਆਲਾ, 1997, ਪੰਨਾ-1

ਜਿਸ ਵਿਚ ਮੂਲ ਰਚਨਾ ਦੇ ਕੇਵਲ ਕਠਿਨ ਸ਼ਬਦ ਜਾਂ ਕਠਿਨ ਪਦਾਂ ਦੀ ਹੀ ਵਿਆਖਿਆ ਹੁੰਦੀ ਹੈ। ਇਸ ਵਿਚ ਟੀਕੇ ਵਾਂਗ ਸਾਰੇ ਅਵੱਸ਼ਕ ਪਦਾਂ ਦੀ ਹੀ ਵਿਆਖਿਆ ਨਹੀਂ ਹੁੰਦੀ ਹੈ।" [26] ਜੋਗਿੰਦਰ ਸਿੰਘ ਲਿਖਦੇ ਹਨ, "ਸੰਖੇਪ ਵਿਚ ਕੀਤੇ ਗਏ ਟੀਕੇ ਨੂੰ ਟਿੱਪਣੀ ਕਹਿੰਦੇ ਹਨ ਜਿਸ ਵਿਚ ਕੇਵਲ ਕਠਿਨ ਪਦਾਂ ਦੀ ਵਿਆਖਿਆ ਹੁੰਦੀ ਹੈ ਭਾਵੇਂ ਉਹ ਸੌਖੇ ਹੋਣ ਜਾਂ ਔਖੇ ਆਮ ਤੌਰ ਤੇ 'ਟਿੱਪਣੀ' ਸ਼ਬਦ ਅੰਗ੍ਰੇਜ਼ੀ ਦੇ ਸ਼ਬਦ 'ਨੋਟ' ਦੇ ਅਰਥ ਵਿਚ ਵਰਤਿਆ ਜਾਂਦਾ ਹੈ। ਕਈ ਵਾਰ ਟੀਕਾ-ਟਿੱਪਣੀ ਸ਼ਬਦ ਦਾ ਜੁੜਵਾਂ ਪ੍ਰਯੋਗ ਵੀ ਕੀਤਾ ਜਾਂਦਾ ਹੈ ਜਿਸ ਦਾ ਅਰਥ ਆਲੋਚਨਾ ਹੁੰਦਾ ਹੈ। ਇਸ ਤਰ੍ਹਾਂ ਟਿੱਪਣੀ ਕੇਵਲ ਕਠਿਨ ਸੂਤਰਾਂ ਦੀ ਹੀ ਵਿਆਖਿਆ ਸੰਖੇਪ ਵਿਚ ਕਰਦੀ ਹੈ। ਚੋਣਵੇਂਪਣ ਦੇ ਪੱਖ ਤੋਂ ਭਾਸ਼ਯ ਨਾਲ ਮੇਲ ਹੈ ਪਰ ਉਸ ਵਿਚ ਵਿਆਖਿਆਕਾਰੀ ਵਿਸਤਾਰਮਈ ਹੁੰਦੀ ਹੈ, ਇਸ ਵਿਚ ਸੰਖੇਪ।

### 3.6 ਵ੍ਰਿਤੀ

ਬਲਬੀਰ ਸਿੰਘ ਨੰਦਾ ਵ੍ਰਿਤੀ ਦੀ ਪਰਿਭਾਸ਼ਾ ਇਸ ਤਰ੍ਹਾਂ ਦਿੰਦੇ ਹਨ, "ਭਾਵੇਂ ਮੂਲ ਰੂਪ ਵਿਚ ਸੰਖਿਪਤ ਗੰਭੀਰ ਵਿਆਖਿਆ ਨੂੰ ਹੀ ਵ੍ਰਿਤੀ ਆਖਿਆ ਜਾਂਦਾ ਸੀ ਪਰ ਪਿੱਛੋਂ ਜਾ ਕੇ ਇਹ ਸ਼ਬਦ ਵਿਆਖਿਆ ਮਾਤ੍ਰ ਦਾ ਹੀ ਸੂਚਕ ਰਹਿ ਗਿਆ ਅਤੇ ਗ੍ਰੰਥਕਾਰ ਆਪਣੀ ਇੱਛਾ ਅਨੁਸਾਰ ਆਪਣੇ ਵਿਆਖਿਆਨ ਗ੍ਰੰਥਾਂ ਦਾ ਨਾਮ ਵ੍ਰਿਤੀ, ਟੀਕਾ, ਟਿੱਪਣੀ ਆਦਿ ਰੱਖਣ ਲੱਗੇ।"[27] ਸੋ ਸੰਖੇਪ ਵਿਚ ਗੰਭੀਰ ਵਿਆਖਿਆ ਨੂੰ ਵ੍ਰਿਤੀ ਕਿਹਾ ਜਾਂਦਾ ਹੈ, ਬਹੁਤਾ ਇਹ ਵਿਆਖਿਆ ਅਤੇ ਟੀਕੇ ਦਾ ਹੀ ਸਮਾਨਰਥੀ ਹੈ।

---

[26] ਅਮਰਜੀਤ ਸਿੰਘ ਢਿੱਲੋਂ, *ਟੀਕਾਕਾਰੀ, ਇਤਿਹਾਸਕਾਰੀ ਅਤੇ ਪੱਤਰਕਾਰੀ ਕੁੱਝ ਦ੍ਰਿਸ਼ਟੀਕੋਣ,* ਨੰਦਾ, ਬਲਬੀਰ ਸਿੰਘ, 'ਪੰਜਾਬੀ ਟੀਕਾਕਾਰੀ ਦੀਆਂ ਮੁੱਖ ਪ੍ਰਵਿਰਤੀਆਂ', ਪੰਜਾਬੀ ਯੂਨੀਵਰਸਿਟੀ, ਪਟਿਆਲਾ,ਪੰਨਾ-115

[27] ਅਮਰਜੀਤ ਸਿੰਘ ਢਿੱਲੋਂ, *ਟੀਕਾਕਾਰੀ, ਇਤਿਹਾਸਕਾਰੀ ਅਤੇ ਪੱਤਰਕਾਰੀ ਕੁੱਝ ਦ੍ਰਿਸ਼ਟੀਕੋਣ* , ਪਿਆਰ ਸਿੰਘ, 'ਟੀਕਾਕਾਰੀ: ਸਿਧਾਂਤਕ ਵਿਸ਼ਲੇਸ਼ਣ', ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ-118

**ਵਿਆਖਿਆਕਾਰੀ ਦੇ ਸਮਾਨਰਥੀ ਸੰਕਲਪਾਂ ਵਿਚ ਭਿੰਨਤਾ:**

| ਟੀਕਾ | ਪਰਮਾਰਥ | ਭਾਸ਼ਯ | ਪਦਾਰਥ | ਟਿੱਪਣੀ | ਵ੍ਰਿਤੀ | ਵਿਆਖਿਆ |
|---|---|---|---|---|---|---|
| ਕਿਸੇ ਕਠਿਨ ਰਚਨਾ ਜਾਂ ਜਟਿਲ ਵਾਕਾਂ ਜਾਂ ਕਾਵਿ ਦਾ ਸੰਖੇਪ ਵਿਚ ਲੋੜ ਅਨੁਸਾਰ ਟਿੱਪਣੀ ਸਹਿਤ, ਸਰਲ ਭਾਸ਼ਾ ਵਿਚ ਅਰਥ ਸਪੱਸ਼ਟ ਕਰਨ ਦਾ ਕਾਰਜ ਟੀਕਾਕਾਰੀ ਅਖਵਾਉਂਦਾ ਹੈ। | ਪਰਮਾਰਥ ਵਿਚ ਰਚਨਾ ਦਾ ਅਧਿਆਤਮਿਕ ਪੱਖ ਕੇਂਦਰੀ ਬਿੰਦੂ ਹੈ। ਇਸ ਲਈ ਪਰਮਾਰਥ ਵਿਚ ਪਦਾਂ ਅਤੇ ਪੰਕਤੀਆਂ ਅਨੁਸਾਰ ਵਿਆਖਿਆ ਦੀ ਬਜਾਏ ਉਨ੍ਹਾਂ ਵਿਚਲੇ ਸਮੁੱਚੇ ਜਾਂ ਕੇਂਦਰੀ ਭਾਵਾਂ ਅਤੇ ਅਧਿਆਤਮਿਕ ਸਿੱਧਾਂਤ ਨੂੰ ਸਰਲਤਾ ਨਾਲ ਸਪੱਸ਼ਟ ਕੀਤਾ ਜਾਂਦਾ ਹੈ। | ਭਾਸ਼ਯ ਵਿਚ ਲੋੜੀਂਦੇ ਸੂਤਰਾਂ ਦਾ ਖੋਲ੍ਹ ਕੇ ਵਿਸਤਾਰਮਈ ਅਰਥ ਕਰਨਾ, ਸਿਰਫ ਅਸਪੱਸ਼ਟ ਪੱਖਾਂ ਨੂੰ ਸਪੱਸ਼ਟ ਕਰਨਾ, ਵਿਆਖਿਆਰਕਾਰ ਦਾ ਖੁਦ ਵੀ ਕੁਝ ਸ਼ਾਮਿਲ ਕਰਨਾ, ਕਿਸੇ ਖਾਸ ਦ੍ਰਿਸ਼ਟੀਕੋਣ ਜਾਂ ਸਿਧਾਂਤ ਦੀ ਪੁਸ਼ਟੀ ਕਰਨਾ, ਆਦਿ ਵਿਸ਼ੇਸ਼ਤਾਵਾਂ ਸ਼ਾਮਿਲ ਹੁੰਦੀਆਂ ਹਨ। ਚੋਣਵੇਂ ਸੂਤਰਾਂ ਦੀ ਵਿਆਖਿਆਕਾਰੀ ਅਤੇ ਵਧੇਰੇ ਵਿਸਤਾਰ ਭਾਸ਼ਯ ਨੂੰ ਟੀਕਾਕਾਰੀ ਨਾਲੋਂ ਨਿਖੇੜਦਾ ਹੈ। | ਪਦਾਰਥ ਦਾ ਮਤਲਬ ਕਿਸੇ ਸ਼ਬਦ ਜਾਂ ਪਦ ਨੂੰ ਸਰਲ ਕਰਕੇ ਸਮਝਾਉਣਾ ਜਾਂ ਲਿਖਣਾ ਹੈ। | ਟਿੱਪਣੀ ਕੇਵਲ ਕਠਿਨ ਸੂਤਰਾਂ ਦੀ ਹੀ ਵਿਆਖਿਆ ਸੰਖੇਪ ਵਿਚ ਕਰਦੀ ਹੈ। ਚੋਣਵੇਂਪਣ ਦੇ ਪੱਖ ਤੋਂ ਭਾਸ਼ਯ ਨਾਲ ਮੇਲ ਹੈ ਪਰ ਉਸ ਵਿਚ ਵਿਆਖਿਆਕਾਰੀ ਵਿਸਤਾਰਮਈ ਹੁੰਦੀ ਹੈ, ਇਸ ਵਿਚ ਸੰਖੇਪ। | ਸੰਖੇਪ ਵਿਚ ਗੰਭੀਰ ਵਿਆਖਿਆ ਨੂੰ ਵ੍ਰਿਤੀ ਕਿਹਾ ਜਾਂਦਾ ਹੈ, ਬਹੁਤਾ ਇਹ ਵਿਆਖਿਆ ਅਤੇ ਟੀਕੇ ਦਾ ਹੀ ਸਮਾਨਰਥੀ ਹੈ। | ਵਿਆਖਿਆ ਵਿਚ ਕਿਸੇ ਰਚਨਾ ਦੇ ਅਰਥਾਂ, ਭਾਵਾਂ, ਮੂਲ ਸੰਦੇਸ਼ਾਂ ਆਦਿ ਨੂੰ ਸਰਲ ਵਾਰਤਕ ਭਾਸ਼ਾ ਵਿਚ ਵਿਸਤਾਰ ਨਾਲ ਕੋਈ ਵੀ ਤਰੀਕਾ ਵਰਤ ਕੇ ਸਪੱਸ਼ਟ ਕੀਤਾ ਜਾਂਦਾ ਹੈ। |

ਵਿਆਖਿਆ ਸ਼ਾਸਤਰ (Hermeneutics): ਵਿਆਖਿਆ ਸ਼ਾਸਤਰ ਇਕ ਸ੍ਵੈ-ਅਨੁਸ਼ਾਸਿਤ ਵਿਗਿਆਨ ਹੈ ਜੋ ਧਾਰਮਿਕ ਪਾਠ ਨੂੰ ਨਿਯਮਾਂ ਸਹਿਤ ਸਮਝਣ ਵਿਚ ਮਦਦ ਕਰਦਾ ਹੈ। Hermeneutics ਯੂਨਾਨੀ ਭਾਸ਼ਾ ਦੇ ਸ਼ਬਦ Hermeneuein ਤੋਂ ਬਣਿਆ ਹੈ ਇਸਦਾ ਮਤਲਬ ਵਿਆਖਿਆ ਕਰਨਾ ਹੈ।[28] ਵਿਆਖਿਆ ਸ਼ਾਸਤਰ ਵਿਆਖਿਆਕਾਰੀ ਤੋਂ ਭਿੰਨ ਹੈ, ਕਿਉਂਕਿ ਵਿਆਖਿਆ ਸ਼ਾਸਤਰ ਨੂੰ ਇਕ ਵਿਗਿਆਨ ਦੀ ਤਰ੍ਹਾਂ ਲਿਆ ਜਾਂਦਾ ਹੈ। ਵਿਆਖਿਆਕਾਰੀ ਦੇ ਸੰਬੰਧ ਵਿਚ ਅਜਿਹਾ ਨਹੀਂ ਹੈ।

**4. ਵਿਆਖਿਆਕਾਰੀ ਪਰੰਪਰਾ**

ਭਾਰਤ ਵਿਚ ਵਿਆਖਿਆਕਾਰੀ ਵੈਦਿਕ ਕਾਲ ਤੋਂ ਹੀ ਸ਼ੁਰੂ ਹੋ ਗਈ ਸੀ। ਵੱਖ-ਵੱਖ ਰਿਸ਼ੀਆਂ ਨੇ ਆਪਣੇ-ਆਪਣੇ ਢੰਗ ਨਾਲ ਵੇਦਾਂ ਦੀ ਵਿਆਖਿਆ ਕਰਵਾਈ, ਜਿਸ ਕਾਰਨ ਵੇਦਾਂ ਦੀਆਂ ਕਈ ਸ਼ਾਖਾਵਾਂ ਪ੍ਰਚਲਿਤ ਹੋ ਗਈਆਂ। ਇਹ ਸ਼ਾਖਾਵਾਂ ਵਿਭਿੰਨ ਸੰਪਰਦਾਵਾਂ ਦੇ ਵੈਦਿਕ ਸਾਹਿਤ ਦੀ ਵਿਆਖਿਆ ਸੰਬੰਧੀ ਮਤਭੇਦਾਂ ਦੀਆਂ ਸੂਚਕ ਹਨ। ਸੰਹਿਤਾਵਾਂ ਤੋਂ ਬਾਅਦ ਬ੍ਰਾਹਮਣ ਹੋਂਦ ਵਿਚ ਆਏ, ਬ੍ਰਾਹਮਣਾਂ ਗ੍ਰੰਥਾਂ ਵਿਚ ਵੱਡ ਆਕਾਰੀ ਵਿਆਖਿਆ ਹੈ। ਬ੍ਰਾਹਮਣ ਵੇਦਾਂ ਦੇ ਮੰਤਰਾਂ ਦੀ ਪੁਰਾਤਨ ਢੰਗ ਦੀ ਵਿਆਖਿਆ ਕਰਦੇ ਹਨ। ਵੇਦਾਂ ਨਾਲ ਕਈ ਬ੍ਰਾਹਮਣ ਜੁੜੇ ਹਨ ਜਿਵੇਂ ਰਿਗਵੇਦ ਨਾਲ ਕੌਸਤਕੀ ਅਤੇ ਐਤਰਿਆ, ਯਜੁਰਵੇਦ ਨਾਲ ਤੈਤ੍ਰਿਆ ਅਤੇ ਸ਼ਟਪਥਾ, ਸਾਮਵੇਦ ਨਾਲ ਪੰਚਵਿਸ਼ ਅਤੇ ਜੈਮਨਿਆ, ਅਥਰਵਵੇਦ ਨਾਲ ਗੋਪਥ। ਸਮੇਂ ਨਾਲ ਪੁਰਾਤਨ ਸੰਸਕ੍ਰਿਤ ਦਾ ਰੂਪ ਬਦਲ ਗਿਆ ਸੋ ਵੈਦਿਕ ਸੰਸਕ੍ਰਿਤ ਸਮਝਣ ਔਖੀ ਹੋ ਗਈ ਤਾਂ ਅਰਥਾਂ ਲਈ

[28] *Webster Dictionary of the ᴱnglish Language* (College edition), Surjeet Publications, New Delhi, 1979, p.707.

ਨਿਘੰਟੂਆਂ ਦਾ ਨਿਰਮਾਣ ਕੀਤਾ ਗਿਆ ਫਿਰ ਨਿਰੁਕਤੀ ਆਈ। ਫਿਰ ਆਰਣਯਕ ਤੋਂ ਬਾਅਦ ਉਪਨਿਸ਼ਦ ਲਿਖੇ ਗਏ। ਫਿਰ ਭਾਸ਼ਯ ਦਾ ਸਮਾਂ ਆਉਂਦਾ ਹੈ, ਜਿਨ੍ਹਾਂ ਵਿਚ ਵਿਸਤਾਰ ਨਾਲ ਵਿਆਖਿਆ ਕੀਤੀ ਜਾਂਦੀ ਸੀ ਅਤੇ ਉਪਨਿਸ਼ਦਾਂ ਵਿਚ ਵਿਆਖਿਆਕਾਰੀ ਦਾਰਸ਼ਨਿਕ ਨਜ਼ਰੀਏ ਤੋਂ ਕੀਤੀ ਗਈ ਹੈ।

ਵਿਆਖਿਆਕਾਰੀ ਦੀ ਅਗਲੀ ਪਰੰਪਰਾ ਵੇਦਾਂਗਾਂ ਰਾਹੀਂ ਵਿਕਾਸ ਕਰਦੀ ਹੈ। ਵੇਦਾਂਗ ਗਿਣਤੀ ਵਿਚ ਛੇ ਹਨ: ਸ਼ਿਕਸ਼ਾ, ਕਲਪ, ਵਯਾਕਰਣ, ਨਿਰੁਕਤ, ਛੰਦ, ਜਯੋਤਿਸ਼। ਬ੍ਰਹਮਣਵਾਦ ਦੇ ਕਰਾਮਕਾਂਡਾਂ ਵਿਰੁਧ ਬੁਧ ਧਰਮ ਦੀਆਂ ਪਟਿਕਾਵਾਂ ਨੇ ਵੀ ਆਪਣਾ ਯੋਗਦਾਨ ਪਾਇਆ ਜੋ ਬੋਧ ਸਿਧਾਂਤਾਂ ਦੀ ਵਿਆਖਿਆ ਵੀ ਕਰਦੀਆਂ ਹਨ। ਵਿਆਖਿਆਕਾਰੀ ਦਾ ਆਰੰਭ ਵੈਦਿਕ ਸਾਹਿਤ ਤੋਂ ਹੁੰਦਾ ਹੈ।

ਸੰਸਾਰ ਦੇ ਸਭ ਤੋਂ ਪ੍ਰਾਚੀਨ ਗ੍ਰੰਥ ਰਿਗਵੇਦ ਦਾ ਰਚਨਾ ਕਾਲ 1500 ਈ.ਪੂ. ਮੰਨਿਆ ਜਾਂਦਾ ਹੈ। ਯਜੁਰਵੇਦ, ਸਾਮਵੇਦ ਅਤੇ ਅਥਰਵ ਵੇਦ ਦਾ ਰਚਨਾ ਕਾਲ ਇਸ ਤੋਂ ਬਾਅਦ ਦਾ ਹੈ। ਉਪਨਿਸ਼ਦਾਂ ਵਿਚ ਵੇਦਾਂ ਦੇ ਕੇਂਦਰੀ ਵਿਸ਼ੇ ਕਰਮ, ਉਪਾਸ਼ਨਾ ਅਤੇ ਗਿਆਨ ਤੇ ਹੀ ਵਿਸਤਾਰ ਨਾਲ ਵਿਚਾਰ ਕੀਤਾ ਗਿਆ ਹੈ। ਦਲਜੀਤ ਸਿੰਘ ਲਿਖਦੇ ਹਨ, "ਵੇਦ ਅਧਿਆਪਨ ਸਮੇਂ ਉਪਨਿਸ਼ਦ ਜਾਂ ਤਾਂ ਆਚਾਰੀਆਂ ਵੱਲੋਂ ਵਿਦਿਆਰਥੀਆਂ ਨੂੰ ਦਿੱਤੀਆਂ ਗਈਆਂ ਵੇਦ-ਦਰਸ਼ਨ ਉੱਪਰ ਟਿੱਪਣੀਆਂ ਦਾ ਰੂਪ ਹਨ ਜਾਂ ਵਿਦਿਆਰਥੀਆਂ ਵੱਲੋਂ ਲਈਆਂ ਗਈਆਂ ਟਿੱਪਣੀਆਂ ਦੀਆਂ ਵਿਆਖਿਆਵਾਂ ਹਨ।"[29]

---

[29] ਦਲਜੀਤ ਸਿੰਘ (ਐਡਮਿੰਟਨ), *ਦਰਸ਼ਨ: ਸੱਚ ਦੀ ਭਾਲ,* ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪੰਨਾ-1

ਉਪਨਿਸ਼ਦ ਕਾਲ ਨੂੰ ਵੈਦਿਕ ਕਾਲ ਦਾ ਅੰਤਲਾ ਸਮਾਂ ਅਰਥਾਤ ਵੇਦਾਂਤਕ ਸਮਾਂ ਕਿਹਾ ਜਾਂਦਾ ਹੈ ਕਿਉਂਕਿ ਉਪਨਿਸ਼ਦ ਵੇਦਾਂ ਦੇ ਅੰਤ 'ਚ ਦਿੱਤੇ ਗਏ ਹਨ। ਜੋ ਹਜ਼ਾਰ ਈ. ਪੂ. ਤੋਂ ਪੰਜ ਸੌ ਈ. ਪੂ. ਦੇ ਵਿਚਕਾਰ ਦਾ ਸਮਾਂ ਬਣਦਾ ਹੈ।

**5. ਗੁਰਮਤਿ ਵਿਆਖਿਆਕਾਰੀ ਪਰੰਪਰਾ**

ਗੁਰਬਾਣੀ ਦੀ ਵਿਆਖਿਆਕਾਰੀ ਨੂੰ ਹੀ ਗੁਰਮਤਿ ਵਿਆਖਿਆਕਾਰੀ ਕਿਹਾ ਜਾਂਦਾ ਹੈ ਕਿਉਂਕਿ ਗੁਰਬਾਣੀ ਰਾਹੀਂ ਹੀ ਗੁਰੂ ਸਾਹਿਬਾਨ ਨੇ ਆਪਣਾ ਉਪਦੇਸ਼ ਦੁਨੀਆਂ ਨੂੰ ਦਿੱਤਾ ਹੈ। ਗੁਰੂ ਸਾਹਿਬਾਨ ਦੁਆਰਾ ਦਰਸਾਏ 'ਮਤ', ਉਪਦੇਸ਼, ਸਿਧਾਂਤ ਨੂੰ ਗੁਰਬਾਣੀ ਦੇ ਹਵਾਲੇ ਨਾਲ ਖੋਲ੍ਹ ਕੇ ਸਮਝਾਉਣਾ ਹੀ ਗੁਰਮਤਿ ਵਿਆਖਿਆਕਾਰੀ ਹੈ। ਇਸ ਸਿਧਾਂਤ ਨੂੰ ਸਮਝਣ ਲਈ ਗੁਰਬਾਣੀ ਹੀ ਮਾਰਗ ਦਰਸ਼ਨ ਕਰਦੀ ਹੈ। ਇਸ ਤਰ੍ਹਾਂ ਗੁਰਬਾਣੀ ਦੀ ਵਿਆਖਿਆਕਾਰੀ ਨੂੰ ਹੀ ਗੁਰਮਤਿ ਵਿਆਖਿਆਕਾਰੀ ਕਿਹਾ ਜਾ ਸਕਦਾ ਹੈ। ਗੁਰਮਤਿ ਵਿੱਚ ਗੁਰੂ ਦੁਆਰਾ ਦਿੱਤੇ ਸੰਕਲਪਾਂ ਅਕਾਲ ਪੁਰਖ, ਸ੍ਰਿਸ਼ਟੀ ਰਚਨਾ, ਹਉਮੈ, ਮਿਹਰ, ਕਰਮ, ਸ਼ਬਦ ਗੁਰੂ, ਨਾਮ, ਮਨ, ਹੁਕਮ ਨਾਮ, ਸਿਮਰਨ, ਕੀਰਤਨ, ਸੇਵਾ ਸੱਚਖੰਡ, ਜੀਵਨ ਮੁਕਤ, ਦਸਗੁਰੂ ਇੱਕ ਜੋਤ, ਮੀਰੀ-ਪੀਰੀ, ਅੰਮ੍ਰਿਤ ਸੰਸਕਾਰ, ਖਾਲਸਾ ਆਦਿ ਦੇ ਸਿਧਾਂਤਾਂ ਵੱਲ ਧਿਆਨ ਦਿੱਤਾ ਜਾਂਦਾ ਹੈ।

ਗੁਰਮਤਿ ਵਿਆਖਿਆਕਾਰੀ ਦੀ ਸ਼ੁਰੂਆਤ ਗੁਰਬਾਣੀ ਦੀ ਰਚਨਾ ਦੇ ਨਾਲ ਹੀ ਹੋ ਗਈ ਸੀ। ਭਾਈ ਗੁਰਦਾਸ ਜੀ ਆਪਣੀ ਪਹਿਲੀ ਵਾਰ ਦੀ ਪਉੜੀ-38 ਵਿਚ ਆਖਦੇ ਹਨ:

ਫਿਰਿ ਬਾਬਾ ਆਇਆ ਕਰਤਾਰਪੁਰਿ ਭੇਖੁ ਉਦਾਸੀ ਸਗਲ ਉਤਾਰਾ।

ਪਹਿਰਿ ਸੰਸਾਰੀ ਕਪੜੇ ਮੰਜੀ ਬੈਠ ਕੀਆ ਅਵਤਾਰਾ।

ਉਲਟੀ ਗੰਗ ਵਹਾਇਓਨਿ ਗੁਰ ਅੰਗਦੁ ਸਿਰਿ ਉਪਰਿ ਧਾਰਾ।

ਪੁਤਰੀ ਕਉਲੁ ਨ ਪਾਲਿਆ ਮਨਿ ਖੋਟੇ ਆਕੀ ਨਸਿਆਰਾ।

ਬਾਣੀ ਮੁਖਹੁ ਉਚਾਰੀਐ ਹੁਇ ਰੁਸਨਾਈ ਮਿਟੈ ਅੰਧਾਰਾ।

ਗਿਆਨੁ ਗੋਸਟਿ ਚਰਚਾ ਸਦਾ ਅਨਹਦਿ ਸਬਦਿ ਉਠੇ ਧੁਨਕਾਰਾ।

ਸੋ ਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ।

ਗੁਰਮੁਖਿ ਭਾਰਿ ਅਥਰਬਣਿ ਤਾਰਾ॥38॥

ਇਸ ਵਾਰ ਤੋਂ ਪਤਾ ਚਲਦਾ ਹੈ ਕਿ ਗੁਰੂ ਨਾਨਕ ਦੇਵ ਜੀ ਕਰਤਾਰਪੁਰ ਆਕੇ ਰਹਿਣ ਲੱਗੇ। ਉਨ੍ਹਾਂ ਦਾ ਮੁੱਖੋਂ ਬਾਣੀ ਉਚਾਰਨਾ, ਗਿਆਨ ਗੋਸ਼ਟਿ ਅਤੇ ਚਰਚਾ ਕਰਨਾ ਗੁਰਮਤਿ ਵਿਆਖਿਆਰਕਾਰੀ ਦਾ ਮੁੱਢ ਬੰਨ੍ਹਦਾ ਹੈ। "ਗੁਰੂ ਨਾਨਕ ਦੇਵ ਆਪ ਆਪਣੀ ਬਾਣੀ ਦੀ ਵਿਆਖਿਆ, ਆਪਣੀ ਬਾਣੀ ਵਿਚ ਹੀ ਕਰਦੇ ਸਨ। ਆਪ ਦੇ ਉਤਰਾਧਿਕਾਰੀ ਵੀ ਆਪਣੀ ਬਾਣੀ ਵਿਚ ਆਪ ਵੱਲੋਂ ਬੰਨ੍ਹੇ ਮੁੱਖ ਸਿਧਾਂਤਾਂ, ਵਿਚਾਰਾਂ ਭਾਵ ਗੁਰਮਤਿ ਦੀ ਵਿਆਖਿਆ ਕਰਦੇ ਰਹੇ ਹਨ।"[30] ਦਰਸ਼ਨ ਸਿੰਘ ਲਿਖਦੇ ਹਨ, "ਗੁਰੂ ਸਾਹਿਬਾਨ ਨੇ ਆਪਣੇ ਰੱਬੀ ਅਨੁਭਵ ਨੂੰ ਆਮ ਸ਼ਬਦ ਰੂਪ ਵਿਚ ਪ੍ਰਗਟ ਹੀ ਨਹੀਂ ਕੀਤਾ ਸਗੋਂ ਇਸ ਦੀ ਸ਼ੁੱਧਤਾ ਬਣਾਈ ਰਖਣ ਲਈ ਅਤੇ ਹੋਰ ਤਰ੍ਹਾਂ ਦੇ ਰਲਾ ਤੋਂ ਬਚਾਣ ਲਈ ਆਪ ਹੀ ਗ੍ਰੰਥ ਰੂਪ ਵਿਚ ਸੰਪਾਦਿਤ ਵੀ ਕਰ ਗਏ। ...ਰੱਬੀ ਅਨੁਭਵ ਦੀ ਪਹਿਲੀ ਅਧਿਕਾਰੀ ਵਿਆਖਿਆ ਇਹੀ ਹੈ।"[31]

---

[30] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002 ਪੰਨਾ-49

[31] ਦਰਸ਼ਨ ਸਿੰਘ, *ਭਾਈ ਗੁਰਦਾਸ ਸਿੱਖੀ ਦੇ ਪਹਿਲੇ ਵਿਆਖਿਆਕਾਰ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ-93

ਇਨ੍ਹਾਂ ਨੁਕਤਿਆਂ ਨੂੰ ਧਿਆਨ ਵਿਚ ਰਖਦੇ ਹੋਏ 'ਗੁਰਮਤਿ ਵਿਆਖਿਆਕਾਰੀ ਪਰੰਪਰਾ' ਦੀ ਸ਼ੁਰੂਆਤ ਗੁਰੂਕਾਲ ਤੋਂ ਮੰਨੀ ਜਾ ਸਕਦੀ ਹੈ ਪਰ ਇਹ ਆਰੰਭ ਵਿਆਖਿਆਕਾਰੀ ਦਾ ਅੰਸ਼ਕ ਰੂਪ ਹੀ ਹੈ। ਜਿਸ ਤਰ੍ਹਾਂ ਦਰਸ਼ਨ ਸਿੰਘ ਆਖਦੇ ਹਨ, "ਗੁਰੂ ਨਾਨਕ ਦੇਵ ਜੀ ਅਤੇ ਪਿਛਲੇਰੇ ਗੁਰੂ ਸਾਹਿਬਾਨ ਦੀ ਬਾਣੀ ਦਾ ਸੰਬੰਧ ਮੂਲ ਤੇ ਵਿਆਖਿਆ ਵਾਲਾ ਨਹੀਂ ਅਤੇ ਨਾ ਹੀ ਪਿਛਲੇਰੇ ਗੁਰੂ ਸਾਹਿਬਾਨ ਨੇ ਚੇਤੰਨ ਰੂਪ ਵਿਚ ਅਜਿਹਾ ਕਰਨ ਦਾ ਯਤਨ ਹੀ ਕੀਤਾ ਲਗਦਾ ਹੈ।"[32]

ਉਂਝ ਤਾਂ ਭਾਸ਼ਾ ਵੀ ਆਪਣੇ-ਆਪ 'ਚ ਵਿਆਖਿਆ ਹੀ ਹੈ। ਧਾਰਮਿਕ ਗ੍ਰੰਥਾਂ ਦੀ ਬਾਣੀ ਵੀ ਅਧਿਆਤਮਕ ਅਨੁਭਵਾਂ ਦੀ ਵਿਆਖਿਆਕਾਰੀ ਹੀ ਹੈ। ਜਦ ਵਿਆਖਿਆਕਾਰੀ ਨੂੰ ਇਸ ਸੰਦਰਭ ਵਿਚ ਦੇਖਦੇ ਹਾਂ ਤਾਂ ਇਸ ਦੇ ਅਰਥ ਬੜੇ ਵਿਸ਼ਾਲ ਹੋ ਜਾਂਦੇ ਹਨ ਪਰ ਇਸ ਅਧਿਆਇ ਵਿਚ ਵਿਆਖਿਆਕਾਰੀ ਸ਼ਬਦ ਨੂੰ ਇਸਦੇ ਕੋਸ਼ਗਤ ਅਤੇ ਪ੍ਰਚਲਿਤ ਅਰਥਾਂ ਵਿਚ ਹੀ ਪ੍ਰਭਾਸ਼ਿਤ ਕਰਾਂਗੇ ਅਤੇ ਵਿਆਖਿਆਕਾਰੀ ਦੇ ਇਤਿਹਾਸ ਬਾਰੇ ਸੰਖੇਪ 'ਚ ਵਰਣਨ ਕਰਾਂਗੇ।

### 6. ਗੁਰਮਤਿ ਵਿਆਖਿਆਕਾਰੀ ਦੀ ਕਾਲ ਵੰਡ

ਗੁਰਬਾਣੀ ਵਿਆਖਿਆਕਾਰੀ ਪਰੰਪਰਾ ਦੀ ਨਿਸ਼ਚਿਤ ਅਤੇ ਸਰਵ ਪ੍ਰਮਾਣਿਤ ਕਾਲ ਵੰਡ ਤਾਂ ਕਿਸੇ ਪੁਸਤਕ 'ਚੋਂ ਸਾਹਮਣੇ ਨਹੀਂ ਆਈ। ਤਾਰਨ ਸਿੰਘ ਗੁਰਮਤਿ ਵਿਆਖਿਆਕਾਰੀ ਪਰੰਪਰਾ ਦੀ ਵੰਡ 'ਵਿਆਖਿਆ ਪ੍ਰਣਾਲੀਆਂ' ਦੇ ਰੂਪ ਵਿਚ ਕਰਦੇ ਹਨ। ਰਤਨ ਸਿੰਘ ਜੱਗੀ ਗੁਰਮਤਿ ਵਿਆਖਿਆਕਾਰੀ ਪਰੰਪਰਾ ਦੀ ਵੰਡ ਸੰਬੰਧੀ ਲਿਖਦੇ ਹਨ:

---

[32] ਦਰਸ਼ਨ ਸਿੰਘ, *ਭਾਈ ਗੁਰਦਾਸ ਸਿੱਖੀ ਦੇ ਪਹਿਲੇ ਵਿਆਖਿਆਕਾਰ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ-93

"ਗੁਰਬਾਣੀ ਦੀ ਵਾਰਤਕ ਟੀਕਾਕਾਰੀ ਦਾ ਵਿਕਾਸ ਭਿੰਨ ਭਿੰਨ ਸਿੱਖ ਸੰਪ੍ਰਦਾਵਾਂ ਦੇ ਵਿਦਵਾਨਾਂ ਦੁਆਰਾ ਆਪਣੀ-ਆਪਣੀ ਵਿਸ਼ੇਸ਼ ਰੁਚੀ ਅਤੇ ਭਾਵਨਾ ਅਨੁਸਾਰ ਹੋਇਆ, ਜਿਸ ਨੂੰ ਆਮ ਤੌਰ ਤੇ ਪੰਜ ਸੰਪਰਦਾਈ ਸ਼ਾਖਾਵਾਂ ਵਿਚ ਵੰਡਿਆ ਜਾ ਸਕਦਾ ਹੈ-

- ਟੀਕਾਕਾਰੀ ਦੀ ਮਿਹਰਬਾਨ ਸ਼ਾਖਾ
- ਟੀਕਾਕਾਰੀ ਦੀ ਗਿਆਨੀ ਸ਼ਾਖਾ
- ਟੀਕਾਕਾਰੀ ਦੀ ਸੇਵਾਪੰਥੀ ਸ਼ਾਖਾ
- ਟੀਕਾਕਾਰੀ ਦੀ ਉਦਾਸੀ ਸ਼ਾਖਾ ਅਤੇ
- ਟੀਕਾਕਾਰੀ ਦੀ ਨਿਰਮਲ ਸ਼ਾਖਾ।"[33]

ਰਤਨ ਸਿੰਘ ਜੱਗੀ ਦਾ ਮੰਨਣਾ ਹੈ ਕਿ ਗੁਰਮਤਿ ਵਿਆਖਿਆਕਾਰੀ ਪਰੰਪਰਾ ਵਿਚ ਪ੍ਰਧਾਨਤਾ ਵਾਰਤਕ ਵਿਚ ਲਿਖੇ ਟੀਕਿਆਂ ਦੀ ਹੈ, ਇਸ ਲਈ ਉਹ ਆਪਣੇ ਵਿਸ਼ਵਕੋਸ਼ਾਂ ਵਿਚ ਉਪਰੋਕਤ ਸ਼ਾਖਾਵਾਂ ਨੂੰ ਹੀ ਵਿਸਥਾਰ ਸਹਿਤ ਦਰਜ ਕਰਦੇ ਹਨ। ਉਹ ਸਹਿਜ ਪ੍ਰਣਾਲੀ ਅਤੇ ਭਾਈ ਪ੍ਰਣਾਲੀ ਨੂੰ ਬਹੁਤਾ ਉਚੇਚ ਨਹੀਂ ਦਿੰਦੇ। ਤਾਰਨ ਸਿੰਘ ਵਿਆਖਿਆਕਾਰੀ ਸ਼ਬਦ ਦਾ ਵਿਸ਼ਾਲ ਅਰਥ ਲੈਂਦੇ ਹੋਏ ਇਸ ਵਿਚ ਟੀਕਾਕਾਰੀ ਨੂੰ ਸੰਮਲਿਤ ਕਰ ਲੈਂਦੇ ਹਨ। ਇਸ ਤਰ੍ਹਾਂ ਇਨ੍ਹਾਂ ਦੋਵਾਂ ਵਿਦਵਾਨਾਂ ਨੇ ਗੁਰਮਤਿ ਵਿਆਖਿਆਕਾਰੀ ਪਰੰਪਰਾ ਵਿਚ ਪ੍ਰਚੱਲਿਤ ਪ੍ਰਣਾਲੀਆਂ ਜਾਂ ਸ਼ਾਖਾਵਾਂ ਦੀ ਵੰਡ ਤਾਂ ਕੀਤੀ ਹੈ ਪਰ ਇਸ ਪਰੰਪਰਾ ਦੀ ਕਾਲ ਵੰਡ ਨਿਰਧਾਰਤ ਨਹੀਂ ਕੀਤੀ ਹੈ।

ਪਿਆਰਾ ਸਿੰਘ ਪਦਮ ਟੀਕਾਕਾਰੀ ਪਰੰਪਰਾ ਦੀ ਕਾਲ ਵੰਡ ਤਿੰਨ ਭਾਗਾਂ ਵਿਚ ਕਰਦੇ ਹਨ:

---

[33] ਰਤਨ ਸਿੰਘ ਜੱਗੀ, *ਭਾਵ ਪ੍ਰਬੋਧਨੀ ਟੀਕਾ: ਸ੍ਰੀ ਗੁਰੂ ਗ੍ਰੰਥ ਸਾਹਿਬ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ-xxxi

ੳ ਪੁਰਾਤਨ ਟੀਕਾਕਾਰੀ

ਅ ਨਵੀਨ ਟੀਕਾਕਾਰੀ

ੲ ਆਧੁਨਿਕ ਟੀਕਾਕਾਰੀ[34]

ਉਨ੍ਹਾਂ ਨੇ ਟੀਕਾਕਾਰੀ ਦੀ ਸ਼ੁਰੂਆਤ 1877 ਈ. ਤੋਂ ਮੰਨੀ ਹੈ। ਇਸ ਬਾਅਦ ਵਾਲੇ ਸਮੇਂ ਨੂੰ ਹੀ ਉਹ ਉਪਰੋਕਤ ਤਿੰਨ ਹਿੱਸਿਆਂ ਵਿਚ ਵੰਡਦੇ ਹਨ, ਜੋ ਦਰੁਸਤ ਨਹੀਂ ਹੈ।

### 6.1 ਗੁਰੂ ਕਾਲ ਦੀ ਗੁਰਮਤਿ ਵਿਆਖਿਆਕਾਰੀ (1469-1700)

ਗੁਰੂ ਕਾਲ ਦੀ ਗੁਰਮਤਿ ਵਿਆਖਿਆਕਾਰੀ ‘ਤੇ ਹੋਰ ਬਾਹਰਲੇ ਧਰਮਾਂ, ਵਾਦਾਂ ਆਦਿ ਦਾ ਪ੍ਰਭਾਵ ਨਹੀਂ ਝਲਕਦਾ। ਗੁਰੂ ਕਾਲ ਦੇ ਦੌਰਾਨ ਵਿਆਖਿਆਕਾਰੀ ਦੀਆਂ ਪ੍ਰਮੁੱਖ ਤਿੰਨ ਪ੍ਰਣਾਲੀਆਂ ਸਹਿਜ ਪ੍ਰਣਾਲੀ, ਭਾਈ ਪ੍ਰਣਾਲੀ ਅਤੇ ਪਰਮਾਰਥ ਪ੍ਰਣਾਲੀ ਪ੍ਰਚਲਿਤ ਹੋਈਆਂ। ਭਾਵੇਂ ਸੰਪਰਦਾਇ ਪ੍ਰਣਾਲੀ ਦੀ ਸ਼ੁਰੂਆਤ ਭਾਈ ਮਨੀ ਸਿੰਘ ਰਾਹੀਂ ਗੁਰੂ ਗੋਬਿੰਦ ਸਿੰਘ ਦੇ ਸਮੇਂ ਹੁੰਦੀ ਹੈ ਪਰ ਇਹ ਵਿਕਸਿਤ ਅਤੇ ਵਿਆਖਿਆਕਾਰੀ ਦੇ ਪ੍ਰਕਾਸ਼ਿਤ ਰੂਪ ਉੱਤਰ ਗੁਰੂ-ਕਾਲ ਵਿਚ ਹੀ ਹੋਂਦ ਵਿਚ ਆਏ। ਸੋ ਗੁਰੂ ਕਾਲ ਵਿਚ ਵਿਆਖਿਆਕਾਰੀ ਦੀਆਂ ਤਿੰਨ ਪ੍ਰਮੁੱਖ ਪ੍ਰਣਾਲੀਆਂ ਸਨ:

- ਸਹਿਜ ਪ੍ਰਣਾਲੀ
- ਭਾਈ ਪ੍ਰਣਾਲੀ
- ਪਰਮਾਰਥ ਪ੍ਰਣਾਲੀ

ਬਲਬੀਰ ਸਿੰਘ ਨੰਦਾ ਗੁਰੂ ਕਾਲ ਦੀ ਵਿਆਖਿਆਕਾਰੀ ਦੀਆਂ ਮੁੱਖ ਪ੍ਰਵਿਰਤੀਆਂ ਭਾਈ ਗੁਰਦਾਸ, ਸੋਢੀ ਮਿਹਰਬਾਨ ਅਤੇ ਭਾਈ ਮਨੀ ਸਿੰਘ ਦੀ ਟੀਕਾਕਾਰੀ ਦੇ ਆਧਾਰ ‘ਤੇ ਦੱਸਦੇ ਹਨ:

---

[34] ਅਮਰਜੀਤ ਸਿੰਘ ਢਿੱਲੋਂ, *ਟੀਕਾਕਾਰੀ, ਇਤਿਹਾਸਕਾਰੀ ਅਤੇ ਪੱਤਰਕਾਰੀ ਕੁੱਝ ਦ੍ਰਿਸ਼ਟੀਕੋਣ* , ਪਦਮ, ਪਿਆਰਾ ਸਿੰਘ, 'ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਟੀਕਾਕਾਰੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ', ਪੰਨਾ-176

-ਵਿਆਖਿਆਕਾਰੀ ਵਿਚ ਅਰਥਾਂ ਦੀ ਖਿੱਚੋਤਾਣ ਨਹੀਂ ਹੈ ਬਲਕਿ ਮੂਲ ਪਾਠ ਦੀ ਅਗਵਾਈ 'ਚ ਹੀ ਅਰਥ ਕੀਤੇ ਗਏ ਹਨ।

-ਇਕ ਤੁਕ ਦੇ ਇਕ ਅਰਥ ਹਨ ਅਤੇ ਅਰਥਾਂ ਵਿਚ ਨਿਸ਼ਚਤਤਾ ਤੇ ਸਪਸ਼ਟਤਾ ਹੈ।

-ਵਿਆਖਿਆਕਾਰੀ ਬੇਲੋੜੇ ਗਿਆਨ ਦੇ ਦਿਖਾਵੇ ਨਾਲ ਬੋਝਲ ਨਹੀਂ ਹੈ।

-ਭਾਸ਼ਾ ਸਰਲ ਅਤੇ ਅਰਥ ਸੰਖੇਪ ਹਨ।

### 6.1.1 ਸਹਿਜ ਪ੍ਰਣਾਲੀ (1469-1606)

ਸਹਿਜ ਪ੍ਰਣਾਲੀ (1469-1606) ਬਾਣੀ ਦੀ ਉਹ ਵਿਆਖਿਆ ਜੋ ਗੁਰੂਆਂ ਨੇ ਬਾਣੀ ਰੂਪ ਵਿਚ ਹੀ ਕੀਤੀ, ਸਹਿਜ ਵਿਆਖਿਆ ਕਹਾਉਂਦੀ ਹੈ। ਇਸ ਨੂੰ ਵਿਆਖਿਆਕਾਰੀ ਦੇ ਇਤਿਹਾਸ ਵਿਚ ਸਹਿਜ ਪ੍ਰਣਾਲੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਸ ਦਾ ਸਮਾਂ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਅਰਜਨ ਦੇਵ ਜੀ ਤਕ ਦਾ ਮੰਨਿਆ ਜਾਂਦਾ ਹੈ। ਚਾਹੇ ਬਾਬਾ ਫ਼ਰੀਦ ਅਤੇ ਸੰਤ ਕਬੀਰ ਗੁਰੂਆਂ ਤੋਂ ਪਹਿਲਾਂ ਹੋਏ ਹਨ, ਪਰ ਇਨ੍ਹਾਂ ਦੀ ਬਾਣੀ ਦੀ ਵਿਆਖਿਆ ਲੋੜ ਅਨੁਸਾਰ ਬਾਣੀ ਰੂਪ ਵਿਚ ਹੀ ਗੁਰੂਆਂ ਦੁਆਰਾ ਗੁਰੂ ਕਾਲ ਵਿਚ ਹੀ ਹੋਈ। ਇਸ ਲਈ ਵਿਆਖਿਆਕਾਰੀ ਦੇ ਇਤਿਹਾਸ ਵਿਚ ਸਹਿਜ ਪ੍ਰਣਾਲੀ ਦਾ ਸਮਾਂ 1469 ਤੋਂ 1606 ਮੰਨਿਆ ਜਾ ਸਕਦਾ ਹੈ। ਸਹਿਜ ਪ੍ਰਣਾਲੀ ਵਿਆਖਿਆਕਾਰੀ ਵਿਚ ਬਹੁਤਾ ਯੋਗਦਾਨ ਗੁਰੂ ਨਾਨਕ ਦੇਵ ਜੀ, ਗੁਰੂ ਅਮਰਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਦਾ ਹੀ ਹੈ।

> ਸਹਿਜ ਪ੍ਰਣਾਲੀ ਤਾਰਨ ਸਿੰਘ ਸਿੰਘ ਅਨੁਸਾਰ ਗੁਰੂ ਨਾਨਕ ਦੇਵ ਜੀ ਆਪਣੀਆਂ ਉਦਾਸੀਆਂ ਦੌਰਾਨ ਅਨੇਕ ਭੇਖਾਂ ਦੇ ਸਾਧੂਆਂ, ਜੋਗੀਆਂ, ਮਹੰਤਾਂ ਨੂੰ ਮਿਲੇ ਅਤੇ ਉਨ੍ਹਾਂ ਨੂੰ ਆਪਣੀ ਬਾਣੀ ਦੇ ਸਿਧਾਂਤ ਸਮਝਾਏ। ਆਪਣੇ

ਅਨੁਭਵ ਅਤੇ ਸੱਚ ਦੇ ਸੰਕਲਪਾਂ ਦੀ ਸਪਸ਼ਟਤਾ ਉਹ ਖੁਦ ਬਾਣੀ ਵਿਚ ਵੀ ਕਰਦੇ ਹਨ...। ਬਾਅਦ ਵਿਚ ਦੂਸਰੇ ਗੁਰੂ ਸਾਹਿਬਾਨ ਨੇ ਵੀ ਗੁਰੂ ਨਾਨਕ ਦੀ ਰਚੀ ਬਾਣੀ ਦੀ ਵਿਆਖਿਆ ਆਪਣੀ ਬਾਣੀ ਵਿਚ ਕੀਤੀ।

**6.1.2 ਭਾਈ ਪ੍ਰਣਾਲੀ (1601-1604)**

ਸਹਿਜ ਪ੍ਰਣਾਲੀ ਦੀ ਵਿਆਖਿਅਕਾਰੀ ਗੁਰਬਾਣੀ ਵਿਆਖਿਆਕਰੀ ਦਾ ਆਧਾਰ ਤਾਂ ਹੈ, ਪਰ ਇਸਨੂੰ ਮੁਕੰਮਲ ਰੂਪ ਵਿਚ ਗੁਰਬਾਣੀ ਦੀ ਵਿਅਖਿਅਕਾਰੀ ਨਹੀਂ ਕਿਹਾ ਜਾ ਸਕਦਾ। ਗੁਰਮਤਿ ਵਿਆਖਿਅਕਾਰੀ ਦਾ ਅਰੰਭ ਪੂਰਨ ਤੌਰ ਤੇ ਭਾਈ ਗੁਰਦਾਸ ਦੀਆਂ ਵਾਰਾਂ ਨਾਲ 1601 ਈ. ਵਿਚ ਗੁਰੂ ਕਾਲ ਦੇ (1469-1699) ਦੇ ਦੌਰਾਨ ਹੀ ਹੁੰਦਾ ਹੈ। ਅਗਸਤ 1604 ਈ. ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਕਾਰਜ ਸੰਪੂਰਨ ਹੋਣ ਤੋਂ ਬਾਅਦ ਇਸਨੂੰ ਦਰਬਾਰ ਸਾਹਿਬ ਵਿਚ ਸਥਾਪਿਤ ਕੀਤਾ ਗਿਆ। ਬਾਬਾ ਬੁੱਢਾ ਜੀ ਇਸਦੇ ਪਹਿਲੇ ਗ੍ਰੰਥੀ ਥਾਪੇ ਗਏ ਸਨ। ਸ੍ਰੀ ਗੁਰੂ ਅਰਜਨ ਦੇਵ ਕੀ ਨੇ ਭਾਈ ਗੁਰਦਾਸ ਨੂੰ ਬਾਣੀ ਦੀ ਵਿਆਖਿਆ ਅਤੇ ਕਥਾ ਵਾਰਤਾ ਕਰਨ ਦਾ ਆਦੇਸ਼ ਦਿੱਤਾ ਤਾਂ ਜੋ ਬਾਣੀ ਦੇ ਅਸਲ ਅਰਥ ਅਤੇ ਗੁਰਮਤਿ ਸਿਧਾਂਤਾ ਨੂੰ ਸੰਗਤਾਂ ਤੱਕ ਸਰਲ ਰੂਪ ਵਿਚ ਪਹੁੰਚਾਇਆ ਜਾ ਸਕੇ। ਗੁਰੂ ਜੀ ਦੇ ਆਦੇਸ਼ ਅਨੁਸਾਰ ਭਾਈ ਗੁਰਦਾਸ ਜੀ ਬਾਣੀ ਦਾ ਤਰਤੀਬ ਅਨੁਸਾਰ ਉਤਾਰਾ ਕਰਦੇ। ਗੁਰੂ ਜੀ ਜਦੋਂ ਆਰਾਮ ਕਰਦੇ ਤਾਂ ਭਾਈ ਸਾਹਿਬ ਆਤਮਿਕ ਉਡਾਰੀ ਮਾਰਦੇ ਹੋਏ, ਗੁਰਬਾਣੀ ਦੇ ਗੂੜ ਭਾਵਾਂ ਨੂੰ ਸਰਲ ਸਬਦਾਂ ਵਿਚ ਆਪਣਿਆਂ ਵਾਰਾਂ ਦੀ ਰਚਨਾ ਕਰਦੇ ਸਨ। ਉਨ੍ਹਾਂ ਦੀਆਂ ਰਚੀਆਂ 40 ਵਾਰਾਂ ਨੂੰ ਜਿਨਾਂ ਵਿਚ 913 ਪਉੜੀਆਂ ਹਨ ਗੁਰੂ

ਜੀ ਦੁਆਰਾ 'ਗੁਰਬਾਣੀ ਦੇ ਕੁੰਜੀ' ਦਾ ਨਾਮ ਦੇ ਕੇ ਸਤਿਕਾਰ ਦਿੱਤਾ ਗਿਆ। ਭਾਈ ਗੁਰਦਾਸ ਜੀ ਗੁਰਬਾਣੀ ਵਿਆਖਿਆਕਾਰੀ ਦੀ ਭਾਈ ਪ੍ਰਣਾਲੀ ਦੇ ਮੋਢੀ ਸਨ। ਇਸੇ ਕਰਕੇ ਉਨ੍ਹਾਂ ਨੂੰ ਗੁਰਬਾਣੀ ਦੇ ਪਹਿਲੇ ਵਿਅਖਿਆਕਾਰ ਕਿਹਾ ਜਾਂਦਾ ਹੈ।

ਤਾਰਨ ਸਿੰਘ ਭਾਈ ਗੁਰਦਾਸ ਜੀ ਦੀ ਵਿਅਖਿਆਕਾਰੀ ਦੇ ਸੰਬੰਧ ਵਿਚ ਲਿਖਦੇ ਹਨ: "ਭਾਈ ਗੁਰਦਾਸ ਦੀ ਬਾਣੀ ਦੇ ਆਖਰੀ ਅਰਥ ਕਰਦੇ ਸਨ: ਗੁਰਮਤਿ ਦੇ ਉਭਰਦੇ ਸਿਧਾਂਤਾਂ ਜਿਵੇਂ ਗੁਰੂ-ਸੇਵਾ, ਨਾਮ-ਜਪ, ਸਾਧ-ਸੰਗਤਿ, ਕੀਰਤਨ, ਸੇਵਾ, ਸਦਾਚਾਰ ਤੇ ਬਲ ਦਿੰਦੇ ਸਨ, ਗੁਰੂ ਇਤਿਹਾਸ ਤੇ ਸੰਤ ਜੀਵਨੀਆਂ ਦੇ ਸਿਧਾਂਤ ਦਰਸਾਏ ਸਨ। ਗੁਰੂ ਵਿਰੋਧੀਆਂ ਤੇ ਕਪਟ, ਨਿੰਦਾ ਦੀਆਂ ਰੁਚੀਆਂ ਦੀ ਨਿਖੇਧੀ ਕਰਦੇ ਸਨ, ਉਤਮ ਸਦਾਚਾਰ ਵਾਲੇ ਗੁਰਮੁਖੀ ਜੀਵਨ ਦੀ ਵਿਆਖਿਆ ਕਰਦੇ ਸਨ; ਮਨਮੁਖੀ ਵਤੀਰੇ ਦੀ ਭੰਡੀ ਕਰਦੇ ਸਨ; ਆਦਿ, ਆਦਿ।"[35]

ਤਰਲੋਚਨ ਸਿੰਘ ਬੇਦੀ ਉਨ੍ਹਾਂ ਦੀ ਵਿਆਖਿਆਕਾਰੀ ਦੇ ਸੰਬੰਧ ਵਿਚ ਇਸ ਤਰ੍ਹਾਂ ਲਿਖਦੇ ਹਨ, "ਉਨ੍ਹਾਂ ਨੇ ਗੁਰਮਤ ਸਿਧਾਂਤਾਂ ਦੀ ਵਿਆਖਿਆ ਕਾਵਿ ਦੇ ਮਾਧਿਅਮ ਰਾਹੀਂ ਆਪਣੀਆਂ ਵਾਰਾਂ ਵਿਚ ਕੀਤੀ। ਇਹ ਵਿਆਖਿਆ ਉਨ੍ਹਾਂ ਨੇ ਗੁਰਬਾਣੀ ਦੇ ਵੱਖ-ਵੱਖ ਸ਼ਬਦਾਂ ਜਾਂ ਬਾਣੀਆਂ ਨੂੰ ਲੈ ਕੇ ਨਹੀਂ ਕੀਤੀ ਸਗੋਂ ਗੁਰਬਾਣੀ ਵਿਚਲੇ ਗੁਰਮਤ ਸਿਧਾਂਤਾਂ, ਦ੍ਰਿਸ਼ਟੀਕੋਣਾਂ, ਗੁਰ ਸਿੱਖ ਦੀ ਰਹਿਣੀ ਬਹਿਣੀ ਤੇ ਆਚਾਰ ਮਰਯਾਦਾ ਬਾਰੇ ਸਮੁੱਚੇ ਰੂਪ ਵਿਚ ਵਿਸ਼ਲੇਸ਼ਣ ਕਰਕੇ ਕੀਤੀ।"

ਭਾਈ ਪ੍ਰਣਾਲੀ ਜਾਂ ਭਾਈ ਗੁਰਦਾਸ ਜੀ ਦੀ ਵਿਆਖਿਆਕਾਰੀ ਦੀਆਂ ਨਿਮਨਲਿਖਤ ਵਿਸ਼ੇਸ਼ਤਾਵਾਂ ਸਾਹਮਣੇ ਆਉਂਦੀਆਂ ਹਨ:

---

[35] ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ-5

- ਗੁਰ ਸੰਦੇਸ਼ ਦੀ ਮੌਲਿਕ ਵਿਆਖਿਆ ਕਰਨਾ
- ਇਤਿਹਾਸਿਕ ਦ੍ਰਿਸ਼ਟਾਂਤ ਦੇ ਕੇ ਉਪਦੇਸ਼ ਨੂੰ ਸਪੱਸ਼ਟ ਕਰਨਾ
- ਗੁਰਬਾਣੀ ਦੀ ਨਿਸ਼ਚਿਤ ਵਿਆਖਿਆਕਾਰੀ
- ਗੁਰਬਾਣੀ ਦੇ ਉਭਰਵੇਂ ਸਿਧਾਂਤਾਂ ਤੇ ਬਲ ਦੇਣਾ
- ਸਿੱਖੀ ਦੇ ਰਹੱਸ ਅਤੇ ਪਰਮਾਰਥਕ ਅਰਥ ਪ੍ਰਗਟ ਕਰਨਾ
- ਪ੍ਰਾਯਵਾਚੀ ਅਰਥ ਕਰਨ ਦੀ ਪ੍ਰਵਿਰਤੀ
- ਸਿਲਸਿਲੇਵਾਰ ਸੰਖੇਪ ਤੁਕਵਾਰ ਟੀਕਾਕਾਰੀ
- ਬਾਣੀ ਦੇ ਅੱਖਰੀ ਅਰਥ ਕਰਨਾ
- ਉਤਮ ਸਦਾਚਾਰ ਵਾਲੇ ਗੁਰਮੁਖੀ ਜੀਵਨ ਦੀ ਵਿਆਖਿਆ ਅਤੇ ਮਨਮੁਖੀ ਵਤੀਰੇ ਦੀ ਭੰਡੀ
- ਗੁਰਬਾਣੀ ਵਿਚ ਆਏ ਪਰੰਪਰਿਕ ਚਿੰਨ੍ਹਾਂ ਦੀ ਵਿਆਖਿਆਕਾਰੀ
- ਗੁਰਬਾਣੀ ਦੇ ਹੀ ਭਾਵ ਅਤੇ ਵਿਚਾਰ ਦੀ ਵਿਆਖਿਆ

### 6.1.3 ਪਰਮਾਰਥ ਪ੍ਰਣਾਲੀ

ਗੁਰੂ ਕਾਲ ਦੌਰਾਨ ਹੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਵਿਆਖਿਆਕਾਰੀ ਦੀ ਤੀਜੀ ਪ੍ਰਣਾਲੀ ਪਰਮਾਰਥ ਪ੍ਰਣਾਲੀ ਦਾ ਅਰੰਭ ਹੋਇਆ, ਜਿਸ ਦੇ ਮੋਢੀ ਸੋਢੀ ਮਨੋਹਰਦਾਸ ਮਿਹਰਬਾਨ ਸਨ। ਮਿਹਰਬਾਨ ਸੋਢੀ ਜੀ ਗੁਰੂ ਅਰਜਨ ਦੇਵ ਜੀ ਦੇ ਭਤੀਜੇ ਅਤੇ ਬਾਬਾ ਪ੍ਰਿਥੀ ਚੰਦ ਦੇ ਸਪੁਤਰ ਸਨ। ਮਿਹਰਬਾਨ ਜੀ ਤੋਂ ਬਾਅਦ ਉਨ੍ਹਾਂ ਦੇ ਸਪੁੱਤਰਾਂ ਹਰਿਜੀ ਅਤੇ ਚਤੁਰਭੁਜ ਨੇ ਵੀ ਪਰਮਾਰਥ ਲਿਖੇ। ਇਸ ਤਰ੍ਹਾਂ ਪਰਮਾਰਥ ਪ੍ਰਣਾਲੀ ਵਿਚ ਇਹ ਤਿੰਨੋਂ ਵਿਆਖਿਆਕਾਰ ਆਉਂਦੇ ਹਨ। ਭਾਈ ਗੁਰਦਾਸ ਜੀ ਦੀ ਕਾਵਮਈ ਵਿਆਖਿਆਕਾਰੀ ਤੋਂ ਬਾਅਦ ਵਾਰਤਕ ਵਿਆਖਿਆਕਾਰੀ ਵਿਚ ਇਨ੍ਹਾਂ ਦਾ ਨਾਮ ਉੱਘੇ ਤੌਰ ਤੇ ਆਉਂਦਾ ਹੈ। ਇਸ ਵਿਆਖਿਆਕਾਰੀ ਦੀ ਸ਼ਾਖਾ ਨੇ ਸਿਰਫ ਗੁਰੂ ਨਾਨਕ

ਦੇਵ ਜੀ ਦੀ ਬਾਣੀ ਦੇ ਹੀ ਪਰਮਾਰਥ ਲਿਖੇ। ਵਾਰਤਕ ਟੀਕਾਕਾਰੀ ਦੇ ਸੰਬੰਧ ਵਿਚ ਰਤਨ ਸਿੰਘ ਜੱਗੀ ਲਿਖਦੇ ਹਨ, "ਗੁਰਬਾਣੀ ਵਿਚ ਵਾਰਤਕ ਟੀਕਾਕਾਰੀ ਦਾ ਆਰੰਭ 'ਪੁਰਾਤਨ ਜਨਮਸਾਖੀ' ਤੋਂ ਹੁੰਦਾ ਹੈ।"[36] ਪਰ ਵਿਵਸਥਿਤ ਵਾਰਤਕ ਟੀਕਾਕਾਰੀ ਦੀ ਸ਼ੁਰੂਆਤ ਪਰਮਾਰਥ ਪ੍ਰਣਾਲੀ ਤੋਂ ਹੀ ਹੁੰਦੀ ਹੈ। ਇਸ ਤਰ੍ਹਾਂ ਵਿਆਖਿਆਕਾਰੀ ਦੀ ਪਰਮਾਰਥ ਪ੍ਰਣਾਲੀ ਨੂੰ ਪਹਿਲੀ ਵਾਰਤਕ ਵਿਆਖਿਆਕਾਰੀ ਵੀ ਕਿਹਾ ਜਾ ਸਕਦਾ ਹੈ।

ਇਸ ਪ੍ਰਣਾਲੀ ਦੇ ਤਿੰਨੋਂ ਵਿਆਖਿਆਕਾਰਾਂ ਨੇ ਆਦਿ ਗੁਰੂ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਹੀ ਵਿਆਖਿਆ ਕੀਤੀ ਹੈ। ਗੁਰਬਾਣੀ ਵਿਆਖਿਆਕਾਰੀ ਦਾ ਇਹ ਪਹਿਲਾ ਸਰੂਪ ਸਰਲ, ਸੁਖੈਨ, ਸੰਕੋਚਨਾ ਅਤੇ ਸਿੱਧਾ ਸੀ। ਭਾਈ ਤਾਰਨ ਸਿੰਘ ਅਨੁਸਾਰ ਇਸ ਪ੍ਰਣਾਲੀ ਦੀਆਂ ਕੁੱਝ ਵਿਸ਼ੇਸ਼ਤਾਵਾਂ:

- ਵਿਆਖਿਆਤਮਕ ਸਾਹਿਤ ਦੇ ਸਾਰੇ ਲੱਛਣਾਂ ਲਈ ਵਿਆਖਿਆਕਾਰੀ
- ਗੁਰਮਤਿ ਦੇ ਮੁੱਖ ਸਿਧਾਂਤਾਂ ਨੂੰ ਪ੍ਰਮੁੱਖਤਾ
- ਮਾਇਆ ਤੋਂ ਸੁਚੇਤ ਅਤੇ ਨਾਮ-ਜਪ ਤੇ ਜ਼ੋਰ
- ਬਾਣੀ ਦੇ ਪ੍ਰਤੀਕਤਮਕ, ਚਿੰਨ੍ਹਾਤਮਕ ਅਤੇ ਰਹੱਸਮਈ ਸ਼ਬਦ ਨੂੰ ਸੁਘੜਤਾ ਨਾਲ ਸਮਝਾਉਣਾ
- ਵਿਆਖਿਆਕਾਰੀ ਵਿਚ ਜਾਤੀ-ਵਿਰੋਧ ਬਿਲਕੁੱਲ ਨਹੀਂ ਆਉਣ ਦਿੱਤਾ
- ਸ਼ੁੱਧ ਸਰਲ ਪੰਜਾਬੀ ਵਿੱਚ ਹੀ ਵਿਆਖਿਆਕਾਰੀ

---

[36] ਰਤਨ ਸਿੰਘ ਜੱਗੀ, *ਭਾਵ ਪ੍ਰਬੋਧਨੀ ਟੀਕਾ: ਸ੍ਰੀ ਗੁਰੂ ਗ੍ਰੰਥ ਸਾਹਿਬ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ-xxxi

- ਗੁਰੂ ਇਤਿਹਾਸ ਨੂੰ ਯੋਗ ਮਹੱਤਤਾ
- ਗੁਰਬਾਣੀ ਦੀ ਭਾਵਨਾ ਅਨੁਸਾਰ ਵਿਆਖਿਆ, ਸਵੈ-ਦਖਲ ਤੋਂ ਪਰਹੇਜ਼
- ਬਾਣੀ-ਗੁਰੂ ਦੇ ਸਿਧਾਂਤ ਤੇ ਦ੍ਰਿੜਤਾ
- ਦਰਸ਼ਨ ਦੀਆਂ ਨਿਸ਼ਚਿਤ ਬੁਨਿਆਦਾਂ ਤੇ ਅਧਾਰਿਤ ਵਿਆਖਿਆਕਾਰੀ, ਬੇਲੋੜੀ ਡੂੰਘਾਈ ਤੋਂ ਪਰਹੇਜ਼

### 6.2 ਉਤਰ ਗੁਰੂ ਕਾਲ ਦੀ ਗੁਰਮਤਿ ਵਿਆਖਿਆਕਾਰੀ (1700-1900)

ਉਤਰ ਗੁਰੂ ਕਾਲ ਦੀ ਵਿਆਖਿਆਕਾਰੀ ਵਿਚ ਦੋ ਪ੍ਰਣਾਲੀਆਂ ਛਾਈਆਂ ਰਹੀਆਂ ਇਕ ਉਦਾਸੀ ਪ੍ਰਣਾਲੀ ਅਤੇ ਦੂਜੀ ਨਿਰਮਲਾ ਪ੍ਰਣਾਲੀ। ਇਸ ਸਮੇਂ ਦੀ ਵਿਆਖਿਆਕਾਰੀ ਉਪਰ ਵੇਦਾਂ ਅਤੇ ਵੇਦਾਂਤਾਂ ਦਾ ਸਪੱਸ਼ਟ ਪ੍ਰਭਾਵ ਦਿਖਾਈ ਦਿੰਦਾ ਹੈ, ਕਿਉਂਕਿ ਇਨ੍ਹਾਂ ਦੋਵਾਂ ਪ੍ਰਣਾਲੀਆਂ ਦੇ ਸੰਤਾਂ ਨੇ ਸੰਸਕ੍ਰਿਤ ਭਾਸ਼ਾ ਅਤੇ ਪ੍ਰਾਚੀਨ ਭਾਰਤੀ ਧਰਮ ਗ੍ਰੰਥਾਂ ਦਾ ਗੰਭੀਰ ਅਧਿਐਨ ਕੀਤਾ ਸੀ। ਲੰਬਾ ਸਮਾਂ ਇਨ੍ਹਾਂ ਪ੍ਰਣਾਲੀਆਂ ਦੀ ਚੜ੍ਹਤ ਰਹਿਣ ਕਾਰਨ ਇਨ੍ਹਾਂ ਦਾ ਸਪੱਸ਼ਟ ਅਸਰ ਗਿਆਨੀ ਸੰਪਰਦਾਇ ਉਪਰ ਵੀ ਪਿਆ। ਉਤਰ ਗੁਰੂ ਕਾਲ ਵਿਚ ਜਪੁਜੀ ਸਾਹਿਬ ਦੀ ਟੀਕਾਕਾਰੀ ਉਪਰ ਹੀ ਜ਼ਿਆਦਾਂ ਜ਼ੋਰ ਰਿਹਾ। ਸੰਪੂਰਨ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਕਿਸੇ ਨੇ ਨਹੀਂ ਕੀਤਾ। ਬਲਬੀਰ ਸਿੰਘ ਨੰਦਾ ਇਸ ਸੰਬੰਧ ਵਿਚ ਲਿਖਦੇ ਹਨ, "ਇਨ੍ਹਾਂ ਦੋਹਾਂ ਸੰਪ੍ਰਦਾਵਾਂ ਦੇ ਸੰਤਾਂ ਨੇ ਸੰਸਕ੍ਰਿਤ ਭਾਸ਼ਾ ਅਤੇ ਪ੍ਰਾਚੀਨ ਭਾਰਤੀ ਧਰਮ ਗ੍ਰੰਥਾਂ ਦਾ ਗੰਭੀਰ ਅਧਿਐਨ ਕੀਤਾ ਹੋਇਆ ਸੀ। ਇਸ ਲਈ ਵੇਦਾਂਤ ਦਾ ਇਨ੍ਹਾਂ ਉੱਤੇ ਭਰਪੂਰ ਅਸਰ ਪਿਆ। ਇਨ੍ਹਾਂ ਵਿਚੋਂ ਕੁਝ ਸੰਤਾਂ ਨੇ ਸੰਸਕ੍ਰਿਤ ਗ੍ਰੰਥਾਂ ਦੇ ਪੰਜਾਬੀ ਟੀਕੇ ਵੀ ਤਿਆਰ ਕੀਤੇ, ਪਰ ਪੰਜਾਬੀ ਟੀਕਾਕਾਰੀ ਵਿਚ ਇਨ੍ਹਾਂ ਦਾ ਵੱਡਾ ਕੰਮ ਗੁਰਬਾਣੀ ਦੇ ਟੀਕੇ ਹਨ।"[37]

---

[37] *ਪੰਜਾਬੀ ਟੀਕਾਕਾਰੀ ਦੀਆਂ ਪ੍ਰਮੁੱਖ ਪ੍ਰਵਿਰਤੀਆਂ, ਤੀਜੀ ਪੰਜਾਬੀ ਵਿਕਾਸ ਕਾਨਫ਼ਰੰਸ* , ਪੰਨਾ- 121

ਇਨ੍ਹਾਂ  ਦੋਵਾਂ ਵਿਆਖਿਆ ਪ੍ਰਣਾਲੀਆਂ ਦੀ ਗੁਰਬਾਣੀ ਵਿਆਖਿਆਕਾਰੀ ਦੀਆਂ ਵਿਸ਼ੇਸ਼ਤਾਵਾਂ ਵਿਚ ਅੰਤਰ ਹੈ, ਪਰ ਕਾਲ ਵੰਡ ਅਨੁਸਾਰ ਇਹ ਉੱਤਰ ਗੁਰੂ ਕਾਲ ਵਿਚ ਆਉਂਦੀਆਂ ਹਨ। ਉਦਾਸੀ ਪੰਥ ਦਾ ਸਮਾਂ ਤਾਂ ਬਾਬਾ ਸ੍ਰੀ ਚੰਦ ਦੇ ਜੀਵਨ ਕਾਲ ਤੋਂ ਮੰਨਿਆ ਜਾ ਸਕਦਾ ਹੈ, ਜੋ ਲਗਪਗ 1500 ਈ. ਤੋਂ ਬਾਅਦ ਲੈ ਕੇ 1926 ਈ. ਤਕ ਮੰਨੀ ਜਾ ਸਕਦੀ ਹੈ ਜਦ ਗੁਰਦੁਆਰਾ ਐਕਟ ਅਧੀਨ ਉਦਾਸੀ ਪੰਥ ਸਿੱਖ ਪੰਥ ਤੋਂ ਅਲੱਗ ਘੋਸ਼ਿਤ  ਕਰਨ ਕਾਰਨ ਜ਼ਿਆਦਾਤਰ ਉਦਾਸੀ ਡੇਰੇ ਮੰਦਰਾਂ ਦਾ ਹੀ ਰੂਪ ਧਾਰਨ ਕਰ ਗਏ।[38] ਉਦਾਸੀ ਵਿਆਖਿਆ ਪ੍ਰਣਾਲੀ ਦੀ ਸ਼ੁਰੂਆਤ ਚਾਹੇ ਬਾਬਾ ਸ੍ਰੀ ਚੰਦ ਜੀ ਤੋਂ ਹੀ ਹੁੰਦੀ ਹੈ, ਪਰ ਉਹ ਸਾਰਾ ਪ੍ਰਚਾਰ ਅਤੇ ਗੁਰਬਾਣੀ ਵਿਆਖਿਆ ਮੌਖਿਕ ਹੀ ਸੀ। ਉਦਾਸੀ ਵਿਆਖਿਆ ਪ੍ਰਣਾਲੀ ਦੀ ਪਹਿਲੀ ਲਿਖਤ 1795 ਈ. ਵਿਚ ਪ੍ਰਾਪਤ ਹੁੰਦੀ ਹੈ। ਸੋ ਇਸ ਵਿਆਖਿਆ ਪ੍ਰਣਾਲੀ ਨੂੰ ਉੱਤਰ ਗੁਰੂ ਕਾਲ ਵਿਚ ਹੀ ਰੱਖਿਆ ਜਾਵੇਗਾ।

### 6.2.1 ਉਦਾਸੀ ਪ੍ਰਣਾਲੀ

ਉਦਾਸੀ ਜਾਂ ਉਦਾਸੀਨ ਪੰਥ ਦੀ ਸਥਾਪਨਾ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ (1494- 1629) ਨੇ ਕੀਤੀ ਸੀ, ਜੋ ਸਿੱਖਾਂ ਦਾ ਇਕਾਂਤਵਾਸੀ ਤਿਆਗੀ ਸੰਪਰਦਾਇ ਸੀ। ਸ੍ਰੀ ਚੰਦ ਨੇ ਗੁਰੂ ਨਾਨਕ ਦੇਵ ਜੀ ਦਾ ਉਦਾਸੀ ਭੇਖ ਅਪਣਾ ਲਿਆ ਸੀ। ਇਸ ਦਾ ਉਦੇਸ਼ ਗੁਰੂ ਨਾਨਕ ਜੀ ਦੇ ਸਿਧਾਂਤਾ ਦਾ ਪ੍ਰਚਾਰ ਕਰਨਾ ਸੀ। ਨਾਨਕ ਪੰਥ ਅਤੇ ਉਦਾਸੀ ਪੰਥ ਵਿਚ ਇਕ ਬੁਨਿਆਦੀ ਅੰਤਰ ਜਿਸ ਦਾ ਅਸਰ ਨਿਵ੍ਰਿੱਤੀਮੂਲਕ ਅਤੇ ਪ੍ਰਵਿੱਤੀਮੂਲਕ ਮਾਨਤਾਵਾਂ ਹਨ। 1629 ਈ. ਵਿਚ ਗੁਰੂ ਹਰਗੋਬਿੰਦ ਜੀ ਨੇ ਅਪਣਾ ਵੱਡਾ ਸਪੁੱਤਰ ਬਾਬਾ ਗੁਰਦਿੱਤਾ ਧਰਮ ਪ੍ਰਚਾਰ ਹਿਤ ਬਾਬਾ ਸ੍ਰੀ ਚੰਦ ਜੀ ਦੇ ਸਪੁਰਦ ਕਰ ਦਿੱਤਾ, ਜੋ ਉਦਾਸੀ ਪੰਥ ਦੇ ਅਗਲੇ ਉਤਰਾਧਿਕਾਰੀ ਬਣੇ।

---

[38] ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵਕੋਸ਼-1*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ-4

ਬਾਬਾ ਗੁਰਦਿੱਤਾ ਜੀ ਨੇ ਬਾਬਾ ਸ੍ਰੀ ਚੰਦ ਜੀ ਦੀ ਧੂਣੀ ਚੋਂ ਅੰਗਾਰੇ ਲੈ ਕੇ ਚਾਰ ਸਿਦਕੀ ਸੇਵਕਾਂ ਅਲਮਸਤ, ਫੂਲ, ਗੋਇੰਦਾ ਅਤੇ ਬਾਲੂ ਹਸਨਾ ਨੂੰ ਦਿੱਤੇ ਅਤੇ ਚਾਰਾਂ ਨੂੰ ਅਪਣਾ ਚੋਗਾ ਸਿੱਤਾ। ਇਨ੍ਹਾਂ  ਨੂੰ ਧਰਮ ਪ੍ਰਚਾਰ ਲਈ ਵਿਚ ਭੇਜਿਆ। ਜੋ ਉਦਾਸੀਆਂ ਦੇ ਚਾਰ ਧੂਣੇ ਕਹਿਲਾਏ। ਇਸ ਤੋਂ ਇਲਾਵਾ ਗੁਰੂ ਹਰਿਰਾਇ ਦੀ ਗੁਰੂ ਤੇਗ਼ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਕੁਝ ਸੇਵਕਾਂ ਨੂੰ ਧਰਮ- ਪ੍ਰਚਾਰ ਦਾ ਕਾਰਜ ਸੌਂਪਿਆ, ਇਸ ਕਾਰਜ ਨੂੰ ਬਖ਼ਸ਼ਿਸ਼ ਕਿਹਾ ਗਿਆ। ਉਦਾਸੀ ਪੰਥ ਵਿਚ ਇਹ ਛੇ ਬਖ਼ਸ਼ਿਸ਼ਾਂ ਹਨ:

1.ਸੁਥਰੇ ਸਾਹੀ- (ਸੁਧਰਾ ਸ਼ਾਹ ਦੇ ਪੈਰੋਕਾਰ), (ਬਖ਼ਸ਼ਿਸ਼ ਗੁਰੂ ਹਰਿਰਾਇ ਜੀ।)

2. ਸੰਗਤ ਸਾਹਿਬੀਏ- (ਸੰਗਤ ਸਾਹਿਬ ਦੇ ਪੈਰੋਕਾਰ), ਬਖ਼ਸ਼ਿਸ਼ ਗੁਰੂ ਹਰਿਰਾਇ ਅਤੇ ਗੁਰੂ ਗੋਬਿੰਦ ਸਿੰਘ ਜੀ।

3. ਭਗਤ ਭਗਵਾਨੀਏ- (ਭਗਤ ਭਗਵਾਨ ਦੇ ਪੈਰੋਕਾਰ), ਬਖ਼ਸ਼ਿਸ਼ ਗੁਰੂ ਹਰਿਰਾਇ ਜੀ।

4. ਮੀਹਾਂ ਸ਼ਾਹੀਏ- ਮੀਹਾਂ ਸ਼ਾਹ/ ਰਾਮਦੇਵ ਦੇ ਪੈਰੋਕਾਰ ਬਖ਼ਸ਼ਿਸ਼ ਗੁਰੂ ਤੇਗ਼ ਬਹਾਦਰ

5. ਜੀਤ ਮੱਕੀਏ- (ਜੀਤ ਮੱਕ ਦੇ ਪੈਰੋਕਾਰ) ਬਖ਼ਸ਼ਿਸ਼ ਗੁਰੂ ਗੋਬਿੰਦ ਸਿੰਘ ਜੀ

6. ਬਖ਼ਤ ਮੱਕੀਏ- (ਬਖ਼ਤ ਮੌਕੇ ਦੇ ਪੈਰੋਕਾਰ) ਬਖ਼ਸ਼ਿਸ਼ ਗੁਰੂ ਗੋਬਿੰਦ ਸਿੰਘ ਜੀ

ਚਾਰ ਧੂਣੇ ਅਤੇ ਛੇ ਬਖ਼ਸ਼ਿਸ਼ਾਂ ਨੂੰ ਮਿਲਾ ਕੇ ਦਸਦਮੀ ਸਾਧੂ ਕਿਹਾ ਜਾਂਦਾ ਹੈ। ਗੁਰੂ ਗੋਬਿੰਦ ਜੀ ਦੇ ਸਮੇਂ ਇਕ ਪ੍ਰਸਿੱਧ ਉਦਾਸੀ ਸਾਧੂ ਕ੍ਰਿਪਾਲ ਨੇ ਭੰਗਾਣੀ ਦੀ ਜੰਗ (1689) ਵਿਚ ਵੀ ਹਿੱਸਾ ਲਿਆ। ਉਦਾਸੀ ਸਾਧੂ ਗੁਰਬਖ਼ਸ਼ ਦਾਸ ਨੇ ਕੇਸਗੜ੍ਹ ਅਤੇ ਸ਼ੀਸ਼ ਗੰਜ ਗੁਰਦੁਆਰਿਆਂ ਦੀ

ਜ਼ਿੰਮੇਵਾਰੀ ਸੰਭਾਲੀ: 1725 ਈ. ਤੋਂ ਲਗਪਗ 1750 ਈ. ਤੱਕ ਹਰਿਮੰਦਰ ਸਾਹਿਬ ਵਿਖੇ ਮਹੰਤ ਈਸ਼ਰ ਦਾਸ ਉਦਾਸੀ, ਗੋਪਾਲ ਦਾਸ ਉਦਾਸੀ, ਸਰਾਹ ਦਾਸ ਉਦਾਸੀ, ਗੋਦੜ ਫ਼ਕੀਰ ਅਤੇ ਗੋਪਾਲ ਦਾਸ, ਭਾਈ ਚੰਚਲ ਸਿੰਘ ਆਦਿ ਉਦਾਸੀ ਸੰਤਾਂ ਨੇ ਪ੍ਰਮੁੱਖ ਸੇਵਾ ਕਾਰਜ ਸੰਭਾਲੇ। 1900 ਈ. ਤੱਕ ਪਹੁੰਚਦੇ-ਪਹੁੰਚਦੇ ਉਦਾਸੀ ਪੰਥ ਦਾ ਸਿਧਾਂਤਕ ਸਰੂਪ ਅਰੰਭ ਨਾਲੋਂ ਬਿਲਕੁਲ ਬਦਲ ਗਿਆ ਅਤੇ ਸੰਨ 1926 ਵਿਚ ਗੁਰਦੁਆਰਾ ਐਕਟ ਪਾਸ ਹੋਣ ਨਾਲ ਇਸ ਸੰਪਰਦਾਇ ਨੂੰ ਸਿੱਖ ਧਰਮ ਤੋਂ ਅੱਡ ਘੋਸ਼ਿਤ ਕਰਨ ਕਾਰਨ ਉਦਾਸੀ ਡੇਰੇ ਸਨਾਤਨੀ ਮੰਦਰਾਂ ਦਾ ਰੂਪ ਧਾਰਨ ਕਰ ਗਏ। ਸਿੱਖ ਧਰਮ ਦੇ ਵਿਕਾਸ ਵਿਚ ਉਦਾਸੀ ਪੰਥ ਦਾ ਮਹੱਤਵਪੂਰਨ ਯੋਗਦਾਨ ਹੈ।

ਉਦਾਸੀ ਪੰਥ ਦੇ ਉਤਰਾਧਿਕਾਰੀਆਂ ਨੇ ਗੁਰਬਾਣੀ ਦੀ ਵਿਆਖਿਆ ਅਤੇ ਪ੍ਰਚਾਰ ਕੀਤਾ। ਇਨ੍ਹਾਂ ਦੀ ਵਿਆਖਿਆ ਅਤੇ ਪ੍ਰਚਾਰ ਦੀਆਂ ਖਾਸ ਵਿਸ਼ੇਸ਼ਤਾਵਾਂ ਦੇ ਆਧਾਰ ਤੇ ਤਾਰਨ ਸਿੰਘ ਇਸ ਨੂੰ ਉਦਾਸੀ ਪ੍ਰਣਾਲੀ ਦਾ ਨਾਮ ਦਿੰਦੇ ਹਨ। ਭੁਪਿੰਦਰ ਸਿੰਘ ਖਹਿਰਾ ਆਪਣੇ ਲੇਖ ਵਿਚ ਉਦਾਸੀ ਪ੍ਰਣਾਲੀ ਦੇ ਪਿਛੋਕੜ ਬਾਰੇ ਲਿਖਦੇ ਹਨ, "ਗੁਰੂ ਨਾਨਕ ਦੇਵ ਜੀ ਦੁਆਰਾ ਪ੍ਰਚਲਤ ਕੀਤੀ ਵਿਚਾਰਧਾਰਾ ਨੂੰ ਪ੍ਰਚਾਰਨ ਲਈ ਬਾਬਾ ਸ੍ਰੀ ਚੰਦ ਜੀ ਨੇ ਉਦਾਸੀ ਭੇਖ ਧਾਰਨ ਕੀਤਾ। ਗੁਰੂ ਸਾਹਿਬਾਨ ਵੱਲੋਂ ਚਲਾਈ ਗਈ ਧਰਮ ਪ੍ਰਚਾਰ ਦੀ ਲਹਿਰ ਨੂੰ ਨਿਰੰਤਰ ਜਾਰੀ ਰੱਖਣ ਲਈ ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਵੱਡੇ ਸੁਪੁੱਤਰ ਬਾਬਾ ਗੁਰਦਿੱਤਾ ਜੀ ਨੂੰ ਬਾਬਾ ਸ੍ਰੀ ਚੰਦ ਨੂੰ ਸਮਰਪਣ ਕਰ ਦਿੱਤਾ ਸੀ। ਬਾਬਾ ਗੁਰਦਿੱਤਾ ਜੀ ਨੇ ਇਸ ਲਹਿਰ ਨੂੰ ਵਧਾਉਂਦੇ ਹੋਏ ਚਾਰ ਧੂਣਿਆਂ ਦੀ ਸਥਾਪਨਾ ਕੀਤੀ। ਚਾਰ ਧੂਣਿਆਂ ਤੋਂ ਇਲਾਵਾ ਗੁਰੂ ਸਾਹਿਬਾਨ ਵੱਲੋਂ ਬਖਸ਼ਿਸ਼ਾਂ ਵੀ ਹੋਈਆਂ, ਮੁਖ ਰੂਪ ਵਿਚ ਇਹ ਬਖਸ਼ਿਸ਼ਾਂ ਸੰਬੰਧਿਤ ਸਾਧਾਂ ਦੇ ਨਾਵਾਂ ਨਾਲ ਹੀ ਜਾਣੀਆਂ ਗਈਆਂ।"[39]

---

[39] ਭੁਪਿੰਦਰ ਸਿੰਘ ਖਹਿਰਾ, *ਉਦਾਸੀ ਸੰਪਰਦਾਇ ਅਤੇ ਸਿੱਖ ਪੰਥ* , ਪੰਨਾ-179

ਉਦਾਸੀ ਪ੍ਰਣਾਲੀ ਦੀ ਟੀਕਾਕਾਰੀ ਦੀ ਭਾਸ਼ਾ ਸਧੁਕੜੀ ਅਤੇ ਸ਼ੈਲੀ ਜਟਿਲ ਹੈ। ਨਿਰਮਲਾ ਪ੍ਰਣਾਲੀ ਦੇ ਟੀਕਾਕਾਰਾਂ ਦਾ ਅਧਿਐਨ ਜ਼ਿਆਦਾਂ ਸੰਸਕ੍ਰਿਤ ਗ੍ਰੰਥ ਸਨ, ਜਿਸ ਕਾਰਨ ਉਨ੍ਹਾਂ ਦੀ ਟੀਕਾਕਾਰੀ ਵੇਦ ਸਿਧਾਂਤ ਤੇ ਵੇਦਾਂਤ ਦਾ ਵਿਸ਼ੇਸ਼ ਪ੍ਰਭਾਵ ਸੀ।

ਤਾਰਨ ਸਿੰਘ ਲਿਖਦੇ ਹਨ ਕਿ ਭਾਈ ਪ੍ਰਣਾਲੀ ਅਤੇ ਪਰਮਾਰਥ ਪ੍ਰਣਾਲੀ ਵਾਂਗ ਹੀ ਉਦਾਸੀ ਪ੍ਰਣਾਲੀ ਦਾ ਕਰਤਵ ਵੀ, "ਵਧੇਰੇ ਸ਼ਬਦਾਰਥੀ, ਕੋਸ਼ਾਕਾਰੀ, ਵਿਆਖਿਆਕਾਰੀ ਦਾ ਸੀ। ਇਨ੍ਹਾਂ ਨੇ ਸੰਕੇਤਾਂ, ਪ੍ਰਤੀਕਾਂ ਅਲੰਕਾਰਾਂ ਨੂੰ ਖੋਲਿਆ। ਇਨ੍ਹਾਂ ਨੇ ਬਾਣੀ ਨੂੰ ਸਰਲ ਵਾਰਤਕ ਵਿਚ ਲਿਖਾਉਣ ਦਾ ਉਪਰਾਲਾ ਕੀਤਾ ਤੇ ਕੇਵਲ ਮੋਟੇ ਮੋਟੇ ਉਹ ਸਿਧਾਂਤ ਸਰਲਤਾ ਨਾਲ ਨਿਰੂਪਣ ਕੀਤੇ ਜੋ ਨਿਰਾ ਦਰਸ਼ਨ ਨਹੀਂ ਸਨ, ਜੀਵਨ ਵਿਚ ਵਰਤੇ ਜਾਣੇ ਸਨ, ਜਿਵੇਂ ਨਾਮ ਜਪਣਾ, ਸੇਵਾ ਕਰਨੀ, ਵੰਡ ਛਕਣਾ, ਸਦਾਚਾਰਕ ਜੀਵਨ ਬਤੀਤ ਕਰਨਾ। ਇਨ੍ਹਾਂ ਨੇ ਬਹੁਤਾ ਬਲ ਬ੍ਰਹਮ, ਪਰਮਾਤਮਾ, ਈਸ਼ਵਰ, ਜੀਵ, ਜੀਵਾਤਮਾ, ਜਗਤ, ਸ੍ਰਿਸ਼ਟੀ ਰਚਨਾ ਤੇ ਨਹੀਂ ਦਿੱਤਾ, ਇਹ ਬਹੁਤ ਸੂਖਮ ਗੱਲਾਂ ਹਨ: ਇਨ੍ਹਾਂ ਕਰਮ ਸਿਧਾਂਤ ਤੇ ਬਲ ਦਿੱਤਾ ਅਤੇ ਸਦਾਚਾਰ ਦੀ ਪ੍ਰੇਰਣਾ ਕੀਤੀ। ਇਹ ਪ੍ਰਣਾਲੀਆਂ ਉਦੋਂ ਕੰਮ ਕਰ ਰਹੀਆਂ ਸਨ ਜਦੋਂ ਗੁਰੂ ਸਾਹਿਬਾਨ ਵਿਅਕਤੀ ਰੂਪ ਵਿਚ ਵੀ ਵਿਰਾਜਮਾਨ ਸਨ ਅਤੇ ਸੰਗਤ ਦਾ ਕੇਂਦਰ ਸਨ। ਗੁਰੂ ਦਰਬਾਰ ਵਿਚ ਚਰਚਾ, ਘੁੰਤਰਬਾਜ਼ੀ, ਖੁਲ੍ਹੀ ਵਿਆਖਿਆ ਸੰਭਵ ਨਹੀਂ ਸੀ, ਉੱਥੇ ਢੁੱਕਵੇਂ ਸੰਕੋਚਵੇਂ ਬਚਨ ਹੀ ਕੀਤੇ ਜਾ ਸਕਦੇ ਹਨ। ਸੰਗਤਾਂ ਵਿਚ ਵੀ ਫ਼ਰਕ ਨਹੀਂ ਸੀ, ਸ਼ਰਧਾ ਤੇ ਪ੍ਰੇਮ ਸਨ।"[40]

---

[40] ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ-18

**ਉਦਾਸੀ ਵਿਆਖਿਆ ਪ੍ਰਣਾਲੀ:**

ਉਦਾਸੀ ਸਾਧਾਂ ਸੰਤਾਂ ਨੇ ਗੁਰਮਤਿ ਲਿਪੀ ਰਾਂਹੀ ਗੁਰਮਤਿ ਦਾ ਪ੍ਰਚਾਰ ਕੀਤਾ। ਇਸ ਪ੍ਰਚਾਰ ਦੌਰਾਨ ਉਹ ਗੁਰਮਤਿ ਸਿਧਾਂਤਾਂ, ਸੰਕਲਪਾਂ ਅਤੇ ਗੁਰਬਾਣੀ ਦੀ ਵਿਆਖਿਆ ਵੀ ਕਰਦੇ ਸਨ। ਰਤਨ ਸਿੰਘ ਜੱਗੀ ਇਸ ਸੰਬੰਧ 'ਚ ਲਿਖਦੇ ਹਨ, ਉਦਾਸੀ ਸਾਧਾਂ ਨੇ "ਗੁਰੂ ਗ੍ਰੰਥ ਸਾਹਿਬ ਦੀਆਂ ਅਨੇਕਾਂ ਬੀੜਾਂ ਲਿਖ ਕੇ ਗੁਰੂਧਾਮਾਂ ਵਿਚ ਸਥਾਪਿਤ ਕੀਤੀਆਂ ਅਤੇ ਗੁਰਬਾਣੀ ਦੀ ਮੌਖਿਕ ਅਤੇ ਲਿਖਤ ਵਿਆਖਿਆ ਕੀਤੀ।...ਬਾਦ ਵਿਚ ਹੋਏ ਸਾਧਾਂ ਵਿਚ ਹਰੀਆ ਜੀ, ਆਨੰਦਘਨ, ਅਮੀਰਦਾਸ, ਸੁਖਬਾਸੀ ਰਾਮ, ਸੰਤ ਰੇਣ, ਰਾਮਦਾਸ ਆਦਿ ਨੇ ਅਨੇਕ ਸਾਹਿਤਿਕ ਰਚਨਾਵਾਂ ਕੀਤੀਆਂ।"[41] ਸੁਆਮੀ ਆਨੰਦਘਨ ਅਤੇ ਸੁਆਮੀ ਸਦਾਨੰਦ ਦੇ ਥੋੜ੍ਹੇ- ਬਹੁਤ ਸਾਹਿਤ ਤੋਂ ਬਿਨ੍ਹਾਂ ਉਦਾਸੀ ਵਿਆਖਿਆ ਪ੍ਰਣਾਲੀ ਦਾ ਬਹੁਤਾ ਸਾਹਿਤ ਪ੍ਰਾਪਤ ਨਹੀਂ ਹੈ।

**ਸੁਆਮੀ ਆਨੰਦਘਨ :**

ਸੁਆਮੀ ਆਨੰਦਘਨ ਦੇ ਜੀਵਨ ਬਾਰੇ ਬਹੁਤੀ ਜਾਣਕਾਰੀ ਉਪਲੱਬਧ ਨਹੀਂ ਹੈ। ਸੁਆਮੀ ਆਨੰਦਘਨ ਦੁਆਰਾ ਛੇ ਬਾਣੀਆਂ ਦਾ ਟੀਕਾ ਕਰਨ ਕਰਕੇ ਹੀ ਉਦਾਸੀ ਸੰਪਰਦਾਇ ਦੀ ਗੁਰਬਾਣੀ ਪ੍ਰਤਿ ਦ੍ਰਿਸ਼ਟੀਕੋਣ ਦੀ ਜਾਣਕਾਰੀ ਮਿਲਦੀ ਹੈ। ਇਨ੍ਹਾਂ ਦੇ ਜੀਵਨ ਬਾਰੇ ਬਹੁਤੀ ਜਾਣਕਾਰੀ ਉਪਲੱਬਧ ਨਹੀਂ ਹੈ। ਇਹ ਉਦਾਸੀ ਸਾਧੂ ਬਾਬਾ ਰਾਮਦਿਆਲ ਦੇ ਚੇਲੇ ਸਨ। ਇਨ੍ਹਾਂ ਦਾ ਜਨਮ 17ਵੀਂ ਸਦੀ ਦੇ ਅੱਧ ਵਿਚ ਕਿਸੇ ਸਮੇਂ ਹੋਇਆ। ਰਤਨ ਸਿੰਘ ਜੱਗੀ ਲਿਖਦੇ ਹਨ ਕਿ ਕਵੀ ਸੁਖਬਾਣੀ ਰਾਇ ਦੀ ਲਿਖਤ 'ਗੁਰੂ ਨਾਨਕ ਵੰਸ਼ ਪ੍ਰਕਾਸ਼' ਅਨੁਸਾਰ ਆਨੰਦਘਨ ਗੁਰੂ ਨਾਨਕ ਵੰਸ਼

---

[41] ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵਕੋਸ਼-I* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ-98

ਵਿਚ ਦਸਵੇਂ ਸਥਾਨ ਤੇ ਸੀ।[42] ਉਨ੍ਹਾਂ ਨੇ ਆਪਣੇ ਮੁਢਲੇ ਵਰ੍ਹੇ ਡੇਰਾ ਬਾਬਾ ਨਾਨਕ ਵਿਖੇ ਬਿਤਾਏ। 'ਗੁਰੂ ਗ੍ਰੰਥ ਵਿਸ਼ਵ ਕੋਸ਼' ਅਨੁਸਾਰ ਉਹ 40 ਸਾਲ ਕਾਸ਼ੀ ਵਿਖੇ ਰਹੇ ਅਤੇ ਸਿੱਖ ਧਰਮ ਵਿਸ਼ਵਕੋਸ਼' ਅਨੁਸਾਰ ਉਹ 10 ਸਾਲ ਕਾਸ਼ੀ ਵਿਚ ਰਹੇ। ਇੱਥੇ ਉਨ੍ਹਾਂ ਨੇ ਸ਼ਾਸਤਰਾਂ ਦਾ ਅਧਿਐਨ ਕੀਤਾ। ਅੰਤਲਾ ਸਮਾਂ ਹੀ ਉਨ੍ਹਾਂ ਡੇਰਾ ਬਾਬਾ ਨਾਨਕ ਵਿਖੇ ਬਿਤਾਇਆ। ਉਨ੍ਹਾਂ ਨੇ ਛੇ ਬਾਣੀਆਂ ਦੇ ਟੀਕੇ ਲਿਖੇ:

- ਜਪੁਜੀ (1795ਈ.)
- ਆਰਤੀ (1796ਈ.)
- ਓਅੰਕਾਰ (1797ਈ.)
- ਆਸਾ ਦੀ ਵਾਰ (1799ਈ.)
- ਸਿਧ ਗੋਸ਼ਟਿ (1800ਈ.)
- ਆਨੰਦ (1802ਈ.)

ਆਨੰਦਘਨ ਦੁਆਰਾ ਰਚਿਤ ਜਪੁਜੀ (1795ਈ.) ਦਾ ਟੀਕਾ ਉਨ੍ਹਾਂ ਦੀ ਸਰਵੋਤਮ ਰਚਨਾ ਹੈ, ਇਹ ਉਦਾਸੀ ਵਿਆਖਿਆ ਪਰੰਪਰਾ ਦੀ ਪ੍ਰਤੀਨਿਧ ਰਚਨਾ ਵੀ ਹੈ। ਇਸ ਇਕ ਵਿਸਤ੍ਰਿਤ ਰੂਪ ਜਿਸ ਭਾਰਤੀ ਦਰਸ਼ਨ ਅਤੇ ਧਾਰਮਿਕ ਰੀਤਾਂ ਦੱਸਦੇ ਹੋਏ ਤੁਲਨਾਤਮਿਕ ਵਿਆਖਿਆ, ਦੂਜਾ ਸੰਖੇਪ ਰੂਪ ਹੈ ਜਿਸ ਵਿਚ ਸਿਰਫ ਬਾਣੀ ਦੀ ਵਿਆਖਿਆ ਹੈ। ਆਨੰਦਘਨ ਦੀ ਟੀਕਾਕਾਰੀ ਬਾਰੇ ਸਿੱਖ ਧਰਮ ਵਿਸ਼ਵਕੋਸ਼ ਵਿਚ ਇਸ ਤਰ੍ਹਾਂ ਲਿਖਿਆ ਹੈ, "ਆਨੰਦਘਨ ਦੀ ਟੀਕਾਕਾਰੀ ਦੀ ਸ਼ੈਲੀ ਸ਼ਬਦ ਵਾਦੀ ਹੈ, ਜਿੱਥੇ ਕਿਤੇ ਕੋਈ ਨੁਕਤਾ ਵਿਸਥਾਰ ਦੀ ਮੰਗ ਕਰਦਾ ਹੈ ਉਥੇ ਉਸਨੇ ਪ੍ਰਸ਼ਨ

[42] ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵਕੋਸ਼-1*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ-98

ਉਤਰ ਦੀ ਸ਼ੈਲੀ ਅਪਣਾਈ ਹੈ। ਇਹ ਟੀਕਾਕਾਰੀ ਦੇ ਸਾਰੇ ਢੰਗ ਤਰੀਕਿਆਂ ਨਾਲ ਪੂਰੀ ਤਰ੍ਹਾਂ ਵਾਕਫ਼ ਸੀ ਅਤੇ ਇਸਦਾ ਲੇਖਨ ਕਾਰਜ ਦ੍ਰਿੜ ਵਿਸ਼ਵਾਸ਼ ਵਾਲਾ ਸੀ। ਤਰਕਮਈ ਅਤੇ ਗੁੰਝਲਦਾਰ ਲੰਮੇ ਵਾਕ ਸੁਆਮੀ ਆਨੰਦਘਨ ਦੀ ਸ਼ੈਲੀ ਦੀ ਵਿਸ਼ੇਸ਼ਤਾ ਹਨ। ਇਸ ਨੇ ਪੁਰਾਣੀ ਹਿੰਦੀ ਭਾਸ਼ਾ ਵਰਤੀ ਹੈ ਪਰੰਤੂ ਉਸ ਉਪਰ ਇਸ ਦੀ ਮਾਤ-ਭਾਸ਼ਾ ਪੰਜਾਬੀ ਦਾ ਪ੍ਰਭਾਵ ਵੀ ਸਪਸ਼ਟ ਹੈ।"[43] ਇਨ੍ਹਾਂ ਗੁਣਾਂ ਤੋਂ ਇਲਾਵਾ ਇਕ ਔਗੁਣ ਨਿਰੰਕਾਰ ਦਾ ਵੀ ਉਨ੍ਹਾਂ ਦੀ ਟੀਕਾਕਾਰੀ ਵਿਚ ਪਾਇਆ ਜਾਂਦਾ ਹੈ। ਰਤਨ ਸਿੰਘ ਜੱਗੀ ਉਦਾਹਰਣਾਂ ਸਮੇਤ ਸਪਸ਼ੱਟ ਕਰਨ ਤੋਂ ਬਾਅਦ ਗੁਰੂ ਗ੍ਰੰਥ ਵਿਸ਼ਵਕੋਸ਼ ਵਿਚ ਲਿਖਦੇ ਹਨ, "...ਹੰਕਾਰ ਯੁਕਤ ਉਕਤੀਆਂ ਤੋਂ ਇਲਾਵਾ, ਆਨੰਦਘਨ ਨੇ ਉਦਾਸੀ ਸੰਪਰਦਾਇ ਦੀ ਪੰਚ-ਦੇਵ-ਉਪਾਸਨਾ ਦੀ ਭਾਵ-ਧਾਰਾ ਅਧੀਨ ਗੁਰੂ ਨਾਨਕ ਪੰਥ ਵਿਚ ਦੇਵੀ- ਪੂਜਾ ਨੂੰ ਪ੍ਰਮੁੱਖ ਸਥਾਨ ਦਿੱਤਾ ਹੈ।"[44] ਆਨੰਦਘਨ ਦੂਸਰੇ ਟੀਕਾਕਾਰਾਂ ਉਪਰ ਟਿੱਪਣੀਆਂ ਕਰਦਾ ਹੈ, ਉਨ੍ਹਾਂ ਨੂੰ 'ਕਲ-ਅਕਲ' 'ਰੂਪ ਮੰਤਰ' (ਖੂਹ ਦੇ ਡੱਡੂ) ਆਦਿ ਕਹਿੰਦਾ ਹੈ। ਉਨ੍ਹਾਂ ਦੇ ਵਿਦਵਤਾ ਦੇ ਹੰਕਾਰ ਨੂੰ ਤੋੜਣ ਲਈ ਅਤੇ ਇਸ਼ਟ-ਬੁੱਧੀ ਦੇ ਵਿਖੰਡਨ ਦੇ ਪ੍ਰਤੀਕਰਮ ਵਜੋਂ ਹੀ ਭਾਈ ਸੰਤੋਖ ਸਿੰਘ ਦੁਆਰਾ 'ਗਰਬ ਗੰਜਨੀ ਟੀਕਾ' ਭਾਵ ਹੰਕਾਰ ਤੋੜਣ ਵਾਲਾ ਟੀਕਾ ਦੀ 1829 ਈ. ਵਿਚ ਰਚਨਾ ਹੋਈ।

**ਸੁਆਮੀ ਸਦਾਨੰਦ** :

ਸਵਾਮੀ ਸਦਾਨੰਦ ਦੇ ਜੀਵਨ ਬਾਰੇ ਕੋਈ ਜਾਣਕਾਰੀ ਉਪਲੱਬਧ ਨਹੀਂ ਹੈ। ਸਦਾਨੰਦ ਦੀ ਰਚਨਾ 'ਜਪੁਜੀ ਸਟੀਕ' ਮਿਲਦੀ ਹੈ। ਇਸਦੀ ਰਚਨਾ 1833 ਈ. ਵਿਚ ਹੋਈ। ਤਾਰਨ ਸਿੰਘ

---

[43] ਜੋਧ ਸਿੰਘ (ਸੰਪਾ.), *ਸਿੱਖ ਧਰਮ ਵਿਸ਼ਵਕੋਸ਼ ਪਹਿਲੀ ਸੈਂਚੀ ੳ ਤੋਂ ਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ-220

[44] ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵਕੋਸ਼ -1*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ-98

ਉਨ੍ਹਾਂ ਬਾਰੇ ਲਿਖਦੇ ਹਨ, "... ਵਿਸ਼ਵਾਸ ਨਾਲ ਨਹੀਂ ਕਿਹਾ ਜਾ ਸਕਦਾ ਕਿ ਉਹ ਉਦਾਸੀ ਸੰਪਰਦਾ ਵਿਚੋਂ ਹੀ ਸਨ। ਜਪੁਜੀ ਦੇ ਟੀਕੇ ਵਿਚ ਸੁਆਮੀ ਜੀ ਨੇ ਅਨੁਸਰਣ ਆਨੰਦਘੰਨ ਜੀ ਦਾ ਨਹੀਂ ਕੀਤਾ। ਸਗੋਂ ਇਉਂ ਪ੍ਰਤੀਤ ਦਿੰਦਾ ਹੈ ਕਿ ਉਨ੍ਹਾਂ ਦੀ ਦ੍ਰਿਸ਼ਟੀ ਵਿਚ ਹਰਿ ਜੀ ਰਚਿਤ ਜਪ-ਪਰਮਾਰਥ ਹੈ ਜਿਸ ਦਾ ਉਹ ਅਨੁਸਰਣ ਕਰ ਰਹੇ ਹਨ।"[45] ਉਨ੍ਹਾਂ ਦੀ ਭਾਸ਼ਾ ਆਨੰਦਘਨ ਵਾਲੀ ਸਾਧ ਭਾਸ਼ਾ ਹੀ ਹੈ। ਟੀਕਾਕਾਰੀ ਦੌਰਾਨ ਸ਼ਬਦ ਦੇ ਅਰਥ ਡੂੰਘਾਈ ਨਾਲ ਪੇਸ਼ ਕਰਦੇ ਹਨ। ਹੋਰ ਟੀਕਾਕਾਰਾਂ ਦੇ ਹਵਾਲੇ ਵੀ ਦਿੱਤੇ ਗਏ ਹਨ। ਉਨ੍ਹਾਂ ਦੀ ਵਿਆਖਿਆਕਾਰੀ ਵਿਚ ਨਾਮ ਸਿਮਰਨ, ਪਰਮਾਤਮਾ ਦੀ ਏਕਤਾ, ਸਰਬ ਵਿਆਪਕਤਾ, ਸੱਚਾ-ਸੁੱਚਾ ਆਚਰਣ, ਅਮਲੀ ਜੀਵਨ ਆਦਿ ਗੁਰਮਤਿ ਦੇ ਸਿਧਾਂਤ ਪ੍ਰਗਟ ਹੁੰਦੇ ਹਨ। ਉਨ੍ਹਾਂ ਦੀਆਂ ਵਿਆਖਿਆਕਾਰੀ ਵਿਚ ਸ਼ਬਦ ਅਰਥ ਸਰੂਪ ਨਿਸ਼ਚਿਤ ਕਰਨਾ, ਚਿੰਨ੍ਹ ਪ੍ਰਤੀਕਾਂ ਨੂੰ ਸੂਝ ਤੇ ਮਹੀਨਤਾ ਨਾਲ ਖੋਲ੍ਹਣਾ, ਪੁਰਾਣਾ ਦੀ ਬਜਾਏ ਗੁਰਬਾਣੀ ਦੇ ਹੀ ਵਿਚਾਰ ਦੀ ਪੁਸ਼ਟੀ ਲਈ ਪ੍ਰਮਾਣ ਦੇਣਾ, ਵਿਆਖਿਆਕਾਰੀ ਵਿਚ ਪ੍ਰਮੁੱਖ ਬ੍ਰਿਤੀ ਨੈਤਿਕ ਤੇ ਸਦਾਚਾਰ, ਸ਼ਾਸਤ੍ਰੀ ਪ੍ਰਭਾਵ ਪਾਉਣ ਤੋਂ ਗੁਰੇਜ਼ ਕੀਤਾ ਆਦਿ ਵਿਸ਼ੇਸ਼ਤਾਵਾਂ ਹਨ।

ਉਦਾਸੀ ਪ੍ਰਣਾਲੀ ਦੀ ਵਿਆਖਿਆਕਾਰੀ ਦੀਆਂ ਪ੍ਰਮੁੱਖ ਪ੍ਰਵਿਰਤੀਆਂ ਬਲਬੀਰ ਸਿੰਘ ਨੰਦਾ ਆਪਣੀਆਂ ਲਿਖਤ ਵਿਚ ਇਹ ਦਿੰਦੇ ਹਨ: [46]

- ਉਦਾਸੀਆਂ ਨੇ ਚਾਰ ਵੇਦਾਂ ਤੋਂ ਬਾਅਦ ਗੁਰਬਾਣੀ ਨੂੰ ਪੰਜਵਾਂ ਵੇਦ ਮੰਨਿਆ। ਇਸ ਤਰ੍ਹਾਂ ਵਿਆਖਿਆਕਾਰੀ ਵੇਦਮੁਖੀ ਹੋ ਗਈ।

---

[45] ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ-114

[46] ਬਲਬੀਰ ਸਿੰਘ ਨੰਦਾ, *ਪੰਜਾਬੀ ਟੀਕਾਕਾਰੀ : ਸਰੂਪ ਅਤੇ ਵਿਕਾਸ*, 1986, ਪੰਨਾ-121

- ਵਿਆਖਿਆਕਾਰੀ ਦੌਰਾਨ ਵਿਚਾਰਾਂ ਦੀ ਪੁਸ਼ਟੀ ਲਈ ਉਪਨਿਸ਼ਦਾਂ, ਵੇਦਾਂ, ਸ਼ਾਸਤਰਾਂ, ਪੁਰਾਣਾਂ, ਗੀਤਾ ਆਦਿ 'ਚੋਂ ਹਵਾਲੇ ਦਿੱਤੇ ਹਨ।
- ਆਪਣੀਆਂ ਮਾਨਤਾਵਾਂ ਦੇਣ ਲਈ ਮੂਲ ਪਾਠ ਦੀ ਅਗਵਾਈ ਦੀ ਬਜਾਏ ਅਰਥਾਂ ਦੀ ਖਿੱਚੋਤਾਣ, ਜਿਸ ਕਾਰਣ ਗੁਰਮਤਿ ਆਸ਼ੇ ਤੋਂ ਉਲਟ ਅਰਥ ਦਿੱਤੇ ਗਏ।
- ਪ੍ਰਸ਼ਨੋਤਰੀ ਸ਼ੈਲੀ ਦੀ ਵਰਤੋਂ, ਸਾਧ ਭਾਖਾ ਅਤੇ ਵਿਸਤਾਰਮਈ ਟੀਕੇ।

### 6.2.2 ਨਿਰਮਲਾ ਪ੍ਰਣਾਲੀ (1886-1900)

ਗੁਰੂ ਗੋਬਿੰਦ ਸਿੰਘ ਜੀ ਦੁਆਰਾ ਵਰੋਸਾਈ ਨਿਰਮਲਾ ਪ੍ਰਣਾਲੀ ਨੇ ਵੀ ਗੁਰਬਾਣੀ ਵਿਆਖਿਆਕਾਰੀ ਵਿਚ ਮਹੱਤਵਪੂਰਣ ਯੋਗਦਾਨ ਪਾਇਆ। ਗੁਰੂ ਗੋਬਿੰਦ ਸਿੰਘ ਜੀ ਚਾਹੁੰਦੇ ਸਨ ਕਿ ਸਿੱਖ ਸੰਸਕ੍ਰਿਤ ਗ੍ਰੰਥਾਂ, ਵੇਦਾਂ ਅਤੇ ਭਾਰਤੀ ਅਧਿਆਤਮਿਕ ਸਾਹਿਤ ਤੋਂ ਜਾਣੂ ਹੋਣ। ਇਸ ਖਾਤਰ ਉਨ੍ਹਾਂ ਨੇ 1686ਈ. ਵਿਚ ਪੰਜ ਸਿੱਖਾਂ ਨੂੰ ਬ੍ਰਹਮਚਾਰੀ ਭੇਸ ਵਿਚ ਕਾਸ਼ੀ ਸੰਸਕ੍ਰਿਤ ਗ੍ਰੰਥਾਂ ਦੀ ਵਿਦਿਆ ਹਾਸਿਲ ਕਰਨ ਭੇਜਿਆ। ਕੁੱਝ ਸਾਲਾਂ ਪਿੱਛੋਂ ਇਹ ਵਿਦਵਾਨ ਬਣਕੇ ਆਏ। ਕਈ ਸੰਸਕ੍ਰਿਤ ਗ੍ਰੰਥਾਂ ਨੂੰ ਪੰਜਾਬੀ ਵਿਚ ਅਨੁਵਾਦ ਕੀਤਾ। ਇਹ ਸ਼ਾਂਤ ਚਿਤ ਰਹਿੰਦੇ, ਨਿਰਮਲ ਵਸਤ੍ਰ ਪਹਿਨਦੇ ਹੋਏ ਗੁਰਮਤਿ ਦਾ ਪ੍ਰਚਾਰ ਕਰਦੇ ਅਤੇ ਲਿਖਣ ਪੜ੍ਹਾਉਣ ਦਾ ਕੰਮ ਕਰਦੇ। ਇਨ੍ਹਾਂ ਦੇ ਚੇਲੇ ਅੱਗੇ ਨਿਰਮਲੇ ਅਖਵਾਏ। ਇਸ ਤਰ੍ਹਾਂ ਨਿਰਮਲ ਸੰਪਰਦਾ ਪ੍ਰਚਲਿਤ ਹੋਈ।

ਤਾਰਨ ਸਿੰਘ ਨਿਰਮਲਾ ਪ੍ਰਣਾਲੀ ਦੇ ਕਰਤਵ ਬਾਰੇ ਲਿਖਦੇ ਹਨ, "'ਨਿਰਮਲਾ-ਪ੍ਰਣਾਲੀ' ਦਾ ਕਰਤਵ ਨਿਰੋਲ ਪ੍ਰਚਾਰ ਸੀ ਤੇ ਬ੍ਰਿਤੀ ਸਮਨਵੈ ਦੀ ਸੀ। ਇਹ ਸਾਰੀ ਭਾਰਤੀ ਕੌਮ ਨੂੰ ਸੰਬੋਧਨ ਕਰ ਰਹੇ ਸਨ। ਇਹ ਲਗਾਤਾਰ ਹਿੰਦੂਮਤ ਨਾਲ ਸੰਵਾਦ ਵਿਚ ਰਹੇ ਹਨ। ਇਨ੍ਹਾਂ ਦਾ ਮੁਹਾਣ ਪਿੱਛੇ ਵੱਲ ਸੀ, ਇਹ ਵੇਦ-ਸ਼ਾਸਤ੍ਰ ਸਮਰਥਕ ਸਨ, ਕਿਉਂਕਿ ਇਨ੍ਹਾਂ ਦੀ ਪੜ੍ਹਾਈ-ਸਿਖਲਾਈ ਇਸ ਭਾਂਤ

ਦੀ ਸੀ। ਇਹ ਗੁਰਮਤਿ ਤੇ ਵੇਦ-ਮਤਿ ਦਾ ਸੁਮੇਲ ਕਰ ਰਹੇ ਸਨ। ਇਹ ਵਿਦਵਾਨ ਭੇਖਧਾਰੀ ਸਨ ਤੇ ਵੇਦ ਦੇ ਸਮਰਥਕ ਸਨ, ਇਸ ਲਈ ਗੁਰਮਤਿ ਦੀਆਂ ਕਈ ਕਟਾਖਸ਼ਮਈ ਗੱਲਾਂ ਨੂੰ ਰੋਲ ਘਚੋਲ ਵਿਚ ਪਾ ਦਿੰਦੇ ਅਤੇ ਸਿਧੀ ਤਰ੍ਹਾਂ ਵਰਣ-ਆਸ਼ਰਮ, ਭੇਖ, ਤੀਰਥ ਦਾ ਖੰਡਨ ਨਾ ਕਰਦੇ। ਇਹ ਵੇਦਾਂਤ ਆਸਰੇ ਬ੍ਰਹਮ ਤੇ ਮਾਇਆ ਦੇ ਸਿਧਾਂਤਾਂ ਤੇ ਹੀ ਬਲ ਦਿੰਦੇ ਰਹੇ।"[47]

ਇਸ ਪ੍ਰਣਾਲੀ ਦੇ ਪ੍ਰਮੁੱਖ ਵਿਦਵਾਨਾਂ ਅਤੇ ਉਨ੍ਹਾਂ ਦੀਆਂ ਰਚਨਾਵਾਂ ਦਾ ਸੰਖੇਪ ਪਰਿਚੈ ਇਸ ਪ੍ਰਕਾਰ ਹੈ:

**ਭਾਈ ਸੰਤੋਖ ਸਿੰਘ (1787-1843):**

ਭਾਈ ਸੰਤੋਖ ਸਿੰਘ ਮਹਾਂਕਵੀ ਸੰਸਕ੍ਰਿਤ, ਹਿੰਦੀ, ਪੰਜਾਬੀ, ਬ੍ਰਜ ਭਾਸ਼ਾਵਾਂ ਦੇ ਗਿਆਤਾ, ਵੇਦਾਂਤ, ਕਾਵਿ-ਸ਼ਾਸਤਰ ਅਤੇ ਗੁਰਬਾਣੀ ਦੇ ਵਿਦਵਾਨ ਅਤੇ ਬ੍ਰਜ ਭਾਸ਼ਾ ਦੇ ਨਿਪੁੰਨ ਅਤੇ ਵਡ-ਆਕਾਰੀ ਕਵੀ ਸਨ। ਭਾਈ ਸੰਤੋਖ ਸਿੰਘ ਜੀ ਦਾ ਜਨਮ ਤਰਨਤਾਰਨ ਦੇ ਨਜ਼ਦੀਕ ਸਰਾਇ ਨੂਰਦੀਨ ਪਿੰਡ ਵਿਚ 8 ਅਕਤੂਬਰ, 1787 ਈ. ਨੂੰ ਪਿਤਾ ਭਾਈ ਦੇਵਾ ਸਿੰਘ ਅਤੇ ਮਾਤਾ ਰਜਾਈ ਦੇ ਘਰ ਹੋਇਆ। ਮੁੱਢਲੀ ਸਿੱਖਿਆ ਤੋਂ ਬਾਅਦ ਆਪ ਨੇ ਗਿਆਨੀ ਸੰਤ ਸਿੰਘ ਤੋਂ ਵਿਦਿਆ ਹਾਸਿਲ ਕਰ ਕੇ 1807 ਈ. ਵਿਚ ਆਪ ਕਾਂਸ਼ੀ ਚਲੇ ਗਏ।[48] ਉੱਥੇ ਆਪ ਨੇ ਵੇਦਾਂ-ਸ਼ਾਸਤ੍ਰਾਂ ਅਤੇ ਪਿੰਗਲ, ਕਾਵਿ-ਸ਼ਾਸਤਰ ਆਦਿ ਦੀ ਵਿਦਿਆ ਪ੍ਰਾਪਤ ਕੀਤੀ। 1813 ਈ. ਤੋਂ ਪਹਿਲਾਂ ਕੁਝ ਸਮਾਂ ਬੂੜੀਆਂ

---

[47] ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ-18

[48] ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ-119

(ਹਰਿਆਣਾ) ਚਲੇ ਗਏ ਅਤੇ ਇਕ ਕਵੀ, ਲਿਖਾਰੀ ਅਤੇ ਪ੍ਰਚਾਰਕ ਦੇ ਤੌਰ ਤੇ ਸਥਾਪਤ ਹੋਏ। ਕੁਝ ਸਮਾਂ ਪਟਿਆਲੇ ਰਹਿਣ ਬਾਅਦ 1825 ਈ. ਰਾਜਾ ਉਦੈ ਸਿੰਘ ਦੇ ਦਰਬਾਰ ਵਿਚ ਰਾਜ-ਕਵੀ ਦੇ ਤੌਰ ਤੇ ਕੈਥਲ ਚਲੇ ਗਏ। 'ਗੁਰਪ੍ਰਤਾਪ ਸੂਰਜ ਗ੍ਰੰਥ' ਪੂਰਾ ਕਰਨ ਉਪਰੰਤ ਆਪ 19 ਅਕਤੂਬਰ 1843 ਈ. ਨੂੰ 56 ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ।

**ਰਚਨਾਵਾਂ:**

'ਨਾਮ ਕੋਸ਼' (1823), ਪ੍ਰਸਿੱਧ ਸੰਸਕ੍ਰਿਤ ਕੋਸ਼ 'ਅਮਰ ਕੋਸ਼' ਹਿੰਦੀ ਵਿਚ ਕਾਵਿਕ ਅਨੁਵਾਦ (1821), 'ਸ੍ਰੀ ਗੁਰੂ ਨਾਨਕ ਪ੍ਰਕਾਸ਼' ਮਹਾਂਕਾਵਿ (1823), 'ਗਰਬਗੰਜਨੀ ਟੀਕਾ' (1829) ਜਪੁਜੀ ਸਾਹਿਬ ਦੀ ਦਾਰਸ਼ਨਿਕ ਵਿਆਖਿਆ ਅਤੇ ਕਾਵਿਕ ਗੁਣਾਂ ਦੀ ਅਲੋਚਨਾਤਮਿਕ ਚਰਚਾ, 'ਵਾਲਮੀਕੀ ਰਾਮਾਇਣ' (1834), ਆਤਮ ਪੁਰਾਣ, ਬ੍ਰਜ ਭਾਸ਼ਾ ਵਿਚ ਕਾਵਿਕ ਅਨੁਵਾਦ, 'ਗੁਰਪ੍ਰਤਾਪ ਸੂਰਯੋਦਯ' ਜਾਂ 'ਗੁਰਪ੍ਰਤਾਪ ਸੂਰਜ ਗ੍ਰੰਥ' (1835-43) ਬ੍ਰਜ ਭਾਸ਼ਾ ਵਿਚ ਗੁਰੂ ਸਾਹਿਬਾਨ ਦਾ ਵੱਡ ਅਕਾਰੀ ਇਤਿਹਾਸ।

**ਪੰਡਿਤ ਤਾਰਾ ਸਿੰਘ ਨਰੋਤਮ (1822-1891):**

ਪੰਜਾਬੀ ਅਤੇ ਸੰਸਕ੍ਰਿਤ ਦੇ ਮਸ਼ਹੂਰ ਵਿਦਵਾਨ ਤਾਰਾ ਸਿੰਘ ਨਰੋਤਮ ਦਾ ਜਨਮ (1822) ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਦੇ ਕਾਲਮਾ ਪਿੰਡ ਵਿਚ ਹੋਇਆ। ਆਪ ਨਿਰਮਲੇ ਸਾਧੂ ਸੀ।

**ਰਚਨਾਵਾਂ:**

ਮੋਖ ਪੰਥ ਟੀਕਾ(1865), ਸੁਰ ਤੁਰ ਕੋਸ਼ (1866), ਗੁਰਮਤ ਨਿਰਣਯ ਸਾਗਰ (1877), ਅਕਾਲ ਮੂਰਤਿ ਪ੍ਰਦਰਸ਼ਨ (1878), ਗੁਰੂ ਵੰਸ਼ ਤਰੁ ਦਰਪਣ(1878), ਟੀਕਾ

ਗੁਰਭਾਵ ਦੀਪਕਾ (ਜਪੁ, ਰਹਿਰਾਸ, ਸੋਹਿਲਾ ਤੇ ਸ਼ਬਦ ਹਜ਼ਾਰੇ ਦਾ ਟੀਕਾ-1879), ਭਗਤਾ ਬਾਣੀ ਸਟੀਕ (1882), ਗੁਰ ਤੀਰਥ ਸੰਗ੍ਰਹ(1883) ਹੇਮਕੁੰਟ ਦਾ ਮਹੱਤਵ, ਟੀਕਾ ਸ੍ਰੀ **ਰਾਗ** (1885), ਗੁਰ ਗਿਰਾਰਥ ਕੋਸ਼ (1889)।

**ਗਿਆਨੀ ਗਿਆਨ ਸਿੰਘ (1822-1921):**

*ਗਿਆਨੀ ਗਿਆਨ ਸਿੰਘ ਦਾ ਜਨਮ 1822 ਵਿਚ ਭਾਗ ਸਿੰਘ ਦੇ ਘਰ ਪਿੰਡ ਲੌਂਗੋਵਾਲ ਵਿਖੇ ਜਿਲ੍ਹਾ ਸੰਗਰੂਰ ਵਿੱਚ ਹੋਇਆ।* ***ਆਪਣੀ ਜ਼ਿੰਦਗੀ ਪੰਥ ਸੇਵਾ ਵਿਚ ਬਤੀਤ ਕੀਤੀ ਅਤੇ*** 24 *ਸਤੰਬਰ* 1921 ***ਨੂੰ ਇਸ ਨਾਸ਼ਵੰਤ ਸੰਸਾਰ ਤੋਂ ਕੂਚ ਕਰ ਗਏ।*** ਇਨ੍ਹਾਂ ਦੀਆਂ ***ਰਚਨਾਵਾਂ:*** ਪੰਥ ਪ੍ਰਕਾਸ਼, ਤਵਾਰੀਖ ਗੁਰੂ ਖਾਲਸਾ, ਗੁਰਧਾਮ ਸੰਗ੍ਰਹਿ, ਨਿਰਮਲ ਪੰਥ ਪ੍ਰਦੀਪਕਾ, ਰਿਪੁਦਮਨ ਪ੍ਰਕਾਸ਼, ਭੁਪਿੰਦਰਾ ਨੰਦਨ, ਇਤਿਹਾਸ ਰਿਆਸਤ ਬਾਗੜੀਆਂ, ਤਵਾਰੀਖ ਸ੍ਰੀ ਅੰਮ੍ਰਿਤਸਰ, ਤਵਾਰੀਖ ਲਾਹੌਰ, ਸੂਰਜ ਪ੍ਰਕਾਸ਼ ਵਾਰਤਕ, ਇਤਿਹਾਸ ਭਾਈ ਰੂਪ ਚੰਦ, ਗੁਰਪੁਰਬ ਪ੍ਰਕਾਸ਼, ਕੰਵਲ ਫੂਲ ਮਾਲਾ, ਅੰਮ੍ਰਿਤ ਪ੍ਰਕਾਸ਼, ਨੀਤੀ ਪ੍ਰਕਾਸ਼, ਖਾਲਸਾ ਧਰਪਤਿਤ ਪਾਵਨ, ਭੇਖ ਪ੍ਰਭਾਵਕ ਆਦਿ ਹਨ।

ਨਿਰਮਲਾ ਪ੍ਰਣਾਲੀ ਦੇ ਕੁਝ ਹੋਰ ਵਿਆਖਿਆਕਾਰ ਵੀ ਹੋਏ ਹਨ ਜਿਨ੍ਹਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ: ਭਾਈ ਦਲ ਸਿੰਘ ਗਿਆਨੀ (ਬਾਵਨਅਖਰੀ ਭਾਵਾਰਥ ਪ੍ਰਕਾਸ਼ਨੀ ਟੀਕਾ-1898, ਸੰਪੂਰਨ 'ਗਉੜੀ ਰਾਗ' ਟੀਕਾ-1902, ਸ਼ਬਦ ਹਜ਼ਾਰੇ), ਸੰਤ ਦੇਵਾ ਸਿੰਘ ਜੀ ਨਿਰਮਲਾ (ਜਪੁ ਪ੍ਰਦੀਪ-1902), ਭਾਈ ਗਿਆਨ ਸਿੰਘ ਜੀ ਗਿਆਨੀ ਅੰਮ੍ਰਿਤਸਰੀ (ਜਪੁਜੀ ਸਟੀਕ), ਪੰਡਿਤ ਗੁਲਾਬ ਸਿੰਘ (ਜਪੁਜੀ ਸਟੀਕ-1910), ਸਾਧੂ ਗੁਰਦਿੱਤ ਸਿੰਘ (ਸ੍ਰੀ ਜਪੁ ਜੀ ਕੇ ਅਰਥ ਚਿੰਤਨ (1911), ਸੰਤ ਸੰਪੂਰਣ ਸਿੰਘ ਜੀ (ਪ੍ਰਾਣ ਸੰਗਲੀ, ਸਿਧਾਂਤ ਬੋਧਨੀ ਟੀਕਾ, ਭਗਤ ਬਾਣੀ ਮਰਮ

ਬੋਧਨੀ ਟੀਕਾ), ਸੰਤ ਨਿਰੰਕਾਰ ਸਿੰਘ (ਪਦ ਅਰਥ ਵੀਚਾਰ ਸਾਗਰ 1939, ਨਿਰੰਕਾਰੀ ਗਿਆਨ ਬਿਬੇਕ 1930 ਈ., ਕਲਿਆਣ-ਮਾਰਗ 1941)

**ਨਿਰਮਲਾ ਪ੍ਰਣਾਲੀ ਦੀਆਂ ਤਾਰਨ ਸਿੰਘ ਅਨੁਸਾਰ[49] ਪ੍ਰਮੁਖ ਵਿਸ਼ੇਸ਼ਤਾਵਾਂ:**

- ਇਨ੍ਹਾਂ ਵਿਆਖਿਆਕਾਰੀ ਉਪਰ ਹਿੰਦੂਮਤ ਭਾਰੂ ਸੀ ਅਤੇ ਇਹ ਵੇਦ ਸ਼ਾਸਤਰ ਸਮਰਥਕ ਸਨ।
- ਇਸ ਵਿਆਖਿਆਕਾਰੀ ਵਿਚ ਗੁਰਮਤ ਅਤੇ ਵੇਦ-ਮਤ ਦਾ ਸੁਮੇਲ ਹੈ।
- ਵਿਆਖਿਆਕਾਰੀ ਦੀ ਭਾਸ਼ਾ ਸੰਸਕ੍ਰਿਤ ਮੁਖੀ ਅਤੇ ਸਾਧ ਭਾਖਾ ਹੋ ਗਈ।
- ਵਿਆਖਿਆਕਾਰੀ ਦੌਰਾਨ ਤੁਕਾਂ ਦੇ ਕਈ ਪਦ-ਛੇਦ ਹੋਣ ਲੱਗੇ ਅਤੇ ਅਰਥਾਂ ਵਿਚ ਅਨਿਸ਼ਚਤਤਾ ਵਧਣ ਲੱਗੀ।

## 6.3 ਆਧੁਨਿਕ ਕਾਲ ਦੀ ਗੁਰਮਤਿ ਵਿਆਖਿਆਕਾਰੀ (1900-2000)

ਆਧੁਨਿਕ ਵਿਆਖਿਆਕਾਰੀ ਦਾ ਨਿਸ਼ਚਿਤ ਸਮਾਂ ਨਿਰਧਾਰਨ ਕਰਨਾ ਮੁਸ਼ਕਿਲ ਹੈ। ਸੌਖ ਲਈ ਇਹ ਕਾਲ ਵੰਡ 1850 ਈ. ਤੋਂ ਹੁਣ ਤਕ ਕੀਤੀ ਜਾ ਸਕਦੀ ਹੈ, ਉਂਞ ਆਧੁਨਿਕ ਵਿਆਖਿਆਕਾਰੀ ਦੀ ਸ਼ੁਰੂਆਤ 1877 ਈ. ਤੋਂ ਬਾਅਦ ਹੁੰਦੀ ਹੈ ਅਤੇ ਇਸ ਦੇ ਪ੍ਰਕਾਸ਼ਿਤ ਨਮੂਨੇ ਵੀਹਵੀਂ ਸਦੀ ਵਿਚ ਮਿਲਦੇ ਹਨ। ਜੇ ਪ੍ਰਕਾਸ਼ਨਾਂ ਦੇ ਆਧਾਰ ਤੇ ਦੇਖੀਏ ਤਾਂ ਆਧੁਨਿਕ ਵਿਆਖਿਆਕਾਰੀ ਦਾ ਸਮਾਂ 1900 ਤੋਂ ਮਿੱਥ ਲੈਣਾ ਵੀ ਤਾਰਕਿਕ ਜਾਪਦਾ ਹੈ, ਪਰ ਗੁਰਮਤਿ ਵਿਆਖਿਆਕਾਰੀ ਪਰੰਪਰਾ ਵਿਚ ਆਧੁਨਿਕ ਸੋਚ ਦਾ ਮੁੱਢ ਦਾ ਵੱਖ-ਵੱਖ ਲਹਿਰਾਂ ਦੇ ਜਨਮ ਨਾਲ

---

[49] ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ-8

ਬੱਝਦਾ ਹੈ। ਇਹ ਲਹਿਰਾਂ ਸਨ: ਸਿੰਘ ਸਭਾ ਲਹਿਰ, ਗੁਰਦੁਆਰਾ ਸੁਧਾਰ ਲਹਿਰ ਅਤੇ ਅਕਾਲੀ ਲਹਿਰ। ਰਤਨ ਸਿੰਘ ਜੱਗੀ ਗੁਰੂ ਗ੍ਰੰਥ ਸਾਹਿਬ ਦੀ ਆਧੁਨਿਕ ਟੀਕਾਕਾਰੀ ਦੀ ਸ਼ੁਰੂਆਤ ਦੇ ਸੰਬੰਧ ਵਿਚ ਲਿਖਦੇ ਹਨ, "ਇਸ ਪ੍ਰਕਾਰ ਦੀ ਟੀਕਾਕਾਰੀ ਦਾ ਆਰੰਭ ਭਾਵੇਂ ਸਿੰਘ ਸਭਾ ਦੇ ਚੇਤਨਾ-ਪ੍ਰਵਾਹ ਨਾਲ ਹੋਇਆ, ਪਰ ਸਹੀ ਅਰਥਾਂ ਵਿਚ ਇਸ ਦਾ ਜਨਮ ਟ੍ਰੰਪ ਦੁਆਰਾ ਕੀਤੇ ਅੰਗਰੇਜੀ ਅਨੁਵਾਦ (The Adi Granth-1877 ਈ.) ਦੀ ਨਕਾਰਤਮਕ ਪਹੁੰਚ ਪ੍ਰਤਿ ਸਿੱਖ-ਜਗਤ ਦੀ ਪ੍ਰਤਿਕਿਰਿਆ ਵਿਚੋਂ ਹੋਇਆ।"[50] ਚਾਹੇ ਇਸ ਕਾਲ ਖੰਡ ਦੇ ਕੁਝ ਵਿਆਖਿਆਕਾਰਾਂ ਉਪਰ ਸੰਪਰਦਾਈ ਰੰਗ ਸੀ ਪਰ ਫਿਰ ਵੀ ਆਧੁਨਿਕ ਵਿਆਖਿਆਕਾਰੀ ਦੀਆਂ ਵਿਸ਼ੇਸਤਾਵਾਂ ਦੇ ਬੀਜ ਇਨ੍ਹਾਂ ਵਿਚ ਫੁੱਟ ਪਏ ਸਨ। ਪਿਆਰਾ ਸਿੰਘ ਪਦਮ ਇਸ ਕਾਲ ਖੰਡ ਦੇ ਵਿਅਖਿਆਕਾਰਾਂ ਨੂੰ 'ਨਵੀਨ' ਅਤੇ 'ਆਧੁਨਿਕ' ਵਿਚ ਵੰਡਦਾ ਹੈ। ਇਹ ਵੰਡ ਕੁੱਝ ਪੱਖਾਂ ਤੋਂ ਠੀਕ ਵੀ ਲਗਦੀ ਹੈ ਪਰ ਇਸ ਵਿਚ ਕਈ ਵਿਰੋਧਾਭਾਸ ਵੀ ਪਏ ਹਨ। ਵਿਆਖਿਆਕਾਰੀ ਪਰੰਪਰਾ ਦੀ ਕਾਲ ਵੰਡ ਵਿਆਖਿਆਕਾਰੀ ਦੀਆਂ ਵਿਸ਼ੇਸ਼ਤਾਵਾਂ ਦੇ ਆਧਾਰ ਤੇ ਕਰਨੀ ਹੀ ਜਾਇਜ ਲਗਦੀ ਹੈ। ਇਸ ਲਈ 1850 ਈ. ਤੋਂ ਬਾਅਦ ਦੀ ਵਿਆਖਿਆਕਾਰੀ ਨੂੰ ਆਧੁਨਿਕ ਵਿਆਖਿਆਕਾਰੀ ਵਿਚ ਰੱਖਿਆ ਗਿਆ ਹੈ।

ਤਾਰਨ ਸਿੰਘ ਆਧੁਨਿਕ ਵਿਆਖਿਆਕਾਰੀ ਦਾ ਸਮਾਂ ਵੀਹਵੀਂ ਸਦੀ ਮੰਨਦੇ ਹੋਏ ਲਿਖਦੇ ਹਨ, "ਉਨੀਵੀਂ ਸਦੀ ਦੇ ਅੰਤ ਤੀਖ ਜੋ ਵੀ ਟੀਕਾਕਾਰੀ ਤੇ ਗੁਰਮਤਿ ਵਿਆਖਿਆ ਦਾ ਕੰਮ ਹੋਇਆ ਸੀ ਉਸ ਪਿੱਛੇ ਲੀਹਾਂ ਵੇਦ, ਵੇਦਾਂਤ ਅਤੇ ਭਾਰਤੀ ਦਰਸ਼ਨ ਆਦਿ ਦੀਆਂ ਸਨ। ਉਦਾਸੀ ਸਾਧ, ਸੋਢੀ

---

[50] ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵਕੋਸ਼ -1,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ-51

ਮਿਹਰਬਾਨ (ਪ੍ਰਮਾਰਥ ਪਰੰਪਰਾ), ਭਾਈ ਸਹਿਬਾਨ (ਭਾਈ ਗੁਰਦਾਸ, ਬਾਬਾ ਬੁੱਢਾ, ਮਨੀ ਸਿੰਘ), ਨਿਰਮਲੇ ਤੇ ਸੰਪ੍ਰਦਾਈ ਗਿਆਨੀ ਸਭ ਭਾਰਤੀ ਗ੍ਰੰਥਾਂ ਦੇ ਅਧਿਐਨ ਮਗਰੋਂ ਗੁਰਬਾਣੀ ਦੀ ਟੀਕਾਕਾਰੀ ਤੇ ਵਿਆਖਿਆ ਵੱਲ ਆਏ ਸਨ। ਅਸਲੋਂ ਇਹ ਪ੍ਰਣਾਲੀਆਂ ਇਕੋ ਕੁਝ ਹੀ ਸਨ। ਪਰ ਵੀਹਵੀਂ ਸਦੀ ਵਿਚ ਹਾਲਾਤ ਬਦਲ ਗਏ। ਅੰਗਰੇਜ਼ੀ ਰਾਜ ਦੀ ਸਥਾਪਨਾ ਨਾਲ ਵਿਦਿਅਕ ਪ੍ਰਣਾਲੀ ਹੀ ਬਦਲ ਗਈ। ਇਸ ਲਈ ਟੀਕਾਕਾਰੀ ਤੇ ਗੁਰਮਤਿ ਵਿਆਖਿਆ ਦੇ ਰੂਪ ਹੀ ਬਦਲ ਗਏ।" ਇਸ ਤਰ੍ਹਾਂ ਜੇ ਪ੍ਰਕਾਸ਼ਨਾ ਅਤੇ ਆਧੁਨਿਕ ਵਿਆਖਿਆਕਾਰੀ ਉਪਰ ਹਿੰਦੂ ਧਰਮ ਸਾਸ਼ਤਰਾਂ ਦਾ ਪ੍ਰਭਾਵ ਖਤਮ ਹੋਣ ਨੂੰ ਆਧਾਰ ਬਣਾਇਆ ਜਾਵੇ ਤਾਂ ਆਧੁਨਿਕ ਵਿਆਖਿਆਕਾਰੀ ਕਾਲ ਦੀ ਸ਼ੁਰੂਆਤ ਵੀਹਵੀਂ ਸਦੀ ਤੋਂ ਹੁੰਦੀ ਹੈ।

**ਆਧੁਨਿਕ ਵਿਆਖਿਆਕਾਰੀ ਦੀਆਂ ਵਿਸ਼ੇਸ਼ਤਾਵਾਂ:**

- ਵਿਆਕਰਣਕ ਨਿਯਮਾਂ ਅਧੀਨ ਗੁਰਬਾਣੀ ਦੀਆਂ ਵਿਆਖਿਆਕਾਰੀ
- ਇਕਅਰਥੀ ਵਿਆਖਿਆਕਾਰੀ
- ਸਰਲ ਪੰਜਾਬੀ ਵਿਚ ਵਿਆਖਿਆਕਾਰੀ
- ਪੱਛਮੀ ਸਾਹਿਤਕ ਸਿਧਾਤਾਂ ਦੇ ਨਜ਼ਰੀਏ ਤੋਂ ਵਿਆਖਿਆਕਾਰੀ
- ਹਿੰਦੂ ਧਰਮ ਦੇ ਬੁਨਿਆਦੀ ਸਿਧਾਂਤਾਂ, ਮਿਥਿਹਾਸਕ ਕਥਾਵਾਂ, ਕਰਮ ਕਾਂਡ ਅਤੇ ਪਖੰਡ ਦਾ ਵਿਰੋਧ ਕਰਦੀ ਵਿਆਖਿਆਕਾਰੀ
- ਗੁਰਮਤਿ ਅਤੇ ਸਿੱਖ ਸਿਧਾਂਤਾਂ ਦੀ ਹਾਮੀ ਵਿਆਖਿਆਕਾਰੀ
- ਗੁਰਬਾਣੀ ਵਿਚ ਸਵੈ-ਵਿਰੋਧ ਨੂੰ ਨਕਾਰਦੀ ਵਿਆਖਿਆਕਾਰੀ
- ਸੁਚੱਜੀ ਜੀਵਨ-ਜਾਚ ਤੇ ਬਲ ਦੇਣ ਵਾਲੀ
- ਗੁਰਬਾਣੀ ਦੀਆਂ ਰਚਨਾਵਾਂ ਇਕਾਈਆਂ ਦੇ ਕੇਂਦਰੀ ਭਾਵ ਨੂੰ ਸਮਝਦੇ ਹੋਏ

- ਸਖਸ਼ੀ-ਗੁਰੂ-ਪੂਜਾ ਨੂੰ ਮਨਮਤ ਸਮਝਣਾ
- ਬਾਣੀ ਪ੍ਰਤੀ ਅਕਾਦਮਿਕ ਪਹੁੰਚ

### 6.3.1 ਸੰਪਰਦਾਇ ਪ੍ਰਣਾਲੀ/ਗਿਆਨੀ ਸ਼ਾਖਾ/ਗਿਆਨੀ ਸੰਪਰਦਾਇ

ਜਦ ਗੁਰੂ ਗੋਬਿੰਦ ਸਿੰਘ ਜੀ ਤਲਵੰਡੀ ਸਾਬੋ ਸਨ ਤਾਂ ਭਾਈ ਮਨੀ ਸਿੰਘ ਉਨ੍ਹਾਂ ਦੇ ਪ੍ਰਮੁੱਖ ਸਿੱਖਾਂ ਵਿਚੋਂ ਇਕ ਸਨ। ਭਾਈ ਸਾਹਿਬ ਨੇ ਗੁਰੂ ਜੀ ਤੋਂ ਗੁਰਬਾਣੀ ਵਿਆਖਿਆ ਜ਼ੁਬਾਨੀ ਸੁਣੀ ਸੀ, ਇਹ ਵਿਆਖਿਆ ਉਨ੍ਹਾਂ ਅੱਗੇ ਪ੍ਰਚਾਰੀ ਜੋ ਹੌਲੀ-ਹੌਲੀ ਸੰਪ੍ਰਦਾਈ ਪ੍ਰ੍ਣਾਲੀ ਅਖਵਾਈ। ਸ਼ੁਰੂ ਵਿਚ ਇਹ ਪ੍ਰਣਾਲੀ ਸਰਲ ਅੱਖਰੀ ਅਰਥਾਂ ਦੀ ਪ੍ਰ੍ਣਾਲੀ ਸੀ। ਬਾਅਦ ਵਿਚ ਨਿਰਮਲਾ ਪ੍ਰ੍ਣਾਲੀ ਅਧੀਨ ਇਸ ਵਿਚ ਵੀ ਮਿਥਿਹਾਸਕ-ਪੌਰਾਣਿਕ ਪ੍ਰਸੰਗ ਆ ਗਏ। ਇਸ ਪ੍ਰ੍ਣਾਲੀ ਵਿਚ ਭਾਰਤੀ ਸੰਪ੍ਰਦਾਈ ਗਿਆਨ ਦੀ ਪੱਲੜਾ ਭਾਰੀ ਹੈ, ਕਿਹਾ ਜਾ ਸਕਦਾ ਹੈ ਕਿ ਇਹ ਸਾਧਾਰਨ ਸ਼ਰਧਾਵਾਨ ਜਗਿਆਸੂਆਂ ਦੀ ਪ੍ਰਣਾਲੀ ਵੀ ਬਣ ਗਈ ਸੀ।

**ਮਨੀ ਸਿੰਘ (1644-1734 ਈ.):**

ਸ਼ਿਰੋਮਣੀ ਸਿੱਖ ਸ਼ਹੀਦ ਜਿਨ੍ਹਾਂ ਨੂੰ ਲਾਹੌਰ ਦੇ ਸੂਬੇ ਨਾ ਅੰਗ-ਅੰਗ ਕਟਵਾ ਕੇ ਸ਼ਹੀਦ ਕੀਤਾ ਸੀ। ਭਾਈ ਮਨੀ ਸਿੰਘ ਦਾ ਜਨਮ 10 ਮਾਰਚ 1644 ਈ. ਨੂੰ ਮੁਲਤਾਨ ਨੇੜਲੇ ਪਿੰਡ ਅਲੀਪੁਰ ਵਿਖੇ ਹੋਇਆ।[51] ਤੇਰਾਂ ਵਰ੍ਹੇ ਦੀ ਉਮਰ ਵਿਚ ਭਾਈ ਸਾਹਿਬ ਕੀਰਤਪੁਰ ਆ ਗਏ। ਭਾਈ ਸਾਹਿਬ ਗੁਰੂ ਹਰਕ੍ਰਿਸ਼ਨ ਨਾਲ ਦਿੱਲੀ ਗਏ, ਫਿਰ ਗੁਰੂ ਤੇਗ਼ ਬਹਾਦਰ ਕੋਲ ਬਕਾਲੇ ਅਤੇ ਫਿਰ ਗੁਰੂ ਗੋਬਿੰਦ ਸਿੰਘ ਜੀ ਦੇ ਸਾਰੀ ਉਮਰ ਅੰਗ-ਸੰਗ ਰਹੇ। ਸੋਢੀ ਹਰਿਜੀ ਦੀ ਮ੍ਰਿਤੂ ਤੋਂ ਬਾਅਦ

---

[51] ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵਕੋਸ਼-1,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ-359

ਭਾਈ ਮਨੀ ਸਿੰਘ ਨੂੰ ਅੰਮ੍ਰਿਤਸਰ ਦਾ ਗ੍ਰੰਥੀ ਥਾਪਿਆ ਗਿਆ। 1734 ਈ. ਵਿਚ ਆਪ ਜੀ ਸ਼ਹੀਦੀ ਪ੍ਰਾਪਤ ਕਰ ਗਏ।

**ਭਾਈ ਮਨੀ ਸਿੰਘ ਜੀ ਦੀਆਂ ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ:**

*ਜਨਮਸਾਖੀ (ਗਿਆਨ ਰਤਨਾਵਲੀ), ਸਿੱਖਾਂ ਦੀ ਭਗਤਮਾਲਾ (ਭਗਤ ਰਤਨਾਵਲੀ), ਦਸਮ ਗ੍ਰੰਥ ਦਾ ਸੰਪਾਦਨ, ਆਦਿ-ਦਸਮ ਗ੍ਰੰਥ ਸਾਹਿਬਾਂ ਦਾ ਪੁਨਰ ਸੰਪਾਦਨ, ਦਮਦਮੀ ਬੀੜ ਦਾ ਸੰਪਾਦਨ, ਸ੍ਰੀ ਗੁਰੂ ਸ਼ਬਦ ਸਿਧੀ* ਅਰਥਾਤ *ਸ਼ਰਧਾ ਪੂਰਨ* ਤੇ *ਜਪੁਜੀ ਸਾਹਿਬ* ਦਾ ਟੀਕਾ।

ਭਾਈ ਮਨੀ ਸਿੰਘ ਜੀ ਰਹਿਤ ਮਰਿਆਦਾ ਵਾਲੇ ਵਿਦਵਾਨ ਅਤੇ ਸਿਦਕੀ ਸਿੱਖ ਸਨ। ਉਨ੍ਹਾਂ ਨੇ ਪ੍ਰਵਚਨਾਂ ਰਾਹੀਂ ਸਿੱਖ-ਮਤ ਦੇ ਸਿਧਾਂਤਾਂ ਦਾ ਪ੍ਰਚਾਰ ਕੀਤਾ। ਇਨ੍ਹਾਂ ਦੀ ਵਿਆਖਿਆਕਾਰੀ ਉਪਰ ਅਗਮ ਅਗੋਚਰ ਦੇ ਸਵੈ-ਅਨੁਭਵ ਦਾ ਪ੍ਰਭਾਵ ਸਾਫ਼ ਝਲਕਦਾ ਹੈ। ਤਾਰਨ ਸਿੰਘ ਲਿਖਦੇ ਹਨ, "ਟੀਕੇ ਦੀ ਸਰਲਤਾ, ਨਿਸ਼ਚੇ ਭਰਪੂਰਤਾ, ਸੰਖੇਪਤਾ, ਸਪਸ਼ਟਤਾ, ਦ੍ਰਿੜਤਾ, ਸੂਝ, ਰਸੀ ਸਿਆਣਪ, ਸ਼ੈਲੀ ਆਦਿ ਟੀਕੇ ਦੀ ਮਹਾਨਤਾ ਦਾ ਪ੍ਰਮਾਣ ਹਨ।"[52]

**ਗਿਆਨੀ ਬਦਨ ਸਿੰਘ ਜੀ ਸੇਖਵਾਂ ਵਾਲੇ:**

ਗਿਆਨੀ ਬਦਨ ਸਿੰਘ ਜੀ ਦੀ ਜੀਵਨ ਬਿਊਰਾ ਪ੍ਰਾਪਤ ਕਿਤਾਬਾਂ ਵਿਚ ਉਪਲਬੱਧ ਨਹੀਂ ਹੈ। ਗਿਆਨੀ ਬਦਨ ਸਿੰਘ ਨੇ 1877-1883 ਈ. ਤਕ ਟ੍ਰੰਪ ਦੇ ਟੀਕੇ ਦੇ ਪ੍ਰਤੀਕਰਮ ਵਜੋਂ, ਫ਼ਰੀਦਕੋਟ ਰਾਜਾ ਬਿਕ੍ਰਮ ਸਿੰਘ ਦੀ ਸਰਪ੍ਰਸਤੀ ਵਿਚ 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਟੀਕ'

---

[52] ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ-194

ਟੀਕਾ ਤਿਆਰ ਕੀਤਾ। ਇਸਨੂੰ 'ਫ਼ਰੀਦਕੋਟ ਵਾਲਾ ਟੀਕਾ' ਵੀ ਕਿਹਾ ਜਾਂਦਾ ਹੈ। ਹੋਰ ਵਿਦਵਾਨਾਂ ਦੀ ਸਹਾਇਤਾ ਨਾਲ ਇਸਨੂੰ ਸੋਧਿਆ ਵੀ ਗਿਆ। ਇਸ ਦੀਆਂ ਚਾਰੇ ਜਿਲਦਾਂ ਸੋਧਕ ਕਮੇਟੀ ਤੋਂ ਪ੍ਰਵਾਨ ਹੋ ਕੇ 1918 ਈ. ਵਿਚ ਛਪੀਆਂ। ਇਹ ਟੀਕਾ ਸਭ ਤੋਂ ਪੁਰਾਤਨ ਹੈ, ਪਰ ਪੁਰਾਤਨ ਹੋਣ ਦੇ ਬਾਵਜੂਦ ਇਸਦੀ ਭਾਸ਼ਾ ਅਤੇ ਸ਼ੈਲੀ ਸਰਲ ਅਤੇ ਸਪਸ਼ਟ ਹੈ। ਤਾਰਨ ਸਿੰਘ ਜੀ ਨੇ ਗਿਆਨੀ ਬਦਨ ਸਿੰਘ ਜੀ ਦੀ ਵਿਆਖਿਆਕਾਰੀ ਬਾਰੇ ਲਿਖਿਆ ਹੈ, "ਟ੍ਰੰਪ ਨਾਲ ਹੋਏ ਪ੍ਰਤੀਕਰਮ ਨੂੰ ਦੇਖਣ ਵਜੋਂ ਗਿਆਨੀ ਜੀ ਨੇ ਦ੍ਰਿੜ ਕੀਤਾ ਕਿ ਗੁਰਬਾਣੀ ਦੇ ਅਰਥ ਕੇਵਲ ਵਿਦਿਆ ਦੀ ਚਾਤਰੀ ਨਾਲ ਨਹੀਂ ਹੋ ਸਕਦੇ, ਸਗੋਂ ਇਸ ਕ੍ਰੰਮ ਲਈ ਅਨੁਭਵ ਦੀ ਸਹਾਇਤਾ ਦੀ ਲੋੜ ਹੈ, ਨਹੀਂ ਤੇ ਅਰਥਾਂ ਦੇ ਅਨਰਥ ਹੋ ਜਾਂਦੇ ਹਨ ਅਸਮਦਾਇ ਜੀਵਾਂ ਦੇ ਅੰਤਹਕਰਣ ਸ਼ੁੱਧ ਨਾ ਹੋਣ ਕਰਕੇ ਗੁਰ ਆਸ਼ਯ ਨੂੰ ਅਨੁਭਵ ਕਰਨਾ ਹੋਰ ਵੀ ਕਠਨ ਹੈ।"[53] ਗਿਆਨੀ ਬਦਨ ਸਿੰਘ ਦੀ ਵਿਆਖਿਆਕਾਰੀ, ਉਥਾਨਕਾਵਾਂ ਵਾਲੀ, ਇਕ ਅਰਥੀ ਅਤੇ ਸਰਲ ਭਾਸ਼ਾ ਵਾਲੀ ਹੈ।

ਸੰਪਰਦਾਇ ਪ੍ਰਣਾਲੀ ਦੇ ਬਾਕੀ ਟੀਕਾਕਾਰਾਂ ਵਿਚ ਸੰਤ ਅਮੀਰ ਸਿੰਘ ਜੀ, ਭਾਈ ਭਗਵਾਨ ਸਿੰਘ, ਸੋਢੀ ਬੁੱਢਾ ਸਿੰਘ, ਭਾਈ ਜੋਧ ਸਿੰਘ, ਗਿਆਨੀ ਸੰਤ ਰਾਮ, ਗਿਆਨੀ ਬਿਸ਼ਨ ਸਿੰਘ ਲੱਖੂਵਾਲ, ਅਕਾਲੀ ਨਿਹਾਲ ਸਿੰਘ ਸੂਰੀ, ਪੰਡਿਤ ਨਰੈਣ ਸਿੰਘ ਗਿਆਨੀ ਮੁਜੰਗ ਵਾਲੇ, ਪੰਡਿਤ ਕਰਤਾਰ ਸਿੰਘ ਜੀ ਦਾਖਾ ਆਦਿ ਪ੍ਰਮੁਖ ਵਿਦਵਾਨ ਸ਼ਾਮਿਲ ਕੀਤੇ ਜਾਂਦੇ ਹਨ।

**ਇਸ ਪ੍ਰਣਾਲੀ ਦੀਆਂ ਮੁਖ ਪ੍ਰਵਿਰਤੀਆਂ**:

- ਵਿਆਖਿਆਕਾਰੀ ਦੀ ਭਾਸ਼ਾ ਸਰਲ ਅਤੇ ਸਪਸ਼ਟ ਹੈ।

---

[53] ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ-207

- ਸ਼ੁਰੂ ਵਿਚ ਵਿਆਖਿਆਕਾਰੀ ਇਕ ਅਰਥੀ ਅਤੇ ਬਾਅਦ ਵਿਚ ਇਕ ਤੁਕ ਦੇ ਬਹੁਅਰਥਾਂ ਦਾ ਪ੍ਰਚਲਨ ਵੀ ਮਿਲਦਾ ਹੈ।
- ਵਿਆਖਿਆਕਾਰੀ ਵਿਚ ਉਥਾਨਕਾਵਾਂ ਅਤੇ ਮਿਥਿਹਾਸਿਕ ਪ੍ਰਸੰਗਾਂ ਦਾ ਵਰਣਨ ਮਿਲਦਾ ਹੈ।
- ਗੁਰਬਾਣੀ, ਦਸਮ ਗ੍ਰੰਥ ਅਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚੋਂ ਪ੍ਰਮਾਣ ਦੇ ਕੇ ਸਿਧਾਂਤ ਸਿਧੀ ਦਾ ਗੁਣ ਵੀ ਵਿਆਖਿਆਕਾਰੀ ਵਿਚ ਸ਼ਾਮਿਲ ਹੈ।

### 6.3.2 ਸਿੰਘ ਸਭਾਈ ਪ੍ਰਣਾਲੀ

28 ਜੁਲਾਈ 1873 ਈ. ਅੰਮ੍ਰਿਤਸਰ ਵਿਚ 'ਸ੍ਰੀ ਗੁਰੂ ਸਿੰਘ ਸਭਾ' ਦੀ ਸਥਾਪਨਾ ਹੋਈ।[54] ਸਿੰਘ ਸਭਾ ਲਹਿਰ ਚੱਲਣ ਦੇ ਕਈ ਕਾਰਨ ਸਨ, ਜਿਨ੍ਹਾਂ ਵਿਚੋਂ ਦੋ ਮੁੱਖ ਕਾਰਨ ਸਨ, ਇਕ ਅੰਗਰੇਜ਼ਾਂ ਦਾ ਪੰਜਾਬ 'ਤੇ ਕਬਜ਼ਾ ਹੋਣ ਕਾਰਨ ਈਸਾਈ ਧਰਮ ਦਾ ਪ੍ਰਚਾਰ ਬਹੁਤ ਜ਼ੋਰ ਨਾਲ ਹੋਣ ਲੱਗਾ, ਜਿਸ ਕਾਰਨ ਇੱਕਾ-ਦੁੱਕਾ ਸਿੱਖ ਵਿਅਕਤੀ ਈਸਾਈ ਬਣਨ ਦੀ ਖਬਰਾਂ ਆਈਆਂ। ਦੂਜਾ ਕਾਰਨ ਸੀ ਬ੍ਰਹਮੋ ਸਮਾਜ ਅਤੇ ਦਯਾ ਨੰਦ ਦੁਆਰਾ ਆਰੀਆ ਸਮਾਜ ਦੇ ਹੋਂਦ 'ਚ ਆਉਣਾ। ਜਿਸ ਕਾਰਨ ਸਿੱਖ ਵਿਚਾਰਧਾਰਾ ਉਪਰ ਹਮਲੇ ਹੋਣ ਲੱਗੇ। ਰਤਨ ਸਿੰਘ ਜੱਗੀ ਲਿਖਦੇ ਹਨ, "ਗੁਰਬਾਣੀ ਦੀ ਆਧੁਨਿਕ ਢੰਗ ਨਾਲ ਵਿਆਖਿਆ ਕਰਨ ਵਾਲੀ ਸਿੱਖ ਧਰਮ ਦੀ ਇਕ ਸੁਧਾਰਕ ਲਹਿਰ ਜਿਸਦੇ ਪ੍ਰਚਲਨ ਪਿਛੇ ਈਸਾਈ ਮਿਸ਼ਨਰੀਆਂ ਦੀਆਂ ਗਤੀਵਿਧੀਆਂ ਦਾ ਵਿਰੋਧ ਮੰਨਿਆ ਜਾਂਦਾ ਹੈ।"[55] ਸਿੰਘ ਸਭਾ ਲਹਿਰ ਕੋਲ ਕਈ ਵੱਡੇ ਮੁੱਦੇ ਸਨ, ਉਨ੍ਹਾਂ ਵਿਚੋਂ ਇਕ ਜੋ ਸਾਡੇ ਖੋਜ-

---

[54] ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵਕੋਸ਼-1,* ਪੰਜਾਬੀ ਯੂਨੀਵਰਸਿਟੀ, ਪਟਿਆਲਾ,2002, ਪੰਨਾ-187

[55] ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵਕੋਸ਼-1,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ-186

ਕਾਰਜ ਨਾਲ ਸਬੰਧਿਤ ਹੈ ਉਹ ਸੀ ਕਿ 'ਸਿੱਖ ਹਿੰਦੂ ਨਹੀਂ ਹਨ'। ਹਿੰਦੂ ਧਰਮ ਪ੍ਰਚਾਰਕ ਸਿੱਖ ਧਰਮ ਨੂੰ ਹਿੰਦੂ ਧਰਮ ਦੀ ਇਕ ਸ਼ਾਖਾ ਸਮਝਣ ਅਤੇ ਬਿਆਨਣ ਲੱਗ ਪਏ ਸਨ। ਲਹਿਰ ਨੇ ਇਸ ਮੁੱਦੇ ਦੇ ਵਿਰੋਧ ਵਿਚ ਪ੍ਰਚਾਰਿਆ ਅਤੇ ਸਾਹਿਤ ਛਾਪਿਆ। "ਕਈ ਦਰਜਨਾਂ ਟ੍ਰੈਕਟ ਅਤੇ ਕਿਤਾਬਚੇ ਛਪੇ ਜਿੰਨ੍ਹਾਂ ਵਿਚੋਂ ਸਭ ਤੋਂ ਵੱਧ ਤਰਕਪੂਰਨ ਅਤੇ ਮੰਨਣਯੋਗ ਭਾਈ ਕਾਨ੍ਹ ਸਿੰਘ ਨਾਭਾ ਦਾ 'ਹਮ ਹਿੰਦੂ ਨਹੀਂ' ਪਹਿਲੀ ਵਾਰ 1898 ਈ. ਵਿਚ ਛਪਿਆ।"[56]

ਸਿੰਘ ਸਭਾ ਲਹਿਰ ਕਾਰਨ ਗੁਰਮਤਿ ਵਿਆਖਿਆਕਾਰੀ ਵਿਚ ਇਕ ਨਵਾਂ ਅਤੇ ਮਹੱਤਵਪੂਰਨ ਮੋੜ ਆਇਆ। ਸਿੰਘ ਸਭਾ ਲਹਿਰ ਨੇ ਸਿੱਖੀ ਅਤੇ ਗੁਰਮਤਿ ਨੂੰ ਈਸਾਈਅਤ ਅਤੇ ਹਿੰਦੂਵਾਦ ਦੇ ਪ੍ਰਭਾਵ ਤੋਂ ਬਚਾਕੇ ਸਿੱਖ ਧਰਮ ਦੀ ਪੁਨਰ ਜਾਗ੍ਰਤੀ ਅਤੇ ਸਿੱਖਾਂ ਨੂੰ ਸਿੱਖੀ ਅਸੂਲਾਂ ਵਿਚ ਦ੍ਰਿੜ੍ਹ ਕੀਤਾ। ਵਿਆਖਿਆਕਾਰੀ ਉਪਰ ਹਿੰਦੂ ਧਰਮ ਗ੍ਰੰਥਾਂ ਦਾ ਪ੍ਰਬਲ ਪ੍ਰਭਾਵ ਪੈਣ ਕਾਰਨ ਗੁਰਬਾਣੀ ਦੇ ਅਰਥ ਗੁਰਮਤਿ ਆਸੇ ਤੋਂ ਹਟ ਕੇ ਹੋਣ ਲੱਗੇ ਸਨ। ਉਦਾਸੀ, ਨਿਰਮਲੇ, ਅਤੇ ਗਿਆਨੀ ਸੰਪ੍ਰਦਾਈ ਟੀਕਿਆਂ ਵਿਚ ਵਿਆਖਿਆਕਾਰੀ ਵੇਦਮੁਖੀ ਹੋ ਗਈ ਸੀ। ਇਸ ਸਭ ਦੇ ਪ੍ਰਤੀਕਰਮ ਵਜੋਂ ਸਿੰਘ ਸਭਾ ਨੇ ਪੁਨਰ ਵਿਆਖਿਆਕਾਰੀ ਦਾ ਕਾਰਜ ਆਰੰਭ ਕਰਵਾਇਆ। ਇਸ ਲਹਿਰ ਦੇ ਤਹਿਤ ਹੋਈ ਵਿਆਖਿਆਕਾਰੀ ਨੂੰ ਭਾਈ ਤਾਰਨ ਸਿੰਘ 'ਸਿੰਘ ਸਭਾਈ ਪ੍ਰਣਾਲੀ' ਦਾ ਨਾਂ ਦਿੰਦੇ ਹਨ। ਗੁਰਮਤਿ ਨੂੰ ਸੁਤੰਤਰ ਵਿਚਾਰਧਾਰਾ ਮੰਨ ਕੇ ਅਤੇ ਪੱਛਮੀ ਸਾਹਿਤ ਦੇ ਪ੍ਰਭਾਵ ਅਧੀਨ ਅੰਧ ਵਿਸ਼ਵਾਸ ਦੀ ਥਾਂ ਦਲੀਲ ਨੂੰ ਆਧਾਰ ਬਣਾਕੇ ਵਿਆਖਿਆਕਾਰੀ ਹੋਈ। ਗਿਆਨੀ ਦਿੱਤ ਸਿੰਘ, ਭਾਈ ਵੀਰ ਸਿੰਘ, ਭਾਈ ਜੋਧ ਸਿੰਘ, ਤੇਜਾ ਸਿੰਘ, ਸਾਹਿਬ ਸਿੰਘ, ਭਾਈ ਕਾਨ੍ਹ ਸਿੰਘ ਨਾਭਾ,

---

[56] ਜੋਧ ਸਿੰਘ (ਸੰਪਾ.), *ਸਿੱਖ ਧਰਮ ਵਿਸ਼ਵਕੋਸ਼ ਪਹਿਲੀ ਸੈਂਚੀ ੳ ਤੋਂ ਸ਼,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008, ਪੰਨਾ-502

ਆਦਿ ਵਿਦਵਾਨਾਂ ਦੀ ਆਧੁਨਿਕ  ਵਿਆਖਿਆਕਾਰੀ ਕਾਰਨ ਸੰਪ੍ਰਦਾਈ ਵਿਆਖਿਆਕਾਰੀ ਦਾ ਰੰਗ ਫਿਕਾ ਪੈਣਾ ਸ਼ੁਰੂ ਹੋ ਗਿਆ।

**ਭਾਈ ਕਾਨ੍ਹ ਸਿੰਘ ਨਾਭਾ:**

ਭਾਈ ਕਾਨ੍ਹ ਸਿੰਘ ਨਾਭਾ ਦਾ ਜਨਮ 1861 ਈ. ਵਿਚ ਆਪਣੇ ਨਾਨਕੇ ਘਰ ਵਿਚ ਪਿੰਡ ਸਉਜੇ-ਬਲੈਰੇ ਵਿਖੇ ਹੋਇਆ। ਇਹ ਪਿੰਡ ਉਨੀ ਦਿਨੀ ਪਟਿਆਲਾ ਰਿਆਸਤ ਦੇ ਅਧੀਨ ਸੀ।ਭਾਈ ਸਾਹਿਬ ਨੇ ਸਿੰਘ ਸਭਾ ਲਹਿਰ ਦੇ ਪ੍ਰਚਾਰ ਵਿਚ ਬਤੌਰ ਲੇਖਕ ਆਪਣਾ ਵਡਮੁੱਲਾ ਯੋਗਦਾਨ ਦਿੱਤਾ। ਭਾਈ ਸਾਹਿਬ ਦੀਆਂ ਰਚਨਾਵਾਂ ਤੋਂ ਸਪਸ਼ਟ ਹੈ ਕਿ ਉਹ ਸਿੰਘ ਸਭਾ ਲਹਿਰ ਵੱਲੋਂ ਸ਼ੁਰੂ ਕੀਤੇ ਕਾਰਜਾ ਤੋਂ ਪ੍ਰੇਰਣਾ ਲੈ ਕੇ ਉਨ੍ਹਾਂ ਨੂੰ ਹੀ ਅੱਗੇ ਤੋਰਦੀਆਂ ਹਨ।1884 ਈ. ਤੋਂ 1938 ਈ. ਤੱਕ ਆਪ ਨੇ ਕੋਈ 33 ਦੇ ਕਰੀਬ ਪੁਸਤਕਾਂ ਸਿੱਖ ਧਰਮ ਦੀ ਖੋਜ, ਗੁਰਬਾਣੀ ਵਿਆਖਿਆ, ਸਮਾਜ ਸੁਧਾਰ, ਇਤਿਹਾਸਕ, ਕਾਵਿ ਆਲੋਚਨਾ ਆਦਿ ਵਿਸ਼ਿਆ ਉੱਤੇ ਲਿਖੀਆਂ, ਜਿਨ੍ਹਾਂ ਵਿਚ *ਹਮ ਹਿੰਦੂ ਨਹੀਂ, ਗੁਰੁਮਤ ਸੁਧਾਰਕ, ਗੁਰੁਮਤ ਪ੍ਰਭਾਵਕਰ, ਗੁਰ ਗਿਰਾ ਕਸੌਟੀ, ਗੁਰਛੰਦ ਦਿਵਾਕਰ, ਗੁਰੂ ਸ਼ਬਦਅਲੰਕਾਰ, ਗੁਰੂ ਸ਼ਬਦ ਰਤਨਾਕਰ (ਮਹਾਨਕੋਸ਼)* ਆਦਿ ਪੁਸਤਕਾਂ ਤਾਂ ਬਹੁਤ ਪ੍ਰਸਿੱਧ ਹਨ। ਇਨ੍ਹਾਂ ਪੁਸਤਕਾਂ ਨੂੰ ਪੜਕੇ ਆਪ ਦੀ ਵਿਦਵਤਾ ਬਾਰੇ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ। ਇਕੱਲਾ ‘ਗੁਰੂ ਸ਼ਬਦ ਰਤਾਨਕਰ’ ਹੀ ਆਪ ਦੀ 15 ਸਾਲ ਦੀ ਮਿਹਨਤ ਦਾ ਨਤੀਜਾ ਹੈ ਜੋ ਪੰਜਾਬੀ ਹਿੰਦੀ, ਉਰਦੂ, ਸੰਸਕ੍ਰਿਤ, ਆਦਿ ਸ਼ਬਦਾ ਦਾ ਇਕ ਮਹਾਨ ਕੋਸ਼ ਹੈ ਜੋ ਪੁਰਾਤਨ ਪੰਜਾਬੀ ਸਾਹਿਤ, ਸਿੱਖ ਸਾਹਿਤ ਦੀ ਹੀ ਨਹੀਂ ਸਗੋਂ ਸਮੁੱਚੇ ਪੰਜਾਬੀ ਸੱਭਿਆਚਾਰ ਦੀ ਇਕ ਬੇ ਮਿਸਾਲ ਲਾਇਬ੍ਰੇਰੀ ਹੈ।

**ਸਿੰਘ ਸਭਾਈ ਪ੍ਰਣਾਲੀ ਦੀਆਂ ਪ੍ਰਮੁੱਖ ਪ੍ਰਵਿਰਤੀਆਂ:**

- ਵਿਆਖਿਆਕਾਰੀ ਤਰਕਮਈ ਅਤੇ ਵਿਗਿਆਨਕ ਆਧਾਰ ਤੇ ਹੋਣ ਲੱਗੀ।
- ਸਮੁਚੀ ਗੁਰਬਾਣੀ ਅਨੁਸਾਰ ਹਰ ਤੁਕ ਦਾ ਸਹੀ ਇਕ ਹੀ ਅਰਥ ਮੰਨਿਆ ਅਤੇ ਨਿਸ਼ਚਤ ਕੀਤਾ ਗਿਆ।
- ਗੁਰਬਾਣੀ ਵਿੱਚੋਂ ਸਮਾਜ, ਸਭਿਆਚਾਰ, ਵਿਦਿਆ, ਸਾਹਿਤ ਦੇ ਸਿਧਾਂਤ ਲੱਭੇ ਜਾਣ ਲੱਗੇ।
- ਵਿਆਖਿਆਕਾਰੀ ਦੌਰਾਨ ਸ਼ਬਦ ਅਰਥ ਦੇਣ ਲੱਗੇ ਵਿਆਕਰਨ ਅਤੇ ਨਿਰੁਕਤੀ ਨੂੰ ਆਧਾਰ ਬਣਾਇਆ।
- ਇਕਲੌਤੀ ਤੁਕ ਦੀ ਬਜਾਏ ਵਿਆਖਿਆਕਾਰੀ ਸਮੁੱਚੇ ਸ਼ਬਦ, ਪਉੜੀ, ਸਲੋਕ, ਅਸ਼ਟਪਦੀ ਜਾਂ ਰਚਨਾ ਦੇ ਕੇਂਦਰੀ ਭਾਵ ਨੂੰ ਧਿਆਨ ਵਿਚ ਰੱਖਦੇ ਹੋਏ ਕੀਤੀ।
- ਵੇਦਮੁਖੀ ਵਿਆਖਿਆਕਾਰੀ ਨੂੰ ਨਕਾਰਦੇ ਹੋਏ ਗੁਰਮਤਿ ਵਿਆਖਿਆਕਾਰੀ ਦਾ ਪ੍ਰਚਲਣ ਹੋਇਆ।
- ਸੁਚੱਜੀ ਜੀਵਨ-ਜਾਚ ਦਾ ਸੰਦੇਸ਼ ਕੇਂਦਰੀ ਵਿਸ਼ਾ ਹੋ ਗਿਆ।
- ਵਿਆਖਿਆਕਾਰੀ ਵਿੱਚੋਂ ਸ੍ਵੈ-ਵਿਰੋਧ ਖ਼ਤਮ ਕੀਤਾ ਗਿਆ।
- ਵਿਆਖਿਆਕਾਰੀ ਦੌਰਾਨ ਸਾਖੀਆਂ ਅਤੇ ਪੌਰਾਣਿਕ ਕਥਾਵਾਂ ਦੇਣ ਦੀ ਪ੍ਰਚਲਣ ਖ਼ਤਮ ਕੀਤਾ।
- ਵਿਆਖਿਆਕਾਰੀ ਦੀ ਭਾਸ਼ਾ ਸਾਧ ਭਾਸ਼ਾ ਤੋਂ ਸਰਲ ਪੰਜਾਬੀ ਹੋ ਗਈ।

ਇਸ ਦੌਰ ਦੇ ਹੋਰ ਪ੍ਰਸਿੱਧ ਵਿਆਖਿਆਕਾਰ, ਪ੍ਰਿੰ. ਤੇਜਾ ਸਿੰਘ, ਸਾਹਿਬ ਸਿੰਘ, ਮੋਹਨ ਸਿੰਘ ਦੀਵਾਨਾ, ਸ਼ੇਰ ਸਿੰਘ, ਪ੍ਰੋ. ਗੰਗਾ ਸਿੰਘ, ਸੋਢੀ ਹਜ਼ਾਰਾ ਸਿੰਘ, ਬੇਦੀ ਬ੍ਰਿਜ-ਬੱਲਭ ਸਿੰਘ ਊਨਾ, ਬਿਸ਼ਨ ਦਾਸ ਉਦਾਸੀ, ਚੌਧਰੀ ਬੂਟਾ ਮਲ, ਭਾਈ ਕਾਨ੍ਹ ਸਿੰਘ ਨਾਭਾ, ਪਿਆਰਾ ਸਿੰਘ ਪਦਮ, ਪੰਡਿਤ ਚੰਦਾ ਸਿੰਘ, ਸੰਤ ਸੁਤੇ ਪ੍ਰਕਾਸ਼, ਸੋਢੀ ਤੇਜਾ ਸਿੰਘ ਆਦਿ ਹਨ। ਇਨ੍ਹਾਂ  ਦਾ ਵੀ ਗੁਰਬਾਣੀ ਵਿਆਖਿਆਕਾਰੀ ਵਿਚ ਖ਼ਾਸ ਯੋਗਦਾਨ ਹੈ।

ਭਾਰਤ ਵਿਚ ਵਿਆਖਿਆਕਾਰੀ ਵੱਖ-ਵੱਖ ਰੂਪਾਂ ਬ੍ਰਾਹਮਣ, ਨਿਘੰਟੂ, ਅਰਣਯਕ, ਭਾਸ਼ਯ, ਉਪਨਿਸ਼ਦਾਂ, ਵੇਦਾਂਗ ਆਦਿ ਵਿਚ ਲਗਪਗ ਤਿੰਨ ਹਜ਼ਾਰ ਸਾਲ ਤੋਂ ਪ੍ਰਚਲਤ ਹੈ। ਗੁਰਮਤਿ ਵਿਆਖਿਆਕਾਰੀ ਦੀ ਸ਼ੁਰੂਆਤ ਦੀ ਵੱਖ-ਵੱਖ ਪ੍ਰਣਾਲੀਆਂ ਦੇ ਰੂਪ ਵਿਚ ਗੁਰਬਾਣੀ ਰਚਨਾ ਦੇ ਨਾਲ-ਨਾਲ ਅਤੇ ਬਾਅਦ ਵਿਚ ਹੋ ਗਈ ਸੀ। ਗੁਰੂ ਨਾਨਕ ਦੇਵ ਜੀ ਦਾ ਬਾਣੀ ਉਚਾਰਨਾ, ਗਿਆਨ ਗੋਸ਼ਟਿ ਅਤੇ ਚਰਚਾ ਕਰਨ ਨਾਲ ਗੁਰਮਤਿ ਵਿਆਖਿਆਕਾਰੀ ਦਾ ਬੀਜ ਰੂਪ ਉਤਪਨ ਹੁੰਦਾ ਹੈ। ਇਸ ਨੂੰ ਸਹਿਜ ਪ੍ਰਣਾਲੀ ਕਿਹਾ ਜਾਂਦਾ ਹੈ। ਗੁਰਮਤਿ ਵਿਆਖਿਅਕਾਰੀ ਦਾ ਅਰੰਭ ਪੂਰਨ ਤੌਰ ਤੇ ਭਾਈ ਗੁਰਦਾਸ ਦੀਆਂ ਵਾਰਾਂ ਨਾਲ ਗੁਰੂ ਕਾਲ ਦੇ ਦੌਰਾਨ ਹੀ ਹੁੰਦਾ ਹੈ। ਭਾਈ ਗੁਰਦਾਸ ਨੂੰ ਸਿੱਖੀ ਦਾ ਪਹਿਲਾ ਵਿਆਖਿਆਕਾਰ ਮੰਨਿਆ ਜਾਂਦਾ ਹੈ। ਉਨ੍ਹਾਂ ਦੀ ਵਿਆਖਿਆਕਾਰੀ ਕਾਵਿ-ਰੂਪ ਵਿਚ ਹੀ ਹੈ। ਇਸ ਪਰੰਪਰਾ ਵਿੱਚੋਂ ਹੀ ਭਾਈ ਕਾਨ੍ਹ ਸਿੰਘ ਨਾਭਾ ਦੀ ਵਿਆਖਿਆਕਾਰੀ ਨੂੰ ਪਹਿਚਾਇਆ ਜਾ ਸਕਦਾ ਹੈ।

ਅਧਿਆਇ ਤੀਜਾ

## ਭਾਈ ਕਾਨ੍ਹ ਸਿੰਘ ਨਾਭਾ ਦਾ ਗੁਰਮਤਿ ਵਿਆਖਿਆਕਾਰੀ ਵਿੱਚ ਯੋਗਦਾਨ

ਭਾਈ ਕਾਨ੍ਹ ਸਿੰਘ ਨਾਭਾ ਪੰਜਾਬੀ ਸਾਹਿਤ ਦੇ ਸਿਰਮੌਰ ਲੇਖਕ ਸਨ। ਇਨ੍ਹਾਂ ਦੁਆਰਾ ਰਚੇ ਸਾਹਿਤ ਦਾ ਮਹੱਤਵ ਸਿੱਖ ਸਾਹਿਤ, ਪੰਜਾਬੀ ਸਾਹਿਤ, ਕੋਸ਼ਕਾਰੀ, ਵਿਆਖਿਆਕਾਰੀ ਵਿੱਚ ਸਦਾ ਬਣਿਆ ਰਹੇਗਾ। ਇਨ੍ਹਾਂ ਨੇ ਆਪਣੇ ਜੀਵਨ ਸਮੇਂ ਵਿੱਚ ਜਿਹੜਾ ਇਤਿਹਾਸ ਰਚਿਆ ਉਸਨੂੰ ਵੇਖ ਕੇ ਕਈ ਵਾਰ ਮਨ ਨੂੰ ਬੜਾ ਅਚੰਭਾ ਹੁੰਦਾ ਹੈ ਕਿ ਕੋਈ ਇੱਕਲਾ ਵਿਅਕਤੀ ਆਪਣੇ ਜੀਵਨ ਕਾਲ ਵਿਚ ਇੰਨਾ ਵੱਡਾ ਕਾਰਜ ਕਿਵੇਂ ਕਰ ਸਕਦਾ ਹੈ ? ਸਿੱਖ ਧਰਮ ਦੇ ਪ੍ਰਚਾਰ, ਪ੍ਰਸਾਰ ਅਤੇ ਵਿਆਖਿਆ ਦੇ ਸਬੰਧ ਵਿੱਚ ਭਾਈ ਕਾਨ੍ਹ ਸਿੰਘ ਨਾਭਾ ਦਾ ਨਾਂ ਆਪਣੇ ਸਮਕਾਲੀ ਲੇਖਕਾਂ ਦੀ ਸੂਚੀ ਵਿੱਚ ਸਭ ਤੋਂ ਪਹਿਲਾਂ ਆਉਂਦਾ ਹੈ। ਇਨ੍ਹਾਂ ਨੇ ਆਪਣੀਆਂ ਲਿਖਤਾਂ ਦੁਆਰਾ ਉਸ ਸਮੇਂ ਦੇ ਸਿੱਖਾਂ ਵਿੱਚ ਪਏ ਭਰਮ-ਭੁਲੇਖਿਆਂ ਨੂੰ ਦੂਰ ਕਰਨ ਦਾ ਯਤਨ ਕੀਤਾ ਸੀ। ਇਨ੍ਹਾਂ ਦੀਆਂ ਲਿਖਤਾਂ ਵਿੱਚ ਮੂਲ ਰੂਪ ਵਿੱਚ ਗੁਰਮਤਿ ਦਾ ਮਨਮਤ ਨਾਲੋਂ ਨਿਖੇੜਾ ਕੀਤਾ ਗਿਆ ਹੈ।

ਭਾਈ ਕਾਨ੍ਹ ਸਿੰਘ ਨਾਭਾ, ਸਿੰਘ ਸਭਾ ਲਹਿਰ ਦੇ ਪ੍ਰਮੁਖ ਵਿਆਖਿਆਕਾਰ ਸਨ। ਇਸ ਸਮੇਂ ਦੇ ਹੋਰ ਕਈ ਵਿਆਖਿਆਕਾਰ ਜਿਵੇਂ ਪ੍ਰੋ. ਗੁਰਮੁਖ ਸਿੰਘ, ਗਿਆਨੀ ਦਿੱਤ ਸਿੰਘ, ਭਾਈ ਵੀਰ ਸਿੰਘ, ਭਾਈ ਜੋਧ ਸਿੰਘ, ਪ੍ਰਿੰ. ਤੇਜਾ ਸਿੰਘ ਅਤੇ ਨਿਰਮਲੇ ਵਿਆਖਿਆਕਾਰ ਪੰਡਿਤ ਤਾਰਾ ਸਿੰਘ ਨਰੋਤਮ, ਗਿ. ਗਿਆਨ ਸਿੰਘ ਆਦਿ ਗੁਰਬਾਣੀ, ਸਿੱਖ ਇਤਿਹਾਸ ਅਤੇ ਰਹਿਤ ਮਰਯਾਦਾ ਦੀ ਵਿਆਖਿਆ ਕਰ ਰਹੇ ਸਨ। ਇਸ ਦਾ ਭਾਵ ਭਾਈ ਕਾਨ੍ਹ ਸਿੰਘ ਨਾਭਾ ਇੱਕ ਵੱਡੀ ਵਿਆਖਿਆ ਪ੍ਰਣਾਲੀ ਦੇ ਅੰਗ ਵੱਜੋਂ ਉਭਰਦੇ ਹਨ। ਇਨ੍ਹਾਂ ਸਾਰੇ ਵਿਆਖਿਆਕਾਰਾਂ ਦੀ ਸਹਾਇਤਾ ਅਤੇ ਪ੍ਰਭਾਵ ਭਾਈ ਸਾਹਿਬ ਕਬੂਲਦੇ ਹਨ ਅਤੇ ਇਨ੍ਹਾਂ ਉਪਰ ਭਾਈ ਸਾਹਿਬ ਦੀ ਰਚਨਾ ਦਾ ਪ੍ਰਭਾਵ ਵੀ ਪੈਂਦਾ ਹੈ। ਇਸ

ਅਧਿਆਇ ਵਿਚ ਭਾਈ ਕਾਨ੍ਹ ਸਿੰਘ ਨਾਭਾ ਦੁਆਰਾ ਸਿੱਖ ਸਾਹਿਤ ਵਿਚ ਪਾਏ ਵਿਆਖਿਆਕਾਰੀ ਦੇ ਯੋਗਦਾਨ ਦਾ ਵੇਰਵਾ ਉਨ੍ਹਾਂ ਦੀਆਂ ਗੁਰਮਤਿ ਸੰਬੰਧੀ ਪੁਸਤਕਾਂ ਦੇ ਅਧਾਰ 'ਤੇ ਦੇਣ ਦੀ ਕੋਸ਼ਿਸ਼ ਕਰਾਂਗੇ। ਜਿਹੜੀਆਂ ਨਿਮਨ ਲਿਖਤ ਹਨ:-

- *ਗੁਰੂ ਗ੍ਰੰਥ ਸਾਹਿਬ ਦੇ ਪ੍ਰਯਾਯ* (1883)
- *ਹਮ ਹਿੰਦੂ ਨਹੀਂ* (1898)
- *ਗੁਰੁ ਗਿਰਾ ਕਸੌਟੀ* (1898)
- *ਗੁਰੁਮਤ ਪ੍ਰਭਾਕਰ* (1898)
- *ਗੁਰੁਮਤ ਸੁਧਾਕਰ* (1899)
- *ਗੁਰਛੰਦ ਦਿਵਾਕਰ* (1921)
- *ਗੁਰਸ਼ਬਦਅਲੰਕਾਰ* (1925)
- *ਚੰਡੀ ਦੀ ਵਾਰ ਸਟੀਕ* (1935)
- *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼* (1930)
- *ਗੁਰੁਮਤ ਮਾਰਤੰਡ* (1938)

### ***ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਯਾਯ*** **(1883)**

ਇਹ ਪੁਸਤਕ ਦੋ ਭਾਗਾਂ ਵਿੱਚ ਲਿਖੀ ਗਈ ਸੀ। ਰਚਨਾ ਲਿਖਣ ਦਾ ਸਬੱਬ ਇਸ ਤਰ੍ਹਾਂ ਬਣਿਆ ਕਿ ਭਾਈ ਕਾਨ੍ਹ ਸਿੰਘ ਨਾਭਾ ਜਦੋਂ ਦਿੱਲੀ ਤੋਂ ਲਖਨਊ ਤੋਂ ਹੁੰਦੇ ਹੋਏ 1883 ਈ. ਵਿੱਚ ਲਾਹੌਰ ਪਹੁੰਚੇ ਤਾਂ ਇਹ ਸੰਤ ਸਿੰਘ ਗਿਆਨੀ ਡੇਹਰਾ ਸਾਹਿਬ ਵਾਲਿਆਂ ਕੋਲ ਰਹਿਣ ਲੱਗੇ ਅਤੇ ਉਨ੍ਹਾਂ ਦੇ ਕਹਿਣ ਤੇ ਹੀ ਭਾਈ ਸਾਹਿਬ ਨੇ ਸ੍ਰੀ *ਗੁਰੂ ਗ੍ਰੰਥ ਸਾਹਿਬ* ਦੀ ਅਰਥਾਂ ਸਮੇਤ ਕਥਾ ਕਰਨੀ ਆਰੰਭੀ। ਉਨ੍ਹਾਂ ਕਥਾ ਸੁਣਨ ਵਾਲਿਆਂ ਵਿੱਚ ਗਿਆਨੀ ਪ੍ਰੋ. ਗੁਰਮੁਖ ਸਿੰਘ ਵੀ ਕਥਾ ਸੁਣਨ ਆਇਆ

ਕਰਦੇ ਸਨ[1] ਅਤੇ ਨਾਲ-ਨਾਲ ਭਾਵ ਅਰਥ ਨੋਟ ਕਰੀ ਜਾਂਦੇ ਸਨ। ਇਨ੍ਹਾਂ ਸਾਰੇ ਅਰਥਾਂ ਨੂੰ ਇਕੱਠਾ ਕਰਕੇ ਇਨ੍ਹਾਂ ਨੇ ਇੱਕ ਗ੍ਰੰਥ ਰਚਿਆ ਜਿਸਨੂੰ *ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਯਾਯ* ਨਾਂ ਦਿੱਤਾ ਗਿਆ। ਇਸ ਗ੍ਰੰਥ ਦਾ ਪਹਿਲਾ ਭਾਗ ਤਾਂ ਛਪ ਗਿਆ ਸੀ ਜਿਸ ਦੀਆਂ ਕਾਪੀਆਂ ਕਿਤੇ-ਕਿਤੇ ਹੁਣ ਵੀ ਮਿਲਦੀਆਂ ਹਨ ਪਰ ਦੂਜੀ ਪੁਸਤਕ ਕਿੱਥੇ ਗਈ ਪਤਾ ਨਹੀਂ ਲੱਗ ਸਕਿਆ।[2] ਸ੍ਰੀ ਗੁਰੂ ਸਿੰਘ ਸਭਾ ਲਾਹੌਰ ਵਲੋਂ ਗੁਰਮਤਿ ਸੰਬੰਧੀ ਗ੍ਰੰਥਾਂ ਦੀ ਪ੍ਰਕਾਸ਼ਨ ਸਕੀਮ ਅਧੀਨ ਇਹ ਗ੍ਰੰਥ ਪਹਿਲੇ ਗ੍ਰੰਥਾਂ ਵਿਚੋਂ ਸੀ।

### *ਹਮ ਹਿੰਦੂ ਨਹੀਂ* **(1898)**

ਪੁਸਤਕ 1898 ਈ. ਵਿੱਚ ਛਪੀ। ਇਹ ਪੁਸਤਕ ਭਾਈ ਕਾਨ੍ਹ ਸਿੰਘ ਨਾਭਾ ਦੀ ਤੀਜੀ ਪੁਸਤਕ ਹੈ। ਇਹ ਪੁਸਤਕ ਲਿਖਣ ਪਿੱਛੇ ਸਿੰਘ ਸਭਾ ਲਹਿਰ ਦਾ ਪ੍ਰਭਾਵ ਸਾਫ ਨਜ਼ਰ ਆਉਂਦਾ ਹੈ। ਇਸ ਪੁਸਤਕ ਰਾਹੀਂ ਭਾਈ ਕਾਨ੍ਹ ਸਿੰਘ ਨਾਭਾ ਨੇ ਸਿੱਖਾਂ ਦੇ ਹਿੰਦੂ ਹੋਣ ਦਾ ਦਲੀਲ ਦੇ ਕੇ ਖੰਡਨ ਕੀਤਾ ਹੈ। ਸਿੱਧੇ ਸ਼ਬਦਾਂ ਵਿੱਚ ਇਸ ਪੁਸਤਕ ਵਿੱਚ ਸਿੱਖ ਨੂੰ ਇੱਕ ਵੱਖਰੀ ਅਤੇ ਸੁਤੰਤਰ ਕੌਮ ਵਜੋਂ ਪੇਸ਼ ਕੀਤਾ ਹੈ, ਜੋ ਕਿ ਬਿਲਕੁਲ ਸਹੀ ਵੀ ਹੈ। ਇਹ ਕਿਤਾਬ ਸਿੱਖਾਂ ਅਤੇ ਹਿੰਦੂਆਂ ਦੇ ਸਿਧਾਂਤਕ ਵਖਰੇਵੇਂ ਨੂੰ ਸਪਸ਼ਟ ਕਰਦੀ ਹੈ। ਇਸ ਦੇ ਪ੍ਰਕਾਸ਼ਤ ਹੋਣ ਨਾਲ ਭਾਈ ਸਾਹਿਬ ਨੂੰ ਕਈ ਤਰ੍ਹਾਂ ਦੇ ਨੁਕਸਾਨ ਉਠਾਉਣੇ ਪਏ ਜਿਵੇਂ ਕਿ ਇਨ੍ਹਾਂ ਨੂੰ ਆਪਣੀ ਨੌਕਰੀ ਵੀ ਛੱਡਣੀ ਪਈ ਸੀ।

ਸਿੱਖਾਂ ਨੇ ਹਿੰਦੂ ਧਰਮ ਦਾ ਸਿੱਧੇ ਤੌਰ ਤੇ ਹਮੇਸ਼ਾਂ ਸਾਥ ਦਿੱਤਾ ਹੈ, ਬਲਕਿ ਉਹ ਇੱਕ ਧਰਤੀ ਉੱਪਰ ਰਹਿੰਦੇ ਆਪਣੇ ਆਪ ਨੂੰ ਭਰਾ ਜਾਂ ਇੱਕ ਦੂਸਰੇ ਦਾ ਅੰਗ ਸਮਝਦੇ ਰਹੇ ਹਨ। ਇਸਦਾ ਸਿੱਟਾ

---

[1] ਸਮਸ਼ੇਰ ਸਿੰਘ ਅਸ਼ੋਕ, *ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ,* ਨੈਸ਼ਨਲ ਪ੍ਰਿੰਟਿੰਗ ਪ੍ਰੈਸ, ਪਟਿਆਲਾ, 1966, ਪੰਨਾ 10

[2] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਸਮਸ਼ੇਰ ਸਿੰਘ,* ਅਸ਼ੋਕ (ਮੁਖ ਬੰਦ) ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2008, ਪੰਨਾ ਸ

ਇਹ ਹੋ ਗਿਆ ਕਿ ਸਿੱਖਾਂ ਵਿੱਚ ਉਹ ਗੱਲਾਂ ਜਿਹੜੀਆਂ ਗੁਰੂ ਸਾਹਿਬਾਨ ਨੇ ਦੂਰ ਕੀਤੀਆਂ ਸਮੇਂ ਨਾਲ ਸ਼ਾਮਿਲ ਹੋ ਗਈਆਂ। ਮਿਸਲ ਕਾਲ ਤੋਂ ਸਿੰਘ ਸਭਾ ਕਾਲ ਤੱਕ ਸਿੱਖਾਂ ਨੇ ਆਪਣੇ-ਆਪ ਨੂੰ ਹਿੰਦੂਆਂ ਦਾ ਅੰਗ ਅਚੇਤਨ ਪੱਧਰ ਤੇ ਸਵੀਕਾਰ ਲਿਆ ਅਤੇ ਹਿੰਦੂਆਂ ਖਾਸ ਤੌਰ ਤੇ ਆਰੀਆ ਸਮਾਜੀਆਂ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਸਿੱਖ ਹਿੰਦੂ ਹਨ। 1898 ਈ. ਵਿੱਚ ਸਰਦਾਰ ਦਿਆਲ ਸਿੰਘ ਮਜੀਠੀਏ ਦੇ ਵਸੀਯਤ ਲਈ ਚੱਲੇ ਇੱਕ ਅਦਾਲਤੀ ਮੁਕੱਦਮੇਂ ਨੇ ਵੀ ਇਹ ਮਾਮਲਾ ਉਭਾਰਿਆ ਹੈ।[3]

ਹਮ ਹਿੰਦੂ ਨਹੀਂ ਪੁਸਤਕ ਵਿੱਚ ਪ੍ਰਸ਼ਨ ਉਤਰੀ ਦਾ ਸਿਲਸਿਲਾ ਅਪਣਾਇਆ ਗਿਆ ਹੈ। ਜਿਸ ਵਿੱਚ ਇੱਕ ਹਿੰਦੂ ਅਤੇ ਸਿੱਖ ਦੇ ਸਵਾਲ ਜਵਾਬ ਹਨ। ਇਸਦੇ ਮੁੱਖ ਸਿਰਲੇਖ ਹਨ:

- ਵੇਦ, ਸਿਮਰਤੀ, ਪੁਰਾਣ
- ਜਾਤੀ, ਵਰਣ
- ਅਵਤਾਰ
- ਦੇਵੀ-ਦੇਵਤਾ
- ਮੂਰਤੀ ਪੂਜਾ
- ਸੰਧਿਆ ਤਰਪਣ
- ਸੂਤਕ-ਪਾਤਕ
- ਚੌਂਕਾ-ਕਾਰ
- ਬ੍ਰਤ
- ਮਹੂਰਤ, ਤਿਥਿ ਵਾਰ ਸ਼ਗਨ
- ਪ੍ਰੇਤ ਕਿਰਿਯਾ, ਸ੍ਰਾਧ, ਤੀਰਥ

[3] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਸਮਸ਼ੇਰ ਸਿੰਘ,* ਅਸ਼ੋਕ (ਮੁਖ ਬੰਦ) ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2008, ਪੰਨਾ 76

- ਮੰਤ੍ਰਕ, ਜੰਤ੍ਰ, ਗ੍ਰਹਿ
- ਯਗ-ਹੋਮ, ਸੰਸਕਾਰ ਔਰ ਚਿੰਨ੍ਹ ਉਪਸੰਹਾਰ[4]

ਇਸ ਰਚਨਾ ਵਿਚਲੇ ਬਹੁਤੇ ਪ੍ਰਸ਼ਨ ਹਿੰਦੂ ਵਿਦਵਾਨਾਂ ਵਲੋਂ ਪ੍ਰਕਾਸ਼ਿਤ ਪੈਂਫਲੈਟਾਂ ਆਦਿ ਵਿੱਚ ਸੰਗ੍ਰਹਿ ਕੀਤੇ ਹਨ ਅਤੇ ਆਪਣਾ ਪੱਖ ਰੱਖਣ ਲਈ *ਗੁਰੂ ਗ੍ਰੰਥ ਸਾਹਿਬ , ਦਸਮ-ਗ੍ਰੰਥ, ਭਾਈ ਨੰਦ ਲਾਲ ਰਚਨਾਵਲੀ* ਅਤੇ ਹੋਰ ਸਿੱਖ ਸਾਹਿਤ ਵਿੱਚੋਂ ਹਵਾਲੇ ਲਏ ਗਏ ਹਨ। ਇਸ ਤੋਂ ਇਲਾਵਾ ਬਹੁਤ ਸਾਰੇ ਹਿੰਦੂ ਗ੍ਰੰਥ ਅਤੇ ਮੁਸਲਿਮ ਲਿਖਾਰੀਆਂ ਤੇ ਅੰਗਰੇਜਾਂ ਵਲੋਂ ਲਿਖੇ ਗ੍ਰੰਥਾਂ ਦਾ ਸਹਾਰਾ ਲਿਆ ਗਿਆ ਹੈ।[5]

ਪਹਿਲਾ ਪ੍ਰਸ਼ਨ ਹਿੰਦੂ ਵੀਰ ਵਲੋਂ ਕੀਤਾ ਗਿਆ ਹੈ ਕਿ ਸਿੱਖ ਹਿੰਦੂ ਹਨ ਕਿਉਂਕਿ ਇਹ ਹਿੰਦੂਆਂ ਵਿੱਚੋਂ ਨਿਕਲੇ ਹਨ ਹਿੰਦੂਆਂ ਨਾਲ ਖਾਂਦੇ ਪੀਂਦੇ, ਸਾਕ-ਨਾਤੇ ਕਰਦੇ ਅਤੇ ਹਿੰਦੋਸਤਾਨ ਦੇ ਵਸਨੀਕ ਹਨ। ਇਸਦੇ ਜਵਾਬ ਵਿੱਚ ਸਿੱਖ ਉੱਤਰ ਦਿੰਦਾ ਹੈ ਕਿ ਇਹ ਵਿਚਾਰ ਹਿੰਦੂ ਭਰਾਵਾਂ ਦੀ ਕ੍ਰਿਪਾ ਨਾਲ ਹੀ ਬਣਿਆ ਹੈ। ਇਸ ਸਵਾਲ ਦੇ ਜਵਾਬ ਨੂੰ ਪੁਸਤਕ ਵਿੱਚ ਦੇਖ ਸਕਦੇ ਹਾਂ। ਇਸ ਸਵਾਲ-ਜਵਾਬ ਦਾ ਅਸਲੀ ਰੂਪ *ਹਮ ਹਿੰਦੂ ਨਹੀਂ* ਪੁਸਤਕ ਵਿੱਚ ਇਸ ਪ੍ਰਕਾਰ ਹੈ: "ਹਿੰਦੂ: ਬਹੁਤੇ ਸਿੱਖਾਂ ਤੋਂ ਸੁਣਿਆ ਜਾਂਦਾ ਹੈ ਕਿ 'ਸਿੱਖ ਹਿੰਦੂ ਨਹੀਂ' ਪਰ ਮੇਰੀ ਸਮਝ ਵਿੱਚ ਇਹ ਸਿੱਖਾਂ ਦਾ ਅਗਿਆਨ ਹੈ, ਕਿਉਂਕਿ ਸਿੱਖ:

ੳ. ਹਿੰਦੂਆਂ ਵਿੱਚੋਂ ਨਿਕਲੇ ਹਨ

ਅ. ਹਿੰਦੂਆਂ ਨਾਲ ਖਾਨ-ਪਾਨ ਹੈ

ੲ. ਹਿੰਦੂਆਂ ਨਾਲ ਸਾਕ-ਨਾਤੇ ਹਨ, ਔਰ

---

[4] ਭਾਈ ਕਾਨ੍ਹ ਸਿੰਘ ਨਾਭਾ, *ਹਮ ਹਿੰਦੂ ਨਹੀਂ, ਸਿੰਘ ਬ੍ਰਦਰਜ਼,* ਅੰਮ੍ਰਿਤਸਰ, 2006, ਤਤਕਰਾ

[5] ਦੇਵਿੰਦਰ ਸਿੰਘ ਵਿਦਿਆਰਥੀ, *ਭਾਈ ਕਾਨ੍ਹ ਸਿੰਘ ਨਾਭਾ: ਜੀਵਨ ਤੇ ਰਚਨਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987, ਪੰਨਾ 77

ਸ. ਹਿੰਦੂਸਤਾਨ ਦੇ ਵਸਨੀਕ ਹਨ, ਫੇਰ ਸਿੱਖ 'ਅਹਿੰਦੂ' ਕਿਸ ਤਰ੍ਹਾਂ ਹੋ ਸਕੇ ਹਨ?

ਹ. ਜੇ ਆਪ ਹਿੰਦੂ ਪਦ ਦੇ ਫ਼ਾਰਸੀ ਅਰਥ ਸਮਝ ਕੇ ਹਿੰਦੂ ਕਹਾਉਣੋਂ ਗਿਲਾਨੀ ਕਰਦੇ ਹੋਂ ਤਾਂ ਭੀ ਆਪ ਦੀ ਭੁੱਲ ਹੈ, ਕਿਉਂਕਿ ਹਿੰਦੂ ਪਦ ਸੰਸਕ੍ਰਿਤ ਹੈ, ਔਰ ਇਸ ਦੇ ਅਰਥ ਦੁਸ਼ਟਾਂ ਨੂੰ ਜਿੱਤਣ ਵਾਲਾ ਔਰ ਬਹਾਦਰ ਹਨ।

(ਦੇਖੋ, *ਰਾਮ ਕੋਸ਼, ਮੇਰੁ ਤੰਤ੍ਰ ਪ੍ਰਕਾਸ਼ ਔਰ ਕਾਲਿਕਾ ਪੁਰਾਣ*)

ਕ. ਔਰ ਹਿੰਦੂ ਪਦ ਇੰਦੁ ਅਤੇ ਸਿੰਧੁ ਤੋਂ ਬਣਿਆ ਪ੍ਰਤੀਤ ਹੁੰਦਾ ਹੈ।

ਸਿੱਖ: ਇਹ ਗੱਲ ਕਿ - 'ਅਸੀਂ ਹਿੰਦੂ ਨਹੀ' - ਸਿੱਖ ਆਪ ਦੀ ਹੀ ਕ੍ਰਿਪਾ ਕਰਕੇ ਆਖਦੇ ਹਨ, ਅਰ ਵਾਸਤਵ ਵਿਚਾਰ ਕਰੀਏ ਤਾਂ ਮਨਉਕਤਿ ਨਹੀਂ ਆਖਦੇ, ਸਗੋਂ ਸਤਿਗੁਰਾਂ ਦੀ ਆਗਿਆ ਅਨੁਸਾਰ ਕਹਿੰਦੇ ਔਰ ਮੰਨਦੇ ਹਨ, ਯਥਾ:

1. ਨਾ ਹਮ ਹਿੰਦੂ ਨ ਮੁਸਲਮਾਨ॥ (ਗੁ.ਗ੍ਰੰ., 1136)
2. ਹੋਰੁ ਫਕੜੁ ਹਿੰਦੂ ਮੁਸਲਮਾਣੈ॥ (ਗੁ.ਗ੍ਰੰ., 952)
3. ਬਹੁ ਸੁੰਨੀ ਸ਼ੀਆ ਰਾਫਜ਼ੀ ਮਜ਼ਹਬ ਮਨਿ ਭਾਣੇ।
   ਈਸਾਈ ਮੂਸਾਈਆਂ ਹਉਮੈ ਹੈਰਾਣੇ।
   ਹੋਇ ਫਿਰੰਗੀ ਅਰਮਨੀ ਰੂਮੀ ਗਰਬਾਣੇ।

ਗੁਰੁ ਸਿਖ ਰੋਮ ਨ ਪੁਜਨੀ ਗੁਰ ਹਟਿ ਵਿਕਾਣੇ॥੧੧॥"[6](ਭਾਈ ਗੁਰਦਾਸ, ਵਾਰ 38,11)

ਇਸ ਲਈ *ਗੁਰੂ ਗ੍ਰੰਥ ਸਾਹਿਬ* ਭਾਈ ਗੁਰਦਾਸ, *ਗਿਆਨ ਰਤਨਾਵਲੀ, ਰਹਿਤਨਾਮੇਂ, ਗੁਰਬਿਲਾਸ ਪਾਤਿਸ਼ਾਹੀ 10, ਗੁਰਪ੍ਰਤਾਪ ਸੂਰਜ ਗ੍ਰੰਥ, ਪੰਥ ਪ੍ਰਕਾਸ਼* ਆਦਿ ਦੇ ਹਵਾਲੇ ਦੇ ਕੇ ਸਿੱਧ ਕੀਤਾ ਹੈ ਕਿ ਸਿੱਖ ਹਿੰਦੂ ਨਹੀਂ ਬਲਕਿ ਹਿੰਦੂ ਅਤੇ ਮੁਸਲਮਾਨ ਤੋਂ ਨਿਆਰਾ ਹੈ। ਇਸ ਤੋਂ ਬਾਅਦ

---

[6] ਦੇਵਿੰਦਰ ਸਿੰਘ ਵਿਦਿਆਰਥੀ, *ਭਾਈ ਕਾਨ੍ਹ ਸਿੰਘ ਨਾਭਾ: ਜੀਵਨ ਤੇ ਰਚਨਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987, ਪੰਨਾ 26

ਸਿੱਖ ਰਹਿਤ ਮਰਯਾਦਾ ਦੇ ਹਵਾਲੇ ਜਿਸ ਵਿੱਚ ਸਿੱਖਾਂ ਦਾ ਜਾਤ-ਪਾਤ, ਗੋਤ ਖਤਮ ਹੋਣਾ, ਨਿੱਤ ਨੇਮ, ਕਕਾਰ, ਆਦਿ ਦਾ ਧਾਰਨੀ ਹੋਣਾ ਆਪਣੇ ਗੁਰੂ ਭਾਈਆਂ ਨੂੰ ਸਮਾਨ ਜਾਨਣਾ, ਵਿੱਦਿਆ ਦਾ ਅਭਿਆਸ ਕਰਨਾ, ਗੁਰਮੁਖੀ ਪੜ੍ਹਨੀ, ਜਥੇਬੰਦੀ ਅਨੁਸਾਰ ਚੱਲਣਾ। ਇੱਕ ਅਕਾਲ-ਪੁਰਖ ਤੋਂ ਇਲਾਵਾ ਕਿਸੇ ਦੇਵੀ ਦੇਵਤੇ ਨੂੰ ਨਾ ਮੰਨਣਾ, *ਗੁਰੂ ਗ੍ਰੰਥ ਸਾਹਿਬ* ਤੋਂ ਬਿਨ੍ਹਾਂ ਕਿਸੇ ਧਰਮ ਪੁਸਤਕ ਤੇ ਨਿਸ਼ਚਾ ਨਾ ਰੱਖਣਾ ਆਦਿ ਹਵਾਲੇ ਦੇ ਕੇ ਵੀ ਸਿੱਖਾਂ ਨੂੰ ਹਿੰਦੂਆਂ ਤੋਂ ਵੱਖਰੇ ਸਿੱਧ ਕੀਤਾ ਹੈ ਅਤੇ ਇਹ ਵੀ ਦੱਸਿਆ ਹੈ ਕਿ ਹਿੰਦੂ ਖਾਨਦਾਨਾਂ ਵਿੱਚ ਰਿਸ਼ਤੇਦਾਰੀਆਂ ਹੋਣ ਕਰਕੇ ਕੋਈ ਆਪਣੇ ਧਰਮ ਤੋਂ ਪਤਿਤ ਨਹੀਂ ਹੁੰਦਾ ਪਰੰਤੂ ਸਿੱਖਾਂ ਲਈ ਆਪਣੇ ਨਾਤੇ ਸਿੱਖਾਂ ਦੇ ਘਰਾਂ ਵਿੱਚ ਹੀ ਕਰਨ ਦਾ ਹੁਕਮ ਹੈ। ਇਸ ਤਰ੍ਹਾਂ ਇੱਕ ਧਰਤੀ ਉੱਤੇ ਰਹਿਣ ਕਰਕੇ ਵੀ ਸਿੱਖ ਹਿੰਦੂਆਂ ਅਤੇ ਮੁਸਲਮਾਨਾਂ ਦੀਆਂ ਕੌਮਾਂ ਵੀ ਬਹੁਤ ਸਮਾਂ ਇੱਕ ਜਗ੍ਹਾਂ ਵਸਦੀਆਂ ਰਹੀਆਂ ਹਨ ਅਤੇ ਵਸਦੀਆਂ ਹਨ।

ਇਨ੍ਹਾਂ ਗੱਲਾਂ ਤੋਂ ਬਾਅਦ ਹਿੰਦੂ ਗ੍ਰੰਥਾਂ ਦੀ ਪੂਜਾ ਜਾਂ ਉਨ੍ਹਾਂ ਨੂੰ ਮੰਨਣ ਬਾਰੇ ਸੰਵਾਦ ਚਲਦਾ ਹੈ। ਇਸ ਵਿੱਚ ਸਿੱਖ ਦਾ ਕਹਿਣਾ ਹੈ ਕਿ ਹਿੰਦੂ ਵੇਦਾਂ ਨੂੰ ਈਸ਼ਵਰ ਦੇ ਸਾਂਹ ਅਤੇ *ਸਿਮ੍ਰਤੀ, ਪੁਰਾਣ* ਆਦਿ ਨੂੰ ਆਪਣੇ ਧਰਮ ਦਾ ਆਧਾਰ ਮੰਨਦੇ ਹਨ ਪ੍ਰੰਤੂ ਸਿੱਖ ਕੇਵਲ *ਗੁਰੂ ਗ੍ਰੰਥ ਸਾਹਿਬ* ਨੂੰ ਹੀ ਆਪਣੀ ਧਰਮ ਗ੍ਰੰਥ ਜਾਣਦੇ ਹਨ। ਇਸ ਲਈ *ਗੁਰੂ ਗ੍ਰੰਥ ਸਾਹਿਬ* ਅਤੇ ਸਿੱਖ ਸਾਹਿਤ ਵਿਚੋਂ ਪ੍ਰਮਾਣ ਪੇਸ਼ ਕੀਤੇ ਗਏ ਹਨ ਉਹ ਵੇਦਾਂ ਵਿਚਲੇ ਕਰਮ, ਉਪਾਸਨਾਂ ਅਤੇ ਗਿਆਨ ਕਾਂਡ ਵਿੱਚੋਂ ਗਿਆਨ ਕਾਂਡ ਨਾਲ ਸੰਬੰਧਤ ਹਨ। ਪਰੰਤੂ ਜਵਾਬ ਵਿੱਚ ਦੱਸਿਆ ਗਿਆ ਹੈ ਕਿ ਸਤਿਗੁਰੂ ਨੇ ਇਹ ਸ਼ਬਦ ਸਭ ਲਈ ਹੀ ਉਚਾਰਣ ਕੀਤੇ ਹਨ ਕਿਸੇ ਖਾਸ ਕਾਂਡ ਨੂੰ ਮੁੱਖ ਰੱਖਕੇ ਨਹੀਂ। ਇਸ ਤੋਂ ਇਲਾਵਾ ਸਿੱਖ ਕਿਸੇ ਵੀ ਹਿੰਦੂ ਕਰਮ ਕਾਂਡ ਜਿਵੇਂ ਚਮਚਿਆਂ ਨਾਲ ਪਾਣੀ ਫੁੱਕਣਾ, ਕੰਨ ਨੱਕ ਨੂੰ ਹੱਥ ਲਾ-ਲਾ ਤਾੜੀਆਂ ਮਾਰਨੀਆਂ ਤੇ ਘਿਉ ਜਿਹੇ ਉੱਤਮ ਪਦਾਰਥ ਨੂੰ ਅੱਗ ਵਿੱਚ ਫੂਕਣਾ ਨੂੰ ਨਹੀਂ ਮੰਨਦੇ ਅਤੇ ਗੁਰਬਾਣੀ

ਦਾ ਪਾਠ ਕਰਨਾ ਵਾਹਿਗੁਰੂ ਨੂੰ ਸਰਬ-ਵਿਆਪੀ ਮੰਨ ਕੇ ਉਸਦੇ ਪਿਆਰ ਵਿੱਚ ਮਹਾਨ ਹੋਣਾ ਸਿੱਖ ਧਰਮ ਵਿੱਚ ਉਪਾਸਨਾ ਹੈ। ਆਪਣੇ ਆਪ ਦੀ ਸੋਝੀ ਅਤੇ ਅਕਾਲ ਪੁਰਖ ਦਾ ਗਿਆਨ ਹੀ ਸਿੱਖਾਂ ਲਈ ਗਿਆਨ ਦਾ ਦਰਜਾ ਰੱਖਦਾ ਹੈ।

ਅਗਲਾ ਸਵਾਲ ਹੈ ਕਿ *ਗੁਰੂ ਗ੍ਰੰਥ ਸਾਹਿਬ* ਵਿਚ ਵੇਦ ਸੁਣਨ ਦੀ ਆਗਿਆ ਹੈ। ਇਸ ਦਾ ਉਦਾਹਰਣ ਸਵਾਲ-ਜਵਾਬ ਦੇ ਰੂਪ ਵਿੱਚ ਇਸ ਪ੍ਰਕਾਰ ਹੈ:

ਹਿੰਦੂ: ਦੇਖੋ! *ਗੁਰੂ ਗ੍ਰੰਥ ਸਾਹਿਬ* ਵਿੱਚ ਵੇਦ ਸੁਣਨ ਦੀ ਆਗਿਆ ਹੈ।

ਸੁਣਿਐ ਸਾਸਤ ਸਿਮ੍ਰਿਤਿ ਵੇਦ॥ (ਗੁ.ਗ੍ਰੰ., 3)

ਸਿੱਖ: ਐਥੇ ਇਹ ਉਪਦੇਸ਼ ਨਹੀਂ ਕਿ ਸਿੱਖ ਸ਼ਾਸਤ੍ਰ ਅਤੇ ਵੇਦਾਂ ਨੂੰ ਆਪਣੇ ਧਰਮ ਪੁਸਤਕ ਮੰਨ ਕੇ ਸੁਣਨ। ਇਸ ਜਗ੍ਹਾ ਸੁਣਨ ਦਾ ਪ੍ਰਕਰਣ ਔਰ ਮਹਾਤਮ ਚੱਲਿਆ ਹੋਇਆ ਹੈ ਕਿ ਸੁਣਨ ਤੋਂ ਹੀ ਸਭ ਕੁਛ ਪ੍ਰਾਪਤ ਹੁੰਦਾ ਹੈ। ਦੇਖੋ! ਗੁਰੂ ਸਾਹਿਬ ਅੱਗੇ ਫ਼ੁਰਮਾਉਂਦੇ ਹਨ:

ਸੁਣਿਐ ਸਰਾ ਗੁਣਾ ਕੇ ਗਾਹ॥
ਸੁਣਿਐ ਸੇਖ ਪੀਰ ਪਾਤਿਸਾਹ॥
... ... ... ...
ਸੁਣਿਐ ਦੂਖ ਪਾਪ ਕਾ ਨਾਸੁ॥ (ਗੁ.ਗ੍ਰੰ., 3)

ਹਿੰਦੂ: ਗੁਰੂ ਸਾਹਿਬ ਕਹਿੰਦੇ ਹਨ:

ਵੇਦ ਕਹਨਿ ਇਕ ਵਾਤ॥ (ਗੁ.ਗ੍ਰੰ., 5)

ਸਿੱਖ: ਪਿਆਰੇ ਹਿੰਦੂ ਭਾਈ! ਅਗਲੀ ਤੁਕ ਕਿਉਂ ਨਹੀਂ ਪੜ੍ਹਦਾ ਕਿ:

ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ॥ (ਗੁ.ਗ੍ਰੰ., 5)

ਹਿੰਦੂ: ਦੇਖੋ! ਗੁਰੂ ਸਾਹਿਬ ਆਖਦੇ ਹਨ:

ਅਹਰਣਿ ਮਤਿ ਵੇਦੁ ਹਥੀਆਰੁ॥ (ਗੁ.ਗ੍ਰੰ., 8)

ਸਿੱਖ: ਏਥੇ ਆਪ ਦੇ ਉਹ ਵੇਦ ਪੁਸਤਕ ਨਹੀਂ, ਜਿਨ੍ਹਾਂ ਵਿੱਚ ਅਗਨੀ ਸੂਰਜ ਅਤੇ ਇੰਦ੍ਰ ਆਦਿਕ ਦੇਵਤਿਆਂ ਦੇ ਗੁਣ ਗਾਏ ਹਨ, ਔਰ ਖਾਣੇ ਦੀ ਉੱਤਮ ਸਮੱਗਰੀ ਨੂੰ ਭਸਮ ਕਰਨ ਵਾਲਾ ਹਵਨ ਵਿਧਾਨ ਕੀਤਾ ਹੈ, ਇਸ ਜਗ੍ਹਾ ਵੇਦ ਪਦ ਦਾ ਅਰਥ ਯਥਾਰਥ ਗਿਆਨ ਹੈ।[7] ਭਾਈ ਸਾਹਿਬ ਲਿਖਦੇ ਹਨ ਕਿ ਸਾਸ਼ਤਰਾਂ ਅਤੇ ਵੇਦਾਂ ਦੇ ਉਪਦੇਸ਼ ਨੂੰ ਪੜ੍ਹ ਕੇ ਮੰਨਣ ਲਈ ਨਹੀਂ ਬਲਕਿ ਸੁਣਨ ਤੋਂ ਪ੍ਰਾਪਤ ਲਾਭ ਬਾਰੇ ਹੈ। ਸਿੱਖ ਧਰਮ ਵਿੱਚ ਵੇਦ ਦਾ ਅਰਥ ਗਿਆਨ ਹੈ।

ਸਿੱਖ ਕਿਸੇ ਜਾਤ ਜਾਂ ਵਰਣ ਵਿੱਚ ਵਿਸ਼ਵਾਸ ਨਹੀਂ ਰੱਖਦੇ। ਇਸ ਪੁਸਤਕ ਵਿੱਚ ਭਾਈ ਸਾਹਿਬ ਨੇ ਹਿੰਦੂ ਸ਼ਾਸਤਰਾਂ ਦੇ ਹਵਾਲੇ ਨਾਲ ਹਿੰਦੂ ਧਰਮ ਵਿੱਚ ਜਾਤ-ਪਾਤ ਦੀ ਪੀਡੀ ਵੰਡ ਨੂੰ ਚਿੱਤਰਿਆ ਹੈ। ਦੂਜੇ ਪਾਸੇ ਸਿੱਖ ਹਿੰਦੂ ਸ਼ਾਸਤਰਾਂ ਦੀ ਇਸ ਵੰਡ ਦੇ ਵਿਰੋਧ ਵਿੱਚ ਖੜ੍ਹਦੇ ਹਨ। ਇਸ ਤੋਂ ਇਲਾਵਾ ਹਿੰਦੂਆਂ ਦੀ ਆਪਣੀ ਭਾਸ਼ਾ ਸੰਸਕ੍ਰਿਤ ਹੈ ਜੋ ਦੂਸਰੀਆਂ ਜੁਬਾਨਾਂ ਤੋਂ ਉੱਤਮ ਮੰਨੀ ਜਾਂਦੀ ਹੈ, ਪਰ ਸਿੱਖ ਪੰਥ ਵਿੱਚ ਭਾਸ਼ਾ ਦੇ ਨਾਂ ਤੇ ਅਜਿਹਾ ਕੋਈ ਰੋਲਾ ਨਹੀਂ।

ਸਿੱਖਾਂ ਲਈ ਜਨੇਊ ਪਹਿਨਣਾ ਮਨ੍ਹਾਂ ਹੈ ਪਰੰਤੂ ਹਿੰਦੂ ਜਾਤ ਵੰਡ ਅਨੁਸਾਰ ਜਨੇਊ ਮਨੁੱਖ ਤੋਂ ਮਨੁੱਖ ਦੀ ਸ੍ਰੇਸ਼ਠਤਾ ਜਾਂ ਨਿਮਰਤਾ ਨੂੰ ਪ੍ਰਗਟ ਕਰਦਾ ਹੈ, ਸਵਾਲ ਇਹ ਹੈ ਕਿ ਗੁਰੂ ਤੇਗ਼ ਬਹਾਦਰ ਸਾਹਿਬ ਜਨੇਊ ਦੀ ਰੱਖਿਆ ਲਈ ਸ਼ਹੀਦ ਹੋ ਗਏ। ਇਸ ਲਈ ਜਨੇਊ ਨੂੰ ਸਤਿਕਾਰਤ ਮੰਨਿਆ ਹੈ। ਇਸਦਾ ਜਵਾਬ ਹੈ ਕਿ ਗੁਰੂ ਸਾਹਿਬ ਨੇ ਸ਼ਹੀਦੀ ਤਕੜੇ ਤੋਂ ਮਾੜੇ ਨੂੰ ਬਚਾਉਣ ਲਈ ਜੁਲਮ ਖਿਲਾਫ਼ ਖੜੇ ਹੋਣ ਲਈ ਕੀਤੀ ਨਾ ਕਿ ਜਨੇਊ ਦੇ ਸਤਿਕਾਰ ਲਈ।

ਸਿੱਖ ਧਰਮ ਵਿੱਚ ਅਵਤਾਰਵਾਦ ਜਾਂ ਦੇਵੀ ਦੇਵਤਿਆਂ ਦੀ ਉਪਾਸਨਾਂ ਨੂੰ ਛੱਡਕੇ ਇੱਕ ਅਕਾਲ ਪੁਰਖ ਉੱਪਰ ਵਿਸ਼ਵਾਸ ਕਰਨਾ ਸਿਖਾਇਆ ਜਾਂਦਾ ਹੈ। ਗੁਰਬਾਣੀ ਵਿੱਚ ਬਹੁਤ ਸਾਰੇ ਨਾਮ

---

[7] ਦੇਵਿੰਦਰ ਸਿੰਘ ਵਿਦਿਆਰਥੀ, *ਭਾਈ ਕਾਨ੍ਹ ਸਿੰਘ ਨਾਭਾ: ਜੀਵਨ ਤੇ ਰਚਨਾ*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987, ਪੰਨਾ 46

ਜੋ ਹਿੰਦੂ ਦੇਵੀ-ਦੇਵਤਿਆਂ ਦੇ ਹਨ ਹਵਾਲੇ ਵਜੋਂ ਜਾਂ ਇਤਿਹਾਸਕ ਮਿਥਿਹਾਸਿਕ ਪਾਤਰਾਂ ਵਜੋਂ ਵਰਤੇ ਹਨ ਪਰੰਤੂ ਅੰਤ ਵਿੱਚ ਵਾਹਿਗੁਰੂ ਦੀ ਮਹਿਮਾਂ ਨੂੰ ਹੀ ਮੁੱਖ ਰੱਖਿਆ ਹੈ। ਦੂਸਰੇ ਪਾਸੇ ਭਾਵ ਦੇਵੀ-ਦੇਵਤੇ ਸਾਰੇ ਮਾਇਆ ਦੇ ਮੋਹ ਵਿੱਚ ਫਸੇ ਹੋਏ ਜਾਂ ਆਪਣੇ ਕਾਰਜਾਂ ਤੋਂ ਭਟਕੇ ਹੋਏ ਹਨ।[8] ਦਸਮ ਗ੍ਰੰਥ ਦੀਆਂ ਬਹੁਤ ਸਾਰੀਆਂ ਰਚਨਾਵਾਂ ਵਿੱਚ ਦੇਵੀ ਦੇਵਤਿਆਂ ਦਾ ਪ੍ਰਸੰਗ ਚਲਦਾ ਹੈ ਪਰੰਤੂ ਪੜ੍ਹਨ ਤੋਂ ਬਾਅਦ ਅੰਤ ਦੇ ਵਿੱਚ ਇਹ ਸਿੱਟਾ ਕੱਢਿਆ ਜਾਂਦਾ ਹੈ ਕਿ ਇੱਕ ਪਰਮੇਸ਼ਵਰ ਤੋਂ ਇਲਾਵਾ ਕੋਈ ਦੇਵੀ-ਦੇਵਤਾ ਸਮਰੱਥ ਨਹੀਂ ਹੈ। ਸਿੱਖਾਂ ਵਿੱਚ ਕਿਸੇ ਦੇਵਤੇ ਦੀ ਮੂਰਤੀ ਬਣਾਕੇ ਪੂਜਣਾ ਨਿਸ਼ੇਧ ਹੈ ਪਰ ਹਿੰਦੂਆਂ ਵਿੱਚ ਇਸਦੀ ਪ੍ਰਧਾਨਤਾ ਹੈ ਇੱਥੇ ਇਹ ਸਵਾਲ ਉਠਦਾ ਹੈ ਕਿ ਸਿੱਖ *ਗੁਰੂ ਗ੍ਰੰਥ ਸਾਹਿਬ* ਦੀ ਪੂਜਾ ਮੂਰਤੀ ਪੂਜਾ ਨਹੀਂ ਹੈ? ਜਵਾਬ ਇਹ ਹੈ ਕਿ *ਗੁਰੂ ਗ੍ਰੰਥ ਸਾਹਿਬ* ਨੂੰ ਅਕਾਲੀ ਹੁਕਮ ਮੰਨਕੇ ਸਿੱਖ ਸਨਮਾਨ ਕਰਦੇ ਹਨ ਜਿਸ ਤੋਂ ਪਰਮਾਰਥਕ ਅਤੇ ਵਿਵਹਾਰਕ ਸੱਚੇ ਉਪਦੇਸ਼ ਮਿਲਦੇ ਹਨ ਮੂਰਤੀ ਪੂਜਕਾਂ ਵਾਂਗ ਪੂਜਾ ਨਹੀਂ ਕਰਦੇ।

ਇਸ ਪੁਸਤਕ ਵਿਚੋਂ ਕੁਝ ਉਦਾਹਰਨਾਂ ਪੇਸ਼ ਕੀਤੀਆਂ ਜਾ ਸਕਦੀਆਂ ਹਨ, ਜਿਹੜੀਆਂ ਪੁਸਤਕ ਦੀ ਸ਼ੈਲੀ ਬਾਰੇ ਦਸਦੀਆਂ ਹਨ, ਜਿਵੇਂ 'ਹਿੰਦੂ' ਸ਼ਬਦ ਦੀ ਉਤਪਤੀ ਬਾਰੇ:

'**ਪ੍ਰਸ਼ਨ:** ਕਯਾ ਪੰਡਿਤ ਜੀ! ਆਪ ਕ੍ਰਿਸਤਾਨ ਔਰ ਮੁਸਲਮਾਨਾਂ ਨੂੰ ਭੀ ਕਿਸੀ ਪ੍ਰਮਾਣ ਔਰ ਯੁਕਤੀ ਨਾਲ ਹਿੰਦੂ ਸਿੱਧ ਕਰ ਸਕਦੇ ਹੋ?

**ਪੰਡਿਤ ਜੀ ਦਾ ਉੱਤਰ:** ਹਾਂ, ਦੱਖਣਾ ਲਿਆਓ, ਹੁਣੇ ਸਿੱਧ ਕਰਕੇ ਦਿਖਾ ਦੇਂਦੇ ਹਾਂ।

**ਪ੍ਰਸ਼ਨ:** ਭਲਾਂ ਕਿਸ ਤਰ੍ਹਾਂ

**ਪੰਡਿਤ ਜੀ:** ਭਾਈ ! ਕ੍ਰਿਸਤਾਨ ਔਰ ਮੁਸਲਮਾਨ ਤਾਂ ਸ਼ੁੱਧ ਬ੍ਰਾਹਮਣ ਹਨ, ਅਸਲ ਬਾਤ ਇਉਂ ਹੈ ਕਿ ਯਾਦਵਾਂ ਦੇ ਦੋ ਪ੍ਰੋਹਿਤ ਸੇ, ਇਕ ਨੂੰ ਕ੍ਰਿਸ਼ਨ ਭਗਵਾਨ ਮੰਨਿਆ ਕਰਦੇ ਸੇ। ਇਸ ਕਰਕੇ ਉਸ ਪ੍ਰੋਹਿਤ

---

[8] *ਮਾਇਆ ਮੋਹੇ ਦੇਵੀ ਸਭਿ ਦੇਵਾ॥ ਗੁ.ਗ੍ਰੰ,* 227

ਦਾ ਨਾਉਂ 'ਕ੍ਰਿਸ਼ਨ ਮਾਨਜ' ਸੀ, ਦੂਜੇ ਨੂੰ ਕ੍ਰਿਸ਼ਨ ਜੀ ਦਾ ਭਾਈ ਮੁਸਲਿ੧ (ਬਲਭਦ੍ਰ) ਮੰਨਿਆ ਕਰਦਾ ਸੀ, ਇਸ ਕਰਕੇ ਉਸ ਦਾ ਨਾਉਂ 'ਮੁਸਲਿ ਮਾਨਜ' ਸੀ, ਇਹ ਦੋਵੇਂ (ਕ੍ਰਿਸਤਾਨ ਔਰ ਮੁਸਲਮਾਨ) ਮਤ, ਉਨ੍ਹਾਂ ਪਰੋਹਿਤਾਂ ਦੀ ਸੰਤਾਨ ਹਨ। ਲੋਕਾਂ ਨੂੰ ਸੰਸਕ੍ਰਿਤ ਦਾ ਸ਼ੁੱਧ ਉਚਾਰਣ ਨਹੀਂ ਆਉਂਦਾ, ਇਸ ਵਾਸਤੇ ਕ੍ਰਿਸ਼ਨ ਮਾਨਜ ਦੀ ਜਗ੍ਹਾ ਕ੍ਰਿਸਤਾਨ, ਔਰ ਮੁਸਲਿ ਮਾਨਜ ਦੀ ਜਗ੍ਹਾ ਮੁਸਲਮਾਨ ਆਖਣ ਲਗ ਪਏ। ਲਿਆਓ ਦੱਖਣਾ! ਤੁਹਾਨੂੰ ਹੁਣੇ ਇਹ ਵਿਵਸਥਾ ਲਿਖ ਕੇ ਦੇਈਏ।

ਫੁਟਨੋਟ: ੧ ਬਲਭਦ੍ਰ ਆਪਣੇ ਹੱਥ ਵਿਚ ਹਲ ਅਤੇ ਮੂਸਲ ਰੱਖਦਾ ਹੁੰਦਾ ਸੀ, ਇਸ ਕਰਕੇ ਉਸ ਨੂੰ 'ਹਲੀ' ਔਰ 'ਮੂਸਲੀ' ਆਖਦੇ ਸੇ।'[9]

ਉਪਰੋਕਤ ਵਿਚਾਰ ਚਰਚਾ ਤੋਂ ਇਲਾਵਾ ਸਿੱਖਾਂ ਵਿੱਚ ਹਿੰਦੂ ਧਰਮ ਵਾਂਗ ਸੰਧਿਆ ਤਰਪਣ, ਸੂਤਕ-ਪਾਤਕ, ਚੌਕਾਂ-ਕਾਰ, ਬ੍ਰਤ, ਮਹੂਰਤ, ਸ਼ਰਾਧ, ਮੰਤ੍ਰ-ਯੰਤ੍ਰ, ਯੱਗ-ਹੋਮ ਆਦਿ ਦੀ ਕੋਈ ਮਹਾਨਤਾ ਨਹੀਂ। ਇਸ ਪੁਸਤਕ ਵਿੱਚ ਭਾਈ ਸਾਹਿਬ ਨੇ ਇਨ੍ਹਾਂ ਸਾਰੀਆਂ ਗੱਲਾਂ ਦਾ ਨਿਸ਼ੇਧ (ਵਿਰੋਧ) ਗੁਰਬਾਣੀ ਅਤੇ ਸਿੱਖ ਸਾਹਿਤ ਦੇ ਹਵਾਲਿਆਂ ਨਾਲ ਕੀਤਾ ਹੈ। ਹਿੰਦੂਆਂ ਦੇ ਸੰਸਕਾਰ ਅਤੇ ਸਿੱਖਾਂ ਦੇ ਸੰਸਕਾਰਾਂ ਵਿੱਚ ਮੁੱਖ ਫਰਕ ਸਮਝਾਇਆ ਗਿਆ ਹੈ। ਇਹ ਪੁਸਤਕ ਸਿੱਖ ਪੰਥ ਦੇ ਇੱਕ ਰਹਿਤਨਾਮੇ ਵਜੋਂ ਪੜ੍ਹੀ ਜਾ ਸਕਦੀ ਹੈ ਜੋ ਸਿੱਖ ਰਹਿਤ ਮਰਯਾਦਾ ਦਾ ਇੱਕ ਮੂਲ ਸ੍ਰੋਤ ਹੈ।

ਇਸ ਪੁਸਤਕ ਵਿੱਚ ਭਾਈ ਸਾਹਿਬ ਦੀਆਂ ਵਿਆਖਿਆਕਾਰੀ ਦੀਆਂ ਪਰਤਾਂ ਉਘੜਦੀਆਂ ਪ੍ਰਤੀਤ ਹੁੰਦੀਆਂ ਹਨ। ਸਿੱਖ ਵਿਆਖਿਆਕਾਰੀ ਵਿੱਚ ਉਨ੍ਹਾਂ ਦਾ ਯੋਗਦਾਨ ਵਿਸ਼ੇਸ਼ ਥਾਂ ਰੱਖਦਾ ਹੈ, ਜਿਸਨੂੰ ਅਸੀਂ ਹੇਠ ਲਿਖੇ ਅਨੁਸਾਰ ਦੇਖ ਸਕਦੇ ਹਾਂ:

---

[9] ਭਾਈ ਕਾਨ੍ਹ ਸਿੰਘ ਨਾਭਾ, *ਹਮ ਹਿੰਦੂ ਨਹੀਂ, ਸਿੰਘ ਬ੍ਰਦਰਜ਼,* ਅੰਮ੍ਰਿਤਸਰ, 2006, ਪੰਨਾ 39

**ਸਿੱਖੀ ਦੀ ਨਿਵੇਕਲੀ ਪਹਿਚਾਣ**

ਇਸ ਪੁਸਤਕ ਵਿੱਚ ਸਿੱਖਾਂ ਦੀ ਪਛਾਣ ਨੂੰ ਦਲੀਲਾਂ ਸਹਿਤ ਸਾਬਿਤ ਕੀਤਾ ਗਿਆ ਹੈ ਅਤੇ ਇਹ ਮੰਨਿਆ ਗਿਆ ਹੈ ਕਿ ਸਿੱਖ ਕਿਸੇ ਤਰ੍ਹਾਂ ਵੀ ਹਿੰਦੂ ਨਹੀਂ ਹੈ। ਇਸ ਲਈ ਗੁਰਬਾਣੀ ਅਤੇ ਸਿੱਖ ਇਤਿਹਾਸ ਵਿੱਚੋਂ ਪ੍ਰਮਾਣ ਪੇਸ਼ ਕੀਤੇ ਹਨ। ਜਿਵੇਂ ਕਿ ਸਿੱਖ ਵੇਦਾਂ ਸਾਸ਼ਤਰਾਂ ਦੇ ਉਪਦੇਸਾਂ ਤੋਂ ਲਾਭ ਤਾਂ ਲੈ ਸਕਦਾ ਹੈ ਪ੍ਰੰਤੂ ਉਨ੍ਹਾਂ ਵਿੱਚ ਆਈਆਂ ਗੱਲਾਂ ਜਾਂ ਸੰਕਲਪਾਂ ਜਿਹੜੇ ਜਾਤ-ਪਾਤ, ਕਰਮ-ਕਾਂਡ ਦਾ ਸਮਰਥਨ ਕਰਦੇ ਹਨ ਨੂੰ ਸਥਾਪਿਤ ਕਰਨ ਤੋਂ ਸਿੱਖ ਇਨਕਾਰੀ ਹੁੰਦਾ ਹੈ।[10] ਇਸ ਲਈ ਇਹ ਨਿਸ਼ਚਿਤ ਹੈ ਕਿ ਸਿੱਖ ਵਰਨ ਵਿਵਸਥਾ ਆਦਿ ਤੋਂ ਆਪਣੀ ਹਸਤੀ ਨੂੰ ਵੱਖ ਰੱਖਦਾ ਹੈ ਜਾਂ ਇਸ ਪ੍ਰਕਿਰਿਆ ਵਿੱਚ ਪੈ ਕੇ ਹਿੰਦੂ ਧਰਮ ਦਾ ਅੰਗ ਨਹੀਂ ਬਣਦਾ।

**ਵਿਆਖਿਆਕਾਰੀ ਵਿੱਚ ਨਵੀਆਂ ਅੰਤਰ ਦ੍ਰਿਸ਼ਟੀਆਂ**

ਭਾਈ ਸਾਹਿਬ ਦੀ ਇਸ ਕਿਤਾਬ ਦਾ ਅਧਿਐਨ ਕਰਦਿਆਂ ਪ੍ਰੋ. ਗੁਰਮੀਤ ਸਿੰਘ ਸਿੱਧੂ ਨੇ ਆਪਣੇ ਇੱਕ ਲੇਖ ਵਿੱਚ ਵਿਸ਼ੇਸ਼ ਤੌਰ ਤੇ ਵਿਚਾਰਿਆ ਹੈ ਕਿ ਭਾਈ ਸਾਹਿਬ ਆਪਣੀ ਵਿਆਖਿਆਕਾਰੀ ਵਿੱਚ ਨਵੀਂਆਂ ਅੰਤਰ ਦ੍ਰਿਸ਼ਟੀਆਂ ਪੇਸ਼ ਕਰਦੇ ਹਨ ਜਿਵੇਂ ਕਿ ਉਹ ਆਪਣੀ ਵਿਆਖਿਆਕਾਰੀ ਦੀ ਇੱਕ ਸ਼ੈਲੀ ਪ੍ਰਸ਼ਨ-ਉੱਤਰੀ ਨੂੰ ਅਪਣਾਉਂਦੇ ਹਨ। ਜਿਸ ਵਿੱਚ ਹਿੰਦੂ ਅਤੇ ਸਿੱਖ ਦਾ ਸੰਵਾਦ ਦਿਖਾਇਆ ਗਿਆ ਹੈ। ਇਸ ਦੀ ਉਦਾਹਰਣ ਇਹ ਹੈ:

"ਹਿੰਦੂ: *ਗੁਰੂ ਗ੍ਰੰਥ ਸਾਹਿਬ* ਵਿੱਚ ਲਿਖਿਆ ਹੈ: ਹਿੰਦੂ ਸਾਲਾਹੀ-ਸਾਲਾਹਨਿ॥ (ਗੁ.ਗ੍ਰੰ. 464) ਸਿੱਖ: ਹਿੰਦੂ ਸਾਹਿਬ! ਤੁਕ ਦਾ ਅੱਧਾ ਹਿੱਸਾ ਪੜ੍ਹ ਕੇ ਅਗਿਆਨੀ ਸਿੱਖਾਂ ਨੂੰ ਧੋਖਾ ਨਾ ਦਿਉ। ਇਸ ਸ਼ਬਦ ਵਿੱਚ ਗੁਰੂ ਸਾਹਿਬ ਨੇ ਹਿੰਦੂਆਂ ਦੀ ਮਹਿਮਾਂ ਨਹੀਂ ਆਖੀ ਧਿਆਨ ਦੇ ਕੇ ਸੁਣੋ ਗੁਰੂ ਸ਼ਬਦ ਕੀ ਕਹਿੰਦਾ ਹੈ।"

---

[10] ਭਾਈ ਕਾਨ੍ਹ ਸਿੰਘ ਨਾਭਾ, *ਹਮ ਹਿੰਦੂ ਨਹੀਂ, ਸਿੰਘ ਬ੍ਰਦਰਜ਼,* ਅੰਮ੍ਰਿਤਸਰ, 2006, ਪੰਨਾ 26

ਮੁਸਲਮਾਨਾ ਸਿਫਤਿ ਸਰੀਅਤਿ ਪੜਿ ਪੜਿ ਕਰਹਿ ਬੀਚਾਰੁ॥

ਹਿੰਦੂ ਸਾਲਾਹੀ ਸਾਲਾਹਨਿ ਦਰਸਨਿ ਰੂਪਿ ਅਪਾਰੁ॥

ਸਤੀਆ ਮਨਿ ਸੰਤੋਖੁ ਉਪਜੈ ਦੇਣੈ ਕੈ ਵੀਚਾਰਿ॥

ਚੋਰਾ ਜਾਰਾ ਤੈ ਕੂੜਿਆਰਾ ਖਾਰਾਬਾ ਵੇਕਾਰ॥

ਨਾਨਕ ਭਗਤਾ ਭੁਖ ਸਾਲਾਹਣੁ ਸਚੁ ਨਾਮੁ ਆਧਾਰੁ॥ (ਗੁ.ਗ੍ਰੰ., 465-66)

ਭਾਈ ਸਾਹਿਬ ਆਸਾ ਕੀ ਵਾਰ ਦੇ ਪੂਰੇ ਸ਼ਬਦ ਦਾ ਹਵਾਲਾ ਦੇ ਕੇ ਕਹਿੰਦੇ ਹਨ ਕਿ ਹਿੰਦੂ, ਮੁਸਲਮਾਨ ਆਦਿ ਲੋਕਾਂ ਦੇ ਧਾਰਮਿਕ ਗ੍ਰੰਥ ਪਰਮਾਤਮਾ ਦੇ ਅਦਭੁਤ ਸਰੂਪ ਦੀ ਮਹਿਮਾ ਕਰਦੇ ਹਨ। ਦਾਨੀ ਲੋਕ ਦਾਨ ਦੇ ਕੇ ਤਸੱਲੀ ਹਾਸਲ ਕਰਦੇ ਹਨ ਜਿਨ੍ਹਾਂ ਨੂੰ ਰੱਬ ਦੇ ਨਾਮ ਦੀ ਚਾਹ ਹੈ ਉਨ੍ਹਾਂ ਦੇ ਸੱਤ ਨਾਮ ਨੂੰ ਹੀ ਆਪਣਾ ਆਧਾਰ ਮੰਨਿਆ ਹੈ।[11]

**ਮਨਮੱਤ (ਹੋਰ ਮੱਤ) ਦੇ ਗ੍ਰੰਥਾਂ ਦਾ ਅਧਿਐਨ**

ਭਾਈ ਕਾਨ੍ਹ ਸਿੰਘ ਵਿਆਖਿਆਕਾਰੀ ਦਾ ਇੱਕ ਵਿਸ਼ੇਸ਼ ਲੱਛਣ ਇਹ ਦਰਸਾਇਆ ਜਾ ਸਕਦਾ ਹੈ ਜੋ ਉਕਤ ਪੁਸਤਕ ਵਿੱਚ ਉਘੜ ਕੇ ਸਾਹਮਣੇ ਆਉਂਦਾ ਹੈ ਉਹ ਹੈ ਸਿੱਖ ਧਰਮ ਤੋਂ ਇਲਾਵਾ ਹੋਰ ਧਰਮ ਦੇ ਗ੍ਰੰਥਾਂ ਦਾ ਅਧਿਐਨ। ਇਸ ਤੋਂ ਪਤਾ ਲੱਗਦਾ ਹੈ ਕਿ ਸੰਵਾਦ ਰਚਾਉਣ ਸਮੇਂ ਵਿਦਵਾਨ ਨੂੰ ਸਿਰਫ਼ ਆਪਣੇ ਧਰਮ ਬਾਰੇ ਹੀ ਨਹੀਂ ਸਗੋਂ ਵਿਚਾਰਧਾਰਾ ਦੇ ਲੋਕਾਂ ਨਾਲ ਸੰਵਾਦ ਰਚਾਇਆ ਜਾ ਰਿਹਾ ਹੈ ਉਸ ਦੀਆਂ ਮਾਨਤਾਵਾਂ, ਰੀਤੀ-ਰਿਵਾਜਾਂ ਦਾ ਪਤਾ ਗੰਭੀਰ ਰੂਪ ਵਿੱਚ ਹੋਣਾ ਚਾਹੀਦਾ ਹੈ ਅਤੇ ਇਹ ਸਾਰਾ ਕੁਝ ਉਸ ਵਿਚਾਰਧਾਰਾ ਦੇ ਧਾਰਮਿਕ ਪਾਠਾਂ ਜਾਂ ਗ੍ਰੰਥਾਂ ਤੋਂ ਲੱਗਦਾ ਹੈ। ਇਸ ਪੁਸਤਕ ਵਿੱਚ ਭਾਈ ਸਾਹਿਬ ਨੇ ਭੂਮਿਕਾ ਵਿੱਚ ਹੀ ਇਹ ਗੱਲ ਲਿਖੀ ਹੈ ਕਿ ਇਹ ਪੁਸਤਕ ਹਿੰਦੂ

---

[11] ਭਾਈ ਕਾਨ੍ਹ ਸਿੰਘ ਨਾਭਾ, *ਹਮ ਹਿੰਦੂ ਨਹੀਂ, ਸਿੰਘ ਬ੍ਰਦਰਜ਼,* ਅੰਮ੍ਰਿਤਸਰ, 2006, ਪੰਨਾ 55

ਧਰਮ ਦੁਆਰਾ ਪ੍ਰਕਾਸ਼ਿਤ ਵੱਖ-ਵੱਖ ਗ੍ਰੰਥਾਂ ਜਾਂ ਪੈਂਫਲੇਟਾਂ ਨੂੰ ਪੜ੍ਹਕੇ ਉਨ੍ਹਾਂ ਦੇ ਜਵਾਬ ਦੇ ਰੂਪ ਵਿੱਚ ਤਿਆਰ ਕੀਤੀ ਗਈ ਹੈ।

**ਇੱਕ ਵਿਸ਼ੇਸ਼ ਦ੍ਰਿਸ਼ਟੀਕੋਣ ਦੀ ਸਥਾਪਤੀ**

ਜਦੋਂ ਅਸੀਂ ਸਿੱਖ ਧਰਮ ਬਾਰੇ ਪੜ੍ਹਦੇ ਹਾਂ ਤਾਂ ਸਾਨੂੰ ਸਭ ਤੋਂ ਪਹਿਲਾਂ ਸਿੱਖ ਦੀ ਪਰਿਭਾਸ਼ਾ ਮਿਲਦੀ ਹੈ। ਜਦੋਂ ਕਿ ਹਿੰਦੂ ਧਰਮ ਨੂੰ ਮੰਨਣ ਵਾਲੇ ਦੀ ਕੋਈ ਵਿਸ਼ੇਸ਼ ਪਰਿਭਾਸ਼ਾ ਨਹੀਂ ਹੈ। ਪਰਿਭਾਸ਼ਾਵਾਂ ਲੋਕਾਂ ਨੂੰ ਹਿੰਦੂ ਸਾਬਿਤ ਕਰਨ ਵਾਸਤੇ ਘੜੀਆਂ ਗਈਆਂ ਹਨ। ਸਿੰਘ ਸਭਾ ਸਮੇਂ ਭਾਈ ਸਾਹਿਬ ਅਤੇ ਹੋਰ ਵਿਦਵਾਨਾਂ ਦੀ ਦੇਣ ਵਜੋਂ ਸਿੱਖ ਦੀ ਪਰਿਭਾਸ਼ਾ ਨਿਸ਼ਚਿਤ ਕੀਤੀ ਗਈ ਹੈ। ਇਸ ਲਈ ਆਪਣਾ ਇੱਕ ਦ੍ਰਿਸ਼ਟੀਕੋਣ ਅਪਣਾਇਆ ਗਿਆ ਜੋ ਗੁਰਬਾਣੀ ਆਧਾਰਿਤ ਸੀ। ਉਨ੍ਹਾਂ ਨੇ ਸਿੱਖਾਂ ਦੀ ਰਹਿਤ ਮਰਯਾਦਾ ਦੇ ਵਿਸ਼ੇਸ਼ ਪੱਖਾਂ ਨੂੰ ਅਧਿਐਨ ਭਾਗ ਬਣਾਕੇ ਜਨ ਸਾਧਾਰਨ, ਲੋਕਾਂ, ਸਾਹਮਣੇ ਸਿੱਖ ਰਹਿਤ ਮਰਯਾਦਾ ਸਥਾਪਿਤ ਕਰ ਦਿੱਤੀ। ਭਾਈ ਸਾਹਿਬ ਇਹ ਦ੍ਰਿਸ਼ਟੀਕੋਣ ਲੈ ਕੇ ਚਲਦੇ ਹਨ ਕਿ ਅਧਿਆਤਮਿਕ ਤੌਰ ਤੇ ਅਤੇ ਸਮਾਜਿਕ ਤੌਰ ਤੇ ਸਿੱਖ ਦੀ ਹਸਤੀ ਵਿਸ਼ੇਸ਼ ਹੈ ਜਿਸਨੂੰ ਕਿਸੇ ਹੋਰ ਨਾਲ ਰਲਗਡ ਨਹੀਂ ਕੀਤਾ ਜਾ ਸਕਦਾ। ਇਸ ਦ੍ਰਿਸ਼ਟੀਕੋਣ ਨੇ ਤਤਕਾਲੀ ਵਿਆਖਿਆਕਾਰੀ ਨੂੰ ਨਵੀਂ ਸੇਧ ਦਿੱਤੀ। ਇਸ ਨਾਲ ਨਵਾਂ ਲਾਅ/ਕਾਨੂੰਨ ਤਿਆਰ ਹੋ ਗਿਆ ਜਿਸ ਦੀ ਗੱਲ ਭਾਈ ਸਾਹਿਬ ਇਸ ਤਰ੍ਹਾਂ ਕਰਦੇ ਹਨ:-

"ਜਿਉਂ-ਜਿਉਂ ਸਮੇਂ ਅਨੁਸਾਰ ਕਾਨੂੰਨ ਦੀ ਲੋੜ ਪਈ ਤਿਉਂ-ਤਿਉਂ ਬੁੱਧੀਵਾਨਾਂ ਬੁੱਧੀਜੀਵੀਆਂ ਨੇ ਨੀਤੀ ਦੇ ਪ੍ਰਬੰਧ ਅਸਥਾਪਿਤ ਕਰ ਦਿੱਤੇ। ਜਿਸਦਾ ਨਾਉਂ ਉਸ ਮਤ ਦਾ ਕਾਨੂੰਨ ਬਣ ਗਿਆ। ਇਸ ਤਰ੍ਹਾਂ ਸਿੱਖ ਲਾਅ ਭੀ ਵਾਹਿਗੁਰੂ ਦੀ ਦਇਆ ਕਰ ਕੇ ਛੇਤੀ ਤਿਆਰ ਹੋ ਜਾਊਗਾ। ਜੇਹਾ ਕਿ ਮਾਲਵਿੰਦਰ ਬਹਾਦਰ ਮਹਾਰਾਜਾ ਰਿਪੁਦਮਨ ਸਿੰਘ ਸਾਹਿਬ ਨਾਭਾ ਪਤੀ ਜੀ ਦੇ ਪੁਰਸ਼ਾਰਤ

ਆਨੰਦ ਮੈਰਿਜ ਐਕਟ ਬਣ ਗਿਆ ਹੈ। ਗੁਰਬਾਣੀ ਅਤੇ ਰਹਿਤਨਾਮਿਆਂ ਵਿੱਚੋਂ ਸੂਖਮ ਰੂਪ ਕਰਕੇ ਸਿੱਖਾਂ ਦਾ ਕਾਨੂੰਨ ਪਹਿਲਾਂ ਲਿਖਿਆ ਗਿਆ ਹੈ, ਹੁਣ ਕੇਵਲ ਸਮੇਂ ਅਨੁਸਾਰ ਵਿਸਥਾਰ ਦੀ ਲੋੜ ਹੈ।

***ਗੁਰੁ ਗਿਰਾ ਕਸੌਟੀ*** **(1898)**

ਉਕਤ ਰਚਨਾ ਵੀ ਭਾਈ ਸਾਹਿਬ ਦੀ ਬਹੁ-ਚਰਚਿਤ ਰਚਨਾ ਹੈ। ਇਹ ਪੁਸਤਕ ਵੀ *ਹਮ ਹਿੰਦੂ ਨਹੀਂ, ਗੁਰੁਮਤ ਮਾਰਤੰਡ* ਅਤੇ *ਗੁਰੁਮਤ ਸੁਧਾਕਰ* ਦੀ ਸ਼ੈਲੀ ਵਿੱਚ ਹੀ ਰਚੀ ਗਈ ਹੈ। ਇਸ ਪੁਸਤਕ ਦਾ ਰਚਨਾ ਦਾ ਸਮਾਂ ਉਹ ਸੀ ਜਦੋਂ ਸਿੰਘ ਸਭਾ ਭਸੌੜ ਅਤੇ ਸਿੰਘ ਸਭਾ ਲਾਹੌਰ ਦੁਆਰਾ ਸਿੱਖੀ ਪ੍ਰਚਾਰ ਹਿੱਤ ਰਚਨਾਵਾਂ ਦਾ ਸੰਪਾਦਨ ਕੀਤਾ ਗਿਆ। ਉਨ੍ਹਾਂ ਸਮਿਆਂ ਵਿੱਚ ਸਿੱਖਾਂ ਵਿੱਚ ਗੁਰਬਾਣੀ ਸੰਬੰਧੀ ਕਈ ਸ਼ੰਕੇ ਸਨ ਅਤੇ ਉਨ੍ਹਾਂ ਵਿੱਚ ਵਧ ਰਹੀ ਦੁਚਿਤੀ ਦਾ ਨਿਵਾਰਣ ਕਰਨ ਹਿੱਤ ਇਹ ਪੁਸਤਕ ਹੋਂਦ ਵਿੱਚ ਆਈ। *ਮਹਾਨਕੋਸ਼* ਵਿੱਚ ਇਸ ਪੁਸਤਕ ਸੰਬੰਧੀ ਦਿੱਤੇ ਇੰਦਰਾਜ ਵਿੱਚ ਆਪ ਇਸ ਪੁਸਤਕ ਬਾਰੇ ਲਿਖਦੇ ਹਨ, "*ਗੁਰੁਬਾਣੀ ਰੂਪ ਘਸਵੱਟੀ* ਇਸ ਨਾਮ ਦਾ ਮੇਰਾ ਲਿਖਿਆ ਇੱਕ ਗ੍ਰੰਥ, ਜਿਸ ਵਿੱਚ ਸਿੱਖ ਇਤਿਹਾਸ ਅਥਵਾ ਧਰਮ ਸੰਬੰਧੀ ਪੁਸਤਕਾਂ ਦੇ ਲੇਖਾਂ ਨੂੰ ਗੁਰਬਾਣੀ ਦੇ ਘਸਵੱਟੀ ਤੇ ਪਰਖਿਆ ਗਿਆ ਹੈ, ਜਿਵੇਂ ਖੋਟੇ ਖਰੇ ਸੋਨੇ ਦੀ ਪ੍ਰੀਖਿਯਾ ਨਾਲ ਕਸੌਟੀ ਹੁੰਦੀ ਹੈ, ਇਵੇਂ ਹੀ ਹਰੇਕ ਲੇਖ ਗੁਰੁਬਾਣੀ ਨਾਲ ਮਿਲਾਕੇ ਪਰਖਣ ਯੋਗਯ ਅਥਵਾ ਅਯੋਗਯ ਹੋ ਜਾਂਦੇ ਹਨ।"[12]

ਕਿਸੇ ਕਾਰਨ ਇਹ ਪੁਸਤਕ ਛਪ ਨਹੀਂ ਸਕੀ, ਪਿੱਛੋਂ 1938 ਵਿੱਚ ਇਸਦੀ ਚੋਖੀ ਵਿਸ਼ਾ ਵਸਤੂ *ਗੁਰਮਤ ਪ੍ਰਭਾਕਰ,* ਅਤੇ *ਗੁਰੁਮਤ ਸੁਧਾਕਰ* ਗ੍ਰੰਥਾਂ ਵਿਚ ਸਮੋ ਕੇ ਭਾਈ ਸਾਹਿਬ ਨੇ ਇੱਕ ਨਵੇਂ ਗ੍ਰੰਥ *ਗੁਰੁਮਤ ਮਾਰਤੰਡ* ਨੂੰ ਜਨਮ ਦਿੱਤਾ।[13] ਇਸ ਗ੍ਰੰਥ ਦੀ ਸ਼ਮੂਲੀਅਤ *ਗੁਰੁਮਤ ਮਾਰਤੰਡ*

---

[12] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨਕੋਸ਼,* (ਭੂਮਿਕਾ) ਭਾਸ਼ਾ ਵਿਭਾਗ, ਪਟਿਆਲਾ, 2006, ਪੰਨਾ 419

[13] ਦੇਵਿੰਦਰ ਸਿੰਘ ਵਿਦਿਆਰਥੀ, *ਭਾਈ ਕਾਨ੍ਹ ਸਿੰਘ ਨਾਭਾ ਜੀਵਨ ਤੇ ਰਚਨਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987, ਪੰਨਾ 82

ਵਿੱਚ ਕਰਕੇ ਸਰੋਤਿਆਂ ਸਾਹਮਣੇ ਪੇਸ਼ ਕੀਤਾ ਗਿਆ। ਭਾਈ ਕਾਨ੍ਹ ਸਿੰਘ ਨਾਭਾ ਗੁਰਮਤਿ ਦੀ ਹਰ ਗੁੰਝਲ ਨੂੰ ਸੁਲਝਾਉਣ ਲਈ ਗੁਰਬਾਣੀ ਦੀ ਸਹਾਇਤਾ ਲੈਂਦੇ ਸਨ। ਇਸ ਪ੍ਰਕਾਰ ਉਨ੍ਹਾਂ ਨੇ ਤਰਕ ਅਧਾਰ ਤੇ ਹੀ ਗੁਰਮਤਿ ਸੰਬੰਧੀ ਨਿਯਮਾਂ ਨੂੰ ਪੇਸ਼ ਕੀਤਾ ਹੈ। ਅੱਜ ਕੱਲ੍ਹ ਇਹ ਪੁਸਤਕ ਉਪਲਬਧ ਨਹੀਂ ਹੈ।

***ਗੁਰੁਮਤ ਪ੍ਰਭਾਕਰ* (1898)**

ਇਸ ਪੁਸਤਕ ਵਿੱਚ ਗੁਰਮਤ ਦੇ ਸੰਕਲਪਾਂ ਨੂੰ ਪੰਜਾਬੀ ਅੱਖਰ ਕ੍ਰਮ ਅਨੁਸਾਰ ਤਤਕਰੇ ਵਿੱਚ ਸ਼ਾਮਿਲ ਕੀਤਾ ਗਿਆ ਹੈ। ਇਸ ਤੋਂ ਬਾਅਦ ਸਮਰਪਣ ਸਿਰਲੇਖ ਅਧੀਨ ਪ੍ਰਮੋਦਕ ਨਾਂ ਦਾ ਇੱਕ ਕਰੋੜਾ ਛੰਦ ਦਿੱਤਾ ਹੈ, ਜਿਸ ਵਿੱਚ ਕਵੀ ਅਕਾਲੀ ਪੰਥ ਨੂੰ ਇਹ ਗ੍ਰੰਥ ਸਮਰਪਤਿ ਕਰਦਾ ਹੈ। ਉਨ੍ਹਾਂ ਨੇ "*ਗੁਰੂ ਗ੍ਰੰਥ ਸਾਹਿਬ* ਦੀ ਬਾਣੀ ਦੇ ਚੋਣਵੇਂ ਅੰਸ਼ਾਂ ਦਾ ਇੱਕ ਸੰਗ੍ਰਹਿ 843 ਸਿਰਲੇਖਾਂ ਹੇਠ ਲਗਭਗ 1000 ਪ੍ਰਸੰਗਾਂ ਬਾਰੇ ਗੁਰਮਤਿ ਪ੍ਰਕਾਸ਼ਤ ਕਰਨ ਦੇ ਇਰਾਦੇ ਨਾਲ ਤਿਆਰ ਕੀਤਾ। ਸਿੱਖ ਸਾਹਿਤ ਦੀ ਵਿਆਖਿਆ ਵਿੱਚ ਲਿਖਿਆ ਸ਼ਾਇਦ ਇਹ ਪਹਿਲਾ ਗ੍ਰੰਥ ਸੀ, ਜਿਸ ਵਿੱਚ ਆਧੁਨਿਕ ਢੰਗ ਦੇ ਫੁਟਨੋਟ ਲਾ ਕੇ ਸ਼ਬਦਾਰਥਾਂ ਅਤੇ ਆਸ਼ਿਆਂ ਨੂੰ ਸਪਸ਼ਟ ਕੀਤਾ ਗਿਆ ਸੀ।"[14] ਇਸਨੂੰ 'ਗੁਰੂ ਗ੍ਰੰਥ` ਸਾਹਿਬ ਦਾ ਪਹਿਲਾ ਵਿਸ਼ਾ ਕੋਸ਼ ਕਿਹਾ ਜਾ ਸਕਦਾ ਹੈ।[15] ਇਸ ਦਾ ਬੁਨਿਆਦੀ ਮੰਤਵ ਇਹ ਸੀ ਕਿ ਸਿੱਖ ਮਤ ਬਾਰੇ ਪਏ ਭੁਲੇਖੇ ਪ੍ਰਮਾਣਾਂ ਦੀ ਸਹਾਇਤਾ ਨਾਲ ਦੂਰ ਕਰਕੇ ਹਰ ਸਮੱਸਿਆ ਬਾਰੇ ਨਿਰਣਾਇਕ 'ਗੁਰੂ ਗ੍ਰੰਥ" ਮੱਤ ਸਪਸ਼ਟ ਕੀਤਾ ਜਾਵੇ ਤਾਂ ਜੋ ਸਿੱਖਾਂ ਨੂੰ ਆਪਣੇ ਪੰਥ ਬਾਰੇ ਪੂਰਾ-ਪੂਰਾ

---

[14] ਦੇਵਿੰਦਰ ਸਿੰਘ ਵਿਦਿਆਰਥੀ, *ਭਾਈ ਕਾਨ੍ਹ ਸਿੰਘ ਨਾਭਾ ਜੀਵਨ ਤੇ ਰਚਨਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987, ਪੰਨਾ 79

[15] ਪ੍ਰੋ. ਪ੍ਰੀਤਮ ਸਿੰਘ, *ਭਾਈ ਕਾਨ੍ਹ ਸਿੰਘ ਨਾਭਾ ਪਿਛੋਕੜ ਰਚਨਾ ਅਤੇ ਮੁਲਾਂਕਣ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1989, ਪੰਨਾ 49

ਚਾਣਨ ਹੋਵੇ। ਭਾਈ ਸਾਹਿਬ ਦੇ ਆਪਣੇ ਸ਼ਬਦਾਂ ਵਿੱਚ ਲਿਖਦੇ ਹਨ: "*ਸ੍ਰੀ ਗੁਰੂ ਗ੍ਰੰਥ ਸਾਹਿਬ* ਸਰਵਣ ਭਰਪੂਰ ਮਹਾਨ ਸਮੁਦ੍ਰ ਹੈ, ਜਿਸ ਵਿੱਚ ਸ਼ੁਭਉਪਦੇਸ਼ ਅਮੋਲਕ ਰਤਨ ਹਨ। ਪਰੰਤੂ ਉਨ੍ਹਾਂ ਦੀ ਪ੍ਰਾਪਤੀ ਪੂਰਣ ਅਭਿਆਸ ਅਰ ਮਿਹਨਤ ਬਿਨਾਂ ਹੋਣੀ ਅਤਿ ਕਠਿਨ ਹੈ। ਸਰਵ ਸਾਧਾਰਣ ਦੀ ਇਸ ਮੁਸ਼ਕਲ ਨੂੰ ਆਸਾਨ ਕਰਨ ਵਾਸਤੇ ਅੱਖਰਕ੍ਰਮ ਅਨੁਸਾਰ ਗੁਰਬਾਣੀ ਵਿੱਚੋਂ ਪ੍ਰਸੰਗ ਚੁਣਕੇ ਇਕ *ਗੁਰੁਮਤ ਮਾਰਤੰਡ* ਗ੍ਰੰਥ ਵਿੱਚ ਇਕੱਤ੍ਰ ਕੀਤੇ ਗਏ ਹਨ, ਅਰ ਟਿੱਪਣੀ ਵਿਖੇ ਗੁਰਮਤਿ ਦਾ ਸਿਧਾਂਤ ਸਪਸ਼ਟ ਕਰਕੇ, ਫੁਟਨੋਟਾਂ ਵਿੱਚ ਕਠਿਨ ਪਦਾਂ ਦੀ ਵਿਆਖਿਆ ਕਰੀ ਗਈ ਹੈ, ਜਿਸ ਤੋਂ ਪ੍ਰੇਮੀ ਸਤਯ ਖੋਜਕਾਂ ਨੂੰ ਗੁਰਵਚਨਾਂ ਦੇ ਚਮਤਕਾਰ ਦ੍ਵਾਰਾ ਅਵਿਦਯਾ ਅੰਧਕਾਰ ਦੇ ਨਾਸ਼ ਕਰਣ ਹਿੱਤ ਸਹਾਯਤਾ ਮਿਲੇ।"[16]

ਇਸ ਤੋਂ ਬਾਅਦ ਭਾਈ ਸਾਹਿਬ ਨੇ ਦੋ ਪੰਨਿਆਂ ਵਿੱਚ ਇਸ ਪੁਸਤਕ ਦਾ ਰਚਨਾਂ ਕਾਰਨ ਦੱਸਿਆ ਹੈ। ਜਿਸ ਵਿੱਚ ਗੁਰਮਤਿ ਦੇ ਸਿਧਾਂਤ ਨੂੰ ਸਪਸ਼ਟ ਕਰਨ ਬਾਰੇ ਅਤੇ ਫੁਟਨੋਟਾਂ ਵਿੱਚ ਕਠਿਨ ਪਦਾਂ ਦੀ ਵਿਆਖਿਆ ਕਰਨ ਦੀ ਸੂਚਨਾ ਦਿੱਤੀ ਹੋਈ ਹੈ। ਫਿਰ ੧ਓ ਸਤਿਗੁਰ ਪ੍ਰਸਾਦ ਲਿਖਕੇ ਪੁਸਤਕ ਦਾ ਨਾਂ ਅਤੇ ਸੁਖਮਨੀ ਸਾਹਿਬ ਦੇ ਪਹਿਲੇ ਪਦ ਦਾ ਪਾਠ ਦਿੱਤਾ ਹੋਇਆ ਹੈ। ਇਸਨੂੰ ਸਰਸਰੀ ਤੌਰ ਤੇ ਦੇਖਣ ਤੋਂ ਬਾਅਦ ਇਸ ਪੁਸਤਕ ਦਾ ਵਿਆਖਿਆਕਾਰੀ ਵਿੱਚ ਯੋਗਦਾਨ ਇਸ ਪ੍ਰਕਾਰ ਸਪਸ਼ਟ ਹੁੰਦਾ ਹੈ:

ਸੰਕਲਪ ਦੀ ਭੂਮਿਕਾ ਜਾਂ ਵਿਆਖਿਆ ਵਾਰਤਕ ਵਿੱਚ ਲਿਖਵਾ ਕੇ ਜਿਵੇਂ: ਉਸਤਤਿ ਸਿਰਲੇਖ ਅਧੀਨ ਕੀਤੀ ਵਿਆਖਿਆ ਦਾ ਨਮੂਨਾ ਵਾਹਿਗੁਰੂ ਕ੍ਰਿਤਗਯਤਾ ਗੁਣ ਨੂੰ ਮਨ ਵਿੱਚ ਵਸਾਕੇ ਔਰ

[16] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਮਤ ਮਾਰਤੰਡ, ਜੀਵਨ ਸਿੰਘ, ਚਤਰ ਸਿੰਘ,* ਅੰਮ੍ਰਿਤਸਰ, 2005, ਪੰਨਾ ਫ-ਬ

ਵਿਦਯਾ ਬੁੱਧੀ ਬਾਣੀ ਨੂੰ ਸਫਲ ਕਰਨ ਲਈ ਕਰਤਾਰ ਦੀ ਉਸਤਤਿ ਕਰਨੀ ਸਾਡਾ ਪਰਮ ਧਰਮ ਹੈ।[17] ਇਸੇ ਤਰ੍ਹਾਂ ਹਰ ਸੰਕਲਪ ਦੀ ਵਿਆਖਿਆ ਮਿਲਦੀ ਹੈ।

ਗੁਰਬਾਣੀ ਪਾਠ-ਵਾਰਤਕ ਵਿੱਚ ਵਿਆਖਿਆ ਤੋਂ ਬਾਅਦ *ਗੁਰੂ ਗ੍ਰੰਥ ਸਾਹਿਬ* ਵਿਚੋਂ ਸੰਬੰਧਿਤ ਸਿਰਲੇਖ ਨਾਲ ਸ਼ਬਦ ਇਕੱਠੇ ਕਰਕੇ ਲਿਖੇ ਗਏ ਹਨ। ਇਨ੍ਹਾਂ ਵਿੱਚ ਪੂਰੇ ਪਦ ਜਾਂ ਪਦ ਦੀ ਇੱਕ ਪੰਕਤੀ ਜਿਸਦਾ ਸੰਬੰਧ ਸਿੱਧੇ ਰੂਪ ਵਿੱਚ ਸਿਰਲੇਖ ਨਾਲ ਜੁੜਦਾ ਹੈ।

ਜਿਵੇਂ: ਉਸਤਤਿ ਨਿੰਦਾ ਸੰਕਲਪ ਅਧੀਨ ਗੁਰੂ ਤੇਗ ਬਹਾਦਰ ਸਾਹਿਬ ਦੇ ਸ਼ਬਦ ਦੀ ਇੱਕੋ ਲਾਇਨ

ਉਸਤਤਿ ਨਿੰਦਾ ਦੋਊ ਤਿਆਗੈ। ਖੋਜਾ ਪਦ ਨਿਰਬਾਨਾ।[18] ਦਿੱਤਾ ਹੈ।

**ਸ਼ਬਦ ਉੱਪਰ ਵੇਰਵਾ ਦੇਣਾ**:

ਬਾਣੀ ਸ਼ਾਮਿਲ ਕਰਨ ਸਮੇਂ ਇਹ ਧਿਆਨ ਰੱਖਿਆ ਗਿਆ ਹੈ ਕਿ ਉਹ ਬਾਣੀ ਕਿਸ ਮਹੱਲੇ ਜਾਂ ਭਗਤ ਦੀ ਹੈ। *ਗੁਰੂ ਗ੍ਰੰਥ ਸਾਹਿਬ* ਦੇ ਰਾਗਾਂ ਮੁਤਾਬਿਕ "ਆਸਾ ਮਹਲਾ 1 ਛੰਤ ਅਤੇ ਮਾਰੂ ਮਹਲਾ 1 ਆਦਿ ਸ਼ਬਦ ਦੇ ਮੁਹਰੇ ਰੱਖੇ ਗਏ ਹਨ ਜੋ ਬਾਣੀ ਦੇ ਰਚਨਾਕਾਰ ਬਾਰੇ ਭੁਲੇਖਾ ਨਹੀਂ ਰਹਿਣ ਦਿੰਦਾ।

**ਔਖੇ ਸ਼ਬਦਾਂ ਦੇ ਅਰਥ:**

ਬਾਣੀ ਵਿੱਚਲੇ ਔਖੇ ਸ਼ਬਦਾਂ ਦੇ ਅਰਥਾਂ ਨੂੰ 1,2,3 ਆਦਿ ਨੰਬਰ ਲਗਾ ਕੇ ਫੁੱਟ ਨੋਟਾਂ ਵਿੱਚ ਔਖੇ ਸ਼ਬਦਾਂ ਦੇ ਅਰਥ ਦੇ ਦਿੱਤੇ ਗਏ ਹਨ। ਜਿਵੇ: "ਕੌਤਕ ਕੋਡ ਤਮਾਸਿਆ...।"[19] ਵਾਲੇ ਸ਼ਬਦ ਵਿੱਚ ਕੋਡ ਸ਼ਬਦ ਉੱਤੇ ਨੰਬਰ ਲਗਾਕੇ ਉਸਦਾ ਅਰਥ ਫੁੱਟ ਨੋਟ ਵਿੱਚ ਦਿੱਤਾ ਹੈ।

---

[17] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਮਤ ਪ੍ਰਭਾਕਰ,* ਜੀਵਨ ਸਿੰਘ, ਚਤਰ ਸਿੰਘ, ਅੰਮ੍ਰਿਤਸਰ,2005, ਪੰਨਾ 1

[18] ਉਹੀ, ਪੰਨਾ 7

[19] ਉਹੀ, ਪੰਨਾ 8

**ਰਹਿਤ ਮਰਯਾਦਾ ਦ੍ਰਿੜ ਕਰਵਾਉਣਾ:**

ਆਪਣੇ ਸਾਰੇ ਗ੍ਰੰਥਾਂ ਦੀ ਤਰ੍ਹਾਂ ਭਾਈ ਸਾਹਿਬ ਦਾ ਮੂਲ ਮਕਸਦ ਸਿੱਖ ਰਹਿਤ ਮਰਯਾਦਾ ਤੇ ਪਹਿਰਾ ਦੇਣਾ ਹੈ। ਉਦਾਹਰਣ ਵਜੋਂ ਸੂਹੀ ਮਹਲਾ ੪ ਦਾ ਸ਼ਬਦ "ਹਰਿ ਪਹਿਲੜੀ ਲਾਵ" ਸ਼ਾਮਿਲ ਕਰਦੇ ਹਨ ਤਾਂ ਆਪਣੇ ਵਲੋਂ ਸਿਰਲੇਖ ਨਾਲ "ਲਾਵਾਂ"[20] ਸ਼ਬਦ ਲਿਖਕੇ ਉਸ ਉੱਤੇ ਨੰਬਰ ਲਗਾਕੇ ਫੁੱਟ ਨੋਟ ਵਿੱਚ ਇਸਦੀ ਵਿਆਖਿਆ ਸਮੇਂ ਦੱਸਦੇ ਹਨ ਕਿ ਇਹ ਸ਼ਬਦ ਅਨੰਦ ਸੰਸਕਾਰ ਸਮੇਂ ਪੜਿਆ ਜਾਂਦਾ ਹੈ। ਫਿਰ ਵਿਸਤਾਰ ਸਹਿਤ ਲਾਵਾਂ ਦੇ ਅਰਥ ਫੁੱਟ ਨੋਟ ਵਿੱਚ ਹੀ ਕਰਦੇ ਹਨ।

ਉਪਰੋਕਤ ਤੋਂ ਇਲਾਵਾ ਪ੍ਰੋ. ਪ੍ਰੀਤਮ ਸਿੰਘ ਦੇ ਸ਼ਬਦਾਂ ਵਿੱਚ, "ਭਾਈ ਸਾਹਿਬ ਤਤਕਾਲਿਕ ਪੰਥਕ ਲੋੜਾਂ ਦੇ ਸਨਮੁਖ ਤੁਕਾਂ ਵਿੱਚੋਂ ਅੱਗੇ ਅਰਥ ਲੱਭਣ ਦਾ ਯਤਨ ਵੀ ਕਰਦੇ ਹਨ ਜਿਨ੍ਹਾਂ ਦਾ ਭਾਰ ਝੱਲਣਾ ਮੂਲ ਲਈ ਅਸੰਭਵ ਹੁੰਦਾ ਹੈ। ਜਿਵੇਂ: ਉੱਦਮ ਸਿਰਲੇਖ ਹੇਠ ਗੁਰੂ ਨਾਨਕ ਸਾਹਿਬ ਦੀ ਵਾਰ ਸਾਰੰਗ ਵਿੱਚੋਂ ਤੁਕ ਦਿੱਤੀ ਹੈ:

"ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ"॥੧॥ (ਗੁ.ਗ੍ਰੰ. 1245)

ਪਬ ਟੂਕ ਵਿੱਚ ਇਸਦੇ ਅਰਥ ਕੀਤੇ ਹਨ:

'ਜੋ ਮਿਹਨਤ ਕਮਾਉਂਦੇ ਹਨ ਅਤੇ ਆਪਣੀ ਕਮਾਈ ਵਿੱਚੋਂ ਵਾਹਿਗੁਰੂ ਅੱਗੇ ਦਸਵੰਧ ਦਿੰਦੇ ਹਨ ਉਹ ਵਾਹਿਗੁਰੂ ਦੇ ਸੱਚੇ ਰਸਤੇ ਦੇ ਜਾਣਨ ਵਾਲੇ ਹਨ।'

ਗੁਰੂ ਨਾਨਕ ਸਾਹਿਬ ਵੇਲੇ ਦਸਵੰਧ ਦੀ ਪ੍ਰਥਾ ਚਾਲੂ ਨਹੀਂ ਸੀ ਹੋਈ। ਇਸ ਲਈ ਇਸ ਤੁਕ ਵਿੱਚ 'ਦਸਵੰਧ` ਵੱਲ ਕੋਈ ਇਸ਼ਾਰਾ ਨਹੀਂ ਹੋ ਸਕਦਾ। ਸਪਸ਼ਟ ਹੈ ਕਿ ਭਾਈ ਸਾਹਿਬ ਆਪ ਠੀਕ ਅਰਥ ਤਾਂ ਜਾਣਦੇ ਹਨ ਪਰ ਪੰਥਿਕ ਹਮਦਰਦੀ, ਆਪ ਦੀ ਵਿਦਵਤਾ ਉੱਤੇ ਸਵਾਰ ਹੋਈ ਬੈਠੀ ਹੈ।

---

[20] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਮਤ ਪ੍ਰਭਾਕਰ,* ਜੀਵਨ ਸਿੰਘ, ਚਤਰ ਸਿੰਘ, ਅੰਮ੍ਰਿਤਸਰ,2005, ਪੰਨਾ 72

*ਗੁਰੁਮਤ ਮਾਰਤੰਡ* ਵਿੱਚ ਇਹੀ ਤੁਕ 'ਉਦਾਰ' ਸਿਰਲੇਖ ਹੇਠ ਦਰਜ ਹੈ ਤੇ 'ਰਾਹ' ਦੇ ਅਰਥ ਕੀਤੇ ਹੋਏ ਹਨ 'ਸੁਮਾਰਗ' ਅਤੇ 'ਰਸਤਾ'।[21]

***ਗੁਰੁਮਤ ਸੁਧਾਕਰ* (1899)**

*ਗੁਰੁਮਤ ਪ੍ਰਭਾਕਰ* ਤੋਂ ਸਾਲ ਬਾਅਦ 1899 ਈ. ਵਿੱਚ *ਗੁਰੁਮਤ ਸੁਧਾਕਰ* ਪ੍ਰਕਾਸ਼ਿਤ ਹੋਈ। ਹੁਣ ਤੱਕ ਇਸ ਨੂੰ ਭਾਸ਼ਾ ਵਿਭਾਗ ਦੁਆਰਾ ਚਾਰ ਵਾਰ ਮੁੜ ਛਾਪਿਆ ਗਿਆ ਹੈ। ਸਿੱਖ ਧਰਮ ਵਿਸ਼ਵਕੋਸ਼ ਵਿੱਚ *ਗੁਰੁਮਤ ਸੁਧਾਕਰ* ਦੇ ਅਰਥ ਇਸ ਤਰ੍ਹਾਂ ਦਿੱਤੇ ਗਏ ਹਨ, 'ਅਰਥਾਤ ਉਦਾਹਰਣ ਦੇ ਕੇ ਸਮਝਾਏ ਹੋਏ ਸਿੱਖ ਸਿਧਾਂਤ: ਸੁਧਾਕਰ-ਚੰਦ੍ਰਮਾ ਅਰਥਾਤ ਪ੍ਰਕਾਸ਼ ਦੇਣ ਵਾਲਾ।[22] ਇਸ ਗ੍ਰੰਥ ਵਿੱਚ *ਦਸਮ ਗ੍ਰੰਥ, ਭਾਈ ਗੁਰਦਾਸ ਦੀ ਰਚਨਾ, ਗੁਰਬਿਲਾਸ, ਜਨਮ ਸਾਖੀ, ਰਹਿਤਨਾਮੇ* ਆਦਿ ਕਈ ਗ੍ਰੰਥਾਂ ਵਿੱਚੋਂ ਗੁਰਮਤਿ ਦੇ ਸਿਧਾਂਤਾਂ ਦੀ ਪ੍ਰੋੜ੍ਹਤਾ ਲਈ ਕਈ ਪ੍ਰਮਾਣ ਦਿੱਤੇ ਗਏ ਹਨ। ਇਸ ਗ੍ਰੰਥ ਦੇ 16 ਕਲਾ ਤੇ ਆਧਾਰਿਤ ਸੋਲਾ ਕਾਂਡ ਬਣਾਏ ਗਏ ਹਨ ਅਤੇ ਪੰਨਿਆਂ ਦੀ ਗਿਣਤੀ ਲਗਭਗ 410 ਦੇ ਕਰੀਬ ਹੈ।

ਭਾਈ ਕਾਨ੍ਹ ਸਿੰਘ ਨਾਭਾ ਇਸ ਪੁਸਤਕ ਦਾ ਮੰਤਵ ਦੱਸਦੇ ਹੋਏ ਲਿਖਦੇ ਹਨ, "ਸਮੇਂ ਸਮੇਂ ਸਿਰ, ਸਿੱਖ ਧਰਮ ਸੰਬੰਧੀ ਪੁਸਤਕਾਂ ਵਿੱਚੋਂ ਜੋ ਬਚਨ ਮੈਂ ਸੰਚਯ ਕਰਦਾ ਹਾਂ, ਅਤੇ ਸ੍ਰੀ ਮੁੱਖ ਵਾਕ ਬਾਣੀ ਭਾਈ ਗੁਰਦਾਸ ਜੀ ਦੇ ਵਚਨ ਅਰ ਭਾਈ ਨੰਦ ਲਾਲ ਜੀ ਦੇ ਕਾਵਿਯ ਵਿੱਚੋਂ ਸੰਖੇਪ ਵਾਕ ਲਿਖਦਾ ਰਿਹਾ ਹਾਂ, ਉਨ੍ਹਾ ਨੂੰ ਇਸ *ਗੁਰੁਮਤ ਸੁਧਾਕਰ* ਵਿੱਚ ਇਕੱਤਰ ਕਰਕੇ ਵਿਆਖਿਆ ਸਹਿਤ ਭੇਂਟ ਕਰਦਾ ਹਾਂ।"[23] ਇਸ ਤਰ੍ਹਾਂ *ਗੁਰੁਮਤ ਸੁਧਾਕਰ* ਗ੍ਰੰਥ ਵਧੇਰੇ ਗੁਰਬਾਣੀ ਦੇ ਉਪਦੇਸ਼ਾਂ, ਜੀਵਨ

---

[21] ਪ੍ਰੋ. ਪ੍ਰੀਤਮ ਸਿੰਘ, *ਭਾਈ ਕਾਨ੍ਹ ਸਿੰਘ ਨਾਭਾ ਪਿਛੋਕੜ ਰਚਨਾ ਅਤੇ ਮੁਲਾਂਕਣ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1989, ਪੰਨਾ 49-50

[22] ਜੋਧ ਸਿੰਘ (ਸੰਪਾ.), *ਸਿੱਖ ਧਰਮ ਵਿਸ਼ਵਕੋਸ਼,* ਦੂਜੀ ਸੈਂਚੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, (ਜਿਲਦ-2) 2013, ਪੰਨਾ 386

[23] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਮਤ ਸੁਧਾਕਰ ,* ਭਾਸ਼ਾ ਵਿਭਾਗ ਪੰਜਾਬ, 1899, ਪੰਨਾ ਚ

ਜਾਂਚ, ਰਹਿਣੀ ਤੇ ਰਹਿਤ ਨੂੰ ਮੁੱਖ ਰੱਖ ਕੇ ਕੀਤੀ ਗਈ ਵਿਆਖਿਆ ਹੈ। ਇਹ ਵਿਆਖਿਆ ਦਾਰਸ਼ਨਿਕ ਜਾਂ ਅਧਿਆਤਮਿਕ ਸਿਧਾਂਤ ਦੀ ਨਹੀਂ ਹੈ। ਭਾਵ ਕਿ ਹਰ ਸ਼ਬਦ ਨੂੰ ਗੁਰਬਾਣੀ ਦੀ ਕਸਵਟੀ ਤੇ ਪਰਖ ਕੇ ਸਪਸ਼ਟ ਕੀਤਾ ਗਿਆ ਹੈ। *ਗੁਰੁਮਤ ਸੁਧਾਕਰ* ਪੁਸਤਕ ਅਨੁਸਾਰ ਗੁਰਮਤਿ ਵਿਆਖਿਆਕਾਰੀ ਵਿੱਚ ਯੋਗਦਾਨ ਨੂੰ ਇਸ ਪ੍ਰਕਾਰ ਦਰਸਾਇਆ ਜਾ ਸਕਦਾ ਹੈ:

*ਗੁਰੁਮਤ ਸੁਧਾਕਰ* ਵਿੱਚ ਭਾਈ ਸਾਹਿਬ ਚੋਣਵੀਂ ਬਾਣੀ ਦੀ ਵਿਆਖਿਆ ਕਰਦੇ ਹਨ। ਵਿਆਖਿਆਕਾਰੀ ਦਾ ਢੰਗ ਫੁੱਟ ਨੋਟਾਂ ਦੇ ਰੂਪ ਵਿੱਚ ਹੈ। ਬਾਣੀ ਦਾ ਮੂਲ ਪਾਠ ਦੇ ਕੇ, ਔਖੇ ਸ਼ਬਦਾਂ ਦੇ ਉੱਪਰ ਛੋਟੇ ਅੱਖਰਾਂ ਵਿੱਚ ਅਰਬੀ ਅੰਕ ਪਾਏ ਗਏ ਹਨ ਅਤੇ ਉਨ੍ਹਾਂ ਸ਼ਬਦਾਂ ਦੇ ਅਰਥ ਫੁੱਟ ਨੋਟਾਂ ਵਿੱਚ ਦਿੱਤੇ ਗਏ ਹਨ। ਜ਼ਿਆਦਾਤਰ ਸ਼ਬਦ ਅਰਥ ਹੀ ਹਨ, ਪਰ ਕਿਤੇ-ਕਿਤੇ ਤੁਕ ਅਰਥ ਵੀ ਮਿਲਦੇ ਹਨ। ਵਿਆਖਿਆਕਾਰੀ ਤਕਨੀਕ ਦਾ ਨਮੂਨਾ ਇਸ ਤਰ੍ਹਾਂ ਹੈ, ਜੋ ਪਹਿਲੇ ਕਾਂਡ ਵਿਚਲੀ ਬਾਣੀ 'ਅਕਾਲ ਉਸਤਤਿ' ਵਿੱਚੋਂ ਲਿਆ ਗਿਆ ਹੈ:

ਨਾਰਦ ਸੇ ਚਤੁਰਾਨਨ ਸੇ ਰੁਮਨਾਰਿਖ[1] ਸੇ ਸਭਹੂੰ ਮਿਲਿ ਗਾਇਓ॥
ਬੇਦ ਕਤੇਬ ਨ ਭੇਦ ਲਖਿਓ ਸਭ ਹਾਰਿ ਪਰੇ ਹਰਿ ਹਾਥਿ ਨਾ ਆਇਓ॥
ਪਾਇ ਸਕੈ ਨਹੀ ਪਾਰ ਉਮਾਪਤਿ[2] ਸਿਧ ਸਨਾਥ[3] ਸਨੰਤਨ[4] ਧਿਆਇਓ॥
ਧਿਆਨ ਧਰੋ ਤਿਹ ਕੋ ਮਨ ਮੈ ਜਿਹ ਕੋ ਅਮਿਤੋਜ[5] ਸਭੈ ਜਗਿ ਛਾਇਓ॥੨੫੦॥[24]

ਇਨ੍ਹਾਂ ਸ਼ਬਦਾਂ ਦੇ ਅਰਥ ਫੁੱਟ ਨੋਟਾਂ ਵਿੱਚ ਇਸ ਤਰ੍ਹਾਂ ਦਿੱਤੇ ਗਏ ਹਨ:

1. **ਰਿਖੀ** ਦਾ ਅਰਥ ਲੋਮਸ਼ ਰਿਸ਼ੀ
2. **ਉਮਾਪਤਿ** ਦਾ ਅਰਥ ਸ਼ਿਵ
3. **ਸਨਾਥ** ਦਾ ਅਰਥ ਸਿਧਾਂ ਤੇ ਨਾਥਾਂ ਸਮੇਤ

---

[24] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਮਤ ਸੁਧਾਕਰ*, ਭਾਸ਼ਾ ਵਿਭਾਗ, ਪੰਜਾਬ, 1970, ਪੰਨਾ 20

4. **ਸਨੰਤਨ** ਦਾ ਅਰਥ ਸਨਕਾਦਿਕਾ

5. **ਅਮੀਤੋਜ** ਦਾ ਅਰਥ ਅਪ੍ਰਮਾਣ ਬਲ[25]

ਇਸ ਤਰ੍ਹਾਂ *ਗੁਰੁਮਤ ਸੁਧਾਕਰ* ਵਿੱਚ ਗੁਰਬਾਣੀ ਵਿਆਖਿਆਕਾਰੀ ਲਈ ਮੁੱਖ ਤੌਰ ਤੇ ਸ਼ਬਦਾਰਥ ਤਕਨੀਕ ਹੀ ਵਰਤੀ ਗਈ ਹੈ। ਜਿਸ ਤੋਂ ਭਾਈ ਸਾਹਿਬ ਦੀ ਵਿਆਖਿਆਕਾਰੀ ਵਿੱਚ ਸੰਜਮਤਾ ਦਾ ਗੁਣ ਉਜਾਗਰ ਹੁੰਦਾ ਹੈ।

*ਗੁਰੁਮਤ ਸੁਧਾਕਰ* ਵਿੱਚ ਸਿੱਖ ਰਹਿਤ ਮਰਯਾਦਾ ਨੂੰ ਸਪਸ਼ਟ ਕਰਕੇ, ਇਸ ਸੰਬੰਧੀ ਫੈਲੇ ਭਰਮ ਭੁਲੇਖੇ ਦੂਰ ਕਰਨਾ, ਇਸ ਗ੍ਰੰਥ ਦਾ ਮੰਤਵ ਮੰਨਿਆ ਗਿਆ ਹੈ। ਜਿਸਦਾ ਵੇਰਵਾ ਭਾਈ ਸਾਹਿਬ ਨੇ ਇਸ ਗ੍ਰੰਥ ਦੀ ਭੂਮਿਕਾ ਦੇ ਵਿੱਚ ਸਿੱਖ ਗ੍ਰੰਥਾਂ ਦੀਆਂ ਗਲਤੀਆਂ ਨੂੰ ਦੱਸ ਕੇ ਦੇ ਦਿੱਤਾ ਹੈ। ਇਸ ਲਈ ਉਹ ਲਿਖਦੇ ਹਨ ਕਿ, "ਸਾਨੂੰ ਚਾਹੀਏ ਕਿ ਵਿਦਿਆ ਵਿਚਾਰ ਨਾਲ ਧਰਮ ਗ੍ਰੰਥਾਂ ਦਾ, ਤਥਾ ਇਤਿਹਾਸਾਂ ਦਾ ਤਾਤਪ੍ਰਯ ਜਾਣ ਕੇ ਅਰ ਆਪਣੇ ਧਰਮ ਸੱਚੇ ਸ਼ਰਧਾਲੂ ਹੋ ਕੇ ਸਤਿਗੁਰਾਂ ਦੇ ਬਚਨ ਪੜੀਏ ਅਰ ਮੰਨੀਏ ਅਰ ਜੋ ਉਨ੍ਹਾਂ ਤੋਂ ਵਿਰੁੱਧ ਕਿਸੇ ਕਵੀ ਨੇ ਕੋਈ ਲੇਖ ਲਿਖਿਆ ਹੈ, ਉਸਦੇ ਤਿਆਗ ਵਿੱਚ ਥੋੜੀ ਜਿਹੀ ਵੀ ਸ਼ੰਕਾ ਨਾ ਉਠਾਈਏ..."[26]

ਸਿੱਖ ਧਰਮ ਦੇ ਸੰਕਲਪਾਂ ਨੂੰ ਸਪਸ਼ਟ ਕਰਨ ਲਈ ਭਾਈ ਸਾਹਿਬ ਵਿਸਥਾਰ ਵਿੱਚ ਵੀ ਚਲੇ ਜਾਂਦੇ ਹਨ। ਅਜਿਹਾ ਨਹੀਂ ਹੈ ਕਿ ਸਿਰਫ ਸ਼ਬਦਾਰਥ ਹੀ ਦਿੱਤੇ ਗਏ ਹਨ। ਪੰਨਾ ਨੰਬਰ 21 ਤੇ *ਦਸਮ ਗ੍ਰੰਥ* ਦੀ ਬੀੜ ਦਾ ਵੇਰਵਾ ਦੋ ਪੰਨਿਆਂ ਤੱਕ ਵਿਸਥਾਰ ਲੈ ਗਿਆ, ਇਸ ਤੋਂ ਉਨ੍ਹਾਂ ਦੀ ਵਿਆਖਿਆਕਾਰੀ ਦਾ ਇੱਕ ਹੋਰ ਲੱਛਣ ਉਜਾਗਰ ਹੁੰਦਾ ਹੈ, ਕਿ ਉਹ ਲੋੜ ਅਨੁਸਾਰ ਇਤਿਹਾਸਕ ਵੇਰਵੇ ਵੀ ਦਿੰਦੇ ਹਨ। ਜਿਵੇਂ:

---

[25] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਮਤ ਸੁਧਾਕਰ*, ਭਾਸ਼ਾ ਵਿਭਾਗ, ਪੰਜਾਬ, 1970, ਪੰਨਾ 20

[26] ਉਹੀ, (ਭੂਮਿਕਾ) ਪੰਨਾ ਚ

"ਪ੍ਰਸੰਗ ਅਨੁਸਾਰ ਦਸਮ ਗੁਰੂ ਜੀ ਦੇ ਗ੍ਰੰਥ ਦੀ ਬੀੜ ਦਾ ਨਿਰਣਯ ਪਾਠਕਾਂ ਦੇ ਗਿਆਨ ਲਈ ਅਸੀਂ ਇੱਥੇ ਲਿਖਣਾ ਮੁਨਾਸਬ ਸਮਝਦੇ ਹਾਂ:

ਸ੍ਰੀ *ਗੁਰੂ ਗ੍ਰੰਥ ਸਾਹਿਬ* ਜੀ ਦੀਆਂ ਦੋ ਬੀੜਾਂ ਪ੍ਰਸਿੱਧ ਹਨ, ਇੱਕ ਭਾਈ ਗੁਰਦਾਸ ਜੀ ਦੀ ਦੂਜੀ ਭਾਈ ਬੰਨੋ ਜੀ ਦੀ, ਤੀਜੀ ਬੀੜ ਜਿਸ ਵਿੱਚ ਕਲਗੀਧਰ ਸ੍ਵਾਮੀ ਜੀ ਨੇ ਨੌਵੇਂ ਸਤਿਗੁਰ ਦੇ ਸ਼ਬਦ ਅਤੇ ਸਲੋਕ ਤਥਾ ਆਪਣਾ ਇੱਕ ਦੋਹਰਾ (ਬਲ ਹੋਆ ਬੰਧਨ ਛੁਟੇ ਸਪ ਕਿਛੁ ਹੋਤ ਉਪਾਇ, ਨਾਨਕ ਸਭ ਕਿਛੁ ਤੁਮਰ ਹਾਥ ਮੈ ਤੁਮਹੀ ਹੋਤ ਸਹਾਇ) ਸ਼ਾਮਲ ਕੀਤਾ ਹੈ, ਉਸਦਾ ਨਾਓ ਦਸਵੀਂ ਪਾਤਸ਼ਾਹੀ ਦਾ ਗ੍ਰੰਥ ਸਾਹਿਬ ਹੈ...।"[27]

ਦੂਜੀ ਕਲਾ ਦੇ ਸਿਰਲੇਖ ਹੇਠ ਭਾਈ ਸਾਹਿਬ *ਸਿੱਖ ਧਰਮ ਦਾ ਸਿਰੋਮਣਿ ਰਹਿਤਨਾਮਾ* ਭਾਈ ਗੁਰਦਾਸ ਜੀ ਦੀ ਬਾਣੀ ਦੇ ਆਧਾਰ ਤੇ ਦਿੰਦੇ ਹਨ। ਪਹਿਲੇ ਅਧਿਆਇ ਵਿੱਚ ਭਾਈ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਬਾਰੇ ਮੁਢਲੀ ਜਾਣਾਕਰੀ ਨਹੀਂ ਦਿੰਦੇ ਜਦ ਕਿ ਅਗਲੇ ਰਚਨਾਕਾਰਾਂ ਬਾਰੇ ਕਿਤੇ-ਕਿਤੇ ਸੰਖੇਪ ਵਿਸਥਾਰ ਵਿੱਚ ਜਾਣਕਾਰੀ ਮੁਹੱਈਆ ਕਰਵਾਉਂਦੇ ਹਨ। ਭਾਈ ਗੁਰਦਾਸ ਜੀ ਬਾਰੇ ਉਹ ਦਸ ਸਤਰਾਂ ਵਿੱਚ ਜੀਵਨ ਬਿਊਰਾ ਦਿੰਦੇ ਹਨ। ਫਿਰ ਉਨ੍ਹਾਂ ਦੀਆਂ ਵਾਰਾਂ ਦੇ ਅਰਥ ਕਰਦੇ ਹਨ। ਜਿੱਥੇ ਵੀ ਸਿੱਖ ਧਰਮ ਦੀ ਮਰਯਾਦਾ, ਗੁਰਮਤਿ ਜਾਂ ਰਹਿਣੀ-ਬਹਿਣੀ ਦੀ ਗੱਲ ਆਉਂਦੀ ਹੈ। ਭਾਈ ਸਾਹਿਬ ਵਿਸਥਾਰ ਨਾਲ ਸਪਸ਼ਟ ਕਰਦੇ ਹਨ।

"ਨਮਸਕਾਰ ਗੁਰਦੇਵ ਕਉ" ਦੇ ਸੰਬੰਧ `ਚ ਮੰਗਲਾਚਰਣ ਬਾਰੇ ਫੁੱਟ ਨੋਟਾਂ ਵਿੱਚ ਇਸ ਤਰ੍ਹਾਂ ਦਿੱਤਾ ਗਿਆ ਹੈ।

---

[27] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਮਤ ਸੁਧਾਕਰ ,* ਭਾਸ਼ਾ ਵਿਭਾਗ ਪੰਜਾਬ, 1899, ਪੰਨਾ 21

"ਇਸ ਮੰਗਲਾਚਰਣ ਨੂੰ ਦੇਖਕੇ ਸਿੱਖ ਕਵੀਆਂ ਨੂੰ ਸਿਖਯਾ ਲੈਣੀ ਚਾਹੀਏ ਕਿ ਉਹ ਗ੍ਰੰਥ ਰਚਨਾ ਦੇ ਆਰੰਭ ਵਿੱਚ ਹਰੇਕ ਦੇਵੀ ਦੇਵਤਾ ਦਾ ਅਰਾਧਨ ਕਰਕੇ ਗੁਰਮਤਿ ਵਿਰੁੱਧ ਕਰਨ ਦੇ ਕਲੰਕ ਤੋਂ ਬਚਣ ਇਸੇ (ਪਹਿਲੀ) ਵਾਰ ਦਾ ਟੀਕਾ ਕਰਦੇ ਹੋਏ ਭਾਈ ਮਨੀ ਸਿੰਘ ਜੀ ਲਿਖਦੇ ਹਨ:-

"ਨਾਮ ਸਭਿ ਦੇਵਾ ਦਾ ਦੇਵ ਹੈ, ਕੋਈ ਦੇਵੀ ਨੂੰ ਮਨਾਵਦਾ ਹੈ, ਕੋਈ ਸ਼ਿਵਾ ਨੂੰ, ਕੋਈ ਗਣੇਸ਼ ਨੂੰ, ਕੋਈ ਹੋਰ ਦੇਵਤਿਆਂ ਨੂੰ, ਗੁਰੂ ਕੇ ਸਿੱਖ ਸਤਿਨਾਮ ਨੂੰ ਅਰਾਧਦੇ ਹਨ ਜਿਸ ਕਰ ਸਭਿ ਵਿਘਨ ਨਾਸ਼ ਹੋਏ ਹਨ ਅਤੇ ਸਤਿਨਾਮ ਦਾ ਮੰਗਲਾਚਾਰ ਆਦਿ ਰੱਖਿਆ ਗਿਆ ਹੈ।

ਭਾਈ ਸਾਹਿਬ ਦੇ *ਕਬਿੱਤ ਸਵੈਯਾ* ਦੇ ਆਰੰਭ ਵਿੱਚ ਭੀ ਐਸਾ ਹੀ ਮੰਗਲ ਕੀਤਾ ਹੈ ਦੇਖੋ, ਅੰਗ 530 ਗੁਰਬਾਣੀ ਦੇ ਆਦਿ ਵਿੱਚ ਭੀ "ੴ ਸਤਿਗੁਰ ਪ੍ਰਸਾਦਿ" ਔਰ "ਸ੍ਰੀ ਵਾਹਿਗੁਰੂ ਜੀ ਕੀ ਫਤਹ" ਮੰਗਲਾਚਰਣ ਹੁੰਦਾ ਹੈ। ਅਸੀਂ ਸ਼ੱਕ ਕਰਦੇ ਹਾਂ ਉਨ੍ਹਾਂ ਕਵੀਆਂ ਦੀ ਬੁੱਧੀ ਪਰ, ਜੋ ਖ਼ਾਲਸਾ ਧਰਮ ਵਿਰੁੱਧ ਅਨੇਕ ਦੇਵਤਿਆਂ ਨੂੰ ਅਰਾਧਕੇ ਮੰਗਲ ਦੀ ਥਾਂ ਅਮੰਗਲ ਕਰਦੇ ਹਨ।"[28]

ਵਿਆਖਿਆਕਾਰੀ ਦੀਆਂ ਇਨ੍ਹਾਂ ਦੋ ਵਿਸ਼ੇਸ਼ਤਾਵਾਂ ਤੋਂ ਇਲਾਵਾ ਤੀਜੀ ਵਿਸ਼ੇਸ਼ਤਾ ਹੈ, ਸੰਕਲਪ ਦੀ ਦ੍ਰਿੜਤਾ ਲਈ ਗੁਰਬਾਣੀ ਟੂਕਾਂ ਦਾ ਹਵਾਲਾ ਦੇਣਾ ਹੈ ਮਿਸਾਲ ਦੇ ਤੌਰ ਤੇ:

ਬਾਬਾ ਆਇਆ ਤੀਰਥੋ
ਤੀਰਥ ਪੁਰਬ ਸਭੇ ਫਿਰਿ ਦੇਖੈ[5]
ਪੂਰਬ ਧਰਮ ਬਹੁ ਕਰਮ ਕਰਿ
ਭਾਉ ਭਗਤਿ ਬਿਨੁ ਕਿਤੇ ਨ ਲੇਖੈ,
ਭਾਉ ਨਾ ਬ੍ਰਹਮੈ ਲਿਖਿਆ[6]
ਚਾਰਿ ਬੇਦਿ, ਸਿੰਮ੍ਰਿਤ ਪੜ੍ਹਿ ਦੇਖੋ। ਪੇਖੈ। (ਵਾਰ 1, ਪਉੜੀ 2518)

---

[28] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਮਤ ਸੁਧਾਕਰ* , ਭਾਸ਼ਾ ਵਿਭਾਗ ਪੰਜਾਬ, 1899, ਪੰਨਾ 86-87

ਭਾਈ ਸਾਹਿਬ ਫੁੱਟ ਨੋਟ ਵਿੱਚ ਇਨ੍ਹਾਂ ਬਾਰੇ ਇਸ ਤਰ੍ਹਾਂ ਲਿਖਦੇ ਹਨ:

"5" ਤਰੀਥ ਉਦਮੁ ਸਤਿਗੁਰੂ ਕੀਆ

ਸਭ ਲੋਕ ਉਧਰਣ ਅਰਥਾ॥ (ਤੁਖਾਰੀ ਮਹਲਾ 4) (ਗੁ.ਗ੍ਰੰ. 1117)

ਤੀਰਥਾ ਉੱਪਰ ਦੇਸ਼ ਦੇਸਾਂਤਰਾਂ ਦੇ ਲੋਕ ਇਕੱਠੇ ਹੁੰਦੇ ਹਨ, ਇਸ ਕਰਕੇ ਉਪਦੇਸ਼ ਦਾ ਮੌਕਾ ਚੰਗਾ ਬਣਦਾ ਹੈ।

"6" ਵੇਦ ਸਿਮ੍ਰਿਤੀਆਂ ਵਿੱਚ ਯੱਗ ਪੂਜਾ ਆਦਿਕ ਦੀ ਮਹਿਮਾ ਹੈ, ਗੁਰਮਤਿ ਵਿੱਚ ਸਭ ਸਾਧਨਾਂ ਨਾਲੋਂ ਪ੍ਰੇਮ ਪ੍ਰਧਾਨ ਹੈ,

ਯਥਾ- "ਸੋ ਜਪੁ ਸੋ ਤਪੁ ਸਾ ਬ੍ਰਤ ਪੂਜਾ

ਜਿਤੁ ਹਰਿ ਸਿਉ ਪ੍ਰੀਤਿ ਲਗਾਇ॥ (ਬੈਰਾੜੀ ਮਹਲਾ 4) (ਗੁ.ਗ੍ਰੰ. 720)

ਔਰ- "ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੁ ਪਾਯੋ। (ਅਕਾਲ ਉਸਤਤਿ)[29]

ਪੁਸਤਕ *ਗੁਰੁਮਤ ਸੁਧਾਕਰ* ਚੋਣਵੀਂ ਗੁਰਬਾਣੀ ਦੇ ਅਰਥਾਂ, ਗੁਰਮਤਿ ਦੇ ਸਿਧਾਂਤਾਂ ਅਤੇ ਸਿੱਖ ਧਰਮ ਦੀ ਰਹਿਤ ਮਰਿਆਦਾ ਨੂੰ ਵਿਆਖਿਆ ਸਹਿਤ ਸਪਸ਼ਟ ਕਰਦੀ ਹੈ। ਇਸ ਲਈ ਇਹ ਗੁਰਮਤਿ ਵਿਆਖਿਆਕਾਰੀ ਦਾ ਮਹੱਤਵਪੂਰਨ ਟੂਲ ਹੈ, ਇਸ ਦੀ ਵਿਆਖਿਆਕਾਰੀ ਤਕਨੀਕਾਂ ਅਤੇ ਵਿਸ਼ੇਸ਼ਤਾਵਾਂ ਇਸ ਨੂੰ ਆਧੁਨਿਕ ਵਿਆਖਿਆਕਾਰੀ ਪ੍ਰਣਾਲੀ ਨਾਲ ਜੋੜਦੀਆਂ ਹਨ। ਵਿਆਖਿਆਕਾਰੀ ਅਜੋਕੀ ਹਵਾਲਾ ਤਕਨੀਕ ਵਰਤਦੇ ਹੋਏ ਫੁੱਟ ਨੋਟਾਂ ਦੇ ਰੂਪ ਵਿੱਚ ਹੈ। ਵਿਆਖਿਆਕਾਰੀ ਇਕ ਅਰਥੀ, ਸਰਲ, ਕਰਮਕਾਂਡ ਤੇ ਪਾਖੰਡ ਵਿਰੋਧੀ, ਸਵੈ ਵਿਰੋਧ ਦੀ ਨਿਖੇਧਕ ਗੁਰਮਤਿ ਅਤੇ ਸਿੱਖ ਸਿਧਾਂਤਾਂ ਨੂੰ ਉਭਾਰਨ ਵਾਲੀ ਹੈ। ਮੁੱਖ ਤੌਰ ਤੇ ਇਹ ਪੁਸਤਕ ਗੁਰਬਾਣੀ ਦੇ ਉਪਦੇਸ਼ਾਂ, ਜੀਵਨ-ਜਾਚ, ਰਹਿਣੀ ਅਤੇ ਰਹਿਤ ਬਾਰੇ ਸਪਸ਼ਟ ਕਰਦੀ ਹੈ। ਭਾਈ ਸਾਹਿਬ ਦੀ ਵਿਆਖਿਅਕਾਰੀ ਵਿੱਚ ਵਿਧਵਤਾ, ਗੁਰਮਤਿ ਵਿੱਚ ਆਸਥਾ ਅਤੇ ਤਰਕ ਪ੍ਰਧਾਨ ਗੁਣ ਹਨ, ਜਦ ਕਿ

---

[29] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਮਤ ਸੁਧਾਕਰ* , ਭਾਸ਼ਾ ਵਿਭਾਗ ਪੰਜਾਬ, 1899, ਪੰਨਾ 91

ਰਹੱਸਵਾਦ ਦਾ ਅੰਸ਼ ਨਾ ਮਾਤਰ ਹੈ। ਮੁੱਖ ਤੌਰ ਤੇ ਇਹ ਪੁਸਤਕ ਗੁਰਬਾਣੀ ਦੇ ਉਪਦੇਸ਼ਾਂ, ਜੀਵਨ-ਜਾਚ, ਰਹਿਣੀ ਅਤੇ ਰਹਿਤ ਬਾਰੇ ਸਪਸ਼ਟ ਕਰਦੀ ਹੈ। ਭਾਈ ਸਾਹਿਬ ਦੀ ਵਿਆਖਿਆਕਰੀ ਵਿੱਚ ਵਿਧਵਤਾ, ਗੁਰਮਤਿ ਵਿੱਚ ਆਸਥਾ ਅਤੇ ਤਰਕ ਪ੍ਰਧਾਨ ਗੁਣ ਹਨ, ਜਦ ਕਿ ਰਹੱਸਵਾਦ ਦਾ ਅੰਸ਼ ਨਾ ਮਾਤਰ ਹੈ। ਉਨ੍ਹਾਂ ਦੀ ਸਾਰੀ ਵਿਆਖਿਆਕਾਰੀ ਵਿੱਚ ਮੁੜ ਭਾਵਨਾ ਕੰਮ ਕਰ ਰਹੀ ਹੈ ਅਤੇ ਗੁਰਮਤਿ ਦੇ ਮੂਲ ਭਾਵ ਨੂੰ ਸਮਝਿਆ, ਸਮਝਾਇਆ ਅਤੇ ਉਸਨੂੰ ਹੀ ਪ੍ਰਗਟਾਇਆ ਜਾਵੇ। ਉਨ੍ਹਾਂ ਦੀ ਵਿਆਖਿਆਕਰੀ ਦਾ ਸਾਰਾ ਤਾਣ ਇਸੇ ਮੰਤਵ ਉੱਪਰ ਲੱਗਿਆ ਹੈ।

***ਗੁਰ ਛੰਦ ਦਿਵਾਕਰ* (1921)**

ਇਹ ਪੁਸਤਕ ਛੰਦ ਨਿਯਮਾਂ ਜਾਂ ਪਿੰਗਲ ਬਾਰੇ ਲਿਖੀ ਹੈ। ਭਾਈ ਸਾਹਿਬ ਨੇ ਸਿੱਖ ਸਾਹਿਤ ਵਿਚ ਛੰਦਾਂ ਦੀ ਚੋਣ ਕਰਕੇ ਉਨ੍ਹਾਂ ਨੂੰ ਪਿੰਗਲ ਦੇ ਨਿਯਮਾਂ ਅਨੁਸਾਰ ਪਰਖਿਆ ਹੈ। ਇਹ ਪੁਸਤਕ 1921 ਈ. ਵਿਚ ਲਿਖੀ ਗਈ ਅਤੇ ਨਾਭਾ ਦਰਬਾਰ ਵੱਲੋਂ ਛਾਪੀ ਗਈ ਸੀ। ਇਹ 316 ਸਫਿਆਂ ਦਾ ਇੱਕ ਛੰਦ ਸਾਸ਼ਤਰ ਅਤੇ ਪਿੰਗਲ ਦੀ ਸੰਪੂਰਣ ਜਾਣਕਾਰੀ ਦੇਣ ਵਾਲਾ ਗ੍ਰੰਥ ਹੈ। ਇਸ ਗ੍ਰੰਥ ਵਿੱਚ ਨਿਮਨਲਿਖਿਤ ਗ੍ਰੰਥਾਂ ਨੂੰ ਆਧਾਰ ਬਣਾਕੇ ਛੰਦਾਂ ਬਾਰੇ ਭਰਪੂਰ ਜਾਣਕਾਰੀ ਦਿੱਤੀ ਗਈ ਹੈ।

*ਆਦਿ ਗ੍ਰੰਥ, ਦਸਮ ਗ੍ਰੰਥ, ਸਰਬਲੋਹ ਗ੍ਰੰਥ, ਭਾਈ ਗੁਰਦਾਸ-ਵਾਰਾਂ, ਭਾਈ ਗੁਰਦਾਸ ਦੇ ਕਵਿਤ ਸਵੱਯੇ,* ਭਾਈ ਨੰਦ ਲਾਲ ਰਚਿਤ *ਜ਼ਿੰਦਗੀ ਨਾਮਾਂ* ਅਤੇ *ਦੀਵਾਨ ਗੋਯਾ, ਗੁਰਬਿਲਾਸ ਪਾਤਸ਼ਾਹੀ ਛੇਵੀਂ,* ਕਵਿ ਸੋਹਨ, *ਅਧਿਆਤਮ ਰਾਮਾਇਣ* - ਗੁਲਾਬ ਸਿੰਘ, *ਕਵੀ ਹੰਸ ਰਾਜ* (ਗੁਰੂ ਗੋਬਿੰਦ ਸਿੰਘ ਜੀ ਦਾ ਹਜੂਰੀ ਕਵੀ) *ਨਾਨਕ-ਪ੍ਰਕਾਸ਼* ਅਤੇ *ਗੁਰ-ਪ੍ਰਤਾਪ ਸੂਰਜ ਗ੍ਰੰਥ,* ਭਾਈ ਸੰਤੋਖ ਸਿੰਘ, *ਰਾਮ ਚੰਦ੍ਰਿਕਾ,* ਕੇਸ਼ਵ ਦਾਸ, *ਚਕ੍ਰਧਰ ਚਰਿਤ੍ਰ ਚਾਰੂ ਚੰਦ੍ਰਿਕਾ,* ਨਿਹਾਲ ਸਿੰਘ (ਸੱਯਦ ਪਿੰਡ ਵਾਲੇ), *ਵੈਰਾਗ ਸ਼ਤਕ,* ਕਵੀ ਹਰਿਦਯਾਲ, *ਬਾਰਾਂਮਾਹਾ-* ਬੀਰ ਸਿੰਘ ਹੀਰ ਵਾਰਿਸ, ਪ੍ਰੇਮ ਪਿਟਾਰੀ,

ਬੇਦੀ ਬ੍ਰਿਜ ਬੱਲਭ ਸਿੰਘ, *ਗੁਰੂ ਪਦ ਪ੍ਰੇਮ ਪ੍ਰਕਾਸ਼* - ਬਾਬਾ ਸੁਮੇਰ ਸਿੰਘ ਭੱਲਾ, *ਗੁਰੂ ਨਾਨਕ ਸਤੋਤ੍ਰ ਰਤਨਾਕਰ (ਸੰਸਕ੍ਰਿਤ)* ਆਦਿ ਗ੍ਰੰਥਾਂ ਵਿਚੋਂ ਆਏ ਛੰਦਾਂ ਦੀ ਖੋਜ-ਪੜਤਾਲ ਕਰਕੇ ਇਹ ਛੰਦ ਸਾਸ਼ਤਰ ਤਿਆਰ ਕੀਤਾ ਹੈ ਅਤੇ ਕਈ-ਕਈ ਉਦਾਹਰਣਾਂ ਦੇ ਕੇ ਸਮਝਾਉਣ ਦਾ ਯਤਨ ਕੀਤਾ ਹੈ। ਭਾਈ ਸਾਹਿਬ ਛੰਦ ਰਚਨਾ ਵਿੱਚ ਵੀ ਪੂਰੀ ਮੁਹਾਰਤ ਰੱਖਦੇ ਸਨ।

ਇਸ ਪੁਸਤਕ ਦੀ ਭੂਮਿਕਾ ਵਿੱਚ ਲੇਖਕ ਸਪਸ਼ਟ ਕਰਦਾ ਹੈ, "ਸ੍ਰੀ *ਗੁਰੂ ਗ੍ਰੰਥ ਸਾਹਿਬ* , ਦਸਮ ਗ੍ਰੰਥ, ਭਾਈ ਗੁਰਦਾਸ, ਭਾਈ ਨੰਦ ਲਾਲ, ਭਾਈ ਸੰਤੋਖ ਸਿੰਘ ਅਤੇ ਹੋਰ ਬਹੁਤ ਸਾਰੇ ਸਿੱਖ ਕਵੀਆਂ ਦੇ ਰਚੇ ਕਾਵਯ ਗ੍ਰੰਥਾਂ ਦੇ ਅਨੇਕ ਛੰਦ ਉਨ੍ਹਾਂ ਪੁਸਤਕਾਂ (ਪਿੰਗਲ) ਦੇ ਆਮ ਗ੍ਰੰਥਾਂ ਵਿੱਚ ਨਹੀਂ ਪਾਏ ਜਾਂਦੇ, ਅਰੁ ਜੋ ਕੁਛ ਮਿਲਦੇ ਵੀ ਹਨ, ਉਨ੍ਹਾਂ ਵਿੱਚੋਂ ਬਹੁਤਿਆਂ ਦੇ ਨਾਮਾਂਤਰ ਅਤੇ ਰੂਪਾਂਤਰ ਹੋਣ ਕਰਕੇ ਪਾਠਕਾਂ ਨੂੰ ਪਤਾ ਨਹੀਂ ਲਗ ਸਕਦਾ।[30] ਕੁੱਲ 105 ਪ੍ਰਸੰਗਾਂ ਵਿੱਚ 500 ਦੇ ਕਰੀਬ ਛੰਦਾਂ ਦਾ ਵੇਰਵਾ ਦਿੱਤਾ ਗਿਆ ਹੈ ਅਤੇ ਕਠਿਨ ਨੁਕਤਿਆਂ ਨੂੰ ਫੁਟ ਨੋਟਾਂ ਵਿੱਚ ਸਮਝਾਉਣ ਦਾ ਯਤਨ ਕੀਤਾ ਗਿਆ ਹੈ।

ਇਸ ਕਿਤਾਬ ਦੇ ਸਰੋਤਾਂ ਭਾਵ ਛੰਦ ਸਾਸ਼ਤਰ ਦੇ ਗ੍ਰੰਥਾਂ ਵੱਲ ਵੀ ਆਪਣੀ ਕ੍ਰਿਤਗਯਤਾ ਪ੍ਰਗਟ ਕਰਦੇ ਹਨ:

ਭੂਮਿਕਾ ਤੋਂ ਬਾਅਦ *ਗੁਰ ਛੰਦ ਦਿਵਾਕਰ* ਦੀ ਸ਼ੁਰੂਆਤ ਵਿੱਚ ਇੱਕ ਛੰਦ ਦਿੱਤਾ ਹੈ, ਜਿਸਨੂੰ ਗ੍ਰੰਥ ਦੇ ਵਿਸ਼ਾ-ਵਸਤੂ ਦੇ ਤੌਰ 'ਤੇ ਸਮਝਾਇਆ ਜਾ ਸਕਦਾ ਹੈ ਅਤੇ ਭਾਈ ਸਾਹਿਬ ਦੁਆਰਾ ਲਿਖਿਆ ਪਾਤਸ਼ਾਹ ਪ੍ਰਤੀ ਮੰਗਲਾਚਰਣ ਕਿਹਾ ਜਾ ਸਕਦਾ ਹੈ। ਇਹ ਛੰਦ "ਮਨਹਰ" ਸਿਰਲੇਖ ਵਜੋਂ ਇਸ ਤਰ੍ਹਾਂ ਦਰਜ ਹੈ:

---

[30] *ਗੁਰ ਛੰਦ ਦਿਵਾਕਰ,* ਸੁਦਰਸ਼ਨ ਪ੍ਰੈਸ, ਅੰਮ੍ਰਿਤਸਰ, 1924, ਭੂਮਿਕਾ, ਪੰਨਾ - ੲ

ਕਮਰ ਕ੍ਰਿਪਾਨ ਅਰੁ ਕਰਮੇਂ ਕਲਮ ਗਹੇ
ਸਿੰਦ ਕਵਿਰਾਨ ਕੇ ਸਮਾਜ ਮੇਂ ਸੁਹਵਤੋ,
ਭਾਰਤ ਕੀ ਮ੍ਰਿਤਕ ਦਸ਼ਾ ਕੋ ਬਾਰ ਬਾਰ ਸੋਚ
ਜੀਵਨ ਕੇ ਜਤਨ ਹੈ ਸਿਖਨ ਬਤਾਵਤੋ
ਕੁਵਰੇਸ ਹੰਸਰਾਮ ਮੰਗਲ ਕੀ ਰਚਨਾ ਕੋ
ਸੋਧ, ਸੇਨਾਪਤਿ ਸੇ ਜੋ ਨਕਲ ਕਰਾਵਤੋ
ਏਸੇ ਦਸ਼ਮੇਸ ਕੋ ਵਸਾਏ ਮਨ ਰਚਨਾ ਪੈ
ਛੰਦ ਗ੍ਰੰਥ ਸੇਵਕ ਵ੍ਰਿਜੇਸ਼ ਹੈ ਬਨਾਵਤੋ॥"[31]

ਪੁਸਤਕ ਵਿੱਚ ਛੰਦ ਸਾਸ਼ਤਰ ਦੇ ਅੰਗਾਂ ਦਾ ਨਿਰਣਯ ਮਾਤ੍ਰਾ, ਲਘੁ, ਗੁਰੁ, ਦਗਧ ਅਕਸਰ, ਵਰਣਿਕ ਗਣ, ਮਾਤ੍ਰਿਕ ਗਣ, ਛੰਦ ਅਥਵਾ ਵ੍ਰਿਤ, ਚਰਣ, ਯਤਿ ਅਥਵਾ ਵਿਸ੍ਰਾਮ, ਛੰਦਾ ਦੇ ਭੇਦ, ਛੰਦਪਰਿਕਸ਼ਾ, ਸ੍ਰੀ *ਗੁਰੂ ਗ੍ਰੰਥ ਸਾਹਿਬ* ਅਤੇ ਛੰਦ, ਅਨੁਪ੍ਰਾਸਤਿ ਅਤੇ ਤੁਕਾਂਤ ਉਰਦੂ, ਅਰਬੀ ਅਤੇ ਫ਼ਾਰਸੀ ਦੇ ਛੰਦ ਆਦਿ ਸਿਰਲੇਖਾਂ ਅਧੀਨ ਕੀਤਾ ਗਿਆ ਹੈ। ਫਿਰ ਪੰਨਾ ਨੰਬਰ 40 ਤੋਂ ਅੱਖਰ ਕ੍ਰਮ ਅਨੁਸਾਰ ਛੰਦ ਦੇ ਨਾਮ ਦਿੱਤੇ ਗਏ ਹਨ, ਜਿਨ੍ਹਾਂ ਵਿੱਚ ਉਨ੍ਹਾਂਦੇ ਲੱਛਣ ਅਤੇ ਉਦਾਹਰਣਾ ਦਿੱਤੀਆਂ ਗਈਆਂ ਹਨ। ਇਸ ਤਰ੍ਹਾਂ ਨਾਲ ਇਹ ਪੁਸਤਕ ਸਿੱਖ ਸਾਹਿਤ ਅਤੇ ਗੁਰਬਾਣੀ ਦੇ ਛੰਦਾਂ ਦਾ ਕੋਸ਼ ਬਣ ਜਾਂਦਾ ਹੈ। ਛੰਦਾਂ ਦੀ ਵਿਆਖਿਆ ਭਾਈ ਸਾਹਿਬ ਇਸ ਤਰ੍ਹਾਂ ਕਰਦੇ ਹਨ:

ਉਗਾਹਾ ਲਕਸ਼ਣ - ਦੋ ਚਰਣ, ਪ੍ਰਤਿ ਚਰਣ ਛਬੀਹ ਮਾਤ੍ਰਾ, ਪਹਿਲਾ ਵਿਸ਼ਰਾਮ, 5 ਪਰ, ਦੂਜਾ 11 ਪਰ, ਅੰਤ ਗੁਰੂ - ਲਘੂ। ਉਦਾਹਰਣ

ਮੈਂ ਮਨਿ ਤਨਿ ਪ੍ਰੇਮੁ ਪਿਰੰਮ ਕਾ ਅਠ ਪਹਰ ਲਗੰਨਿ
ਜਨ ਨਾਨਕ ਕਿਰਪਾ ਧਾਰਿ ਪ੍ਰਭ, ਸਤਿਗੁਰ ਸੁਖਿ ਵਸੰਨਿ। (ਗੁ.ਗ੍ਰੰ. 301)

---

[31] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਛੰਦ ਦਿਵਾਕਰ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, ਪੰਨਾ 15

ਇਸੇ ਤਰ੍ਹਾਂ ਭਾਈ ਸਾਹਿਬ ਨੇ ਗੁਰਮੁਖੀ ਅੱਖਰ ਕ੍ਰਮ ਅਨੁਸਾਰ ਸਿੱਖ ਸਾਹਿਤ ਦੇ ਵਿੱਚ ਵਰਤੇ ਗਏ ਛੰਦਾਂ ਦਾ ਗ੍ਰੰਥ ਲਿਖਿਆ ਹੈ। ਇਸਦੇ ਨਾਲ ਹੀ ਸਿੱਖ ਸਾਹਿਤ ਵਿੱਚੋਂ ਲਏ ਗਏ ਹਵਾਲਿਆਂ ਦੇ ਅਉਖੇ ਸ਼ਬਦਾਂ ਦੇ ਅਰਥ ਫੁੱਟ ਨੋਟਾਂ ਵਿੱਚ ਦਰਜ ਕੀਤੇ ਹਨ। ਜਿਵੇਂ

ਉਗਾਥਾ ਛੰਦ ਵਿੱਚ ਦਸਮ ਗ੍ਰੰਥ ਦੀਆਂ ਤੁਕਾਂ ਦੇ ਅਰਥ

"ਅਭੰਡ[1] ਭੰਡੇ, ਅਡੰਗ⌋ ਡੰਗੇ" (ਦਸਮ ਗ੍ਰੰਥ ਰਾਮਾਵਤਾਰ, 225)[32]

ਉਪਰੋਕਤ ਤੁਕ ਵਿੱਚ ਆਏ ਅਭੰਡ ਅਤੇ ਅਡੰਗ ਸ਼ਬਦਾਂ ਦੇ ਅਰਥ ਫੁੱਟ ਨੋਟ ਵਿੱਚ ਨਿਸ਼ਾਨ ਲਾ ਕੇ ਦਿੱਤੇ ਹਨ। ਜਿਵੇਂ **ਅਭੰਡ** ਦਾ ਅਰਥ **ਅਨਿੰਦਤ** ਅਤੇ **ਅਡੰਗ** ਦਾ ਅਰਥ ਜੋ **ਡੱਸੇ ਨਹੀਂ** ਗਏ ਹੈ ਅਤੇ ਇਨ੍ਹਾਂ ਨਾਲ ਦੋ ਨਿਸ਼ਾਨ ਦਿੱਤੇ ਗਏ ਹਨ। ਇਸ ਪੁਸਤਕ ਬਾਰੇ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਵਿੱਚ ਸਿੱਖ ਸਾਹਿਤ ਦੇ ਛੰਦ ਸਾਸ਼ਤਰ ਦਾ ਇਹ ਪਹਿਲਾ ਗ੍ਰੰਥ ਹੈ ਇਸ ਤੋਂ ਇਲਾਵਾ ਪੰਡਤ ਕਰਤਾਰ ਸਿੰਘ ਦਾਖਾ ਨੇ ਵੀ ਇਸ ਤਰ੍ਹਾਂ ਦੀਆਂ ਕੋਸ਼ਿਸ਼ਾਂ ਕੀਤੀਆਂ ਹਨ ਤੇ ਇਸ ਗ੍ਰੰਥ ਨੂੰ *ਮਹਾਨ ਕੋਸ਼* ਵਿੱਚ ਵੀ ਦਰਜ਼ ਕੀਤਾ ਗਿਆ ਹੈ।

***ਗੁਰੁਸ਼ਬਦਾਲੰਕਾਰ* (1925)**

ਇਸ ਪੁਸਤਕ ਦੀ ਭੁਮਿਕਾ ਵਿੱਚ ਭਾਈ ਸਾਹਿਬ ਅਲੰਕਾਰਾਂ ਦੀਆਂ ਵਿਸ਼ੇਸ਼ਤਾਵਾਂ ਬਾਰੇ ਦੱਸਦੇ ਹੋਏ ਅਲੰਕਾਰ ਦੀ ਪਰਿਭਾਸ਼ਾ ਦਿੰਦੇ ਹਨ, "ਜੋ ਕਾਵਯ ਨੂੰ ਭੂਸ਼ਿਤ (ਅਲੰ ਕਰੇ), ਅਰਥਾਤ ਸ਼ੋਭਾ ਦੇਵੇ ਸੋ ਅਲੰਕਾਰ ਹੈ।" ਇਸਦੀ ਪ੍ਰੋੜਤਾ ਵਜੋਂ ਗਰਬ-ਗੰਜਨੀ ਟੀਕੇ ਵਿੱਚੋਂ ਭਾਈ ਸੰਤੋਖ ਸਿੰਘ ਦੀ ਦਿੱਤੀ ਹੋਈ ਉਦਾਹਰਣ ਇੱਥੇ ਦਰਜ਼ ਕੀਤੀ ਹੈ:

"ਸ਼ਬਦ ਅਰਥ ਜੋ ਚਿਤ੍ਰਿ ਕਰਹੀ,
ਚਮਤਕਾਰ ਛਬਿ ਅਧਿਕੈ ਪਰਹੀ,

[32] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਛੰਦ ਦਿਵਾਕਰ*, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, ਪੰਨਾ 40

ਭੂਸ਼ਣ ਜੇਸੈ ਪਹਿਰੈ ਪ੍ਰਾਨੀ,

ਤੈਸੇ ਅਲੰਕਾਰ ਮਿਲ ਬਾਨੀ। (ਗਰਬਗੰਜਨੀ)

ਇਸ ਤੋਂ ਬਾਅਦ ਅਲੰਕਾਰਾਂ ਦੇ ਪ੍ਰਕਾਰ ਸਮਝਾਏ ਹਨ ਅਤੇ ਇਹ ਵੀ ਦੱਸਿਆ ਹੈ ਕਿ ਇਸ ਪੁਸਤਕ ਤੋਂ ਪਹਿਲਾਂ *ਗੁਰੁਛੰਦ ਦਿਵਾਕਰ* ਜੋ ਸਿੱਖ ਸਾਹਿਤ ਦੇ ਛੰਦਾਂ ਦਾ ਕੋਸ਼ ਹੈ ਰਚਿਆ ਗਿਆ ਸੀ ਉਸਤੋਂ ਬਾਅਦ ਹਥਲੀ ਪੁਸਤਕ ਸਿੱਖ ਸਾਹਿਤ ਦੇ ਅਲੰਕਾਰਾਂ ਦੇ ਕੋਸ਼ ਵਜੋਂ ਬਣਾਈ ਗਈ ਹੈ।[33]

ਭੂਮਿਕਾ ਤੋਂ ਬਾਅਦ ਇਹ ਗ੍ਰੰਥ ਵੀ ਗੁਰਮੁਖੀ ਲਿਖੀ ਦੇ ਅੱਖਰ ਕ੍ਰਮ ਅਨੁਸਾਰ ਸ਼ੁਰੂ ਹੁੰਦਾ ਹੈ ਅਤੇ ਅਲੰਕਾਰਾਂ ਦੀ ਵਿਆਖਿਆ ਦਿੱਤੀ ਗਈ ਹੈ:

ਉਦਾਹਰਣ ਵਜੋਂ ਉਪਮਾਂ (ਸਮਾਨਤਾ)

ਜਿਸ ਉਕਤਿ ਵਿੱਚ ਉਪਮਾਨ ਉਪਮੇਘ ਦੇ ਭਿੰਨ ਹੋਣ ਪਰ ਭੀ ਉਨ੍ਹਾਂ ਦੇ ਸਾਧਾਰਣ ਧਰਮ ਦੀ ਸਮਤਾ ਕਥਨ ਕਰੀ ਜਾਵੇ, ਉਹ "ਉਪਮਾਂ" ਅਲੰਕਾਰ ਹੈ। ਇਸ ਅਲੰਕਾਰ ਦੇ ਸਮਝਣ ਲਈ ਚਾਰ ਸ਼ਬਦਾਂ ਦਾ ਅਰਥ (ਜੋ ਉਪਮਾ ਦੇ ਅੰਗ ਰੂਪ ਹਨ) ਪਹਿਲਾਂ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਏ; ਅਰਥਾਤ ਉਪਮਾਨ, ਉਪਮੇਯ, ਧਰਮ ਅਤੇ ਵਾਚਕ"।[34]

ਇਸ ਤੋਂ ਬਾਅਦ ਇਸਨੂੰ ਉਪਰੋਕਤ ਚਾਰ ਰੂਪਾਂ ਦੇ ਵਿਸਥਾਰ ਨਾਲ ਵਰਣਨ ਕੀਤਾ ਗਿਆ ਹੈ ਅਤੇ ਇਨ੍ਹਾਂ ਨੂੰ ਸਮਝਾਉਣ ਲਈ ਸਿੱਖ ਸਾਹਿਤ ਵਿੱਚੋਂ ਉਦਾਹਰਣਾ ਦਿੱਤੀਆਂ ਗਈਆਂ ਹਨ। ਜਿਵੇਂ ਧਰਮਲੁਪਤਾ ਨੂੰ ਸਮਝਾਉਣ ਲਈ ਗੁਰੂ ਗ੍ਰੰਥ ਸਾਹਿਬ ਦੀ ਪੰਕਤੀ ਦਿੱਤੀ ਗਈ ਹੈ:

ਜੈਸਾ ਸੰਗੁ ਬਿਸੀਅਰ ਸਿਉ ਹੈ ਰੇ, ਤੈਸੋ ਹੀ ਇਹੁ ਪਰ ਗ੍ਰਿਹੁ । (ਗੁ.ਗ੍ਰੰ. 403)

---

[33] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦਾਲੰਕਾਰ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, ਪੰਨਾ ਅ

[34] ਉਹੀ, ਪੰਨਾ 5

ਇਸ ਤੁਕ ਵਿੱਚ ਪਰ ਇਸਤਰੀ ਉਪਮੇਯ ਹੈ, ਸਰਪ ਦਾ ਸੰਗ ਉਪਮਾਨ ਹੈ, ਜੈਸਾ ਬਾਚਕ ਹੈ ਪਰੰਤੂ ਸਾਧਾਰਣ ਧਰਮ ਦਾ ਲੋਪ ਹੈ। ਇਸ ਲਈ ਧਰਮ ਲੁਪਤਾ ਉਪਮਾ ਹੈ।[35]

ਇਸ ਤਰ੍ਹਾਂ ਆਪਣੇ ਹੋਰਨਾਂ ਗ੍ਰੰਥਾਂ ਵਾਂਗ ਭਾਈ ਕਾਨ੍ਹ ਸਿੰਘ ਨਾਭਾ ਗੁਰਬਾਣੀ ਦੇ ਅਰਥ ਦੇਣ ਲਈ ਫੁੱਟ ਨੋਟਾਂ ਵਾਲਾ ਤਰੀਕਾ ਹੀ ਅਪਣਾਉਂਦੇ ਹਨ ਅਤੇ ਆਪਣੇ ਇਸ ਕੋਸ਼ ਨੂੰ ਪੂਰਾ ਕਰਦੇ ਹਨ। ਇਸ ਵਿੱਚ ਕਈ ਇੰਦਰਾਜਾਂ ਦੇ ਅਰਥ ਇੱਕ ਹੋਣ ਕਰਕੇ ਉਨ੍ਹਾਂ ਨੂੰ ਇੱਕ ਥਾਂ ਇਕੱਠੇ ਕਰਕੇ ਵੇਖੋ ਦੇ ਇਸ਼ਾਰੇ ਨਾਲ ਦਰਜ ਕੀਤਾ ਗਿਆ ਹੈ। ਉਦਾਹਰਣ ਵਜੋਂ "ਉਪਮੇਯ, ਦੇਖੋ ਉਪਮਾ. ਉਪਮੇਯੋਪਮਾ, ਦੇਖੋ ਉਪਮਾਨੋਪਮੇ"[36]

***ਚੰਡੀ ਦੀ ਵਾਰ ਸਟੀਕ*** **(1935)**

ਚੰਡੀ ਦੀ ਵਾਰ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਹੈ। ਜਿਸ ਬਾਰੇ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ ਕਿ, "ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਸ੍ਵਾਮੀ, ਮੁਰਦਾ ਭਾਰਤ ਵਿੱਚ ਪ੍ਰਾਣ ਸੰਚਾਰ ਕਰਨ ਦੇ ਯਤਨ ਲਈ ਜਿਥੇ ਖੰਡੇ ਦੇ ਅੰਮ੍ਰਿਤ ਦਾ ਪ੍ਰਯੋਗ ਕਰ ਰਹੇ ਸਨ ਉਥੇ ਸਾਥ ਹੀ ਵੀਰ ਰਸ ਪੂਰਤ ਕਾਵ੍ਯ ਰਚਨਾ ਦ੍ਵਾਰਾ, ਪਦ ਦਲਿਤ ਲੋਕਾਂ ਦੇ ਮਨ ਅੰਦਰ ਉਤਸ਼ਾਹ ਤੇ ਸੂਰਵੀਰਤਾ ਭਰਨ ਹਿੱਤ, ਰਾਤ ਦਿਨ *ਬਿਚਿੱਤ੍ਰ ਨਾਟਕ* ਗ੍ਰੰਥ ਦੀ ਰਚਨਾ ਵਿਚ ਤਤਪਰ ਰਹਿੰਦੇ ਸਨ।"[37] *ਚੰਡੀ ਚਰਿੱਤਰ* ਅਤੇ *ਚੰਡੀ ਦੀ ਵਾਰ ਬਚਿੱਤਰ* ਨਾਟਕ ਭਾਵ *ਦਸਮ ਗ੍ਰੰਥ* ਦਾ ਇਕ ਭਾਗ ਹੈ ਦੁਰਗਾ ਦੀ ਕਥਾ *ਮਾਰਕੰਡੇ ਪੁਰਾਣ* ਤੋਂ ਲਈ ਗਈ ਹੈ। ਭਾਈ ਸਾਹਿਬ ਨੇ ਇਸ ਵਾਰ ਦਾ "ਅੱਖਰਾਰਥ" ਟੀਕਾ ਕੀਤਾ ਹੈ। ਇਸ ਵਿਚ ਭਾਈ ਸਾਹਿਬ ਨੇ ਆਪਣੇ ਅਰਥਾਂ ਵਾਲੀ ਸ਼ੈਲੀ ਰੱਖੀ ਹੈ ਜਿਹੜੀ ਦੇ ਦਰਸ਼ਨ ਸਾਨੂੰ

---

[35] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦਾਲੰਕਾਰ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, ਪੰਨਾ 8

[36] ਉਹੀ, ਪੰਨਾ 12

[37] ਭਾਈ ਕਾਨ੍ਹ ਸਿੰਘ ਨਾਭਾ, *ਚੰਡੀ ਦੀ ਵਾਰ ਸਟੀਕ,*( ਭੂਮਿਕਾ)ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2005, ਪੰਨਾ ੳ

*ਗੁਰੁਮਤ ਮਾਰਤੰਡ* ਵਿੱਚ ਹੁੰਦੇ ਹਨ। ਇਸ ਤੋਂ ਇਲਾਵਾ ਇਸ ਵਿਚ ਮੂਲ ਪਾਠ ਦਿੱਤਾ ਹੈ ਅਤੇ ਉਸਦਾ ਟੀਕਾ ਕੀਤਾ ਹੈ ਅਤੇ ਫਿਰ ਵੀ ਕੁਝ ਸੰਕਲਪਾਂ ਦੀ ਵਿਆਖਿਆ ਫੁੱਟ ਨੋਟਾਂ ਵਿਚ ਦਿੱਤੀ ਹੈ। ਇਸ ਦੀ ਉਦਾਹਰਣਾਂ ਅਸੀਂ ਦੇਖ ਸਕਦੇ ਹਾਂ, ਜਿਵੇਂ :

(ੳ) ੧ਓ ਵਾਹਗੁਰੂ ਜੀ ਕੀ ਫਤਹ

(ਅ) ਸ੍ਰੀ ਭਗਉਤੀ ਜੀ ਸਹਾਇ

(ੲ) ਵਾਰ ਸ੍ਰੀ ਭਗਉਤੀ ਜੀ ਕੀ, ਪਾਤਸ਼ਾਹੀ ੧0

(ੳ) ਇਹ (ਅਦੁਤੀ ੧ਓ ਰਖਯਾ ਕਰਨ ਵਾਲੇ) ਵਾਹਗੁਰ ਦੀ, (ਜੋ ਮਨ ਬੁੱਧੀ ਤੋਂ ਪਰੇ ਅਤੇ ਸਭ ਤੋਂ ਵੱਡਾ ਹੈ) ਜੈ ਹੋਵੇ !*

(ਅ) ਮਹਾਕਾਲ ਦੀ ਸਹਾਇਤਾ ਹੋਵੇ !**

(ੲ) ਸ੍ਰੀ ਭਗਵਤੀ ਜੀ ਦੀ ਵਾਰ (ਯੁੱਧ ਕਥਾ), ਜੋ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਰਚਨਾ ਹੈ।

ਫੁੱਟ ਨੋਟਾਂ ਵਿਚ ਔਖੇ ਸ਼ਬਦਾਂ ਦੇ ਅਰਥ ਇਸ ਤਰ੍ਹਾਂ ਦਿੰਦੇ ਹਨ :

* ਇਹ ਆਸ਼ੀਰਵਾਦਾਤਮਕ ਮੰਗਲ ਹੈ।

** ਗੁਰਬਾਣੀ ਵਿਚ ਭਗਉਤੀ (ਭਗੌਤੀ) ਸ਼ਬਦ ਪੁਲਿੰਗ ਅਤੇ ਇਸਤਰੀ ਲਿੰਗ ਅਰ ਮਹਾਕਾਲ, ਦੁਰਗਾ, ਤਲਵਾਰ ਅਤੇ ਕਰਤਾਰ ਦਾ ਅਰਥ ਰਖਦਾ ਹੈ, ਯਥਾ-

'ਨਾਨਕ ਐਸਾ ਭਗਉਤੀ ਭਗਵੰਤ ਕਉ ਪਾਵੈ' (ਸੁਖਮਨੀ) ਲਈ ਭਗਉਤੀ 'ਦੁਰਗਾਸ਼ਾਹ' (ਚੰਡੀ ਵਾਰ) ਵਿਸ਼ੇਸ਼ ਨਿਰਣਾ ਵੇਖੋ, - ਪ੍ਰਿਥਮ ਭਗਉਤੀ ਸਿਮਰਿਹੈ, ਦੇ ਟੀਕਾ ਦੇ ਫੁੱਟਨੋਟ ਵਿਚ।"[38] ਇਸੇ ਤਰ੍ਹਾਂ ਭਾਈ ਸਾਹਿਬ ਨੇ *ਚੰਡੀ ਦੀ ਵਾਰ* ਵਿਚ ਆਏ ਵੱਖ-ਵੱਖ ਸੰਕਲਪਾਂ ਦੀ ਫੁੱਟ ਨੋਟਾਂ ਵਿਚ ਖੋਲ੍ਹ ਕੇ ਵਿਆਖਿਆ ਕੀਤੀ ਹੈ ਅਤੇ ਮੂਲ ਪਾਠ ਦਾ ਟੀਕਾ ਪਾਠ ਦੇ ਥੱਲੇ ਦਿੱਤਾ ਹੈ। ਇਨ੍ਹਾਂ ਨੇ ਭਗਉਤੀ,

[38] ਭਾਈ ਕਾਨ੍ਹ ਸਿੰਘ ਨਾਭਾ, *ਚੰਡੀ ਦੀ ਵਾਰ ਸਟੀਕ,*( ਭੂਮਿਕਾ)ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2005, ਪੰਨਾ 1

ਮਹਾਂਮਾਇਆ, ਆਦਿ ਸ਼ਬਦਾਂ ਦਾ ਅਰਥ ਖੰਡਾ ਜਾਂ ਤਲਵਾਰ ਕੀਤਾ ਹੈ। ਇਸ ਤੋਂ ਇਲਾਵਾ ਪੁਰਾਣਿਕ ਹਵਾਲਿਆਂ ਦੀ ਖੋਲ੍ਹ ਕੇ ਵਿਆਖਿਆ ਕੀਤੀ ਹੈ।

ਸੰਖੇਪ ਰੂਪ ਵਿਚ ਭਾਈ ਸਾਹਿਬ ਦਾ ਵਿਚਾਰ ਹੈ ਕਿ ਇਹ ਰਚਨਾ ਪੰਜਾਬੀ ਸਾਹਿਤ ਦੀ ਇਕ ਅਨੋਖੀ ਰਚਨਾਂ ਹੈ ਜਿਸ ਦਾ ਮੁੱਖ ਮੰਤਵ ਮੁਰਦਾ ਹੋ ਚੁੱਕੇ ਭਾਰਤੀ ਲੋਕਾਂ ਅੰਦਰ ਅਣਖ ਪੈਦਾ ਕਰਨਾ ਹੈ। ਦੂਜਾ ਸੰਸਕ੍ਰਿਤ ਸਾਹਿਤ ਜਿਹੜਾ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੋ ਗਿਆ ਸੀ ਨੂੰ ਉਨ੍ਹਾਂ ਦੀ ਬੋਲੀ ਵਿੱਚ ਪੇਸ਼ ਕਰਕੇ ਉਨ੍ਹਾਂ ਨੂੰ ਗਿਆਨ ਨਾਲ ਸਰਸਾਰ ਕਰਨਾ ਹੈ। ਭਾਈ ਸਾਹਿਬ ਇਸ ਵਾਰ ਦੀ ਵਿਆਖਿਆ ਸਿੱਖ ਨਜ਼ਰੀਏ ਤੋਂ ਕਰਦੇ ਹਨ ਤਾਂ ਕਿ ਗੁਰੂ ਗੋਬਿੰਦ ਸਿੰਘ ਨੂੰ ਦੁਰਗਾ ਦਾ ਪੁਜਾਰੀ ਦਰਸਾਉਣ ਵਾਲਿਆਂ ਨੂੰ ਢੁਕਣਾਂ ਜਵਾਬ ਦਿਤਾ ਜਾ ਸਕੇ।

***ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*** **(1930)**

ਭਾਈ ਸਾਹਿਬ ਦੁਆਰਾ ਕੀਤੀ ਗਈ ਸੰਪੂਰਨ ਰਚਨਾਂ ਦਾ ਸ਼ਾਹਕਾਰ *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼* ਹੈ। ਇਹ ਕੋਸ਼ ਸਿੱਖ ਧਰਮ ਦੇ ਸਾਰੇ ਸਾਹਿਤ ਦੀ ਗੰਭੀਰ ਜਾਣਕਾਰੀ ਨਾਲ ਭਰਪੂਰ ਹੈ। ਇਸ ਤੋਂ ਪਹਿਲਾਂ ਵੀ ਸਿੱਖ ਧਰਮ ਦੇ ਅਧਿਐਨ ਵਿੱਚ ਕੋਸਾਂ ਦੀ ਪਰੰਪਰਾ ਨਿਰਮਲੇ ਸਾਧੂਆਂ ਦੁਆਰਾ, ਜਿਸਦਾ ਸਿਖਰ ਗਿਆਨਾ ਤਾਰਾ ਸਿੰਘ ਨਰੋਤਮ ਦਾ *ਗੁਰ ਗਿਰਾਰਥ ਕੋਸ਼* ਹੈ ਦੁਆਰਾ ਸ਼ੁਰੂ ਕੀਤੀ ਗਈ ਸੀ। ਇਸ ਤੋਂ ਇਲਾਵਾ ਗਿਆਨੀ ਹਜਾਰਾ ਸਿੰਘ ਜੀ ਨੇ ਵੀ *ਸ੍ਰੀ ਗੁਰੂ ਗ੍ਰੰਥ ਕੋਸ਼* ਦੀ ਰਚਨਾ ਕੀਤੀ ਸੀ। ਉਪਰੋਕਤ ਕੋਸ਼ਾਂ ਨੂੰ ਪੜ੍ਹਨ ਤੋਂ ਬਾਅਦ ਹੀ ਭਾਈ ਸਾਹਿਬ ਨੂੰ ਇੱਕ ਨਵਾਂ ਕੋਸ਼ ਸਿਰਜਣ ਦਾ ਵਿਚਾਰ ਆਇਆ, ਜਿਸ ਵਿੱਚ ਉਪਰੋਕਤ ਕੋਸ਼ਾਂ ਵਿੱਚੋਂ ਰਹਿ ਗਏ *ਗੁਰੂ ਗ੍ਰੰਥ ਸਾਹਿਬ* ਦੇ ਸ਼ਬਦਾਂ ਨੂੰ ਸ਼ਾਮਿਲ ਕਰਕੇ ਅਤੇ ਉਨ੍ਹਾਂ ਨੂੰ ਅੱਖਰ ਕ੍ਰਮ ਵਿੱਚ ਲਗਾਕੇ ਇੱਕ ਵਧੀਆ ਕੋਸ਼ ਬਣਾਉਣ ਦਾ ਵਿਚਾਰ ਸੀ। ਭਾਈ ਸਾਹਿਬ ਅਨੁਸਾਰ, "ਇਸ ਮਨੋਰਥ ਦੀ ਸਫਲਤਾ ਲਈ ਮੈਂ ਵਿਚਾਰ ਨਾਲ ਸ੍ਰੀ

*ਗੁਰੂ ਗ੍ਰੰਥ ਸਾਹਿਬ* ਜੀ ਦਾ ਪਾਠ ਆਰੰਭਿਆ ਜਿਸਦੀ ਸਮਾਪਤੀ ਪੰਜਾਂ ਵਰਿਆਂ ਵਿੱਚ ਹੋਈ, ਜਦ ਮੈਂ ਸ਼ਬਦਾਂ ਨੂੰ ਕ੍ਰਮ ਅਨੁਸਾਰ ਜੋੜਨ ਲੱਗਾ ਤਾਂ *Encyclopaedia of Britannica* ਨੂੰ ਵੇਖਕੇ ਚਿਤ ਵਿੱਚ ਆਈ ਕਿ ਸਿੱਖ ਸਾਹਿਤਯ ਦਾ ਭੀ ਇੱਕ ਅਜਿਹਾ ਕੋਸ਼ਾ ਹੋਣਾ ਚਾਹੀਏ, ਜਿਸ ਵਿੱਚ ਸਾਰੇ ਸਿੱਖ ਮਤ ਸੰਬੰਧੀ ਗ੍ਰੰਥਾਂ ਦੇ ਸਰਬ ਪ੍ਰਕਾਰ ਦੇ ਸ਼ਬਦਾਂ ਦਾ ਯੋਗਯ ਰੀਤੀ ਨਾਲ ਨਿਰਣਾ ਕੀਤਾ ਹੋਵੇ।"[39]

ਫਿਰ ਉਨ੍ਹਾਂ ਨੇ ਸਿੱਖ ਗ੍ਰੰਥਾਂ ਦਾ ਪਾਠ ਸ਼ੁਰੂ ਕੀਤਾ ਜਿਸ ਵਿੱਚ *ਦਸਮ ਗ੍ਰੰਥ, ਭਾਈ ਗੁਰਦਾਸ ਜੀ ਦੀ ਬਾਣੀ, ਨੰਦ ਲਾਲ ਜੀ ਦੀ ਰਚਨਾ, ਸਰਬ ਲੋਹ ਪ੍ਰਕਾਰ, ਗੁਰ ਸ਼ੋਭਾ, ਭਾਈ ਮਨੀ ਸਿੰਘ ਜੀ* ਦੀਆਂ ਸਾਖੀਆਂ, *ਗੁਰ ਮਹਿਮਾ ਪ੍ਰਕਾਸ਼, ਗੁਰ ਬਿਲਾਸ, ਗੁਰ ਨਾਨਕ ਪ੍ਰਕਾਸ਼, ਗੁਰ ਪ੍ਰਤਾਪ ਸੂਰਜ, ਪੰਥ ਪ੍ਰਕਾਸ਼, ਜਨਮ ਸਾਖੀਆਂ, ਰਹਿਤਨਾਮੇ, ਗੁਰਬਾਣੀ ਦੇ ਟੀਕੇ* ਅਤੇ *ਇਤਿਹਾਸ* ਆਦਿ ਤੋਂ ਇਲਾਵਾ ਬਹੁਤ ਸਾਰੇ ਵਿਦਵਾਨਾਂ ਨਾਲ ਸਮੇਂ-ਸਮੇਂ ਸਿਰ ਵਿਚਾਰ ਵਟਾਂਦਰਾ ਕਰਕੇ *ਮਹਾਨ ਕੋਸ਼* ਦੇ ਅਨੇਕਾਂ ਸ਼ਬਦਾਂ ਦੇ ਅਰਥ ਅਤੇ ਭਾਵ ਲੱਭਣ ਦੀ ਕੋਸ਼ਿਸ਼ ਕੀਤੀ।[40]

ਭੂਮਿਕਾ ਵਿੱਚ ਭਾਈ ਸਾਹਿਬ ਨੇ *ਮਹਾਨ ਕੋਸ਼* ਵਿਚਲੀ ਸਮੱਗਰੀ ਦੀ ਜਾਣ-ਪਛਾਣ ਕਰਵਾਈ ਹੈ ਅਤੇ ਇਸ ਵਿਚਲੇ ਸੰਖੇਪ ਸ਼ਬਦਾਂ ਦੇ ਅਰਥਾਂ ਨੂੰ ਵੀ ਖੋਲ੍ਹ ਕੇ ਦੱਸਿਆ ਹੈ।

ਪ੍ਰੋ. ਪ੍ਰੀਤਮ ਸਿੰਘ ਅਨੁਸਾਰ ਕੋਸ਼ ਦਾ ਕੰਮ ਸੰਨ 1912 ਵਿੱਚ ਸ਼ੁਰੂ ਹੋ ਕੇ 1926 ਵਿੱਚ ਸਮਾਪਤ ਹੋਇਆ। ਵਿਦਵਾਨ ਕੋਸ਼ਕਾਰ ਦੀ ਜ਼ਿੰਦਗੀ ਦੇ 14 ਕੀਮਤੀ ਵਰੇ ਇਸ ਇਕੱਲੇ ਕਾਰਜ ਨੂੰ ਸਿਰੇ ਚਾੜਨ ਉੱਤੇ ਲਗ ਗਏ।[41] ਇਸਨੂੰ ਲਿਖਣ ਤੋਂ ਬਾਅਦ ਛਪਵਾਉਣ ਦਾ ਵੱਡਾ ਮਸਲਾ ਸਾਹਮਣੇ

---

[39] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, (ਭੂਮਿਕਾ) ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2006, ਪੰਨਾ ਅ

[40] ਉਹੀ, (ਭੂਮਿਕਾ), ਪੰਨਾ ੲ

[41] ਪ੍ਰੋ. ਪ੍ਰੀਤਮ ਸਿੰਘ, *ਭਾਈ ਕਾਨ੍ਹ ਸਿੰਘ ਨਾਭਾ ਪਿਛੋਕੜ ਰਚਨਾ ਤੇ ਮੁਲਾਂਕਣ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1989, ਪੰਨਾ 33

ਆਇਆ। ਮਹਾਰਾਜਾ ਬ੍ਰਿਜਿੰਦਰ ਸਿੰਘ ਫਰੀਦਕੋਟ ਨੇ ਇਸ ਗ੍ਰੰਥ ਨੂੰ ਛਪਵਾਉਣ ਦਾ ਬਚਨ ਦਿੱਤਾ ਹੋਇਆ ਸੀ ਜੋ ਪ੍ਰਲੋਕ ਸਿਧਾਰ ਗਏ ਸਨ, ਮਹਾਰਾਜਾ ਰਿਪੁਦਮਨ ਸਿੰਘ ਨਾਭਾ ਪਤੀ ਜਿਨ੍ਹਾਂ ਨੇ ਭਾਈ ਸਾਹਿਬ ਦੇ ਸਟਾਫ ਲਈ ਮਾਲੀ ਮਦਦ ਕੀਤੀ ਅਤੇ ਛਪਾਈ ਲਈ ਵੀ ਕਾਫੀ ਰਕਮ ਦੀ ਮਨਜ਼ੂਰੀ ਦਿੱਤੀ ਸੀ, ਪਰ ਉਨ੍ਹਾਂ ਨੇ 9 ਜੁਲਾਈ 1923 ਨੂੰ ਰਾਜ ਛੱਡ ਦਿੱਤਾ[42] ਅਤੇ *ਮਹਾਨ ਕੋਸ਼* ਦੀ ਛਪਵਾਈ ਪੈਸੇ ਦੀ ਥੁੜੋ ਵਿਚੇ ਰਹਿ ਗਈ। ਫਿਰ ਇਹ ਸੋਚਿਆ ਗਿਆ ਕਿ ਇਸ ਗ੍ਰੰਥ ਦੇ ਪੰਜ ਸੌ ਗਾਹਕ ਬਣਾਏ ਜਾਣ ਅਤੇ ਉਨ੍ਹਾਂ ਤੋਂ ਕੁਝ ਪੈਸੇ ਲੈ ਕੇ ਗ੍ਰੰਥ ਛਾਪਿਆ ਜਾਵੇ, ਪ੍ਰੰਤੂ ਸਿਰਫ ਦੋ ਸੌ ਕੁ ਕਾਪੀਆਂ ਦੇ ਹੀ ਕੁਝ ਗ੍ਰਾਹਕ ਬਣੇ। ਇਸ ਤੋਂ ਬਾਅਦ ਭਾਈ ਸਾਹਿਬ ਦੀ ਮਦਦ ਮਹਾਰਾਜਾ ਭੂਪਿੰਦਰ ਸਿੰਘ ਨੇ ਕੀਤੀ ਅਤੇ ਪਟਿਆਲਾ ਦਰਬਾਰ ਦੇ ਖਰਚ ਤੇ ਇਹ ਗ੍ਰੰਥ 1927 ਤੋਂ ਸ਼ੁਰੂ ਹੋ ਕੇ 13 ਅਪ੍ਰੈਲ 1930 ਨੂੰ ਮੁਕੰਮਲ ਹੋਈ।[43]

ਪ੍ਰਿੰ. ਤੇਜਾ ਸਿੰਘ ਅਨੁਸਾਰ ਇਸ ਵਿੱਚ ਸਿੱਖ ਗ੍ਰੰਥਾਂ ਦੇ 64263 ਸ਼ਬਦ ਸ਼ਾਮਿਲ ਹਨ।[44] ਆਪਣੇ ਪਹਿਲੇ ਪ੍ਰਕਾਸ਼ਨ ਤੋਂ ਬਾਅਦ *ਮਹਾਨ ਕੋਸ਼* ਨੂੰ ਭਾਈ ਸਾਹਿਬ ਨੇ ਦੁਬਾਰਾ ਪੜ੍ਹਿਆ ਅਤੇ ਇਸ ਵਿੱਚ ਕਈ ਸੋਧਾਂ ਅਤੇ ਵੱਧੇ ਸ਼ਾਮਿਲ ਕੀਤੇ। 3338 ਪੰਨਿਆਂ ਦੇ ਇਸ ਕੋਸ਼ ਦੀਆਂ 500 ਕਾਪੀਆਂ 1930 ਵਿੱਚ ਸੁਦਰਸ਼ਨ ਪ੍ਰੈਸ, ਅੰਮ੍ਰਿਤਸਰ ਵਿੱਚ ਪ੍ਰਕਾਸ਼ਿਤ ਕੀਤੀਆਂ ਸਨ। ਭਾਸ਼ਾ ਵਿਭਾਗ ਵੱਲੋਂ ਛਾਪੇ ਗਏ *ਮਹਾਨ ਕੋਸ਼* ਵਿੱਚ ਇਨ੍ਹਾਂ ਵਾਧਿਆਂ ਨੂੰ ਅੰਤਿਕਾ ਦੇ ਰੂਪ ਵਿੱਚ ਪ੍ਰਕਾਸ਼ਿਤ ਕੀਤਾ ਗਿਆ। ਇਸ ਤੋਂ ਇਲਾਵਾ ਭਾਈ ਚਤਰ ਸਿੰਘ, ਜੀਵਨ ਸਿੰਘ ਅੰਮ੍ਰਿਤਸਰ, ਨੈਸ਼ਨਲ ਬੁੱਕ ਸ਼ਾਪ ਦਿੱਲੀ, ਲਾਹੌਰ ਬੁੱਕ ਸ਼ਾਪ ਆਦਿ ਪ੍ਰਕਾਸ਼ਕਾਂ ਵਲੋਂ ਇਹ ਗ੍ਰੰਥ ਛਾਪਿਆ ਜਾ ਰਿਹਾ ਹੈ, ਜੋ ਭਾਸ਼ਾ ਵਿਭਾਗ

---

[42] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* (ਭੂਮਿਕਾ) ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2006, ਪੰਨਾ 696

[43] ਉਹੀ, (ਭੂਮਿਕਾ), ਪੰਨਾ ੲ

[44] ਉਹੀ, (ਭੂਮਿਕਾ), ਪੰਨਾ ਸ

ਵਾਲੇ ਗ੍ਰੰਥ ਦਾ ਹੀ ਉਤਾਰਾ ਹੈ। ਭਾਸ਼ਾ ਵਿਭਾਗ ਨੇ ਇਸ ਕੋਸ਼ ਨੂੰ 1955 ਵਿੱਚ ਇੱਕ ਜਿਲਦ ਵਿੱਚ ਛਾਪਿਆ। ਉਸ ਤੋਂ ਬਾਅਦ ਲਗਾਤਾਰ ਇਸ ਦੀ ਪ੍ਰਕਾਸ਼ਨਾ ਹੋ ਰਹੀ ਹੈ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਇਸ ਕੋਸ਼ ਦੀ ਛਪਾਈ ਦਾ ਕੰਮ ਨਵੇਂ ਸਿਰਿਓਂ ਆਰੰਭਿਆ ਹੈ ਅਤੇ ਇਸਦਾ ਅੰਗਰੇਜੀ ਰੂਪਾਂਤਰਣ ਵੀ ਕੀਤਾ ਹੈ। ਇਸ ਅਦਾਰੇ ਵੱਲੋਂ ਕੋਸ਼ ਵਿਚਲੀ ਅੰਤਿਕਾ ਨੂੰ ਆਪਣੀ ਬਣਦੀ ਥਾਂ ਵਿੱਚ ਸ਼ਾਮਿਲ ਕਰਕੇ ਚਾਰ ਜਿਲਦਾਂ ਵਿੱਚ ਛਾਪ ਦਿੱਤਾ ਹੈ।

ਭਾਈ ਸਾਹਿਬ ਨੇ *ਮਹਾਨ ਕੋਸ਼* ਵਿੱਚ ਅਪਣਾਏ ਵਿਸ਼ਿਆਂ ਦਾ ਮੋਟਾ ਵੇਰਵਾ ਭੂਮਿਕਾ ਵਿੱਚ ਦੇ ਦਿੱਤਾ ਹੈ। ਉਨ੍ਹਾਂ ਦਾ ਲਿਖਣ ਢੰਗ ਹੇਠ ਲਿਖੇ ਅਨੁਸਾਰ ਹੈ:

- ਇਹ *ਮਹਾਨ ਕੋਸ਼* ਅਖਰ ਕ੍ਰਮ ਤੇ ਮਾਤ੍ਰਾ-ਕ੍ਰਮ ਦੇ ਅਨੁਸਾਰ ਪੁਰਾਤਨ ਗੁਰਮੁਖੀ ਸਾਹਿਤ ਦੀਆਂ ਲੀਹਾਂ ਉਤੇ ਲਿਖਿਆ ਜਾਵੇ ਤੇ ਇਤਿਹਾਸਕ ਪ੍ਰਮਾਣਾਂ ਨੂੰ ਕ੍ਰਮਵਾਰ ਇਸ ਵਿੱਚ ਪ੍ਰਮੁੱਖ ਸਥਾਨ ਦਿੱਤਾ ਜਾਵੇ।
- ਪੰਜਾਬੀ ਬੋਲੀ ਤੇ ਗੁਰਮਤਿ ਸੰਬੰਧੀ ਇਸ ਵਿੱਚ ਚੋਣਵੇਂ ਗ੍ਰੰਥਾਂ ਦੇ ਪ੍ਰਮਾਣ ਪ੍ਰਸਤੁਤ ਕੀਤੇ ਜਾਣ।
- ਥਾਂ ਪਰ ਥਾਂ ਹਰੇਕ ਸ਼ਬਦ ਦੀ ਧਾਤੂ ਤਵਯੁਤ-ਪੱਤੀ ਦੱਸਕੇ ਉਸ ਤੋਂ ਬਣੇ ਹੋਏ ਸ਼ਬਦ-ਰੂਪ ਤੇ ਉਨ੍ਹਾਂ ਦੇ ਅਰਥ ਪੂਰੀ ਤਰ੍ਹਾਂ ਸਪਸ਼ਟ ਕੀਤੇ ਜਾਣ।
- ਵੇਦ, ਜੇ ਕੋਈ ਇੱਕ ਸ਼ਬਦ ਅਰਥ ਰੱਖਦਾ ਹੋਵੇ ਤਾਂ ਵੱਖੋ-ਵੱਖ ਕ੍ਰਮਵਾਰ ਪ੍ਰਮਾਣ ਦੇ ਕੇ ਉਸਦਾ ਸਪਸ਼ਟੀਕਰਣ ਕੀਤਾ ਜਾਵੇ।
- ਵੇਦ, ਪੁਰਾਣ, ਸਿਮ੍ਰਤੀਆਂ ਤੇ ਸ਼ਾਸਤ੍ਰਾਂ ਨਾਲ ਸੰਬੰਧਿਤ ਸ਼ਬਦਾਂ ਦੀ ਪੂਰੀ-ਪੂਰੀ ਵਿਆਖਿਆ ਪ੍ਰਮਾਣਾਂ ਸਾਹਿਤ ਹੋਵੇ।
- ਇਤਿਹਾਸ, ਮਿਥਿਹਾਸ, ਵੱਖੋ-ਵੱਖ ਧਰਮਾਂ (ਈਸਾਈ, ਮੁਸਾਈ, ਮੁਸਲਮ; ਹਿੰਦੂ ਆਦਿ) ਦੇ ਸ਼ਬਦਾਂ ਦੀ ਵਿਆਖਿਆ ਖੋਜ ਪੂਰਕ, ਜੁਗਤੀ ਸੰਗਤ ਤੇ ਪ੍ਰਮਾਣਿਤ ਹੋਵੇ।

- ਹਰੇਕ ਸ਼ਬਦ ਨੂੰ ਅਪਭ੍ਰੰਸ਼ ਤੇ ਪ੍ਰਾਕ੍ਰਿਤਕ ਹੋਣ ਦੇ ਬਾਵਜੂਦ ਸੰਸਕ੍ਰਿਤਿਕ ਢੰਗ ਨਾਲ ਮੌਲਿਕ ਰੂਪ ਦੇਕੇ ਪੇਸ਼ ਕੀਤਾ ਜਾਵੇ ਤਾਂ ਕਿ ਪਾਠਕ ਉਸਦੀ ਅਸਲੀਅਤ ਤੋਂ ਅਨਜਾਣ ਨਾ ਰਹਿਣ।
- ਵੱਖ-ਵੱਖ ਜੁਬਾਨਾਂ ਤੋਂ ਆਏ ਸ਼ਬਦਾਂ ਦੇ ਸਹੀ ਉਚਾਰਣ ਦੱਸਣ ਲਈ ਸ,ਕ,ਖ,ਗ,ਜ ਆਦਿ ਵਿੱਚ ਇਜ਼ਾਫਤ ਦੇ ਨਵੇਂ ਨਿਸ਼ਾਨ ਲਗਾ ਕੇ ਉਨਾਂ ਦੇ ਕੁਝ ਵਿਸ਼ੇਸ਼ ਰੂਪ ਵੀ ਬਣਾਏ ਗਏ। ਜੋ ਕਿ ਭਾਈ ਸਾਹਿਬ ਨੇ ਥਾਉਂ-ਥਾਈਂ ਆਪਣੇ ਇਸ ਕੋਸ਼ ਵਿੱਚ ਵਿਧਿ ਪੂਰਵਕ ਵਰਤ ਕੇ ਦਿਖਾਏ ਤੇ ਉਨ੍ਹਾਂ ਦੇ ਭਾਵ ਬੜੇ ਵਿਗਿਆਨਿਕ ਢੰਗ ਨਾਲ ਸਪਸ਼ਟ ਕੀਤੇ ਹਨ।[45]

ਇਸ ਤੋਂ ਇਲਾਵਾ *ਮਹਾਨ ਕੋਸ਼* ਦੇ ਸ਼ਬਦਾਂ ਨੂੰ ਇਸ ਪ੍ਰਕਾਰ ਵੀ ਸ਼੍ਰੇਣੀਗਤ ਕੀਤਾ ਜਾ ਸਕਦਾ ਹੈ:

- ਗੁਰਬਾਣੀ ਅਤੇ ਸਿੱਖ ਸਾਹਿਤ ਨਾਲ ਸੰਬੰਧਿਤ ਸ਼ਬਦਾਵਲੀ
- ਪੁਰਾਤਨ ਭਾਰਤੀ ਇਤਿਹਾਸਕ, ਮਿਥਿਹਾਸਕ, ਧਾਰਮਿਕ ਤੇ ਨੈਤਿਕ ਸੰਕਲਪ ਸ਼ਬਦਾਵਲੀ
- ਭੂਗੋਲਿਕ ਸ਼ਬਦਾਵਲੀ
- ਬਨਸਪਤੀ ਤੇ ਚਿਕਿਤਸਾ ਸੰਬੰਧੀ ਸ਼ਬਦਾਵਲੀ
- ਪੁਰਾਤਨ ਸੰਗੀਤ, ਖਗੋਲ ਆਦਿ ਸੰਬੰਧੀ ਸ਼ਬਦਾਵਲੀ
- (ਥਾਵਾਂ ਅਤੇ ਥਾਵਾਂ ਬਾਰੇ ਸ਼ਬਦਾਵਲੀ
- ਆਮ ਸ਼ਬਦਾਵਲੀ[46]

ਸਾਡਾ ਸੰਬੰਧ ਉਪਰੋਕਤ ਵਿਸ਼ਿਆਂ ਵਿੱਚੋਂ ਸਿਰਫ ਗੁਰਮਤਿ ਜਾਂ ਸਿੱਖ-ਸਾਹਿਤ ਨਾਲ ਹੈ। *ਮਹਾਨ ਕੋਸ਼* ਵਿੱਚ ਬਹੁਤ ਸਾਰੇ ਵਿਸ਼ੇ ਇਸ ਤਰ੍ਹਾਂ ਦੇ ਹਨ ਜਿਨ੍ਹਾਂ ਦਾ ਸੰਬੰਧ ਡਾਕਟਰੀ, ਵਿਗਿਆਨ ਆਦਿ ਨਾਲ ਹੈ ਪਰੰਤੂ ਅਸੀਂ ਭਾਈ ਕਾਨ੍ਹ ਸਿੰਘ ਨਾਭਾ ਦੀ ਗੁਰਮਤਿ ਵਿਆਖਿਆਕਾਰੀ ਨਾਲ ਸੰਬੰਧ ਰੱਖਣ ਕਰਕੇ ਸਿੱਖ ਸਾਹਿਤ, ਸੱਭਿਆਚਾਰ ਅਤੇ ਧਰਮ ਆਦਿ ਨਾਲ ਸੰਬੰਧਿਤ ਵਿਸ਼ਿਆਂ ਤੇ ਕੇਂਦਰਿਤ ਰਹਾਂਗੇ। ਇਨ੍ਹਾਂ ਨੂੰ ਅਸੀਂ ਹੇਠ ਲਿਖੇ ਅਨੁਸਾਰ ਮੋਟੇ ਤੌਰ ਤੇ ਵਿਚਾਰਨ ਦਾ ਯਤਨ ਕਰਾਂਗੇ:

---

[45] ਸ਼ਮਸ਼ੇਰ ਸਿੰਘ ਅਸ਼ੋਕ, *ਭਾਈ ਕਾਨ੍ਹ ਸਿੰਘ ਨਾਭਾ ਦਾ ਸ਼ਬਦ ਕੋਸ਼ ਹੁਨਰ, ਭਾਈ ਕਾਨ੍ਹ ਸਿੰਘ ਇੱਕ ਅਧਿਐਨ,* ਅਮਰਜੀਤ ਸਿੰਘ (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1982, ਪੰਨਾ 45

[46] ਜਗਮੇਲ ਸਿੰਘ ਭਾਠੂਆ, *ਯੁਗਪੁਰਸ਼ ਭਾਈ ਕਾਨ੍ਹ ਸਿੰਘ ਨਾਭਾ,* ਆਰਸ਼ੀ ਪਬਲਿਸ਼ਰ, ਦਿੱਲੀ, 2007, ਪੰਨਾ 86

1. ਸਿੱਖ ਧਰਮ ਦਰਸ਼ਨ: ਪਰਮਸੱਤਾ, ਸ੍ਰਿਸ਼ਟੀ ਰਚਨਾਂ, ਜੀਵਨ ਰਚਨਾਂ, ਮੁਕਤੀ

2. ਸਿੱਖ ਸਾਹਿਤ: ਗ੍ਰੰਥ,

3. ਸਿੱਖ ਰਹਿਤ ਮਰਯਾਦਾ: ਸੰਸਕਾਰ, ਸਿੱਖ ਰਹਿਣੀ

4. ਸਿੱਖ ਇਤਿਹਾਸ

5. ਫੁਟਕਲ

**ਸਿੱਖ ਧਰਮ ਦਰਸ਼ਨ**

ਸਿੱਖ ਧਰਮ ਵਿੱਚ ਪਰਮਸੱਤਾ ਵਜੋਂ ਅਕਾਲ ਪੁਰਖ ਜਾਂ ਪਰਮਾਤਮਾਂ ਦੀ ਹੋਂਦ ਦ੍ਰਿੜ ਕਰਵਾਈ ਗਈ ਹੈ। ਸਿੱਖ ਅਧਿਐਨਕਾਰ ਇਸ ਸੱਤਾ ਲਈ ਗੁਰੂ ਨਾਨਕ ਦੇਵ ਜੀ ਦੁਆਰਾ ਵਰਤੇ ਗਏ ੧ੴ ਦੇ ਚਿੰਨ੍ਹ ਨੂੰ ਪਰਮ ਸੱਤਾ ਦੇ ਅਰਥਾਂ ਵਜੋਂ ਲੈਂਦੇ ਹਨ। ਜਦੋਂ ਕਿਸੇ ਅਧਿਐਨ ਵਿੱਚ ਪਰਮ ਸੱਤਾ ਦੀ ਗੱਲ ਹੁੰਦੀ ਹੈ ਤਾਂ ਮੂਲ ਮੰਤਰ ਦੀ ਵਿਆਖਿਆ ਕੀਤੀ ਜਾਂਦੀ ਹੈ। ਇਸ ਦਾ ਭਾਵ ਇਹ ਹੈ ਕਿ ਭਾਈ ਗੁਰਦਾਸ ਜੀ ਤੋਂ ਲੈ ਕੇ ਹੁਣ ਤੱਕ ਦੇ ਸਿੱਖ ਵਿਆਖਿਆਕਾਰਾਂ ਨੇ ਪਰਮਸੱਤਾ ਦਾ ਸਰੂਪ ਨਿਸ਼ਚਿਤ ਕਰਨ ਲਈ ਮੂਲ ਮੰਤਰ ਨੂੰ ਹੀ ਮੂਲ ਮੰਨਿਆ ਹੈ। ਭਾਈ ਸਾਹਿਬ ਦਾ ਕੋਸ਼ ਸਿੱਖ ਸਾਹਿਤ ਨਾਲ ਸੰਬੰਧਿਤ ਹੋਣ ਕਰਕੇ ਸਿੱਖ ਦਰਸ਼ਨ ਦੇ ਇਸ ਮੁੱਖ ਸੰਕਲਪ ਦੀ ਵਿਆਖਿਆ ਵੀ ਨਿਸ਼ਚਿਤ ਥਾਂ ਭਾਵ ਅੱਖਰ ਕ੍ਰਮ ਅਨੁਸਾਰ ਕਰਦਾ ਹੈ। "ਮੂਲ ਮੰਤਰ" ਵਾਲੇ ਇਦਰਾਜ ਵਿੱਚ ਸਿੱਖ ਤੱਤ ਦੇ ਅਨੁਸਾਰ 'ਮੂਲ ਮੰਤਰ' ਦਾ ਪਾਠ '੧ੴ ਤੋਂ ਲੈ ਕੇ ਗੁਰ ਪ੍ਰਸਾਦਿ' ਤੱਕ ਦਿੱਤਾ ਮਿਲਦਾ ਹੈ ਅਤੇ ਇਸ ਥਾਂ ਤੇ ਜਿਆਦਾ ਵਿਸਥਾਰ ਨਹੀਂ ਦਿੱਤਾ ਗਿਆ। ਹੁਣ ਅਸੀਂ ਮੂਲ ਮੰਤਰ ਦੀ ਵਿਆਖਿਆ ਦੇ ਵੱਖ-ਵੱਖ ਇੰਦਰਾਜ ਹੇਠ ਲਿਖੇ ਅਨੁਸਾਰ ਦੇਖ ਸਕਦੇ ਹਾਂ:

(ੳ) **ਓਅੰਕਾਰ:** *ਮਹਾਨ ਕੋਸ਼* ਵਿੱਚ "ਓ, ਓਂਅ, ਓਅੰਕਾਰ" ਇਨ੍ਹਾਂ ਤਿੰਨਾਂ ਸ਼ਬਦਾਂ ਦਾ ਇੱਕ ਇੰਦਰਾਜ ਬਣਾਇਆ ਗਿਆ ਹੈ। ਇਸ ਵਿੱਚ ਇਨ੍ਹਾਂ ਸ਼ਬਦਾਂ ਦੀ ਧਾਤੂ ਦੱਸੀ ਹੈ, ਜਿਸ ਵਿੱਚ

ਓਅੰ ਸ਼ਬਦ ਦਾ ਮੂਲ ਧਾਤੂ ਮੰਨਿਆ ਹੈ। ਜਿਸਦਾ ਅਰਥ ਰੱਖਿਆ ਕਰਨਾ ਜਾਂ ਬਚਾਉਣਾ ਹੈ। ਇਸਦੇ ਨਾਲ ਓਅੰ ਸ਼ਬਦ ਤੋਂ ਭਾਵ ਸ਼ਭ ਦੀ ਰੱਖਿਆ ਕਰਨ ਵਾਲਾ ਕਰਤਾਰ ਹੈ। ਫਿਰ ਓਅੰਕਾਰ ਸ਼ਬਦ ਦਾ ਅਰਥ ਓਅੰ ਧੁਨ ਦੇ ਉਚਾਰਣ ਨਾਲ ਸੰਬੰਧਿਤ ਕੀਤਾ ਗਿਆ ਹੈ। ਇਸਦਾ ਭਾਵ ਹੈ ਕਿ 'ਓ' ਧੁਨ ਹੈ 'ਓਅੰ' ਉਸਦਾ ਉਚਾਰਣ ਹੈ ਅਤੇ 'ਓਅੰਕਾਰ' ਉਸਦੀ ਵਿਆਖਿਆ ਹੈ। ਅੱਗੇ ਇਸਦੇ ਪਿਛੋਕੜ ਬਾਰੇ ਦੱਸਿਆ ਹੈ ਕਿ "ਸੰਸਕ੍ਰਿਤ ਦੇ ਵਿਦ੍ਵਾਨਾਂ ਨੇ ਓ ਅ ਮ ਤਿੰਨ ਅੱਖਰਾਂ ਨੂੰ ਬ੍ਰਹਮਾਂ ਵਿਸ਼ਨੂੰ ਸ਼ਿਵ ਮੰਨਕੇ ਓਅੰ ਨੂੰ ਤਿੰਨ ਦੇਵ ਰੂਪ ਕਲਪਿਆ ਹੈ, ਪਰ ਗੁਰਮਤਿ ਵਿੱਚ ਓਅੰ ਦੇ ਮੁੱਢ ਏਂਕਾ ਅੰਗ ਲਿਖਕੇ ਸਿੱਧ ਕੀਤਾ ਹੈ ਕਿ ਕਰਤਾਰ ਇੱਕ ਹੈ।" "ਏਕਾਂ ਏਕੰਕਾਰ ਲਿਖਿ ਵੇਖਾਲਿਆ। ਊੜਾ ਓਅੰਕਾਰ ਪਾਸਿ ਬਹਾਲਿਆ"[47]

ਉਪਰੋਕਤ ਇੰਦਰਾਜ ਦੀ ਵਿਚਾਰ ਤੋਂ ਸਾਨੂੰ ਪਤਾ ਲੱਗਦਾ ਹੈ ਕਿ ਭਾਈ ਸਾਹਿਬ ਅਨੁਸਾਰ ਮੂਲ ਸ਼ਬਦ ਓਅੰਕਾਰ ਹੈ ਜਿਸ ਵਿੱਚ ਓ ਅ ਮ ਤਿੰਨ ਅੱਖਰਾਂ ਨੂੰ ਮੰਨਕੇ ਇਸਨੂੰ ਓਅੰ ਬਣਾਇਆ ਗਿਆ। ਗੁਰਬਾਣੀ ਵਿੱਚ ਸਤਿਗੁਰੂ ਨੇ ਇਸਨੂੰ ਏਕਾ (1) ਲਗਾ ਕੇ ਇੱਕ ਕਰਤਾਰ ਦਾ ਬੋਧਿਕ ਕਰ ਦਿੱਤਾ। ਅਸੀਂ ਕਹਿ ਸਕਦੇ ਹਾਂ ਕਿ ਇਹ ਇੰਦਰਾਜ '੧ਓੰ' ਦੀ ਧਾਤੂ, ਉਚਾਰਣ ਅਤੇ ਵਿਆਖਿਆ ਤਿੰਨਾਂ ਨੂੰ ਆਪਣੇ ਕਲਾਵੇ ਵਿੱਚ ਲੈਂਦਾ ਹੈ।

(ਅ) **ਸਤਿਨਾਮ:** ਇਸ ਸ਼ਬਦ ਨੂੰ ਦੋ ਤਰ੍ਹਾਂ ਨਾਲ ਲਿਖ ਕੇ ਇੰਦਰਾਜ ਬਣਾਇਆ ਗਿਆ ਹੈ। ਇੱਕ ਸ਼ਬਦ 'ਸਤਿਨਾਮ' 'ਮ' ਮੁਕਤੇ ਨਾਲ ਲਿਖਿਆ ਗਿਆ ਹੈ। ਦੂਜਾ ਸ਼ਬਦ 'ਸਤਿਨਾਮੁ' 'ਮੁ' ਨੂੰ ਓਂਕੜ ਨਾਲ ਲਿਖਿਆ ਗਿਆ ਹੈ। ਇਸ ਦਾ ਸੰਖਿਆ ਜਾਂ ਨਾਮ ਗੁਰਮਤਿ ਦੇ ਮੂਲ ਮੰਤਰ ਵਜੋਂ ਦਿੱਤੀ ਹੈ ਅਤੇ ਇਸ ਦਾ ਅਰਥ ਤਿੰਨ ਕਾਲ ਵਿੱਚ ਇੱਕ ਰਸ ਹੋਣ ਵਾਲਾ ਪ੍ਰਸਿੱਧ

[47] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨਕੋਸ਼,* ਭਾਸ਼ਾ ਵਿਭਾਗ, ਪਟਿਆਲਾ, 2006, ਪੰਨਾ 21

ਪਾਰਬ੍ਰਹਮ ਕੀਤਾ ਹੈ ਅਤੇ ਨਾਲ 'ਕਿਰਤਮ ਨਾਮ ਕਥੇ ਤੇਰੇ ਜਿਹਦਾ ਸਤਿਨਾਮੁ ਤੇਰਾ ਪਰਾ ਪੂਰਬਲਾ` ਅਤੇ 'ਸਤਿਨਾਮੁ ਪ੍ਰਭ ਕਾ ਸੁਖਦਾਇ` (ਸੁਖਮਨੀ) ਸ਼ਬਦਾਂ ਦਾ ਹਵਾਲਾ ਦੇ ਕੇ ਸਥਿਤੀ ਸਪਸ਼ਟ ਕਰ ਦਿੱਤੀ ਗਈ ਹੈ। ਨਾਲ ਹੀ ਵਿਸ਼ੇਸ਼ਣ ਵਜੋਂ ਇਸ ਸ਼ਬਦ ਦੇ ਅਰਥ, "ਸਤਯ ਹੈ ਨਾਮ ਜਿਸਦਾ" ਕਰ ਦਿੱਤੇ ਹਨ। [48]

(ੲ) **ਕਰਤਾ**: *ਮਹਾਨ ਕੋਸ਼* ਵਿੱਚ ਕਰਤੇ ਅਤੇ ਕਰਤਾਰ ਦੋ ਸ਼ਬਦ ਦੇ ਕੇ ਇੱਕ ਇੰਦਰਾਜ ਅਧੀਨ ਇਸ ਦੀ ਉਤਪਤੀ ਸੰਸਕ੍ਰਿਤ ਦੇ ਕਰਤ੍ਰਿ ਤੋਂ ਦੱਸੀ ਹੈ ਅਤੇ ਵਿਸ਼ੇਸ਼ਣ "ਕਰਨ ਵਾਲਾ, ਰਚਨ ਵਾਲਾ" ਦਿੱਤਾ ਹੈ। ਨਾਲ ਸੰਘਿਆ ਵਜੋਂ 'ਵਾਹਿਗੁਰੂ` ਜਗਤ ਰਚਣ ਵਾਲਾ ਪਾਰਬ੍ਰਹਮ ਅਰਥ ਕੀਤੇ ਗਏ ਹਨ। ਇਸ ਦੇ ਨਾਲ ਗੁਰਬਾਣੀ ਅਤੇ *ਨਾਨਕ ਪ੍ਰਕਾਸ਼* ਦਾ ਹਵਾਲਾ ਦੇ ਕੇ, "ਕਰਤਾਰ ਮੇਰਾ ਕਰਤਾ ਹੈ" ਵਾਕ ਲਿਖਿਆ ਗਿਆ ਹੈ।[49]

(ਸ) **ਪੁਰ**ਖੁ**:** ਇਸ ਸ਼ਬਦ ਨਾਲ ਸੰਬੰਧਿਤ ਦੋ ਇੰਦਰਾਜ ਹਨ ਪਹਿਲਾ 'ਪੁਰਖਿ' ਹੈ ਜਿਸਦਾ ਅਰਥ 'ਕਰਤਾ ਪੁਰਖ (ਕਰਤਾਰ) ਨੇ' ਕੀਤਾ ਹੈ ਨਾਲ ਹੀ 'ਕਰਤੈ ਪੁਰਖਿ ਤਾਲ ਦਿਵਾਇਆ' ਦੀ ਉਦਾਹਰਨ ਦਿੱਤੀ ਹੈ। ਦੂਸਰਾ ਇੰਦਰਾਜ 'ਪੁਰਖੁ' ਹੈ ਇਸ ਵਿਚ ਇਸ ਸ਼ਬਦ ਦੀ ਅੱਠ ਪ੍ਰਕਾਰ ਦੀ ਵਿਆਖਿਆ ਹੈ, ਜਿਸ ਵਿਚ ਮਨੁੱਖ ਅਤੇ ਵੇਦਾਂ ਵਿਚਲੇ ਪੁਰਸ਼ ਸੂਕਤ ਆਦਿ ਤੋਂ ਇਲਾਵਾ ਸਿੱਖ ਦਰਸ਼ਨ ਦੇ ਮੂਲ-ਮੰਤ੍ਰ ਦੀ ਉਦਾਹਰਨ ਦੇ ਦੇ ਪੁਰਖ ਦੇ ਅਰਥ ਪੂਰਨ ਰੂਪ ਕਰਤਾਰ, ਸਰਬ ਵਿਆਪੀ ਪਾਰਬ੍ਰਹਮ ਅਰਥ ਕੀਤੇ ਹਨ।[50]

---

[48] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨਕੋਸ਼,* ਭਾਸ਼ਾ ਵਿਭਾਗ, ਪਟਿਆਲਾ, 2006, ਪੰਨਾ 149

[49] ਉਹੀ, ਪੰਨਾ 302

[50] ਉਹੀ, ਪੰਨਾ *777*

(ਹ) **ਨਿਰਭਉ:** ਇਸ ਸ਼ਬਦ ਦੇ ਚਾਰ ਰੂਪ ਨਿਰਭਉ, ਨਿਰਭਇ, ਨਿਰਭਏ, ਨਿਰਭਯ ਵਰਤੇ ਹਨ। ਜਿਸਦਾ ਅਰਥ "ਡਰ ਰਹਿਤ" ਕੀਤਾ ਹੈ।[51]

(ਕ) **ਨਿਰਵੈਰ:** ਇਸ ਸ਼ਬਦ ਦੇ ਦੋ ਰੂਪ ਨਿਰਵੈਰ ਅਤੇ ਨਿਰਵੈਰੁ ਇੱਕ ਇੰਦਰਾਜ ਵਿੱਚ ਸ਼ਾਮਿਲ ਹਨ। ਜਿਸਦਾ ਅਰਥ ਵੈਰ (ਦੁਸ਼ਮਨੀ) ਰਹਿਤ ਅਤੇ ਦਵੈਸ਼ ਬਿਨਾਂ ਕੀਤਾ ਹੈ। ਇਸ ਤੋਂ ਬਾਅਦ ਸੰਗਿਆ ਵਜੋਂ ਕਰਤਾਰ ਸ਼ਬਦ ਦਿੱਤਾ ਹੈ। ਨਾਲ ਹੀ "ਸਤਿਗੁਰੂ ਨਾਨਕ ਦੇਵ" ਸ਼ਬਦ ਪਾ ਦਿੱਤਾ ਗਿਆ ਹੈ। ਜਿਸਦਾ ਅਰਥ ਬਣਦਾ ਹੈ ਕਿ ਸਤਿਗੁਰੂ ਨਾਨਕ ਦੇਵ ਕਰਤਾਰ ਹੈ ਜੋ ਨਿਰਭਉ ਅਤੇ ਨਿਰਵੈਰ ਹੈ।[52]

(ਹ) **ਅਕਾਲ ਮੂਰਤਿ:** ਭਾਈ ਸਾਹਿਬ ਨੇ ਅਕਾਲ ਮੂਰਤਿ ਦੀ ਸੰਗਿਆ ਅਕਾਲ ਪੁਰਖਿ ਕੀਤੀ ਹੈ "ਜਿਸਦੀ ਸਥਾਪਨਾ ਸਮੇਂ ਦੇ ਭੇਦ ਕਰਦੇ ਨਹੀਂ"। ਇਸ ਸ਼ਬਦ ਦੀ ਨਿਰੁਕਤੀ ਸੰਸਕ੍ਰਿਤ ਵਿੱਚੋਂ ਦਰਸਾਈ ਹੈ। ਇਸਦਾ ਦੂਜਾ ਅਰਥ ਨਿਤਯ ਅਵਿਨਾਸ਼ੀ ਰੂਪ ਕੀਤਾ ਹੈ। [53]

(ਕ) **ਅਜੂਨੀ ਸੈਭੰ:** ਇਸ ਇੰਦਰਾਜ ਲਈ ਤਿੰਨ ਸ਼ਬਦ ਜੋੜੇ ਅਜੂਨੀ ਸੈਭੰ, ਅਜੂਨੀ ਸੰਭਉ ਅਤੇ ਅਜੂਨੀ ਸੰਭਵ ਇਕੱਠੇ ਕੀਤੇ ਹਨ। ਨਿਰੁਕਤੀ ਵਜੋਂ ਸੰਸਕ੍ਰਿਤ ਦਾ ਅਯੋਨੀ ਸਮਭਵ ਸ਼ਬਦ ਰੱਖਿਆ ਹੈ। "1. ਇਸਦਾ ਵਿਸ਼ੇਸ਼ਣ ਜੋ ਯੋਨਿ ਦੁਆਰਾ ਉਤਪਨ ਨਹੀਂ ਹੋਇਆ। 2. ਜਿਸਦੀ ਹਸਤੀ ਕਿਸੇ ਨਮਿਤ ਕਰਕੇ ਨਹੀਂ।" ਅੱਗੇ, "ਸ੍ਵਯੈਭਵ, ਆਪਣੇ ਆਪ ਹੋਣ ਵਾਲਾ 3. ਅਜਨਮ ਅਤੇ ਸ੍ਵਯੰਭੂ"। ਇਨ੍ਹਾਂ ਸ਼ਬਦਾਂ ਦੀ ਸੰਖਿਆ ਕਰਤਾਰ, ਵਾਹਿਗੁਰੂ ਦਿੱਤੀ ਹੈ। ਇਸ ਥਾਂ ਭਾਈ ਸਾਹਿਬ ਨੇ ਦੋ ਸ਼ਬਦਾਂ ਦੇ ਅਰਥ ਵੱਖ-ਵੱਖ ਕੀਤੇ ਹਨ। ਅਜੂਨੀ ਦਾ ਵੱਖਰਾ ਅਤੇ

---

[51] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨਕੋਸ਼,* ਭਾਸ਼ਾ ਵਿਭਾਗ, ਪਟਿਆਲਾ, 2006, ਪੰਨਾ 712

[52] ਉਹੀ, ਪੰਨਾ 713

[53] ਉਹੀ, ਪੰਨਾ 36

ਸੈਭੰ ਦਾ ਵੱਖਰਾ ਅਰਥ ਹੈ। ਸਾਰੇ ਦਾ ਭਾਵ ਪਰਮਾਤਮਾ ਅਜਨਮ ਜਾਂ ਜਨਮਾਂ ਵਿੱਚ ਆਉਣ ਵਾਲਾ ਨਹੀਂ ਅਤੇ ਆਪਣੇ ਆਪ ਤੋਂ ਹੈ।[54]

(ਖ) **ਗੁਰਪ੍ਰਸਾਦਿ:** ਇਸ ਦੇ ਅਰਥ ਗੁਰਕ੍ਰਿਪਾ ਕਰਕੇ ਜਾਂ ਗੁਰੂਕ੍ਰਿਪਾ ਦੁਆਰਾ ਕੀਤੇ ਗਏ ਹਨ। ਇਸ ਤੋਂ ਇਲਾਵਾ ਗੁਰ ਅਤੇ ਪ੍ਰਸਾਦਿ ਦੇ ਵੱਖਰੇ-ਵੱਖਰੇ ਇੰਦਰਾਜ ਵੀ ਇਸ ਕੋਸ਼ ਵਿੱਚ ਸ਼ਾਮਿਲ ਹਨ। ਜਿਥੇ ਗੁਰੂ ਸ਼ਬਦ ਦੀ ਨਿਰੁਕਤੀ ਅਤੇ ਉਸਦੇ ਵੱਖਰੇ-ਵੱਖਰੇ ਅਰਥ ਦਿੱਤੇ ਹਨ।[55] "ਪ੍ਰਸਾਦਿ" ਨਾਮੀ ਇੰਦਰਾਜ ਵਿੱਚ ਵਿਸ਼ੇਸ਼ਣ ਕ੍ਰਿਪਾ ਕਰਕੇ ਜਾਂ ਕ੍ਰਿਪਾ ਕਰਨ ਵਾਲਾ, ਕਰੀਮ ਅਰਥ ਕੀਤੇ ਹਨ। ਇਸਦਾ ਸੰਪੂਰਣ ਭਾਵ ਗੁਰੂ ਦੀ ਕ੍ਰਿਪਾ ਦੁਆਰਾ ਹੀ ਬਣਦਾ ਹੈ।[56]

**ਸ੍ਰਿਸ਼ਟੀ ਰਚਨਾ:**

ਧਰਮ ਦਰਸ਼ਨ ਦਾ ਦੂਜਾ ਮੁੱਖ ਮੁੱਦਾ ਜਿਹੜਾ ਪਰਮ ਸੱਤ ਦੇ ਪ੍ਰਸ਼ਨ ਨਾਲ ਜੁੜਿਆ ਹੈ, ਉਹ ਸ੍ਰਿਸ਼ਟੀ ਰਚਨਾ ਜਾਂ ਸ੍ਰਿਸ਼ਟੀ ਦੀ ਉਤਪਤੀ ਕਿਵੇਂ ਹੋਈ ਦਾ ਸਵਾਲ ਹੈ। ਦੁਨੀਆਂ ਦੇ ਵੱਡੇ ਧਰਮ ਇਸ ਪ੍ਰਸ਼ਨ ਦੇ ਜਵਾਬ ਵਿੱਚ ਕੁਝ ਨਾ ਕੁਝ ਜ਼ਰੂਰ ਆਖਦੇ ਹਨ ਜਦੋਂ *ਮਹਾਨ ਕੋਸ਼* ਵਿੱਚ "ਸ੍ਰਿਸ਼ਟੀ ਦੀ ਉਤਪਤੀ ਜਾਂ ਰਚਨਾ"[57] ਨਾਮੀ ਇੰਦਰਾਜ ਦਿੱਤਾ ਗਿਆ ਹੈ। ਜਿਸ ਵਿੱਚ ਹਿੰਦੂ ਮਤ, ਬਾਈਬਲ ਅਤੇ ਇਸਲਾਮ ਦੇ ਵਿਚਾਰ ਉੱਤੇ ਰੋਸ਼ਨੀ ਪਾਈ ਗਈ ਹੈ। ਗੱਲ ਹਿੰਦੂ ਮਤ ਦੇ ਸ਼ਤਪਥ ਬ੍ਰਾਹਮਣ ਤੋਂ ਸ਼ੁਰੂ ਕੀਤੀ ਗਈ ਹੈ, ਕਿ ਪ੍ਰਜਾਪਤਿ ਨੇ "ਭੂ:" ਕਿਹਾ ਤਾਂ ਪ੍ਰਿਥਵੀ ਅਤੇ 'ਭੂਵ:` ਕਹਿਣ ਤੇ ਅਕਾਸ਼

---

[54] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨਕੋਸ਼,* ਭਾਸ਼ਾ ਵਿਭਾਗ, ਪਟਿਆਲਾ, 2006, ਪੰਨਾ 48

[55] ਉਹੀ, ਪੰਨਾ 415

[56] ਉਹੀ, ਪੰਨਾ 418

[57] ਉਹੀ, ਪੰਨਾ 250

ਬਣਿਆ। ਫਿਰ ਭੈਤ੍ਰਿਯ ਬ੍ਰਾਹਮਣ ਅਨੁਸਾਰ ਪ੍ਰਜਾਪਤਿ ਨੇ ਆਪਣੇ ਆਪ ਨੂੰ ਪਰਗਟ ਕੀਤਾ ਫਿਰ ਪਿਤਰ ਰਚੇ, ਫਿਰ ਆਦਮੀ ਅਤੇ ਫਿਰ ਦੇਵਤੇ ਪੈਦਾ ਕੀਤੇ। ਇਸ ਤੋਂ ਬਾਅਦ ਮੰਨੂ ਦਾ ਮਤ ਵੀ ਦਿੱਤਾ ਹੈ। ਇਸ ਤਰ੍ਹਾਂ ਹਿੰਦੂ ਲੇਖਕਾਂ ਦੇ ਹਿਸਾਬ ਨਾਲ ਦੁਨੀਆਂ ਬਣੀ ਨੂੰ 1 ਅਰਬ 96 ਕਰੋੜ 8 ਲਖ 53 ਹਜਾਰ ਅਤੇ 28 ਵਰੇ ਹੋਏ ਹਨ। ਇਸਦੇ ਨਾਲ ਹੀ ਫੁੱਟ ਨੋਟ ਵਿੱਚ ਇਸਾਈਆਂ ਦਾ ਹਿਸਾਬ ਵੀ ਦਿੱਤਾ ਹੈ। ਜਿਸ ਅਨੁਸਾਰ ਈਸਾ ਤੋਂ ਚਾਰ ਹਜਾਰ ਚਾਰ ਵਰੇ ਪਹਿਲਾਂ 23 ਅਕਤੂਬਰ ਨੂੰ ਦੁਨੀਆਂ ਰਚੀ ਗਈ। ਇਸ ਤੋਂ ਬਾਅਦ ਬਾਈਬਲ ਅਤੇ ਕੁਰਾਨ ਦੇ ਮਤ ਦਿੱਤੇ ਹਨ।

ਗੁਰਮਤਿ ਵਿੱਚ ਦਿੱਤੇ ਮੱਤ ਨੂੰ ਸੰਖੇਪ ਵਿੱਚ ਲਿਖ ਦਿੱਤਾ ਜਿਸ ਲਈ 'ਜਪੁ` ਬਾਣੀ ਦੀ ਪੰਕਤੀ "ਜਾਹ ਕਰਤਾ ਸਿਰਠੀ ਕਉ ਸਾਜੈ, ਆਪੈ ਜਾਣੈ ਸੋਈ` ਅਤੇ ਚੌਪਈ ਦਾ ਹਵਾਲਾ "ਤੁਮਰਾ ਲਖਾ ਨ ਜਾਇ ਪਸਾਰਾ, ਕਿਹ ਬਿਧਿ ਸਜਾ ਪ੍ਰਿਥਮ ਸੰਸਾਰਾ" ਦੇ ਕੇ ਆਪਣੀ ਗੱਲ ਸਮਾਪਤ ਕਰ ਦਿੱਤੀ ਹੈ। ਇਸ ਨੂੰ ਵਿਸਥਾਰ ਨਾ ਦੇਣਾ ਕੋਸ਼ਕਾਰ ਦੀ ਸਿਆਣਪ ਜਾਪਦੀ ਹੈ ਕਿ ਸਿੱਖ ਮੱਤ ਇਨ੍ਹਾਂ ਗਿਣਤੀਆਂ-ਮਿਣਤੀਆਂ ਵਿੱਚ ਨਹੀਂ ਪੈਂਦਾ। ਉਸਦਾ ਮੁੱਖ ਮਕਸਦ ਪ੍ਰੇਮਾਂ ਭਗਤੀ ਦੁਆਰਾ ਪ੍ਰਭੂ ਨਾਲ ਜੁੜਨਾ ਹੈ।

ਪਰਮ ਸੱਤਾ ਅਤੇ ਸ੍ਰਿਸ਼ਟੀ ਰਚਨਾਂ ਪ੍ਰਤੀ *ਮਹਾਨ ਕੋਸ਼* ਨੇ ਆਪਣੇ ਮਤ ਦਾ ਪ੍ਰਗਟਾਵਾ ਮੂਲ ਮੰਤਰ ਦੇ ਅਰਥ ਕਰਕੇ ਅਤੇ ਗੁਰਬਾਣੀ ਤੁਕਾਂ ਦੇ ਹਵਾਲੇ ਨਾਲ ਸ੍ਰਿਸ਼ਟੀ ਰਚਨਾਂ ਦੇ ਪ੍ਰਸ਼ਨ ਦਾ ਉੱਤਰ ਦੇ ਕੇ ਸਿੱਖ ਦਰਸ਼ਨ ਪ੍ਰਤੀ ਆਪਣਾ ਦ੍ਰਿਸ਼ਟੀਕੋਣ ਦਿੱਤਾ ਹੈ। ਸਿੰਘ ਸਭਾ ਪ੍ਰਣਾਲੀ ਦੇ ਬਹੁਤੇ ਵਿਆਖਿਆਕਾਰਾਂ ਜਿਵੇਂ ਪ੍ਰਿ. ਤੇਜਾ ਸਿੰਘ, ਪ੍ਰੋ. ਸਾਹਿਬ ਸਿੰਘ ਅਤੇ ਭਾਈ ਵੀਰ ਸਿੰਘ ਆਦਿ ਤੋਂ ਇਲਾਵਾ ਪੰਚ ਖੰਡ ਭਸੋੜ ਦੇ ਵਿਆਖਿਆਕਾਰਾਂ ਨਾਲ ਭਾਈ ਸਾਹਿਬ ਦੀ ਵਿਆਖਿਆ ਦੀ ਸਾਂਝ ਵੇਖੀ ਜਾ ਸਕਦੀ ਹੈ।

ਜੀਵਨ ਰਚਨਾ ਅਤੇ ਮੁਕਤੀ ਦੇ ਸੰਕਲਪ ਨੂੰ ਭਾਰਤੀ ਫਲਸਫ਼ੇ ਅਨੁਸਾਰ ਨਾ ਦੇ ਕੇ ਗੁਰਮਤਿ ਅਨੁਸਾਰ ਦੋ ਇੰਦਰਾਜਾਂ ਵਿੱਚ ਦਰਜ਼ ਕੀਤਾ ਹੈ। ਇਸ ਦਾ ਵਿਸਥਾਰ ਨਹੀਂ ਦਿੱਤਾ ਬਲਕਿ ਇਹੀ ਦੱਸਿਆ ਹੈ ਕਿ ਜੀਵਨ ਮੁਕਤ ਉਹ ਹੈ ਜੋ ਜੀਵਨ ਦੀ ਦਸ਼ਾਂ ਵਿੱਚ ਹੀ ਆਤਮ ਗਿਆਨ ਨੂੰ ਪ੍ਰਾਪਤ ਹੋ ਕੇ ਕ੍ਰਮ ਜਾਲ ਅਤੇ ਆਵਾਗੌਣ ਤੋਂ ਛੁਟਕਾਰਾ ਪਾਵੇ। ਦੂਸਰੇ ਇੰਦਰਾਜ ਵਿੱਚ ਜਿਸਦਾ ਸਿਰਲੇਖ ਜੀਵਨ ਮੁਕਤੀ ਹੈ, ਸੰਗਯਾ ਦੇ ਤੌਰ ਤੇ ਇਸ ਦਾ ਅਰਥ ਕੀਤਾ ਗਿਆ ਹੈ, "ਜੀਵਨ ਦਸ਼ਾ ਵਿੱਚ ਬੰਧਨ ਰਹਿਤ ਹੋਣ ਦਾ ਭਾਵ"। ਇਹਨਾ ਇੰਦਰਾਜਾਂ ਵਿੱਚ ਪਹਿਲੇ ਇੰਦਰਾਜ ਸੁਖਮਨੀ ਸਾਹਿਬ ਦੀ ਪੰਕਤੀ

"ਜੀਵਨ ਮੁਕਤਿ ਜਿਸ ਰਿਦੈ ਭਗਵੰਤੁ" ਅਤੇ (ਗੁ.ਗ੍ਰੰ. 295)

ਗੁਰੂ ਤੇਗ ਬਹਾਦਰ ਸਾਹਿਬ ਦੇ ਬਿਲਾਵਲ ਰਾਗ ਦੀ ਪੰਕਤੀ

"ਮਾਨ ਮੋਹ ਦੋਨੋ ਕਉ ਪਰਹਰਿ ਗੋਬਿੰਦ ਕੇ ਗੁਨ ਗਾਵੈ॥
ਕਹੁ ਨਾਨਕ ਇਹ ਬਿਧਿ ਕੋ ਪ੍ਰਾਨੀ ਜੀਵਨ ਮੁਕਤਿ ਕਹਾਵੈ॥" (ਗੁ.ਗ੍ਰੰ. 831)[58]

## ਸਿੱਖ ਇਤਿਹਾਸ

*ਮਹਾਨ ਕੋਸ਼* ਦਾ ਵੱਡਾ ਭਾਗ ਸਿੱਖ ਇਤਿਹਾਸ ਨਾਲ ਸੰਬੰਧਿਤ ਇੰਦਰਾਜਾਂ ਨਾਲ ਭਰਿਆ ਹੋਇਆ ਹੈ। ਜਿਸ ਵਿੱਚ ਗੁਰੂ ਸਾਹਿਬਾਨ, ਉਨਾਂ ਦੇ ਵੰਸ਼ਜ਼, ਪ੍ਰਮੁੱਖ ਸਿੱਖਾਂ, ਸਿੱਖ ਸੰਸਥਾਵਾਂ (ਅਦਾਰੇ) ਅਤੇ ਇਤਿਹਾਸਕ ਸਥਾਨਾਂ ਨਾਲ ਸੰਬੰਧਿਤ ਬਹੁਤ ਸਮੱਗਰੀ ਪ੍ਰਾਪਤ ਹੋ ਜਾਂਦੀ ਹੈ।

### ਗੁਰੂ ਸਾਹਿਬਾਨ :

### ਗੁਰੂ ਨਾਨਕ ਦੇਵ ਜੀ

ਗੁਰੂ ਸਾਹਿਬ ਨਾਲ ਸੰਬੰਧਿਤ ਇੰਦਰਾਜ ਦਾ ਨਾਮ ਨਾਨਕ ਦੇਵ ਰੱਖਿਆ ਗਿਆ ਹੈ। ਜਿਸ ਵਿੱਚ ਗੁਰੂ ਸਾਹਿਬ ਦਾ ਜਨਮ ਵੈਸਾਖ ਸੁਦੀ 3 (20 ਵੈਸਾਖ) ਸੰਮਤ 1526 (15 ਅਪ੍ਰੈਲ ਸੰਨ 1469) ਨੂੰ ਹੋਇਆ ਮੰਨਿਆ ਹੈ। ਨਾਲ ਫੁੱਟ ਨੋਟ ਵਿੱਚ ਭਾਈ ਬਾਲੇ ਵਾਲੀ ਜਨਮ ਸਾਖੀ ਅਤੇ

---

[58] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨਕੋਸ਼,* ਭਾਸ਼ਾ ਵਿਭਾਗ, ਪਟਿਆਲਾ, 2006, ਪੰਨਾ 457

ਨਾਨਕ ਪ੍ਰਕਾਸ਼ ਦਾ ਮੱਤ ਵੀ ਦਿੱਤਾ ਹੈ।[59] ਇੱਥੇ ਇਹ ਗੱਲ ਜ਼ਿਕਰਯੋਗ ਹੈ ਕਿ *ਮਹਾਨ ਕੋਸ਼* ਦੀ ਰਚਨਾਂ ਦੇ ਆਸ-ਪਾਸ ਸਿੱਖਾਂ ਵਿੱਚ ਗੁਰੂ ਨਾਨਕ ਸਾਹਿਬ ਦੇ ਜਨਮ ਨੂੰ ਲੈ ਕੇ ਸੰਵਾਦ ਹੋ ਰਹੇ ਸਨ। ਸਿੰਘ ਸਭਾ ਦੇ ਵਿਦਵਾਨ ਜਿਵੇਂ ਸਰਦਾਰ ਕਰਮ ਸਿੰਘ ਹਿਸਟੋਰੀਅਨ ਆਦਿਕ ਵੈਸਾਖ ਨੂੰ ਗੁਰੂ ਸਾਹਿਬ ਦਾ ਜਨਮ ਹੋਇਆ ਮੰਨਦੇ ਹਨ। ਜਦੋਂ ਕਿ ਪੁਰਾਤਨ ਵਿਦਵਾਨ ਜਿਨ੍ਹਾ ਵਿੱਚ ਨਿਰਮਲੇ ਉਦਾਸੀ ਆਦਿਕ ਭਾਈ ਬਾਲੇ ਵਾਲੀ ਜਨਮ ਸਾਖੀ ਜਾਂ ਨਾਨਕ ਪ੍ਰਕਾਸ਼ ਜੋ ਭਾਈ ਸੰਤੋਖ ਸਿੰਘ ਦੀ ਰਚਨਾ ਹੈ ਨਾਲ ਸਹਿਮਤ ਹਨ।

ਇਸ ਇੰਦਰਾਜ ਵਿੱਚ ਸਾਨੂੰ ਗੁਰੂ ਸਾਹਿਬ ਦੇ ਮਾਤਾ-ਪਿਤਾ, ਜਨਮ ਸਥਾਨ ਉਨਾਂ ਦੇ ਵਿੱਦਿਆ ਗੁਰੂ ਅਤੇ ਫ਼ਾਰਸੀ ਦੇ ਉਸਤਾਦ ਦਾ ਨਾਮ ਪਤਾ ਲੱਗਦਾ ਹੈ। ਇਸਤੋਂ ਇਲਾਵਾ ਗੁਰੂ ਸਾਹਿਬ ਦੇ ਪ੍ਰਮੁੱਖ ਸਿੱਖ ਭਾਈ ਲਾਲੋ, ਤਤਕਾਲੀ ਰਾਜੇ, ਚੌਧਰੀ ਆਦਿ ਬਾਰੇ ਜਾਣਕਾਰੀ ਮਿਲਦੀ ਹੈ।

**ਗੁਰੂ ਅੰਗਦ ਦੇਵ ਜੀ**

ਗੁਰੂ ਸਾਹਿਬ ਬਾਰੇ ਇੰਦਰਾਜ ਅੰਗਦ ਸਤਿਗੁਰੂ ਦੇ ਨਾਮ ਹੇਠ ਹੈ। ਇਸ ਵਿੱਚ ਗੁਰੂ ਸਾਹਿਬ ਦਾ ਜਨਮ, ਉਨਾਂ ਦੇ ਮਾਤਾ ਪਿਤਾ, ਜਨਮ ਸਥਾਨ, ਉਨ੍ਹਾ ਦਾ ਪਹਿਲਾ ਨਾਮ, ਉਨ੍ਹਾਂ ਦੀ ਪਤਨੀ ਅਤੇ ਉਨ੍ਹਾਂ ਦੀ ਔਲਾਦ ਦਾ ਜ਼ਿਕਰ ਮਿਲਦਾ ਹੈ। ਭਾਈ ਸਾਹਿਬ ਅਨੁਸਾਰ ਗੁਰੂ ਸਾਹਿਬ ਨੇ ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ ਲਿਖਵਾਈ ਜਿਸਦਾ ਵਿਗੜਿਆ ਰੂਪ *ਭਾਈ ਬਾਲੇ ਵਾਲੀ ਜਨਮ ਸਾਖੀ* ਹੈ। ਇਸ ਤੋਂ ਇਲਾਵਾ ਗੁਰੂ ਸਾਹਿਬ ਦੁਆਰਾ ਗੁਰਮੁਖੀ ਲਿੱਪੀ ਵਿੱਚ ਸਿੱਖ ਧਰਮ ਦਾ ਪ੍ਰਚਾਰ ਕਰਨ ਬਾਰੇ ਵੀ ਪਤਾ ਲੱਗਦਾ ਹੈ। ਇਹ ਇੰਦਰਾਜ ਉਨਾਂ ਦੇ ਜੋਤੀ-ਜੋਤਿ ਸਮਾਉਣ, ਗੁਰਿਆਈ ਦਾ ਸਮਾਂ ਅਤੇ ਉਮਰ ਦੇ ਸਾਲ ਦੱਸਣ ਦੇ ਨਾਲ ਸਮਾਪਤ ਹੋ ਜਾਂਦਾ।[60]

---

[59] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨਕੋਸ਼,* ਭਾਸ਼ਾ ਵਿਭਾਗ, ਪਟਿਆਲਾ, 2006, ਪੰਨਾ 692-93

[60] ਉਹੀ, ਪੰਨਾ 111

## ਗੁਰੂ ਅਮਰਦਾਸ ਜੀ

ਇਹ ਇੰਦਰਾਜ ਅਮਰਦਾਸ ਸਤਿਗੁਰੂ ਦੇ ਨਾਮ ਹੇਠ ਦਰਜ ਹੈ। ਇਸ ਇੰਦਰਾਜ ਵਿੱਚ ਗੁਰੂ ਸਾਹਿਬ ਦੇ ਜਨਮ, ਮਾਤਾ ਪਿਤਾ ਅਤੇ ਉਨ੍ਹਾਂ ਦੀ ਸੰਤਾਨ ਬਾਰੇ ਜਾਣਕਾਰੀ ਮਿਲਦੀ ਹੈ। ਇਸ ਇੰਦਰਾਜ ਵਿੱਚ ਦੱਸਿਆ ਗਿਆ ਹੈ ਕਿ ਆਪ ਦੀ ਨਿਸ਼ਕਾਮ ਸੇਵਾ ਤੋਂ ਪ੍ਰਸੰਨ ਹੋ ਕੇ ਦੂਜੇ ਗੁਰੂ ਸਾਹਿਬਾਨ ਨੇ 3 ਵੈਸਾਖ ਸੰਮਤ 1609 ਨੂੰ ਗੁਰਗੱਦੀ ਬਖ਼ਸ਼ੀ। ਇਸ ਤੋਂ ਇਲਾਵਾ ਉਨ੍ਹਾਂ ਦੁਆਰਾ ਸਿੱਖੀ ਦੇ ਪ੍ਰਚਾਰ ਅਤੇ ਪਾਸਾਰ ਲਈ ਕੀਤੇ ਉੱਦਮ ਦਾ ਵਰਣਨ ਹੈ, ਨਾਲ ਹੀ ਦੱਸਿਆ ਹੈ ਕਿ ਲੰਗਰ-ਪੰਗਤ ਦੀ ਪ੍ਰਥਾ ਗੁਰੂ ਕਰਕੇ ਊਚ-ਨੀਚ, ਅਮੀਰ-ਗਰੀਬ ਦੇ ਭੇਦ-ਭਾਵ ਨੂੰ ਦੂਰ ਕਰਨ ਦਾ ਯਤਨ ਵੀ ਕੀਤਾ ਗਿਆ। ਇਸ ਤੋਂ ਇਲਾਵਾ ਇਸ ਇੰਦਰਾਜ ਵਿੱਚ ਅੰਮ੍ਰਿਤਸਰ ਵਿਖੇ ਗੁਰੂ ਰਾਮਦਾਸ ਜੀ ਨੂੰ ਸਰੋਵਰ ਬਣਾਉਣ ਦੀ ਆਗਿਆ ਦਿੱਤੀ ਅਤੇ ਗੋਇੰਦਵਾਲ ਵਿਖੇ ਚੁਰਾਸੀ ਪਉੜੀਆਂ ਦੀ ਬਾਉਲੀ ਵੀ ਬਣਵਾਈ। ਉਕਤ ਇੰਦਰਾਜ ਦੇ ਅੰਤ ਵਿੱਚ ਉਨ੍ਹਾਂ ਦੇ ਜੋਤੀ-ਜੋਤਿ ਸਮਾਉਣ ਬਾਰੇ ਦੱਸ ਕੇ ਸਮਾਪਤ ਕੀਤਾ ਗਿਆ ਹੈ।[61]

## ਗੁਰੂ ਰਾਮਦਾਸ ਜੀ

ਇਸ ਇੰਦਰਾਜ ਦਾ ਨਾਮ ਰਾਮਦਾਸ ਸਤਿਗੁਰ ਰੱਖਿਆ ਹੈ। ਇਸ ਵਿੱਚ ਆਪ ਦਾ ਜਨਮ ਸੋਢੀ ਹਰਿਦਾਸ ਜੀ ਦੇ ਘਰ ਮਾਤਾ ਦਯਾ ਕੌਰ ਦੀ ਕੁੱਖੋਂ 26 ਅੱਸੂ (ਕੱਤਕ ਵਦੀ 2) ਸੰਮਤ 1591 (ਸੰਨ 1534) ਨੂੰ ਲਾਹੌਰ ਵਿਖੇ ਹੋਇਆ ਦੱਸਿਆ ਹੈ। ਇਸ ਤੋਂ ਬਾਅਦ ਇਨ੍ਹਾਂ ਦਾ ਪਹਿਲਾ ਨਾਮ ਬਾਰੇ ਦੱਸਕੇ ਪਤਨੀ ਅਤੇ ਸੰਤਾਨ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਸ ਇੰਦਰਾਜ ਵਿੱਚ ਉਨ੍ਹਾਂ ਦੁਆਰਾ ਵਸਾਏ ਪਿੰਡ ਗੁਰੂ ਕਾ ਚੱਕ ਬਾਰੇ ਦੱਸਿਆ ਹੈ ਅਤੇ ਉਸ ਪਿੰਡ ਦੇ ਪੂਰਬ ਵੱਲ ਇੱਕ ਕੱਚਾ

---

[61] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨਕੋਸ਼,* ਭਾਸ਼ਾ ਵਿਭਾਗ, ਪਟਿਆਲਾ, 2006, ਪੰਨਾ 74

ਤਲਾਬ ਖੁਦਵਾਉਣ ਦਾ ਜ਼ਿਕਰ ਵੀ ਮਿਲਦਾ ਹੈ। ਉਨ੍ਹਾਂ ਦੇ ਜੋਤੀ-ਜੋਤਿ ਸਮਾਉਣ ਦੀ ਜਾਣਕਾਰੀ ਦੇਣ ਨਾਲ ਇਸ ਸਿਰਲੇਖ ਦਾ ਅੰਤ ਕੀਤਾ ਗਿਆ ਹੈ।[62]

**ਗੁਰੂ ਅਰਜਨ ਦੇਵ ਜੀ**

ਅਰਜਨ ਸਤਿਗੁਰੂ ਦੇ ਨਾਮ ਹੇਠ ਇੰਦਰਾਜ ਨੂੰ ਬਦਲ ਕੇ ਅਰਜਨ ਸ਼ਬਦ ਦੇ ਨਾਂ ਹੇਠ ਦਿੱਤਾ ਹੈ। ਇਸ ਸ਼ਬਦ ਅਧੀਨ ਅਰਜਨ ਦੇ ਅਰਥ, ਅਰਜਨ ਬਿਰਥ, ਪਾਂਡਵਾਂ ਦੇ ਭਾਈ ਅਰਜਨ ਅਤੇ ਮਿਥਿਹਾਸ ਦੇ ਅਰਜਨ ਨਾਮੀ ਪਾਤਰਾਂ ਦਾ ਜ਼ਿਕਰ ਹੋਇਆ ਹੈ। ਇਸਦੇ ਨਾਲ ਹੀ ਗੁਰੂ ਅਰਜਨ ਦੇਵ ਬਾਰੇ ਵੀ ਜਾਣਕਾਰੀ ਸ਼ਾਮਿਲ ਹੈ। ਜਿਸ ਵਿੱਚ ਗੁਰੂ ਸਾਹਿਬ ਦੇ ਜਨਮ ਨਾਲ ਸੰਬੰਧਿਤ ਦੇਸੀ ਅਤੇ ਅੰਗਰੇਜੀ ਤਰੀਕਾਂ ਦਿੱਤੀਆਂ ਹਨ। ਇਸ ਤੋਂ ਇਲਾਵਾ ਸਿੱਖ ਪੰਥ ਦੇ ਵਿਕਾਸ ਕਾਰਜਾਂ ਲਈ ਗੁਰੂ ਸਾਹਿਬ ਦਾ ਯੋਗਦਾਨ ਜਿਵੇਂ ਦਸਵੰਧ, ਸੰਤੋਖਸਰ, ਤਰਨਤਾਰਨ ਦੇ ਸਰੋਵਰ ਆਦਿ ਬਣਵਾਉਣਾ ਅਤੇ ਹਰਿਮੰਦਰ ਸਾਹਿਬ ਦੀ ਨੀਂਹ ਰੱਖਣ ਅਤੇ ਕਰਤਾਰਪੁਰ ਨਗਰ ਵਸਾਉਣ ਦਾ ਜ਼ਿਕਰ ਹੈ। ਇਸ ਤੋਂ ਇਲਾਵਾ *ਗੁਰੂ ਗ੍ਰੰਥ ਸਾਹਿਬ* ਦੀ ਬੀੜ ਤਿਆਰ ਕਰਨ ਬਾਰੇ ਦੱਸਕੇ ਗੁਰੂ ਸਾਹਿਬ ਦੀ ਸ਼ਹੀਦੀ ਦਾ ਸਾਰ ਦੱਸਦਿਆਂ ਇਹ ਇੰਦਰਾਜ ਦੀ ਸਮਾਪਤੀ ਹੋਈ ਹੈ।[63]

**ਗੁਰੂ ਹਰਿਗੋਬਿੰਦ**

ਹਰਿਗੋਬਿੰਦ ਸਤਿਗੁਰੂ ਨਾਮ ਹੇਠਲਾ ਇੰਦਰਾਜ ਗੁਰੂ ਸਾਹਿਬ ਦੇ ਜੀਵਨ ਤੇ ਚਾਨਣਾ ਪਾਉਂਦਾ ਹੈ। ਇਸ ਵਿੱਚ ਉਨ੍ਹਾਂ ਦੇ ਮਾਤਾ ਪਿਤਾ, ਵਿੱਦਿਆ ਦਾਤੇ ਦਾ ਨਾਮ ਦਿੱਤਾ ਹੈ। ਗੁਰੂ ਸਾਹਿਬ ਦੀਆਂ ਤਿੰਨ ਸ਼ਾਦੀਆਂ, ਪਤਨੀਆਂ ਅਤੇ ਸੋਹਰਿਆਂ ਦੇ ਨਾਮ ਤੋਂ ਇਲਾਵਾ ਉਨ੍ਹਾਂ ਦੀ ਸੰਤਾਨ ਦਾ ਵੀ ਜ਼ਿਕਰ ਮਿਲਦਾ ਹੈ। ਗੁਰਿਆਈ ਸਮੇਂ ਗੁਰੂ ਸਾਹਿਬ ਦੁਆਰਾ ਮੀਰੀ-ਪੀਰੀ ਦੀਆਂ ਤਲਵਾਰਾਂ

---

[62] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨਕੋਸ਼,* ਭਾਸ਼ਾ ਵਿਭਾਗ, ਪਟਿਆਲਾ, 2006, ਪੰਨਾ 1035

[63] ਉਹੀ, ਪੰਨਾ 79-80

ਪਹਿਨਣਾ, ਅਕਾਲ ਬੁੰਗੇ ਦੀ ਸਥਾਪਨਾ, ਗੁਰੂ ਅਰਜਨ ਦੇਵ ਜੀ ਦਾ ਦੇਹਰਾ ਬਣਵਾਉਣਾ, ਮਾਲਵੇ ਦੀ ਯਾਤਰਾ ਕਰਨੀ ਆਦਿ ਦੇ ਜ਼ਿਕਰ ਤੋਂ ਇਲਾਵਾ ਉਨ੍ਹਾਂ ਦੇ ਜੋਤੀ-ਜੋਤਿ ਸਮਾਉਣ ਅਤੇ ਗੁਰੂ ਹਰਿਰਾਇ ਸਾਹਿਬ ਨੂੰ ਗੁਰਗੱਦੀ ਦੇਣ ਦੇ ਜਿਕਰ ਨਾਲ ਇਹ ਇੰਦਰਾਜ ਸਮਾਪਤ ਹੋ ਜਾਂਦਾ ਹੈ।[64]

## ਗੁਰੂ ਹਰਿਰਾਇ

ਉਕਤ ਇੰਦਰਾਜ ਵਿੱਚ ਗੁਰੂ ਸਾਹਿਬ ਦੇ ਜੀਵਨ ਬਾਰੇ ਮੁਢਲੀ ਜਾਣਕਾਰੀ ਮੁਹੱਈਆ ਕਰਵਾਈ ਗਈ ਹੈ। ਇਸ ਤੋਂ ਇਲਾਵਾ ਇਸ ਇੰਦਰਾਜ ਵਿੱਚ ਫੂਲ ਵੰਸ਼ ਨੂੰ ਦਿੱਤੇ ਵਰਦਾਨ ਤੋਂ ਇਲਾਵਾ ਔਰੰਗਜ਼ੇਬ ਦੇ ਲਾਏ ਦੋਸ਼ ਜਿਸ ਵਿੱਚ ਗੁਰੂ ਸਾਹਿਬ ਦੁਆਰਾ ਦਾਰਾਸ਼ਿਕੋਹ ਨੂੰ ਸਹਾਇਤਾ ਦੇਣ ਕਾਰਨ ਦਿੱਲੀ ਹਾਜ਼ਰ ਹੋਣ ਬਾਰੇ ਲਿਖਿਆ ਹੈ ਜਿਸਦੇ ਸੰਬੰਧ ਵਿੱਚ ਆਪ ਨੇ ਆਪਣੇ ਵੱਡੇ ਪੁੱਤਰ ਰਾਮਰਾਇ ਜੀ ਨੂੰ ਭੇਜਿਆ ਅਤੇ ਸਾਹਿਬਜਾਦੇ ਨੇ ਚਤੁਰਾਈ ਨਾਲ ਬਾਦਸ਼ਾਹ ਨੂੰ ਪ੍ਰਸੰਨ ਕੀਤਾ ਦਰਜ ਹੈ। ਅੰਤ ਵਿੱਚ ਗੁਰੂ ਹਰਿਕ੍ਰਿਸ਼ਨ ਜੀ ਨੂੰ ਗੁਰਤਾ ਗੱਦੀ ਦੇਣ ਅਤੇ ਜੋਤੀ-ਜੋਤਿ ਸਮਾਉਣ ਨਾਲ ਇਸ ਇੰਦਰਾਜ ਦਾ ਅੰਤ ਕੀਤਾ ਹੈ। [65]

## ਗੁਰੂ ਹਰਿਕ੍ਰਿਸ਼ਨ

ਹਰਿਕ੍ਰਿਸ਼ਨ ਸਤਿਗੁਰੂ ਹੇਠ ਦਰਜ ਇਸ ਇੰਦਰਾਜ ਵਿੱਚ ਉਨ੍ਹਾਂ ਦੇ ਜਨਮ, ਜਨਮ ਸਥਾਨ, ਮਾਤਾ-ਪਿਤਾ ਬਾਰੇ ਜਾਣਕਾਰੀ ਦਿੱਤੀ ਹੈ। ਔਰੰਗਜ਼ੇਬ ਦੁਆਰਾ ਦਿੱਲੀ ਬੁਲਾਉਣਾ ਅਤੇ ਚੇਚਕ ਦੀ ਲਪੇਟ ਵਿੱਚ ਆਉਣ ਕਾਰਨ ਜੋਤੀ-ਜੋਤਿ ਸਮਾਉਣ ਬਾਰੇ ਦੱਸਿਆ ਹੈ। ਇਸ ਤੋਂ ਬਿਨ੍ਹਾਂ ਆਪ ਦੇ ਪਵਿੱਤਰ ਅਸਥਾਨ ਬਾਲਾ ਸਾਹਿਬ ਅਤੇ ਬੰਗਲਾ ਸਾਹਿਬ ਦਾ ਦਿੱਲੀ ਵਿੱਚ ਹੋਣ ਬਾਰੇ ਦੱਸਕੇ ਇੰਦਰਾਜ ਦਾ ਅੰਤ ਕੀਤਾ ਹੈ।[66]

---

[64] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨਕੋਸ਼,* ਭਾਸ਼ਾ ਵਿਭਾਗ, ਪਟਿਆਲਾ, 2006, ਪੰਨਾ 265

[65] ਉਹੀ, ਪੰਨਾ 267

[66] ਉਹੀ, ਪੰਨਾ 265

## ਗੁਰੂ ਤੇਗ਼ ਬਹਾਦਰ ਜੀ

ਤੇਗ਼ ਬਹਾਦਰ, ਤੇਗ਼ ਬਹਾਦਰ ਸਤਿਗੁਰੂ ਦੋ ਨਾਵਾਂ ਹੇਠ ਇਹ ਇੰਦਰਾਜ ਦਰਜ ਹੈ। ਤੇਗ਼ ਬਹਾਦਰ ਇੰਦਰਾਜ ਵਿੱਚ ਤਲਵਾਰ ਚਲਾਉਣ ਵਿੱਚ ਦਿਲੇਰ ਅਤੇ ਨਿਪੁੰਨ, ਤਲਵਾਰ ਦਾ ਧਨੀ ਅਰਥ ਕੀਤੇ ਗਏ ਹਨ ਅਤੇ ਤੇਗ਼ ਬਹਾਦਰ ਸਤਿਗੁਰੂ ਵਿੱਚ ਗੁਰੂ ਸਾਹਿਬਾਨ ਦਾ ਸੰਖੇਪ ਜੀਵਨ ਦਿੱਤਾ ਹੈ, ਜਿਸ ਦੇ ਆਰੰਭ ਵਿੱਚ ਜਨਮ, ਮਾਤਾ ਪਿਤਾ, ਵਿਆਹ, ਸੰਤਾਨ ਅਤੇ ਉਨ੍ਹਾਂ ਦਾ ਸਿੰਘਾਸਨ ਤੇ ਬਿਰਾਜਮਾਨ ਹੋਣਾ, ਪ੍ਰਚਾਰ ਲਈ ਜੰਗਲ (ਮਾਲਵਾ) ਪੁਆਧ, ਬਾਂਗਰ, ਪੂਰਬ, ਬਿਹਾਰ, ਬੰਗਾਲ ਆਦਿ ਰਾਜਾਂ ਵਿੱਚ ਗਏ। ਪਹਾੜੀ ਰਾਜਿਆਂ ਤੋਂ ਜਮੀਨ ਲੈ ਕੇ ਆਨੰਦਪੁਰ ਸਾਹਿਬ ਨਗਰ ਵਸਾਉਣ ਬਾਰੇ ਵੀ ਦੱਸਿਆ ਹੈ। ਇਸੇ ਇੰਦਰਾਜ ਵਿੱਚ ਗੁਰੂ ਸਾਹਿਬ ਦੇ ਸ਼ਹਾਦਤ ਬਾਰੇ ਵੀ ਚਾਨਣਾ ਪਾਇਆ ਹੈ ਕਿ ਕਿਵੇਂ ਜ਼ੁਲਮ ਦੂਰ ਕਰਨ ਅਤੇ ਧਰਮ ਦਾ ਬੀਜ ਰੱਖਣ ਲਈ ਗੁਰੂ ਸਾਹਿਬਾਨ ਨੇ ਆਪਾ ਵਾਰ ਦਿੱਤਾ। ਇਸ ਇੰਦਰਾਜ ਦੇ ਅੰਤ ਵਿੱਚ ਉਨ੍ਹਾਂ ਦੀ ਸ਼ਹੀਦੀ ਵਾਲੇ ਸਥਾਨ ਦਾ ਨਾਮ 'ਸੀਸਗੰਜ' ਅਤੇ ਦੇਹ ਸੰਸਕਾਰ ਥਾਂ ਦਾ ਨਾਂ 'ਰਕਾਬਗੰਜ' ਜੋ ਦਿੱਲੀ, ਚਾਂਦਨੀ ਚੌਂਕ ਵਿੱਚ ਹੈ, ਦੇ ਕੇ ਇੰਦਰਾਜ ਦਾ ਅੰਤ ਕੀਤਾ ਗਿਆ ਹੈ। [67]

## ਗੁਰੂ ਗੋਬਿੰਦ ਸਿੰਘ ਜੀ

ਗੋਬਿੰਦ, ਗੋਬਿੰਦ ਅਤੇ ਗੁਰੂ ਗੋਬਿੰਦ ਸਿੰਘ ਸਤਿਗੁਰੂ ਦੇ ਨਾਂ ਹੇਠ ਦਰਜ ਹੈ। ਗੋਬਿੰਦ, ਗੋਬਿੰਦ ਇੰਦਰਾਜ ਵੱਖਰਾ ਦਿੱਤਾ ਗਿਆ ਹੈ ਜਿਸ ਵਿੱਚ ਇਨ੍ਹਾਂ ਨਾਵਾਂ ਦੇ ਅਰਥ ਸਪਸ਼ਟ ਕੀਤੇ ਗਏ ਹਨ ਜਿਵੇਂ: ਸੰ: ਗੋਵਿੰਦ. ਸੰਗਯਾ ਗਊ ਨੂੰ ਲਾਭ ਪਹੁੰਚਾਉਣ ਵਾਲਾ ਕਿਸਨਦੇਵ, ਗਯਾਨ ਕਰਕੇ

---

[67] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨਕੋਸ਼,* ਭਾਸ਼ਾ ਵਿਭਾਗ, ਪਟਿਆਲਾ, 2006, ਪੰਨਾ 600

ਪ੍ਰਾਪਤ ਹੋਣ ਯੋਗਯ ਵਾਹਗੁਰੂ, ਪ੍ਰਿਥਿਵੀਪਾਲਕ ਕਰਤਾਰ, ਗੋਂ (ਗੁਰਬਾਣੀ) ਕਰਕੇ ਜੋ ਵਿੰਦ (ਲੱਭਿਆ ਜਾਵੇ) ਪਾਰਬ੍ਰਹਮ, ਕਰਤਾਰ।[68]

ਗੋਬਿੰਦ ਸਿੰਘ ਸਤਿਗੁਰੂ ਦੇ ਨਾਮ ਹੇਠ ਸ਼ੁਰੂ ਇੰਦਰਾਜ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਤੇ ਚਾਨਣਾ ਪਾਇਆ ਗਿਆ ਹੈ। ਗੁਰੂ ਸਾਹਿਬ ਦੇ ਮਾਤਾ-ਪਿਤਾ, ਜਨਮ ਸਥਾਨ ਆਦਿ ਤੋਂ ਬਾਅਦ ਸਾਸ਼ਤਰ ਅਤੇ ਸ਼ਸਤਰ ਵਿੱਦਿਆ ਦੇ ਨਾਲ-ਨਾਲ ਸਾਹਿਤ ਸਿਰਜਨਾਂ ਵਿੱਚ ਪਾਏ ਯੋਗਦਾਨ ਦੀ ਗੱਲ ਕੀਤੀ ਗਈ ਹੈ। ਉਸ ਤੋਂ ਬਾਅਦ ਖ਼ਾਲਸਾ ਸਜਾਉਣ ਅਤੇ ਜੰਗਾਂ ਯੁੱਧਾਂ ਦਾ ਵਰਣਨ ਸਿਲਸਿਲੇਵਾਰ ਕੀਤਾ ਗਿਆ ਹੈ। ਗੁਰੂ ਸਾਹਿਬ ਦੀ ਉਪਮਾ ਵਿੱਚ ਸਾਧੂ ਗੋਬਿੰਦ ਸਿੰਘ ਨਾਮੀ ਲੇਖਕ ਦੀ ਇੱਕ ਰਚਨਾ ਇਤਿਹਾਸ ਗੁਰੂ ਖ਼ਾਲਸਾ ਵਿੱਚੋਂ ਲੰਮਾ ਹਵਾਲਾ ਦੇ ਕੇ ਇਹ ਇੰਦਰਾਜ ਸਮਾਪਤ ਕੀਤਾ ਗਿਆ ਹੈ। ਇਸ ਇੰਦਰਾਜ ਵਿੱਚ ਗੁਰੂ ਸਾਹਿਬ ਦੀਆਂ ਸ਼ਾਦੀਆਂ, ਉਨਾਂ ਦੀ ਸੰਤਾਨ ਅਤੇ *ਗੁਰੂ ਗ੍ਰੰਥ ਸਾਹਿਬ* ਨੂੰ ਗੁਰਿਆਈ ਦੇ ਕੇ ਜੋਤੀ-ਜੋਤਿ ਸਮਾਉਣ ਦਾ ਜ਼ਿਕਰ ਹੈ।

***ਗੁਰੂ ਗ੍ਰੰਥ ਸਾਹਿਬ***

ਇਹ ਇੰਦਰਾਜ ਗ੍ਰੰਥ ਸਾਹਿਬ ਸ੍ਰੀ ਗੁਰੂ ਦੇ ਨਾਮ ਹੇਠ ਦਰਜ ਹੁਣ ਤੱਕ ਗੁਰੂ ਸਾਹਿਬਾਨ ਨਾਲ ਸੰਬੰਧਿਤ ਸਭ ਇੰਦਰਾਜਾਂ ਵਿੱਚੋਂ ਲੰਮਾਂ ਇੰਦਰਾਜ ਹੈ ਜੋ *ਮਹਾਨ ਕੋਸ਼* ਦੀ ਹਥਲੀ ਜਿਲਦ ਦੇ ਪੰਨਾ 436 ਤੋਂ ਸ਼ੁਰੂ ਹੋ ਕੇ 438 ਤੇ ਸਮਾਪਤ ਹੁੰਦਾ ਹੈ। ਇਸ ਵਿੱਚ ਗੁਰਬਾਣੀ ਦੇ ਗੁਰੂ ਅਰਜਨ ਦੇਵ ਜੀ ਦੁਆਰਾ ਸੰਪਾਦਿਤ ਕਰਨ ਤੋਂ ਲੈ ਕੇ ਤਿੰਨ ਮੁੱਖ ਬੀੜਾਂ ਜਿਸ ਵਿੱਚ ਭਾਈ ਗੁਰਦਾਸ ਜੀ, ਭਾਈ ਬੰਨੋ ਜੀ ਅਤੇ ਦਮਦਮੇ ਵਾਲੀ ਬੀੜਾਂ ਦਾ ਜ਼ਿਕਰ ਹੈ। *ਭਾਈ ਗੁਰਦਾਸ ਵਾਲੀ ਬੀੜ* ਜੋ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਤੋਂ ਲਿਖਵਾਈ ਉਸਦਾ ਨਾਮ ਹੈ, ਇਸ ਵਿੱਚ 30 ਰਾਗ

---

[68] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨਕੋਸ਼,* ਭਾਸ਼ਾ ਵਿਭਾਗ, ਪਟਿਆਲਾ, 2006, ਪੰਨਾ 429

ਹਨ ਅਤੇ ਸ਼ਬਦਾਂ ਦੀ ਗਿਣਤੀ 5751 ਹੈ ਅਤੇ ਇਹ ਬੀੜ ਕਰਤਾਰਪੁਰ ਵਿਖੇ ਸੁਸ਼ੋਭਿਤ ਹੈ। ਇਸ ਉੱਪਰ ਗੁਰੂ ਹਰਿਗੋਬਿੰਦ ਸਾਹਿਬ ਦੇ ਦਸਤਖ਼ਤ ਹਨ। ਦੂਜੀ *ਬੀੜ ਭਾਈ ਬੰਨੋ* ਵਾਲੀ ਹੈ ਜਿਸ ਵਿੱਚ 30 ਰਾਗ ਹਨ ਅਤੇ ਕੁਝ ਵਾਧੂ ਬਾਣੀ ਹੈ। ਇਸ ਵਿਚਲੇ ਸ਼ਬਦਾਂ ਦੀ ਗਿਣਤੀ 5757 ਹੈ, ਇਹ ਬੀੜ ਭਾਈ ਬੰਨੋ ਦੀ ਔਲਾਦ ਕੋਲ ਮਾਂਗਟ ਵਿੱਚ ਹੈ। ਮਾਂਗਟ ਦਾ ਜ਼ਿਕਰ ਕਰਨ ਲਈ ਭਾਈ ਸਾਹਿਬ ਨੇ ਦੇਖੋ ਮਾਂਗਟ ਲਿਖ ਕੇ ਇੱਕ ਹੋਰ ਇੰਦਰਾਜ ਵੱਲ ਇਸ਼ਾਰਾ ਕਰ ਦਿੱਤਾ ਹੈ। ਇਸ ਤੋਂ ਇਲਾਵਾ ਇਸ ਬੀੜ ਵਿਚਲੀ ਵਾਧੂ ਬਾਣੀ ਦਾ ਜ਼ਿਕਰ ਇੱਥੇ ਕੀਤਾ ਗਿਆ ਹੈ ਨਾਲ ਹੀ ਕੁਝ ਹੋਰ ਬੀੜਾਂ ਜਿਨ੍ਹਾਂ ਵਿੱਚ ਹੋਰ ਵਾਧੂ ਬਾਣੀ ਲਿਖੀ ਹੋਈ ਹੈ ਦਾ ਜ਼ਿਕਰ ਕੀਤਾ ਹੈ। ਉਨ੍ਹਾਂ ਵਿੱਚ ਬਾਬਾ ਅਜੈਪਾਲ ਸਿੰਘ ਦਾ ਗੁਰੂਦੁਆਰਾ, *ਨਾਭੇ ਵਾਲੀ ਬੀੜ* ਅਤੇ ਰਾਵਲਪਿੰਡੀ ਦੇ ਨਿਰੰਕਾਰੀਆਂ ਦੇ ਗੁਰੂਦੁਆਰੇ ਵਿਚਲੀ ਬੀੜ ਦਾ ਜ਼ਿਕਰ ਹੈ।

ਇਸ ਤੋਂ ਬਾਅਦ *ਦਮਦਮੀ ਬੀੜ* ਜਿਸ ਵਿੱਚ 31 ਰਾਗ ਹਨ ਅਤੇ ਸ਼ਬਦ ਸਲੋਕਾਂ ਆਦਿ ਦੀ ਗਿਣਤੀ 5867 ਹੈ ਦਾ ਵੇਰਵਾ ਦਿੱਤਾ ਗਿਆ ਹੈ। ਇਸਦੇ ਨਾਲ ਹੀ *ਮਹਾਨ ਕੋਸ਼* ਰਚਣ ਸਮੇਂ ਉਠਾਏ ਜਾਂਦੇ ਸ਼ੰਕੇ ਜੋ *ਗੁਰੂ ਗ੍ਰੰਥ ਸਾਹਿਬ* ਨਾਲ ਸੰਬੰਧਿਤ ਸਨ ਦਾ ਯਥਾਯੋਗ ਉੱਤਰ ਦੇਣ ਦਾ ਯਤਨ ਵੀ ਕੀਤਾ ਗਿਆ ਹੈ, ਜਿਸ ਵਿੱਚ ਸੋਰਠ ਰਾਗ ਵਿਚਲੀ ਕਬੀਰ ਜੀ ਦੀ ਤੁਕ "ਕਹੋ ਕਬੀਰ ਜਨ ਭਏ ਖਾਲਸੇ" ਵਿਚਲੇ ਖਾਲਸੇ ਸ਼ਬਦ ਸੰਬੰਧੀ ਇਤਰਾਜ ਸੀ ਕਿ ਇਹ ਸ਼ਬਦ ਖਲਾਸੇ ਪਾਠ ਸੀ ਪ੍ਰੰਤੂ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਖਾਲਸੇ ਵਜੋਂ ਬਦਲ ਕੇ ਲਿਖਵਾ ਦਿੱਤਾ ਹੈ। ਭਾਈ ਸਾਹਿਬ ਅਨੁਸਾਰ ਇਹ ਭੁੱਲ ਜਾਂ ਨਿਰਾਰਥਕ ਸ਼ੰਕਾ ਹੈ। ਦੂਜਾ ਸ਼ੰਕਾ ਇਹ ਹੈ ਕਿ ਵਾਰ ਦੀਆਂ 9 ਧੁਨੀਆਂ ਗੁਰੂ ਹਰਿਗੋਬਿੰਦ ਸਾਹਿਬ ਨੇ ਚੜ੍ਹਾਈਆਂ ਹਨ ਪ੍ਰੰਤੂ ਕੋਸ਼ਕਾਰ ਨੇ ਇਸਨੂੰ ਵੀ ਭੁੱਲ ਹੀ ਦੱਸਿਆ ਹੈ।

ਇਸ ਇੰਦਰਾਜ ਵਿੱਚ *ਗੁਰੂ ਗ੍ਰੰਥ ਸਾਹਿਬ* ਦੇ ਬਾਣੀ-ਕਾਰਾਂ ਦੀ ਰਚਨਾਂ ਦੀ ਗਿਣਤੀ ਅੱਡ-ਅੱਡ ਵੀ ਦਿੱਤੀ ਹੈ। ਜਿਵੇਂ: ਗੁਰੂ ਨਾਨਕ ਦੇਵ ਜੀ ਦੇ 947, ਗੁਰੂ ਅੰਗਦ ਦੇਵ ਜੀ ਦੇ 63 ਅਤੇ ਗੁਰੂ ਅਰਜਨ ਦੇਵ ਜੀ ਦੇ 2312 ਸ਼ਬਦ ਦੱਸੇ ਹਨ। ਇਸੇ ਤਰ੍ਹਾਂ ਹੋਰ ਬਾਣੀਕਾਰਾਂ ਦਾ ਵੇਰਵਾ ਹੈ, ਨਾਲ ਹੀ ਸੰਤ ਨਿਹਾਲ ਸਿੰਘ ਦੀ ਸ੍ਰੀ *ਗੁਰੂ ਗ੍ਰੰਥ ਸਾਹਿਬ* ਜੀ ਦੀ ਮਹਿਮਾਂ ਭਰੀ ਇੱਕ ਲੰਬੀ ਰਚਨਾਂ ਨੂੰ ਵੀ ਇੱਥੇ ਸ਼ਾਮਿਲ ਕੀਤਾ ਗਿਆ ਹੈ। [69]

ਗੁਰੂ ਸਾਹਿਬਾਨ ਤੋਂ ਬਾਅਦ ਉਨ੍ਹਾਂ ਦੀ ਸੰਤਾਨ ਜਾਂ ਔਲਾਦ ਬਾਰੇ ਕੋਸ਼ ਵਿੱਚ ਦਿੱਤੇ ਹੋਏ ਵੇਰਵਿਆਂ ਤੇ ਝਾਤ ਪਾਉਣੀ ਇਸ ਅਧਿਆਇ ਦਾ ਵਿਸ਼ਾ ਹੈ। ਗੁਰੂ ਸਾਹਿਬਾਨ ਦੀ ਸੰਤਾਨ ਵਿੱਚੋਂ ਸਭ ਤੋਂ ਪਹਿਲਾ ਨਾਮ ਬਾਬਾ ਸ੍ਰੀ ਚੰਦ ਜੀ ਦਾ ਆਉਂਦਾ ਹੈ। ਜਿਨ੍ਹਾਂ ਬਾਰੇ "ਸ੍ਰ ਚੰਨ ਬਾਬਾ" ਨਾਮ ਦਾ ਇੰਦਰਾਜ ਸ਼ਾਮਿਲ ਹੈ।[70] ਜਿਸ ਵਿੱਚ ਉਨ੍ਹਾਂ ਦੇ ਜਨਮ ਅਤੇ ਨਿਵਾਸ ਸਥਾਨ ਅਤੇ ਉਦਾਸੀ ਮੱਤ ਦੇ ਰੂਪ ਵਿੱਚ ਸਿੱਖੀ ਦਾ ਪ੍ਰਚਾਰ ਕੀਤਾ ਜਾਣ ਦਾ ਇਸ਼ਾਰਾ ਹੈ। ਇਸਦੇ ਨਾਲ ਉਦਾਸੀ ਅਤੇ ਸ਼ਿਲਾ ਸ੍ਰੀ ਚੰਦ ਜੀ ਦੀ ਨਾਮੀ ਇੰਦਰਾਜਾਂ ਨੂੰ ਪੜ੍ਹਨ ਦਾ ਇਸ਼ਾਰਾ ਵੀ ਕੀਤਾ ਗਿਆ ਹੈ। ਇਸ ਤਰ੍ਹਾਂ ਲੱਖਮੀ ਦਾਸ ਲੱਖਮੀ ਚੰਦ ਨਾਦ ਦਾ ਇੰਦਰਾਜ ਪੰਨਾ 1056 ਉੱਪਰ ਗੁਰੂ ਅੰਗਦ ਸਾਹਿਬ ਦੇ ਪੁੱਤਰ ਦਾਤੂ ਜੀ ਅਤੇ ਦਾਸੂ ਜੀ ਨਾਲ ਸੰਬੰਧਿਤ ਵੱਖ-ਵੱਖ ਇੰਦਰਾਜ ਪੰਨਾ 627, 628 ਉੱਪਰ ਦਿੱਤੇ ਮਿਲਦੇ ਹਨ ਭਾਵੇਂ ਇਨ੍ਹਾਂ ਦਾ ਵੇਰਵਾ ਦੋ-ਦੋ ਪੰਕਤੀਆਂ ਵਿੱਚ ਹੀ ਸਮਾਪਤ ਕਰ ਦਿੱਤਾ ਗਿਆ ਹੈ। ਇਸ ਤਰ੍ਹਾਂ ਵੱਖ-ਵੱਖ ਥਾਵਾਂ ਤੇ ਗੁਰੂ ਸਾਹਿਬਾਨ ਦੀ ਸੰਤਾਨ ਨਾਲ ਸੰਬੰਧਿਤ ਛੋਟੇ ਵੱਡੇ ਇੰਦਰਾਜ ਸ਼ਾਮਿਲ ਕੀਤੇ ਗਏ ਹਨ।

---

[69] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨਕੋਸ਼,* ਭਾਸ਼ਾ ਵਿਭਾਗ, ਪਟਿਆਲਾ, 2006, ਪੰਨਾ, 436

[70] ਉਹੀ, 251

**ਸਿੱਖ ਸਾਹਿਤ**

ਸਾਡੇ ਕੋਲ ਗੁਰੂ ਸਾਹਿਬਾਨ ਜਾਂ ਸਿੱਖ ਇਤਿਹਾਸ ਦੀ ਜੋ ਵੀ ਜਾਣਕਾਰੀ ਹੈ ਉਸਦਾ ਸ੍ਰੋਤ *ਗੁਰੂ ਗ੍ਰੰਥ ਸਾਹਿਬ* ਜਾਂ ਉਸ ਤੋਂ ਪ੍ਰੇਰਤ ਕਾਵਿ ਅਤੇ ਵਾਰਤਕ ਰਚਨਾਵਾਂ ਹਨ। ਗੁਰੂ ਕਾਲ ਵਿੱਚ ਸਾਨੂੰ ਮੁੱਖ ਰੂਪ ਵਿੱਚ *ਜਨਮਸਾਖੀ* ਸਾਹਿਤ ਪ੍ਰਾਪਤ ਹੈ, ਜਿਸਦਾ ਮੁੱਖ ਵਿਸ਼ਾ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸ਼ੀਅਤ ਬਾਰੇ ਜਾਣਕਾਰੀ ਦੇਣਾ ਜਾਂ ਗੁਰਬਾਣੀ ਦੀ ਵਿਆਖਿਆਕਾਰੀ ਵੱਲ ਰੁਚਿਤ ਹੋਣਾ ਹੈ। *ਜਨਮਸਾਖੀ* ਸਾਹਿਤ ਦਾ ਆਰੰਭ ਗੁਰੂ ਅੰਗਦ ਦੇਵ ਤੋਂ ਹੋਇਆ ਮੰਨਿਆ ਜਾਂਦਾ ਹੈ। ਭਾਈ ਕਾਨ੍ਹ ਸਿੰਘ ਅਨੁਸਾਰ ਗੁਰੂ ਸਾਹਿਬ ਨੇ ਗੁਰੂ ਨਾਨਕ ਦੇਵ ਜੀ ਦੀ *ਜਨਮਸਾਖੀ* ਲਿਖਵਾਈ। ਜਿਸ ਦਾ ਵਿਗੜਿਆ ਰੂਪ *ਭਾਈ ਬਾਲੇ ਵਾਲੀ ਜਨਮਸਾਖੀ* ਹੈ।[71] ਇਸ ਤੋਂ ਇਲਾਵਾ ਮਿਹਰਬਾਨ ਜਾਂ ਮੀਣਾ ਸੰਪਰਦਾਇ ਦੁਆਰਾ ਲਿਖੀਆਂ *ਜਨਮਸਾਖੀਆਂ* ਵੀ ਗੁਰੂ ਨਾਨਕ ਦੇਵ ਜੀ ਦੀ ਸ਼ਖ਼ਸੀਅਤ ਅਤੇ ਉਨ੍ਹਾਂ ਦੀ ਬਾਣੀ ਦੀ ਵਿਆਖਿਆ, ਪਰਮਾਰਥਾਂ ਦੇ ਰੂਪ ਵਿੱਚ ਕਰਦੀਆਂ ਹਨ। ਇਸਦਾ ਜ਼ਿਕਰ ਭਾਈ ਕਾਨ੍ਹ ਸਿੰਘ ਨੇ ਮਿਹਰਬਾਨ[72], ਦਿਵਾਨੇ[73] ਇੰਦਰਾਜਾਂ ਵਿੱਚ ਕੀਤਾ ਹੈ। *ਜਨਮਸਾਖੀ* ਸਾਹਿਤ ਦਾ ਇੱਕ ਗ੍ਰੰਥ ਪੁਰਾਤਨ ਜਨਮ ਸਾਖੀ ਹੈ। ਜਿਸਦਾ ਜ਼ਿਕਰ ਜਨਮਸਾਖੀ ਇੰਦਰਾਜ ਵਿੱਚ *ਮੈਕਾਲਿਫ਼ ਵਾਲੀ ਜਨਮਸਾਖੀ* ਵਜੋਂ ਦਰਜ ਹੈ।[74] ਜਨਮਸਾਖੀਆਂ ਤੋਂ ਇਲਾਵਾ *ਭਾਈ ਗੁਰਦਾਸ ਦੀ ਰਚਨਾ, ਭਾਈ ਨੰਦਲਾਲ ਰਚਨਾਵਲੀ, ਦਰਬਾਰੀ ਕਵੀਆਂ ਦੀ ਰਚਨਾ* ਆਦਿ ਗੁਰੂ ਕਾਲ ਦੇ ਕਾਵਿਕ ਅਤੇ ਵਾਰਤਿਕ ਸਾਹਿਤ ਦੇ ਨਮੂਨੇ ਹਨ ਜਿਨ੍ਹਾਂ ਦਾ ਜਿਕਰ *ਮਹਾਨ ਕੋਸ਼* ਵਿੱਚ ਥਾਂ ਪਰ ਥਾਂ ਹੋਇਆ ਹੈ।

---

[71] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨਕੋਸ਼,* ਭਾਸ਼ਾ ਵਿਭਾਗ, ਪਟਿਆਲਾ, 2006, ਪੰਨਾ 111

[72] ਉਹੀ, ਪੰਨਾ 969

[73] ਉਹੀ, ਪੰਨਾ 636

[74] ਉਹੀ, ਪੰਨਾ 504

ਗੁਰੂ ਗੋਬਿੰਦ ਸਿੰਘ ਦੁਆਰਾ *ਗੁਰੂ ਗ੍ਰੰਥ ਸਾਹਿਬ* ਨੂੰ ਗੁਰਿਆਈ ਦੇਣ ਤੋਂ ਬਾਅਦ ਜੋਤੀ-ਜੋਤ ਸਮਾ ਜਾਣ ਪਿੱਛੋਂ ਸਿੱਖ ਪੰਥ ਦਾ ਦੂਜਾ ਦੌਰ ਸ਼ੁਰੂ ਹੋਇਆ। ਇਹ ਸਿੱਖਾਂ ਦੇ ਇਮਤਿਹਾਨ ਦਾ ਸਮਾਂ ਮੰਨਿਆ ਜਾਂਦਾ ਹੈ। ਇਸ ਸਮੇਂ ਸਰਕਾਰ ਵਲੋਂ ਸਿੱਖਾਂ ਦੇ ਸਿਰਾਂ ਦੇ ਮੁੱਲ ਪਾ ਕੇ ਉਨ੍ਹਾਂ ਨੂੰ ਖਤਮ ਕਰਨ ਦਾ ਭਰਮ ਵੀ ਪਾਲਿਆ ਗਿਆ। ਭਾਈ ਮਨੀ ਸਿੰਘ ਵਰਗਿਆਂ ਦੀਆਂ ਸ਼ਹਾਦਤਾਂ ਇਸ ਸਮੇਂ ਹੋਈਆਂ। ਇਸੇ ਸਮੇਂ ਸਿੱਖਾਂ ਵਿੱਚ ਪ੍ਰਚਾਰਕ ਸੰਸਥਾਵਾਂ ਦੇ ਤੌਰ ਤੇ ਚਾਰ ਸੰਪਰਦਾਵਾਂ ਜਿਨ੍ਹਾਂ ਵਿੱਚ ਉਦਾਸੀ, ਸੇਵਾਪੰਥੀ, ਨਿਰਮਲੇ ਅਤੇ ਗਿਆਨੀ ਆਪਣਾ ਯੋਗਦਾਨ ਪਾਉਂਦੀਆਂ ਰਹੀਆਂ। ਜਿਨ੍ਹਾਂ ਦਾ ਵਿਸ਼ਾਲ ਸਾਹਿਤ ਸਿੱਖ ਪੰਥ ਦਾ ਸਰਮਾਇਆ ਹੈ। ਇਸ ਸਾਹਿਤ ਦੇ ਚਾਰ ਰੂਪ ਬਣਦੇ ਹਨ, ਜਿਨ੍ਹਾਂ ਵਿੱਚ *ਜਨਮਸਾਖੀ ਪਰੰਪਰਾ, ਗੁਰਬਿਲਾਸ, ਰਹਿਤਨਾਮੇ* ਅਤੇ ਟੀਕੇ ਪ੍ਰਮੁੱਖ ਹਨ ਨਾਲ ਜੋੜਿਆ ਜਾਂਦਾ ਹੈ ਅਤੇ *ਨਾਨਕ ਪ੍ਰਕਾਸ਼*[75] ਵਰਗੇ *ਗ੍ਰੰਥ ਬੰਸਾਵਲੀਨਾਮਾ* ਆਦਿ ਗ੍ਰੰਥਾਂ ਨੂੰ ਥਾਂ ਦਿੱਤੀ ਜਾਂਦੀ ਹੈ। ਇਸ ਤੋਂ ਬਾਅਦ ਰਹਿਤਨਾਮਾਂ ਸਾਹਿਤ ਵਿੱਚ ਗੁਰੂ ਗੋਬਿੰਦ ਸਿੰਘ ਦੇ ਪ੍ਰਮੁੱਖ ਸਿੱਖਾਂ ਭਾਈ ਨੰਦ ਲਾਲ, ਭਾਈ ਦਇਆ ਸਿੰਘ, ਭਾਈ ਚੌਪਾ ਸਿੰਘ ਆਦਿ ਨਾਲ ਜੁੜੇ ਰਹਿਤਨਾਮਿਆਂ ਤੋਂ ਇਲਾਵਾ *ਪ੍ਰੇਮ ਸੁਮਾਰਗ* ਵਰਗੇ ਗ੍ਰੰਥਾਂ ਨੂੰ ਰੱਖਿਆ ਜਾਂਦਾ ਹੈ। ਟੀਕਾ ਸਾਹਿਤ ਵਿੱਚ ਗੁਰਬਾਣੀ ਦੇ ਟੀਕੇ ਸ਼ਾਮਿਲ ਹਨ। ਇੱਥੇ ਇਹ ਗੱਲ ਕਹਿਣੀ ਜ਼ਰੂਰੀ ਹੈ ਕਿ ਇਹ ਕੋਈ ਪੱਕੀ ਵੰਡ ਨਹੀਂ ਹੈ। ਸੰਪੂਰਣ ਸਾਹਿਤ ਵਿੱਚ ਸਾਖੀ, ਰਹਿਤ, ਟੀਕਾ ਅਤੇ ਇਤਿਹਾਸ ਦੇ ਅੰਸ਼ ਮਿਲ ਜਾਂਦੇ ਹਨ। ਸਿਰਫ਼ ਅਧਿਐਨ ਦੀ ਸੌਖ ਨੂੰ ਮੁੱਖ ਰੱਖ ਕੇ ਉਪਰੋਕਤ ਵੰਡ ਕੀਤੀ ਜਾਂਦੀ ਹੈ।

*ਮਹਾਨ ਕੋਸ਼* ਵਿੱਚ ਇਸ ਸਾਰੇ ਸਾਹਿਤ ਦੀ ਜਾਣਕਾਰੀ ਉਸਦੇ ਲੇਖਕਾਂ ਜਾਂ ਗ੍ਰੰਥਾਂ ਦੇ ਨਾਵਾਂ ਤੇ ਦਿੱਤੇ ਇੰਦਰਾਜਾਂ ਦੇ ਰੂਪ ਵਿੱਚ ਮਿਲਦੀ ਹੈ। ਜਿਵੇਂ: 'ਜਨਮਸਾਖੀ' ਇੰਦਰਾਜ ਵਿੱਚ ਕੁਝ

---

[75] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨਕੋਸ਼,* ਭਾਸ਼ਾ ਵਿਭਾਗ, ਪਟਿਆਲਾ, 2006, ਪੰਨਾ 244

ਜਨਮਸਾਖੀਆਂ ਦੀ ਜਾਣਕਾਰੀ, 'ਸੰਤੋਖ ਸਿੰਘ' ਇੰਦਰਾਜ ਵਿੱਚ ਉਨ੍ਹਾਂ ਦੁਆਰੇ ਲਿਖੇ ਗ੍ਰੰਥਾਂ ਦੀ ਜਾਣਕਾਰੀ, '*ਗੁਰਪ੍ਰਤਾਪ ਸੂਰਯ*' ਇੰਦਰਾਜ ਵਿੱਚ ਇਸ ਗ੍ਰੰਥ ਦੀ ਜਾਣਕਾਰੀ ਮੁਹੱਈਆ ਕਰਵਾਈ ਗਈ ਹੈ।

**ਸਿੱਖ ਰਹਿਤ ਮਰਯਾਦਾ**

ਰਹਿਤ ਮਰਯਾਦਾ ਕਿਸੇ ਵੀ ਜਥੇਬੰਦੀ ਦਾ ਜਾਂ ਧਰਮ ਦਾ ਵਿਸ਼ੇਸ਼ ਹਿੱਸਾ ਹੁੰਦੀ ਹੈ। ਧਰਮ ਦਾ ਬਾਹਰੀ ਰੂਪ ਰਹਿਤ ਮਰਯਾਦਾ ਹੀ ਨਿਰਧਾਰਿਤ ਕਰਦੀ ਹੈ। ਇਸ ਦਾ ਭਾਵ ਹੈ ਕਿ ਧਾਰਮਿਕ ਲੋਕਾਂ ਦਾ ਸਰੂਪ ਧਰਮ ਦੇ ਰਹਿਬਰਾਂ ਦੁਆਰਾ ਦਿੱਤੇ ਗਏ ਉਪਦੇਸ਼ਾਂ ਵਿੱਚੋਂ ਜਾਂ ਇਤਿਹਾਸ ਦੇ ਵੱਖ-ਵੱਖ ਪੜਾਵਾਂ ਵਿੱਚੋਂ ਸਿਰਜੇ ਹੋਏ ਨਿਯਮਾਂ ਦੁਆਰਾ ਨਿਰਧਾਰਿਤ ਹੋ ਜਾਂਦਾ ਹੈ। ਇਹ ਨਿਯਮ ਸਿੱਖਾਂ ਦੀ ਭਾਸ਼ਾ ਵਿੱਚ ਰਹਿਤ ਮਰਯਾਦਾ ਅਖਵਾਉਂਦੇ ਹਨ। ਸਿੱਖ ਪੰਥ ਨੇ ਆਪਣੀ ਰਹਿਤ ਮਰਯਾਦਾ ਪਾਸ ਕੀਤੀ ਹੋਈ ਹੈ ਜਿਸਦਾ ਇੱਕ ਲੰਬਾ ਇਤਿਹਾਸ ਹੈ। ਜੇਕਰ ਇਸਦੀ ਗੱਲ ਕੀਤੀ ਜਾਵੇ ਤਾਂ ਰਹਿਤ ਮਰਯਾਦਾ ਦੇ ਪਿਛੋਕੜ ਵਿੱਚ ਕਾਫ਼ੀ ਸਰੋਤ ਮਿਲ ਜਾਂਦੇ ਹਨ, ਜਿਨ੍ਹਾਂ ਨੇ ਰਹਿਤ ਮਰਯਾਦਾ ਦੇ ਖਰੜੇ ਵਿੱਚ ਦੀ ਸ਼ਬਦਾਵਲੀ ਬਣਾਉਣ ਵਿੱਚ ਸਹਾਇਤਾ ਕੀਤੀ ਹੈ।

ਭਾਈ ਕਾਨ੍ਹ ਸਿੰਘ ਨਾਭਾ ਨੇ ਰਹਿਤਨਾਮਾ ਇੰਦਰਾਜ ਅਧੀਨ ਰਹਿਤਨਾਮੇ ਦੀ ਪਰਿਭਾਸ਼ਾ ਦਿੱਤੀ ਹੈ। ਉਨ੍ਹਾਂ ਅਨੁਸਾਰ ਉਹ ਪੁਸਤਕ ਜਿਸ ਵਿੱਚ ਸਿੱਖ ਧਰਮ ਦੇ ਨਿਯਮਾਂ ਅਨੁਸਾਰ ਰਹਿਣ ਦੀ ਰੀਤ ਦੱਸੀ ਹੋਵੇ; ਰਹਿਤਨਾਮਾ ਕਹਾਉਂਦਾ ਹੈ।[76] ਕੋਸ਼ ਅਨੁਸਾਰ ਵੱਖ-ਵੱਖ ਇੰਦਰਾਜਾਂ ਦੇ ਆਧਾਰ ਤੇ ਅਸੀਂ ਸਿੱਖ ਰਹਿਤ ਮਰਯਾਦਾ ਦਾ ਅਧਿਐਨ ਇਸ ਤਰ੍ਹਾਂ ਕਰ ਸਕਦੇ ਹਾਂ:

1. ਸ੍ਰੋਤ

---

[76] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨਕੋਸ਼,* ਭਾਸ਼ਾ ਵਿਭਾਗ, ਪਟਿਆਲਾ, 2006, ਪੰਨਾ 1015

2. ਸਿੱਖ ਦੀ ਪਰਿਭਾਸ਼ਾ

3. ਸਖਸ਼ੀ ਤੇ ਪੰਥਕ ਰਹਿਣੀ ਆਦਿ

**ਸ੍ਰੋਤ**

ਸਿੱਖ ਰਹਿਤ ਮਰਯਾਦਾ ਨੂੰ ਨਿਰਧਾਰਿਤ ਕਰਨ ਲਈ ਸਾਰੇ ਇਤਿਹਾਸਿਕ ਤੇ ਧਾਰਮਿਕ ਗ੍ਰੰਥ ਕਾਫ਼ੀ ਸਹਾਇਕ ਹਨ ਜੋ ਵਰਤਮਾਨ ਰਹਿਤ ਮਰਯਾਦਾ ਦਾ ਸਰੋਤ ਕਹੇ ਜਾ ਸਕਦੇ ਹਨ। *ਮਹਾਨ ਕੋਸ਼* ਵਿੱਚ ਰਹਿਤ ਮਰਯਾਦਾ ਦੇ ਸ੍ਰੋਤਾਂ ਵਜੋਂ ਗੁਰਬਾਣੀ, *ਭਾਈ ਗੁਰਦਾਸ ਦੀ ਬਾਣੀ, ਨੰਦ ਲਾਲ ਜੀ ਦੀ ਰਚਨਾਂ, ਸਰਬਲੋਹ ਪ੍ਰਕਾਸ਼, ਤਨਖ਼ਾਹਨਾਮਾ, ਚੌਪਾ ਸਿੰਘ ਦਾ ਰਹਿਤਨਾਮਾ, ਪ੍ਰਹਿਲਾਦ ਸਿੰਘ ਦਾ ਰਹਿਤਨਾਮਾ, ਪ੍ਰੇਮ ਸੁਮਾਰਗ, ਪ੍ਰਸ਼ਨ-ਉੱਤਰ ਭਾਈ ਨੰਦ ਲਾਲ ਦਾ, ਦੇਸਾ ਸਿੰਘ ਦਾ ਰਹਿਤਨਾਮਾ, ਦਇਆ ਸਿੰਘ ਜੀ ਦਾ ਰਹਿਤਨਾਮਾ, ਸੰਗਤ ਦਾ ਪ੍ਰਸ਼ਨ ਵਾਜਬੁਲਅਰਜ਼, ਮਹਿਮਾ ਪ੍ਰਕਾਸ਼, ਗੁਰਬਿਲਾਸ ਭਾਈ ਸੁੱਖਾ ਸਿੰਘ ਦਾ, ਗੁਰਪ੍ਰਤਾਪ ਸੂਰਜ* ਆਦਿ।[77] ਇਸ ਤੋਂ ਇਲਾਵਾ ਪੰਡਤ ਭਗਵਾਨ ਸਿੰਘ ਜਾਂ ਹੋਰ ਸਿੱਖ ਵਿਦਵਾਨਾਂ ਦੁਆਰਾ ਲਿਖੇ *ਵਿਵੇਕਵਾਰ* ਵਰਗੇ ਰਹਿਤਨਾਮਿਆਂ ਦੇ ਸੰਗ੍ਰਹਿ ਵੀ ਸਿੱਖ ਰਹਿਤ ਮਰਯਾਦਾ ਦੇ ਸ੍ਰੋਤ ਮੰਨੇ ਜਾ ਸਕਦੇ ਹਨ।

**ਸਿੱਖ ਦੀ ਪਰਿਭਾਸ਼ਾ**

ਰਹਿਤ ਮਰਯਾਦਾ ਨਿਰਧਾਰਤ ਕਰਨ ਤੋਂ ਪਹਿਲਾਂ ਇਹ ਵਿਚਾਰਨਾ ਜ਼ਰੂਰੀ ਹੁੰਦਾ ਹੈ ਕਿ ਜਿਸ ਮਨੁੱਖ ਲਈ ਉਹ ਨਿਰਧਾਰਿਤ ਕੀਤੀ ਜਾ ਰਹੀ ਹੈ ਉਸਦੀ ਪਰਿਭਾਸ਼ਾ ਕੀ ਹੈ ਜਾਂ ਉਹ ਕੌਣ ਹੈ। ਇਸ ਲਈ ਜ਼ਰੂਰੀ ਬਣਦਾ ਹੈ ਕਿ ਪਹਿਲਾਂ ਸਿੱਖ ਦੀ ਇੱਕ ਨਿਸ਼ਚਿਤ ਪਰਿਭਾਸ਼ਾ ਕਰ ਲਈ ਜਾਵੇ। ਭਾਈ ਸਾਹਿਬ ਨੇ “ਸਿੱਖ", “ਸਿੱਖ ਧਰਮ" ਆਦਿ ਇੰਦਰਾਜਾਂ ਵਿੱਚ ਸਿੱਖ ਦੀ ਪਰਿਭਾਸ਼ਾ

---

[77] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨਕੋਸ਼,* ਭਾਸ਼ਾ ਵਿਭਾਗ, ਪਟਿਆਲਾ, 2006, ਪੰਨਾ 1015

ਦਿੱਤੀ ਹੈ। ਉਨ੍ਹਾਂ ਅਨੁਸਾਰ ਸਿੱਖ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਨੁਗਾਮੀ ਜਿਸ ਨੇ ਸਤਿਗੁਰੂ ਨਾਨਕ ਦੇਵ ਜੀ ਦਾ ਸਿੱਖ ਧਰਮ ਧਾਰਣ ਕੀਤਾ ਹੈ। ਜੋ ਸ੍ਰੀ *ਗੁਰੂ ਗ੍ਰੰਥ ਸਾਹਿਬ* ਆਪਣਾ ਧਰਮ ਗ੍ਰੰਥ ਮੰਨਦਾ ਹੈ ਅਤੇ ਦਸ ਸਤਿਗੁਰਾਂ ਨੂੰ ਇੱਕ ਰੂਪ ਜਾਣਦਾ ਹੈ।[78] ਲਗਭਗ ਇਹੀ ਪਰਿਭਾਸ਼ਾ ਸਿੱਖ ਰਹਿਤ ਮਰਯਾਦਾ ਨਾਮੀ ਪੁਸਤਕ ਵਿੱਚ ਵੀ ਦਿੱਤੀ ਗਈ ਹੈ।

**ਸਖਸ਼ੀ ਰਹਿਣੀ**

ਸਿੱਖ ਰਹਿਤ ਮਰਯਾਦਾ ਵਿੱਚ ਸਖ਼ਸ਼ੀ ਰਹਿਣੀ ਦੇ ਤਿੰਨ ਪੱਖ ਦੱਸੇ ਹਨ ਜਿਵੇਂ: 1. ਨਾਮ ਬਾਣੀ ਦਾ ਅਭਿਆਸ, 2. ਗੁਰਮਤਿ ਦੀ ਰਹਿਣੀ ਅਤੇ 3. ਸੇਵਾ। ਜਿਨ੍ਹਾਂ ਵਿੱਚ ਸਭ ਤੋਂ ਪਹਿਲਾਂ ਨਾਮ ਬਾਣੀ ਦਾ ਅਭਿਆਸ ਆ ਜਾਂਦਾ ਹੈ। ਇਸ ਲਈ ਨਿਸ਼ਚਿਤ ਹੈ ਕਿ ਸਿੱਖ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰੇ ਅਤੇ ਅਕਾਲ ਪੁਰਖ ਦਾ ਧਿਆਨ ਕਰਦਾ ਹੋਇਆ ਵਾਹਿਗੁਰੂ ਨਾਮ ਜਪੇ। ਉਸ ਤੋਂ ਬਾਅਦ ਨਿਤਨੇਮ ਦਾ ਪਾਠ ਕਰੇ। ਨਿਤਨੇਮ ਵਿੱਚ ਜਪੁ, ਜਾਪੁ ਅਤੇ 10 ਸਵੱਯੇ (ਸ੍ਰਾਵਗ ਸੁਧ ਵਾਲੇ) ਸ਼ਾਮਿਲ ਕੀਤੇ ਹਨ। ਸ਼ਾਮ ਨੂੰ ਸੋਦਰੁ, ਰਹਿਰਾਸ ਪੜਨ ਦਾ ਵਿਧਾਨ ਹੈ, ਜਿਸ ਵਿੱਚ ਸੋਦਰੁ ਤੋਂ ਲੈ ਕੇ ਸ਼ਰਣਿ ਪਰੇ ਕੀ ਰਾਖੋ ਸਰਮਾ ਤੱਕ ਸ੍ਰੀ *ਗੁਰੂ ਗ੍ਰੰਥ ਸਾਹਿਬ* ਵਿੱਚ ਲਿਖੇ ਸ਼ਬਦ ਬੇਨਤੀ ਚੌਪਈ ਪਾਤਿਸ਼ਾਹੀ ਦਸਵੀਂ, ਸ੍ਵੈਯਾ ਅਤੇ ਦੋਹਰਾ ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਅਤੇ ਅੰਤਲੀ ਪਉੜੀ, ਮੁੰਦਾਵਣੀ ਤੇ ਸਲੋਕ ਮਹਲਾ ਪੰਜਵਾਂ ਨਿਸ਼ਚਿਤ ਹਨ ਅਤੇ ਰਾਤ ਨੂੰ ਸੌਣ ਲੱਗੇ ਸੋਹਿਲਾ ਬਾਣੀ ਪੜ੍ਹਨ ਦਾ ਵਿਧਾਨ ਹੈ। ਇਸ ਤੋਂ ਇਲਾਵਾ ਸਵੇਰੇ ਸ਼ਾਮ ਦੇ ਨਿਤਨੇਮ ਤੋਂ ਬਾਅਦ ਅਰਦਾਸ ਕਰਨੀ ਜ਼ਰੂਰੀ ਹੈ।[79]

---

[78] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨਕੋਸ਼,* ਭਾਸ਼ਾ ਵਿਭਾਗ, ਪਟਿਆਲਾ, 2006, ਪੰਨਾ 192

[79] ਪ੍ਰਿੰ. ਤੇਜਾ ਸਿੰਘ, *ਸਿੱਖ ਰਹਿਤ ਮਰਯਾਦਾ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2015, ਪੰਨਾ 9-10

ਉਪਰੋਕਤ ਸਾਰਾ ਵਿਧਾਨ *ਮਹਾਨ ਕੋਸ਼* ਦੇ ਵੱਖ-ਵੱਖ ਇੰਦਰਾਜਾਂ ਵਿੱਚ ਮਿਲਦਾ ਹੈ। ਜਿਵੇਂ ਨਿਤਯਨੇਮ ਇੰਦਰਾਜ ਵਿੱਚ ਨਿਤਨੇਮ ਦੀ ਪਰਿਭਾਸ਼ਾ[80] ਨਾਮਿ, ਨਾਮੀ ਅਤੇ ਨਾਮੁ ਇੰਦਰਾਜਾਂ[81] ਦੇ ਵਿੱਚ ਦੇਣ ਤੋਂ ਇਲਾਵਾ ਨਾਮ ਦਾਨ ਇਸ਼ਨਾਨ ਇੰਦਰਾਜ ਅਧੀਨ ਵਿਸ਼ੇਸ਼ ਰੂਪ ਵਿੱਚ ਦਿੱਤੀ ਹੈ। ਜਿਸ ਵਿੱਚ ਨਾਮ ਤੋਂ ਭਾਵ ਪਰਮ ਪਿਤਾ ਅਕਾਲ ਨੂੰ ਸਵਾਸ-ਸਵਾਸ ਸਿਮਰਨ ਕਰਨਾਂ ਅਤੇ ਉਸ ਨੂੰ ਅੰਤਰਯਾਮੀ, ਸਰਬਵਿਆਪੀ ਮੰਨ ਕੇ ਵਿਕਾਰਾਂ ਤੋਂ ਰੋਕਣਾ ਆਦਿ ਵਿਚਾਰ ਗੁਰਬਾਣੀ ਦੇ ਹਵਾਲੇ ਦੇ ਕੇ ਪ੍ਰਗਟ ਕੀਤੇ ਗਏ ਹਨ।[82]

ਨਿਤਨੇਮ ਦੀਆਂ ਬਾਣੀਆਂ ਸੰਬੰਧੀ ਵੱਖ-ਵੱਖ ਇੰਦਰਾਜ ਜਿਵੇਂ ਜਪੁ, ਜਿਸ ਵਿੱਚ ਜਪੁ ਬਾਣੀ ਬਾਰੇ ਦੱਸਣ ਤੋਂ ਇਲਾਵਾ ਇਸ ਨੂੰ ਸਿੱਖਾਂ ਦੇ ਨਿਤਨੇਮ ਦਾ ਮੂਲ ਦੱਸਿਆ ਹੈ।[83] ਫਿਰ ਜਾਪੁ ਨਾਮੀ ਇੰਦਰਾਜ ਵਿੱਚ ਜਾਪੁ ਬਾਣੀ ਦੀ ਨਿਤਨੇਮ ਦੀ ਬਾਣੀ ਵੱਜੋਂ ਦਰਸਾਇਆ ਗਿਆ ਹੈ।[84] ਇਸ ਤੋਂ ਬਾਅਦ ਰਹਿਤ ਮਰਯਾਦਾ ਵਿੱਚ ਦਰਸਾਈਆਂ ਬਾਣੀਆਂ ਦੇ ਇੰਦਰਾਜ ਥਾਂ-ਥਾਂ ਦੇ ਕੇ ਨਾਲ ਇਹ ਸੂਚਨਾ ਦਿੱਤੀ ਹੈ ਕਿ ਇਹ ਸਿੱਖਾਂ ਦੇ ਨਿਤਨੇਮ ਦੀਆਂ ਬਾਣੀਆਂ ਹਨ।

ਅਰਦਾਸ ਨਾਮੀ ਇੰਦਰਾਜ ਵਿੱਚ ਅਰਦਾਸ ਦੇ ਅਰਥ ਦੱਸ ਕੇ ਇਹ ਦੱਸਿਆ ਗਿਆ ਹੈ ਕਿ ਇਹ ਨਿੱਤਨੇਮ ਦੀ ਬਾਣੀ ਦਾ ਪਾਠ ਕਰਨ ਤੋਂ ਬਾਅਦ ਅਤੇ ਹੋਰ ਅਨੇਕ ਕਾਰਜਾਂ ਦੀ ਪੂਰਤੀ ਲਈ ਅਕਾਲ ਪੁਰਖ ਅੱਗੇ ਦੋਵੇਂ ਹੱਥ ਜੋੜ ਕੇ ਖੜੇ ਹੋਣ ਦੀ ਕਿਰਿਆ ਨਾਲ ਕੀਤੀ ਜਾਂਦੀ ਹੈ। *ਮਹਾਨ ਕੋਸ਼*

---

[80] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨਕੋਸ਼,* ਭਾਸ਼ਾ ਵਿਭਾਗ, ਪਟਿਆਲਾ, 2006, ਪੰਨਾ 707

[81] ਉਹੀ, ਪੰਨਾ 698

[82] ਉਹੀ, ਪੰਨਾ 697

[83] ਉਹੀ, ਪੰਨਾ 506

[84] ਉਹੀ, ਪੰਨਾ 520

ਲਿਖਣ ਵੇਲੇ ਰਹਿਤ ਮਰਯਾਦਾ ਦਾ ਅਜੋਕਾ ਸਰੂਪ ਹੋਂਦ ਵਿੱਚ ਨਾ ਹੋਣ ਕਰਕੇ ਇਸ ਅਰਦਾਸ ਦਾ ਸਰੂਪ ਸ਼ਾਮਿਲ ਨਹੀਂ ਕੀਤਾ ਗਿਆ।[85]

ਸਿੱਖ ਰਹਿਤ ਮਰਯਾਦਾ ਵਿੱਚ ਅਰਦਾਸ ਤੋਂ ਬਾਅਦ ਗੁਰਦੁਆਰਿਆਂ, ਗੁਰਦੁਆਰਿਆਂ ਦੀ ਪਰਿਭਾਸ਼ਾ, ਕੀਰਤਨ ਕਰਨ ਦਾ ਵਿਧਾਨ, ਸਾਧਾਰਨ ਪਾਠ, ਅਖੰਡ ਪਾਠ, ਭੋਗ, ਗੁਰਬਾਣੀ ਦੀ ਕਥਾ ਆਦਿ ਬਾਰੇ ਦੱਸਿਆ ਗਿਆ ਹੈ। *ਮਹਾਨ ਕੋਸ਼* ਨੇ ਇਨ੍ਹਾਂ ਨਾਵਾਂ ਦੇ ਇੰਦਰਾਜ ਦੀ ਵਿਆਖਿਆ ਥਾਂ-ਥਾਂ ਕੀਤੀ ਹੈ।

**ਗੁਰਮਤਿ ਦੀ ਰਹਿਣੀ**

ਇਸ ਵਿੱਚ ਸਿੱਖ ਰਹਿਤ ਮਰਯਾਦਾ ਨੇ ਸਿੱਖ ਨੂੰ ਕੇਵਲ ਅਕਾਲ ਪੁਰਖ ਦੀ ਉਪਾਸਨਾ, *ਗੁਰੂ ਗ੍ਰੰਥ ਸਾਹਿਬ* ਅਤੇ ਗੁਰੂ ਸਾਹਿਬਾਨ ਦੀ ਬਾਣੀ ਨੂੰ ਮੰਨਣਾ, ਦਸ ਗੁਰੂ ਸਾਹਿਬਾਨ ਨੂੰ ਇੱਕ ਜੋਤ ਕਰਕੇ ਜਾਨਣਾ ਜਾਤਿ-ਪਾਤਿ ਅਤੇ ਵਹਿਮਾਂ ਭਰਮਾਂ ਆਦਿ ਦਾ ਨਿਸ਼ੇਧ ਅਨਮਤਾਂ ਦੇ ਗ੍ਰੰਥਾਂ ਉੱਤੇ ਨਿਸ਼ਚਯ ਨਾ ਕਰਨਾਂ ਸਾਰੇ ਮਤਾਂ ਤੋਂ ਨਿਆਰਾ ਰਹਿਣਾ ਪ੍ਰੰਤੂ ਕਿਸੇ ਦਾ ਦਿਲ ਨਾ ਦੁਖਾਉਣਾ, ਹਰ ਕੰਮ ਤੋਂ ਪਹਿਲਾਂ ਵਾਹਿਗੁਰੂ ਅੱਗੇ ਅਰਦਾਸ ਕਰਨੀ ਸੰਤਾਨ ਨੂੰ ਗੁਰਮੁਖੀ ਪੜਾਉਣਾ ਅਤੇ ਆਪ ਪੜਨਾ ਲੜਕੇ ਦਾ ਨਾਮ ਸਿੰਘ ਅਤੇ ਲੜਕੀ ਦਾ ਨਾਮ ਕੌਰ ਨਾਲ ਰੱਖਣਾ ਉਨ੍ਹਾਂ ਦੇ ਕੇਸ ਰੱਖਣੇ, ਭੰਗ, ਅਫੀਮ, ਸ਼ਰਾਬ, ਤਮਾਕੂ ਆਦਿ ਨਸ਼ਿਆਂ ਦੇ ਸੇਵਨ ਤੋਂ ਗੁਰੇਜ, ਨੱਕ, ਕੰਨ ਛੇਦਣ ਦੀ ਮਨਾਹੀ, ਕੁੜੀ ਮਾਰ ਨਾਲ ਨਾਂ ਵਰਤਣਾ ਆਦਿਕ ਵਿਧਾਨ ਕੀਤੇ ਹਨ।

ਕੋਸ਼ਕਾਰ ਨੇ ਸਿੱਖ ਧਰਮ ਨਾਂ ਦੇ ਇੰਦਰਾਜ ਵਿੱਚ ਉਪਰੋਕਤ ਵਿਚਾਰਾਂ ਨੂੰ ਥੋੜੇ ਬਹੁਤ ਫ਼ਰਕ ਨਾਲ ਦਰਜ ਕੀਤਾ ਹੈ। ਇਸ ਵਿੱਚ ਵੀ ਉਨ੍ਹਾਂ ਨੇ ਸਿੱਖ ਦੇ ਆਚਰਣ ਨੂੰ ਕੌਮੀ ਅਤੇ ਸਖ਼ਸ਼ੀ ਵਿੱਚ

---

[85] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨਕੋਸ਼,* ਭਾਸ਼ਾ ਵਿਭਾਗ, ਪਟਿਆਲਾ, 2006, ਪੰਨਾ 81

ਵੰਡਿਆ ਹੈ। ਜਿਸ ਵਿੱਚ ਸਖ਼ਸ਼ੀ ਆਚਰਣ ਦੇ ਮੋਟੇ ਨਿਯਮ ਵਾਹਿਗੁਰੂ ਨਾਲ ਲਿਵ ਜੋੜਕੇ ਸਿਮਰਨ ਕਰਨਾਂ, ਗੁਰਬਾਣੀ ਦਾ ਪਾਠ, ਸਿਧਾਂਤ ਵਿਚਾਰ ਨਾਲ ਨਿੱਤ ਕਰਨਾ, ਵਹਿਮਾਂ ਭਰਮਾਂ ਦਾ ਤਿਆਗ ਕਰਨਾ ਆਦਿ ਬਾਰੇ ਦੱਸਿਆ ਹੈ।[86]

ਰਹਿਤ ਮਰਯਾਦਾ ਨੇ ਤਿੰਨ ਸੰਸਕਾਰਾਂ ਜਨਮ ਅਤੇ ਨਾਮ, ਅਨੰਦ ਅਤੇ ਮ੍ਰਿਤਕ ਸੰਸਕਾਰ ਦਾ ਵਿਧਾਨ ਸਿੱਖ ਲਈ ਕੀਤਾ ਹੈ। ਦੂਜੇ ਪਾਸੇ *ਮਹਾਨ ਕੋਸ਼* ਵਿੱਚ ਸੰਸਕਾਰ ਇੰਦਰਾਜ ਵਿੱਚ ਇਨ੍ਹਾਂ ਤਿੰਨ ਸੰਸਕਾਰਾਂ ਨੂੰ ਜਨਮ, ਅੰਮ੍ਰਿਤ, ਵਿਆਹ ਆਦਿ ਸੰਸਕਾਰਾਂ ਵਜੋਂ ਸ਼ਾਮਿਲ ਕੀਤਾ ਹੈ।[87] ਭਾਵੇਂ ਅੱਗੇ ਜਾ ਕੇ ਇਨ੍ਹਾਂ ਸੰਸਕਾਰਾਂ ਦੀ ਪ੍ਰਕਾਰ ਵੰਡ ਉੱਤਮ, ਮੱਧਮ ਅਤੇ ਨਖਿੱਧ ਸੰਸਕਾਰਾਂ ਵਜੋਂ ਕੀਤੀ ਹੈ। ਜਿਸਦੀ ਸਿੱਖ ਰਹਿਤ ਮਰਯਾਦਾ ਦੇ ਖਰੜੇ ਵਿੱਚ ਜ਼ਰੂਰਤ ਨਹੀਂ।

**ਪੰਥਕ ਰਹਿਣੀ**

ਸਿੱਖ ਰਹਿਤ ਮਰਯਾਦਾ ਅਨੁਸਾਰ ਗੁਰੂ ਪੰਥ ਅੰਮ੍ਰਿਤ ਸੰਸਕਾਰ ਤਨਖਾਹ ਲਾਉਣ ਦੀ ਵਿਧੀ, ਗੁਰਮਤਾ ਕਰਨ ਦੀ ਵਿਧੀ, ਸਥਾਨਕ ਫੈਂਸਲਿਆਂ ਦੀ ਅਪੀਲ ਆਦਿ ਗੱਲਾਂ ਸ਼ਾਮਿਲ ਕੀਤੀਆਂ ਗਈਆਂ ਹਨ। *ਮਹਾਨ ਕੋਸ਼* ਵਿੱਚ ਪੰਥਕ ਰਹਿਣੀ ਨੂੰ ਕੌਮੀ ਜਾਂ ਪੰਥਕ ਰਹਿਣੀ[88] ਕਿਹਾ ਗਿਆ ਹੈ। ਇਸ ਵਿੱਚ ਜਥੇਬੰਦੀ ਦੇ ਨਿਯਮਾਂ ਵਿੱਚ ਪੱਕਿਆਂ ਰਹਿਣਾ, ਪੰਥ ਦੀ ਗੁਰੂ ਰੂਪ ਸਮਝ ਕੇ ਸਹਾਇਤਾ ਕਰਨੀ ਗੁਰਮਤਿ ਦਾ ਪ੍ਰਚਾਰ ਕਰਨਾ ਅਤੇ ਨਾਨਕ ਪੰਥੀਆਂ ਭਾਵੇਂ ਉਹ ਕਿਸੇ ਵੀ ਰੂਪ ਵਿੱਚ ਹੋਣ ਦਾ ਭਲਾ ਲੋਚਣਾ ਆਦਿ ਵਿਚਾਰ ਅੰਕਿਤ ਕੀਤੇ ਗਏ ਹਨ। ਇਸ ਤੋਂ ਇਲਾਵਾ ਅੰਮ੍ਰਿਤ ਸੰਸਕਾਰ ਦੀ ਪੂਰੀ

---

[86] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨਕੋਸ਼,* ਭਾਸ਼ਾ ਵਿਭਾਗ, ਪਟਿਆਲਾ, 2006, ਪੰਨਾ 193

[87] ਉਹੀ, ਪੰਨਾ 235

[88] ਉਹੀ, ਪੰਨਾ 193

ਰੀਤ ਜੋ ਲਗਭਗ ਰਹਿਤ ਮਰਯਾਦਾ ਨਾਲ ਮਿਲਦੀ ਹੈ ਦਾ ਵਰਣਨ ਹੈ।[89] ਇਸ ਤੋਂ ਬਾਅਦ ਤਨਖਾਹ ਲਾਉਣ ਦਾ ਵੇਰਵਾ ਭਾਵੇਂ ਕੋਸ਼ ਵਿੱਚ ਨਹੀਂ ਦਿੱਤਾ ਪਰੰਤੂ ਫਿਰ ਵੀ ਤਨਖਾਈਆਂ[90] ਨਾਂ ਦੇ ਇੰਦਰਾਜ ਹੇਠਾਂ ਤਨਖਾਹ ਯੋਗ ਵਿਅਕਤੀ ਦੀ ਪਰਿਭਾਸ਼ਾ ਦਿੱਤੀ ਹੈ। ਗੁਰਮਤਾ ਨਾਮੀਂ ਇੰਦਰਾਜ ਵਿੱਚ ਗੁਰਮਤੇ ਦਾ ਕੀ ਵਿਧਾਨ ਹੋਣਾ ਚਾਹੀਦਾ ਹੈ ਇਸ ਬਾਰੇ ਚਾਨਣਾ ਨਹੀਂ ਪਾਇਆ।[91]

ਉਪਰੋਕਤ ਵਿਚਾਰ ਚਰਚਾ ਤੋਂ ਸਾਡੇ ਸਾਹਮਣੇ ਕੁਝ ਗੱਲਾਂ ਵਿਸ਼ੇਸ਼ ਰੂਪ ਵਿੱਚ ਆਉਂਦੀਆਂ ਹਨ ਜਿਵੇਂ: 1. *ਮਹਾਨ ਕੋਸ਼* ਅਤੇ ਸਿੱਖ ਰਹਿਤ ਮਰਯਾਦਾ ਪਾਸ ਹੋਣ ਦੇ ਸਮੇਂ ਦਾ ਅੰਤਰਾਲ ਹੋਣ ਦੇ ਬਾਵਜੂਦ ਇਹ ਗ੍ਰੰਥ ਰਹਿਤ ਮਰਯਾਦਾ ਦਾ ਸਰੋਤ ਹੋ ਨਿੱਬੜਦਾ ਹੈ। 2. ਇਸਦੇ ਇੰਦਰਾਜਾਂ ਅਤੇ ਰਹਿਤ ਮਰਯਾਦਾ ਦੇ ਨਿਯਮਾਂ ਵਿੱਚ ਸਿਰਫ਼ ਸ਼ਬਦਾਵਲੀ ਦਾ ਹੀ ਫ਼ਰਕ ਜਾਪਦਾ ਹੈ। ਸਭ ਤੋਂ ਵੱਡੀ ਗੱਲ ਹੈ ਕਿ ਭਾਈ ਕਾਨ੍ਹ ਸਿੰਘ ਨਾਭਾ ਰਹਿਤ ਮਰਯਾਦਾ ਦਾ ਖਰੜਾ ਤਿਆਰ ਕਰਨ ਵਾਲੀ ਕਮੇਟੀ ਦੇ ਮੈਂਬਰਾਂ ਵਿੱਚੋਂ ਇੱਕ ਸਨ।

### ਸਿੱਖ ਸੰਸਥਾਵਾਂ

ਸੰਸਥਾਵਾਂ ਕਿਸੇ ਵੀ ਜਥੇਬੰਦੀ ਦੀ ਨੀਂਹ ਹੁੰਦੀਆਂ ਹਨ। ਸੰਸਥਾ ਦੇ ਪਿੱਛੇ ਇੱਕ ਵੱਡਾ ਇਤਿਹਾਸ ਕਾਰਜਸ਼ੀਲ ਹੁੰਦਾ ਹੈ। ਸਿੱਖ ਧਰਮ ਵਿੱਚ ਮੁੱਖ ਸੰਸਥਾਵਾਂ ਗੁਰੂ, ਸੰਗਤ, ਪੰਗਤ ਅਤੇ ਗੁਰਦੁਆਰੇ ਹਨ। ਇਨ੍ਹਾਂ ਨੂੰ ਸਿੱਖ ਧਰਮ ਦੇ ਥੰਮ ਵੀ ਕਿਹਾ ਜਾ ਸਕਦਾ ਹੈ। ਜੇਕਰ ਇਸ ਧਰਮ ਦਾ ਇਤਿਹਾਸਕ ਵਿਕਾਸ ਦੇਖਣਾ ਹੋਵੇ ਤਾਂ ਇਨ੍ਹਾਂ ਸੰਸਥਾਵਾਂ ਦਾ ਵਿਕਾਸ ਧਰਮ ਦਾ ਵਿਕਾਸ ਵੀ ਮੰਨਿਆ ਜਾ ਸਕਦਾ ਹੈ।

---

[89] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨਕੋਸ਼,* ਭਾਸ਼ਾ ਵਿਭਾਗ, ਪਟਿਆਲਾ, 2006, ਪੰਨਾ 77

[90] ਉਹੀ, ਪੰਨਾ 574

[91] ਉਹੀ, ਪੰਨਾ 420

**ਗੁਰੂ ਸੰਸਥਾ**

ਇਹ ਸੰਸਥਾ ਦਾ ਆਰੰਭ ਗੁਰੂ ਨਾਨਕ ਦੇਵ ਜੀ ਤੋਂ ਹੋਇਆ ਭਾਵੇਂ ਸਿੱਖ ਧਰਮ ਦੇ ਹਰੇਕ ਪਹਿਲੂ ਦਾ ਆਰੰਭ ਹੀ ਗੁਰੂ ਨਾਨਕ ਦੇਵ ਜੀ ਤੋਂ ਕਿਸੇ ਨਾ ਕਿਸੇ ਰੂਪ ਵਿੱਚ ਮੰਨਿਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਭਾਵੇਂ ਸਰੀਰਕ ਰੂਪ ਵਿੱਚ ਗੁਰੂ ਸਨ ਪ੍ਰੰਤੂ ਸਿੱਖਾਂ ਨੂੰ ਸ਼ਬਦ ਗੁਰੂ ਦੇ ਪਾਠ ਪੜਾਉਣਾ ਉਨ੍ਹਾਂ ਨੇ ਸ਼ੁਰੂ ਕਰ ਦਿੱਤਾ ਸੀ। ਜਿਸਦਾ ਹਵਾਲਾ ਬਾਣੀ ਵਿੱਚੋਂ ਮਿਲਦਾ ਹੈ। ਫਿਰ ਉਨ੍ਹਾਂ ਨੇ ਗੁਰਿਆਈ ਗੁਰੂ ਅੰਗਦ ਦੇਵ ਜੀ ਨੂੰ ਦਿੱਤੀ ਅਤੇ ਸਿੱਖਾਂ ਵਿੱਚ ਗੁਰੂ ਪਰੰਪਰਾ ਦਾ ਸਿਲਸਿਲਾ ਦਸਵੇਂ ਨਾਨਕ ਤੱਕ ਚਲਦਾ ਰਿਹਾ। ਇਸ ਦਾ ਸਿਖ਼ਰ ਗੁਰੂ ਗੋਬਿੰਦ ਸਿੰਘ ਸਮੇਂ ਆਦਿ ਗ੍ਰੰਥ ਨੂੰ ਗੁਰਿਆਈ ਦੇਣ ਵੇਲੇ ਨਜਰੀ ਆਉਂਦਾ ਹੈ। ਸ਼ਬਦ ਗੁਰੂ ਦੀ ਪ੍ਰਧਾਨਤਾ ਭਾਈ ਗੁਰਦਾਸ ਦੀਆਂ ਰਚਨਾਵਾਂ ਵਿੱਚ ਸਾਨੂੰ ਪੜ੍ਹਨ ਨੂੰ ਅਤੇ ਸਮਝਣ ਨੂੰ ਮਿਲ ਜਾਂਦੀ ਹੈ। ਗੁਰੂ ਪਰੰਪਰਾ ਵਿੱਚ ਗੁਰਬਾਣੀ ਦੇ ਉਚਾਰਣ ਤੋਂ ਲੈ ਕੇ ਸੰਪਾਦਨ, ਵਿਆਖਿਆਕਾਰੀ, ਸਿੱਖ ਸੰਪ੍ਰਦਾਵਾਂ ਵਿੱਚ ਗੁਰੂ ਪਰੰਪਰਾ ਆਦਿ ਵਜੋਂ ਗੁਰੂ ਸੰਸਥਾ ਦੇ ਵਿਕਾਸ ਵਜੋਂ ਸ਼ਾਮਿਲ ਕੀਤੀ ਜਾ ਸਕਦੀ ਹੈ। ਕੋਸ਼ਕਾਰ ਨੇ 'ਗੁਰੂ' ਇੰਦਰਾਜ ਅਧੀਨ ਗੁਰੂ ਦੀ ਸਿਧਾਂਤਕ ਵਿਆਖਿਆ ਕੀਤੀ ਹੈ।[92] ਇਸਦੇ ਨਾਲ ਇੱਕ ਇੰਦਰਾਜ 'ਗੁਰੂ' ਵੀ ਸ਼ਾਮਿਲ ਹੈ ਜਿਸ ਵਿੱਚ ਗੁਰੂ ਦੇ ਪ੍ਰਕਾਰ ਦੱਸੇ ਹਨ ਅਤੇ ਨਾਲ ਹੀ ਗੁਰੂ ਅਤੇ ਲਘੂ ਛੰਦ ਦੀ ਮਾਤਰਾ ਦਾ ਵਿਸਤਾਰ ਦਿੱਤਾ ਹੈ ਜੋ ਸਾਡੇ ਘੇਰੇ ਤੋਂ ਬਾਹਰ ਹੈ।[93] ਗੁਰੂ ਬਾਰੇ ਅਸੀਂ ਗੁਰੂ ਸਾਹਿਬਾਨ ਨਾਲ ਸੰਬੰਧਿਤ ਇੰਦਰਾਜਾਂ ਅਤੇ *ਗੁਰੂ ਗ੍ਰੰਥ ਸਾਹਿਬ* ਬਾਰੇ ਦਿੱਤੇ ਇੰਦਰਾਜ ਵਿੱਚ ਵੀ ਪੜ੍ਹ ਸਕਦੇ ਹਾਂ।

---

[92] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨਕੋਸ਼,* ਭਾਸ਼ਾ ਵਿਭਾਗ, ਪਟਿਆਲਾ, 2006, ਪੰਨਾ 415

[93] ਉਹੀ, ਪੰਨਾ 419

## ਸੰਗਤ

ਗੁਰੂ ਤੋਂ ਬਾਅਦ ਧਰਮ ਵਿੱਚ ਉਸਦੇ ਮੰਨਦ ਵਾਲਿਆਂ ਦੀ ਥਾਂ ਹੁੰਦੀ ਹੈ। ਸਿੱਖ ਧਰਮ ਦੀ ਸ਼ਬਦਾਵਲੀ ਵਿੱਚ ਇਸਨੂੰ ਸੰਗਤ, ਸਾਧ ਸੰਗਤ, ਗੁਰ ਸੰਗਤ, ਸਿੱਖ ਸੰਗਤ ਆਦਿ ਨਾਵਾਂ ਵਜੋਂ ਪੜ੍ਹਿਆ/ਲਿਖਿਆ ਜਾਂਦਾ ਹੈ। ਇਤਿਹਾਸਕ ਕ੍ਰਮ ਵਿੱਚ ਗੁਰੂ ਨਾਨਕ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ ਸੰਗਤਾਂ ਸਥਾਪਿਤ ਕੀਤੀਆਂ ਗਈਆਂ। ਇਨ੍ਹਾਂ ਨੂੰ ਅੱਗੇ ਦੋ ਰੂਪਾਂ ਖ਼ਾਲਸਾ ਅਤੇ ਸਹਿਲੰਗ ਵਿੱਚ ਵੰਡਿਆ ਗਿਆ ਸੀ। ਖ਼ਾਲਸਾ ਉਹ ਸੰਗਤ ਸੀ ਜੋ ਸਿੱਧੇ ਗੁਰੂ ਸਾਹਿਬ ਦੇ ਅਧੀਨ ਸੀ ਅਤੇ ਸਹਿਲੰਗ ਉਹ ਸਨ ਜਿਹੜੇ ਮਸੰਦਾਂ ਜਾਂ ਮੰਜੀਦਾਰਾਂ ਰਾਹੀਂ ਗੁਰੂ ਘਰ ਦੇ ਸ਼ਰਧਾਲੂ ਬਣੇ ਸਨ।[94] ਭਾਈ ਕਾਨ੍ਹ ਸਿੰਘ ਨਾਭਾ ਨੇ ਸਾਧ ਸੰਗ, ਸਾਧ ਸੰਗਤ, ਸਾਧ ਸੰਗਮ[95], ਸਾਧੁ ਸੰਗੁ, ਸਾਧੁ ਸੰਗਤਿ[96] ਅਤੇ ਸੰਗਤ ਇੰਦਰਾਜਾਂ ਵਿੱਚ ਸੰਗਤ ਬਾਰੇ ਚਾਨਣਾ ਪਾਇਆ ਹੈ। ਇਨ੍ਹਾਂ ਇੰਦਰਾਜਾਂ ਵਿੱਚ ਕੋਸ਼ਕਾਰ ਨੇ ਸੰਗਤ ਦਾ ਇਤਿਹਾਸ ਦੇਣ ਦੀ ਬਜਾਏ ਸ਼ਬਦੀ ਅਰਥਾਂ ਵੱਲ ਜਿਆਦਾ ਧਿਆਨ ਦਿੱਤਾ ਹੈ।

## ਪੰਗਤ

ਇਹ ਸੰਸਥਾ ਗੁਰੂ ਘਰ ਦਾ ਅਟੁੱਟ ਅੰਗ ਹੈ। ਇਸਦਾ ਭਾਵ ਇੱਕ ਥਾਂ ਜਾਂ ਇੱਕ ਕਤਾਰ ਵਿੱਚ ਬੈਠ ਕੇ ਭੋਜਨ ਖਾਣ ਤੋਂ ਲਿਆ ਜਾਂਦਾ ਹੈ। ਸਿੱਖ ਇਤਿਹਾਸ ਦੱਸਦਾ ਹੈ ਕਿ ਗੁਰੂ ਅਮਰਦਾਸ ਸਾਹਿਬ ਨੇ ਇਹ ਜ਼ਰੂਰੀ ਕਰ ਦਿੱਤਾ ਸੀ ਕਿ ਉਨ੍ਹਾਂ ਦੇ ਦਰਸ਼ਨਾਂ ਲਈ ਕੋਈ ਵੀ ਆਵੇ ਉਸਨੂੰ ਗੁਰੂ ਕੇ ਲੰਗਰ ਵਿੱਚ ਪ੍ਰਸ਼ਾਦਾ ਛਕਣਾ ਜ਼ਰੂਰੀ ਹੈ। ਇਸ ਦਾ ਸਿੱਧਾ ਅਰਥ ਗੁਰ ਸਿੱਖਾਂ ਵਿੱਚੋਂ ਵਹਿਮ ਭਰਮ, ਊਚ-

---

[94] ਭਾਈ ਰਣਧੀਰ ਸਿੰਘ, *ਪ੍ਰੇਮ ਸੁਮਾਰਗ ਗ੍ਰੰਥ ਪਾਤਿਸ਼ਾਹੀ 10* (ਸੰਪਾ.), ਨਿਊ ਬੁੱਕ ਕੰਪਨੀ, ਜਲੰਧਰ, 1948, ਪੰਨਾ 10.

[95] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* (ਭੂਮਿਕਾ) ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2006, ਪੰਨਾ 182

[96] ਉਹੀ, ਪੰਨਾ 183

ਨੀਚ, ਜਾਤ-ਪਾਤ, ਵਹਿਮ-ਭਰਮ ਆਦਿ ਵਰਗੀਆਂ ਅਲਾਮਤਾਂ ਨੂੰ ਖ਼ਤਮ ਕਰਨਾ ਸੀ। *ਮਹਾਨ ਕੋਸ਼* ਵਿੱਚ ਪੰਗਤ ਨਾਲ ਜੁੜੇ ਇੰਦਰਾਜ ਪੰਕਤਿ[97], ਲੰਗਰ[98] ਆਦਿ ਹਨ।

**ਗੁਰਦੁਆਰਾ[99]**

ਇਹ ਇੰਦਰਾਜ ਕਾਫੀ ਵੱਡਾ ਹੈ, ਇਸ ਵਿੱਚ ਗੁਰਦੁਆਰੇ ਦੀ ਪਰਿਭਾਸ਼ਾ ਦਿੱਤੀ ਗਈ ਹੈ। ਇਸ ਨਾਲ ਗੁਰਦੁਆਰੇ ਦਾ ਇਤਿਹਾਸ ਦਿੱਤਾ ਗਿਆ ਹੈ। ਭਾਈ ਸਾਹਿਬ ਨੇ ਪਰਿਭਾਸ਼ਾ ਇਸ ਤਰ੍ਹਾਂ ਦਿੱਤੀ ਹੈ, '...ਉਹ ਅਸਥਾਨ, ਜਿਸ ਨੂੰ ਦਸ ਸਤਿਗੁਰਾਂ ਵਿਚੋਂ ਕਿਸੇ ਨੇ ਧਰਮ ਪ੍ਰਚਾਰ ਲਈ ਬਣਾਇਆ ਅਥਵਾ ਜਿਥੇ *ਗੁਰੂ ਗ੍ਰੰਥ ਸਾਹਿਬ* ਦਾ ਪ੍ਰਕਾਸ਼ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਅਰਜਨ ਦੇਵ ਜੀ ਤਕ ਇਸ ਦਾ ਨਾਮ 'ਧਰਮਸਾਲਾ' ਰਿਹਾ ਤੇ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤ ਸਰੋਵਰ ਦੇ ਧਰਮ ਮੰਦਿਰ ਦੀ 'ਹਰਿਮੰਦਿਰ' ਸੰਗਯਾ ਥਾਪੀ ਅਰ ਗੁਰੂ ਹਰਗੋਬਿੰਦ ਜੀ ਦੇ ਸਮੇਂ ਧਰਮਸਾਲਾ ਦੀ 'ਗੁਰਦੁਆਰਾ' ਸੰਗਯਾ ਹੋਈ ਹੈ। ਸਿੱਖਾਂ ਦਾ ਗੁਰਦੁਆਰਾ ਵਿਦਿਆਰਥੀਆਂ ਲਈ ਸਕੂਲ, ਆਤਮ ਜਿਗਆਸਾ ਵਾਲਿਆਂ ਲਈ ਗਯਾਨ ਉਪਦੇਸ਼ਕ ਆਚਾਰਯ, ਰੋਗੀਆਂ ਲਈ ਸ਼ਫ਼ਾਖ਼ਾਨਾ, ਭੁਖਿਆਂ ਲਈ ਅੰਨਪੂਰਣਾ, ਇਸਤਰੀ ਜਾਤਿ ਦੀ ਪਤ ਰਖਣ ਲਈ ਲੋਹਮਈ ਦੁਰਗ ਅਤੇ ਮੁਸਾਫਰਾਂ ਲਈ ਵਿਸ਼੍ਰਾਮ ਦਾ ਅਸਥਾਨ ਹੈ...।'

## ਸਿੱਖ ਇਤਿਹਾਸ

### ਗੁਰੂ ਕਾਲ ਦੇ ਪ੍ਰਮੁੱਖ ਸਿੱਖ

ਗੁਰੂ ਨਾਨਕ ਸਾਹਿਬ ਨੇ ਆਪਣੀਆਂ ਯਾਤਰਾਵਾਂ ਦੌਰਾਨ ਧਰਮਸ਼ਾਲਾਵਾਂ ਸਥਾਪਿਤ ਕੀਤੀਆਂ। ਉਨ੍ਹਾਂ ਨੇ ਧਰਮਸ਼ਾਲੀਏ ਵੀ ਨਿਯੁਕਤ ਕੀਤੇ ਜਿਨ੍ਹਾਂ ਦਾ ਕੰਮ ਗੁਰਸਿੱਖੀ ਦਾ ਪ੍ਰਚਾਰ-

---

[97] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨਕੋਸ਼,* ਭਾਸ਼ਾ ਵਿਭਾਗ, ਪਟਿਆਲਾ, 2006, ਪੰਨਾ 787

[98] ਉਹੀ, ਪੰਨਾ 1076

[99] *ਉਹੀ,* ਪੰਨਾ 416

ਪ੍ਰਸਾਰ ਆਪਣੇ ਜੀਵਨ ਦੁਆਰਾ ਕਰਨਾ ਸੀ। ਇਸੇ ਤਰ੍ਹਾਂ ਸਿੱਖੀ ਦਾ ਪ੍ਰਸਾਰ ਤੇ ਪ੍ਰਚਾਰ ਸਾਰੇ ਗੁਰੂ ਸਾਹਿਬਾਨ ਨੇ ਵੱਖ-ਵੱਖ ਤਰੀਕਿਆਂ ਨਾਲ ਕੀਤਾ। ਸਿੱਖ ਸਾਹਿਤ ਵਿੱਚ ਬਹੁਤ ਸਾਰੇ ਗੁਰਸਿੱਖਾਂ ਦਾ ਜ਼ਿਕਰ ਆਉਂਦਾ ਹੈ। *ਮਹਾਨ ਕੋਸ਼* ਵਿੱਚ ਵੀ ਅਨੇਕਾਂ ਇੰਦਰਾਜ ਗੁਰੂ ਸਾਹਿਬਾਨ ਦੇ ਪ੍ਰਮੁੱਖ ਸਿੱਖਾਂ ਦੇ ਨਾਵਾਂ ਦੇ ਨਾਲ ਸੰਬੰਧਿਤ ਹਨ, ਜਿਨ੍ਹਾਂ ਤੇ ਸੰਖੇਪ ਝਾਤ ਮਾਰਨ ਦੀ ਕੋਸ਼ਿਸ਼ ਅਸੀਂ ਕਰ ਰਹੇ ਹਾਂ।

### ਗੁਰੂ ਨਾਨਕ ਸਾਹਿਬ ਦੇ ਸਮੇਂ ਦੇ ਸਿੱਖ

### ਭਾਈ ਮਰਦਾਨਾ

ਭਾਈ ਮਰਦਾਨਾ ਜੀ ਗੁਰੂ ਨਾਨਕ ਸਾਹਿਬ ਦੇ ਮੋਢੀ ਸਿੱਖ ਅਤੇ ਉਨ੍ਹਾਂ ਦੇ ਸਾਥੀ ਸਨ, ਜਿਨ੍ਹਾਂ ਦਾ ਜਨਮ ਨਨਕਾਣਾ ਸਾਹਿਬ ਵਿਖੇ ਹੀ ਹੋਇਆ ਸੀ। *ਮਹਾਨ ਕੋਸ਼* ਵਿੱਚ ਮਰਦਾਨਾ ਭਾਈ ਦੇ ਨਾਮ ਤੇ ਇਨ੍ਹਾਂ ਨਾਲ ਸੰਬੰਧਿਤ ਇੱਕ ਇੰਦਰਾਜ ਸ਼ਾਮਿਲ ਹੈ ਜਿਸ ਵਿੱਚ ਇਨ੍ਹਾਂ ਦੀ ਮਾਤਾ ਲੱਖੋ ਅਤੇ ਪਿਤਾ ਦਾ ਨਾਮ ਬਾਦਰਾ ਦੱਸਿਆ ਹੈ। ਇਹ ਗੁਰੂ ਸਾਹਿਬ ਦੇ ਨਾਲ ਰਹਿੰਦੇ ਹੋਏ ਹੀ ਆਪਣਾ ਸਰੀਰ ਕੁਰਮ ਦਰਿਆ ਦੇ ਕਿਨਾਰੇ ਅਫ਼ਗਾਨਿਸਤਾਨ ਵਿੱਚ ਤਿਆਗ ਗਏ ਸਨ। ਜਿਸਦਾ ਸੰਸਕਾਰ ਗੁਰੂ ਸਾਹਿਬ ਨੇ ਆਪਣੇ ਹੱਥੀਂ ਕੀਤਾ। ਕੋਸ਼ਕਾਰ ਅਨੁਸਾਰ ਵਾਰ ਵਿਹਾਗੜਾ ਵਿੱਚ ਭਾਈ ਮਰਦਾਨੇ ਦੇ ਨਾਮ ਉੱਤੇ ਦੋ ਸਲੋਕ ਦਰਜ ਹਨ। ਕਈ ਵਿਦਵਾਨ ਇਨ੍ਹਾਂ ਸਲੋਕਾਂ ਨੂੰ ਮਰਦਾਨਾਂ ਜੀ ਦੀ ਰਚਨਾਂ ਹੀ ਮੰਨਦੇ ਹਨ। [100]

### ਭਾਈ ਬਾਲਾ ਜੀ

ਕੋਸ਼ਕਾਰ ਨੇ ਭਾਈ ਬਾਲਾ ਜੀ ਨੂੰ ਗੁਰੂ ਨਾਨਕ ਸਾਹਿਬ ਦੇ ਸਿੱਖ ਵਜੋਂ ਕੋਸ਼ ਵਿੱਚ ਥਾਂ ਦਿੱਤੀ ਹੈ। ਇਸ ਨੂੰ ਚੰਦਰ ਭਾਨ ਸੰਧੂ ਜੱਟ ਦਾ ਸਪੁੱਤਰ ਅਤੇ ਨਨਕਾਣੇ ਦਾ ਵਸਨੀਕ ਦੱਸਿਆ ਹੈ। ਇਸ

---

[100] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨਕੋਸ਼,* ਭਾਸ਼ਾ ਵਿਭਾਗ, ਪਟਿਆਲਾ, 2006, ਪੰਨਾ 954

ਇੰਦਰਾਜ ਲਈ ਉਨ੍ਹਾਂ ਨੇ ਗੁਰੂ ਨਾਨਕ ਪ੍ਰਕਾਸ਼ ਅਤੇ ਜਨਮ ਸਾਖੀ ਦਾ ਆਸਰਾ ਲਿਆ ਹੈ ਅਤੇ ਇਹ ਵੀ ਦੱਸਿਆ ਹੈ ਕਿ ਗੁਰੂ ਅੰਗਦ ਦੇਵ ਜੀ ਨੇ ਇਸ ਤੋਂ ਕਥਾ ਸੁਣਕੇ ਜਨਮ ਸਾਖੀ ਲਿਖਵਾਈ ਜਿਸਦਾ ਬਿਗੜਿਆ ਹੋਇਆ ਰੂਪ ਅਨੇਕ ਵਾਰ ਛਪਿਆ ਹੈ। ਇਨ੍ਹਾਂ ਦਾ ਦੇਹਾਂਤ ਖਡੂਰ ਸਾਹਿਬ ਵਿੱਚ ਹੋਇਆ ਅਤੇ ਸੰਸਕਾਰ ਗੁਰੂ ਅੰਗਦ ਦੇਵ ਜੀ ਨੇ ਕੀਤਾ। [101]

**ਰਾਇ ਬੁਲਾਰ**

ਕੋਸ਼ ਵਿੱਚ ਰਾਇ ਬੁਲਾਰ ਇੰਦਰਾਜ ਲਿਖਕੇ ਇਸ ਦੇ ਨਾਲ ਦੇਖੋ ਰਾਇ ਭੋਇ ਲਿਖ ਦਿੱਤਾ ਗਿਆ ਹੈ। ਇਸ ਲਈ ਰਾਇ ਭੋਇ ਦੇ ਨਾਲ ਰਾਇ ਬੁਲਾਰ ਦਾ ਜ਼ਿਕਰ ਕੀਤਾ ਗਿਆ ਹੈ। ਰਾਇ ਬੁਲਾਰ ਬਾਰੇ ਸਿਰਫ਼ ਇੰਨਾ ਦੱਸਿਆ ਗਿਆ ਹੈ ਕਿ ਇਹ ਰਾਇ ਭੋਇ ਦਾ ਪੁੱਤਰ ਸੀ ਅਤੇ ਗੁਰੂ ਨਾਨਕ ਦੇਵ ਜੀ ਦਾ ਪਰਮ ਸੇਵਕ ਅਤੇ ਸ਼ਰਧਾਲੂ ਹੋਇਆ ਹੈ।[102]

**ਸੱਜਣ ਠੱਗ**

ਇਹ ਤੁਲੰਬਾ ਪਿੰਡ ਦਾ ਵਸਨੀਕ ਸੀ ਅਤੇ ਧਰਮ ਮੰਦਿਰ ਬਣਾਕੇ ਲੋਕਾਂ ਨੂੰ ਲੁੱਟਣ ਅਤੇ ਮਾਰਨ ਦਾ ਕੰਮ ਕਰਦਾ ਸੀ। ਗੁਰੂ ਸਾਹਿਬ ਨੇ ਇਸਨੂੰ ਸੱਚਾ ਸੱਜਣ ਬਣਾ ਕੇ ਗੁਰਸਿੱਖਾਂ ਦੀ ਪੰਗਤ ਵਿੱਚ ਮਿਲਾਇਆ ਅਤੇ ਸੱਚਾ ਸੱਜਣ ਅਤੇ ਪਰਚਾਰਕ ਥਾਪਿਆ। ਤੁਲੰਬਾ ਪਿੰਡ ਬਾਰੇ ਵੇਰਵਾ ਅੱਗੇ ਮਖ਼ਦੂਮ ਪੁਰ ਨਾਮੀ ਇੰਦਰਾਜ ਵਿੱਚ ਵੀ ਸ਼ਾਮਿਲ ਕੀਤਾ ਗਿਆ ਹੈ।[103]

**ਭਾਈ ਲਾਲੋ ਜੀ**

ਇਹ ਸੈਦਪੁਰ (ਏਮਨਾਬਾਦ) ਦਾ ਰਹਿਣ ਵਾਲਾ ਸੀ। ਗੁਰੂ ਸਾਹਿਬ ਕਾਫ਼ੀ ਦਿਨ ਇਸਦੇ ਘਰ ਰਹੇ ਅਤੇ "ਜੈਸੀ ਮ ਆਵੈ ਖਸਮ ਕੀ ਬਾਣੀ" ਤਿਲੰਗ ਰਾਗ ਦਾ ਸ਼ਬਦ ਇਸ ਨੂੰ ਸੰਬੋਧਨ ਕਰਕੇ

---

[101] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨਕੋਸ਼,* ਭਾਸ਼ਾ ਵਿਭਾਗ, ਪਟਿਆਲਾ, 2006, ਪੰਨਾ 858

[102] ਉਹੀ, ਪੰਨਾ 1026

[103] ਉਹੀ, ਪੰਨਾ 145

ਉਚਾਰਿਆ। ਇਸਦੇ ਕੇਵਲ ਇੱਕ ਪੁੱਤਰੀ ਸੀ ਜਿਸਦੀ ਔਲਾਦ ਤਤਲਾ ਪਿੰਡ ਵਿੱਚ ਰਹਿੰਦੀ ਹੈ। ਨਾਲ ਹੀ ਇਸੇ ਇੰਦਰਾਜ ਦੇ ਵਿੱਚ ਹੀ ਦੇਖੋ ਭਾਗੋ ਮਲਿਕ ਕਰਕੇ ਅਗਲੇ ਇੰਦਰਾਜ ਵੱਲ ਇਸ਼ਾਰਾ ਕੀਤਾ ਹੈ ਜਿਸਨੂੰ ਦੇਖਣ ਨਾਲ ਭਾਈ ਲਾਲੋ ਅਤੇ ਮਲਿਕ ਭਾਗੋ ਦੇ ਸੰਬੰਧਾਂ ਬਾਰੇ ਜਾਣਕਾਰੀ ਹੁੰਦੀ ਹੈ। [104]

**ਬਾਬਾ ਬੁੱਢਾ ਜੀ**

ਬਾਬਾ ਬੁੱਢਾ ਜੀ ਨਾਲ ਸੰਬੰਧਿਤ ਇੰਦਰਾਜ "ਬਾਬਾ ਬੁੱਢਾ" ਸ਼ਾਮਿਲ ਹੈ। ਇਹ ਸੁੱਘੇ ਰੰਧਾਵੇ ਦੇ ਘਰ ਮਾਤਾ ਗੌਰਾਂ ਦੀ ਕੁਖੋਂ ਪਿੰਡ ਕੱਥੂ ਨੰਗਲ ਵਿੱਚ ਪੈਦਾ ਹੋਏ ਅਤੇ ਗੁਰੂ ਨਾਨਕ ਦੇਵ ਜੀ ਦੇ ਪ੍ਰਸਿੱਧ ਸਿੱਖਾਂ ਵਿੱਚ ਸ਼ਾਮਿਲ ਹੋ ਗਏ। ਗੁਰੂ ਸਾਹਿਬ ਦੇ ਵਚਨ ਨਾਲ ਹੀ ਇਨ੍ਹਾਂ ਦਾ ਨਾਮ ਬੁੱਢਾ ਪ੍ਰਸਿੱਧ ਹੋਇਆ। ਇਹ ਗੁਰੂ ਹਰਿਗੋਬਿੰਦ ਸਾਹਿਬ ਤੱਕ ਜੀਵਿਤ ਰਹੇ ਅਤੇ ਹਰੇਕ ਗੁਰੂ ਨੂੰ ਗੁਰਿਆਈ ਦਾ ਤਿਲਕ ਦਿੰਦੇ ਰਹੇ। ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਹੱਥੀਂ ਇਨ੍ਹਾਂ ਦਾ ਸੰਸਕਾਰ ਕੀਤਾ।[105]

ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਜਾਣਕਾਰੀ ਦੇਣ ਵਾਲਾ ਪ੍ਰਮੁੱਖ ਸ੍ਰੋਤ ਜਨਮ ਸਾਖੀਆਂ ਹਨ। ਇਸ ਤੋਂ ਇਲਾਵਾ ਭਾਈ ਗੁਰਦਾਸ ਜੀ ਦੁਆਰਾ ਦਿੱਤੀ ਗਈ ਸਿੱਖ ਨਾਮਾਂਵਲੀ[106] ਵਿੱਚ ਗੁਰੂ ਸਾਹਿਬ ਦੇ ਪ੍ਰਸਿੱਧ ਸਿੱਖਾਂ ਦੇ ਨਾਮ ਆਏ ਹਨ ਅਤੇ ਕੋਸ਼ਕਾਰ ਨੇ ਇਨ੍ਹਾਂ ਦੋਹਾਂ ਸ੍ਰੋਤਾਂ ਦੀ ਭਰਪੂਰ ਵਰਤੋਂ ਕੀਤੀ ਹੈ।

**ਗੁਰੂ ਅੰਗਦ ਦੇਵ ਜੀ ਦੇ ਸਿੱਖ**

ਗੁਰੂ ਅੰਗਦ ਦੇਵ ਜੀ ਗੁਰੂ ਨਾਨਕ ਸਾਹਿਬ ਦੇ ਸਿੱਖ ਤੋਂ ਗੁਰੂ ਦੀ ਕਿਰਪਾ ਦੁਆਰਾ ਗੁਰੂ ਰੂਪ ਹੋ ਗਏ ਅਤੇ ਗੁਰੂ ਨਾਨਕ ਦੀ ਸਿੱਖੀ ਅਤੇ ਸੰਗਤ ਗੁਰੂ ਅੰਗਦ ਦੇਵ ਦੀ ਬਣ ਗਈ। ਇਸ ਲਈ

---

[104] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨਕੋਸ਼,* ਭਾਸ਼ਾ ਵਿਭਾਗ, ਪਟਿਆਲਾ, 2006, ਪੰਨਾ 1065

[105] ਉਹੀ, ਪੰਨਾ 881

[106] ਵਾਰ 11, ਪਉੜੀ 13-14

ਗੁਰੂ ਨਾਨਕ ਤੋਂ ਵਰੋਸਾਏ ਸਿੱਖਾਂ ਦਾ ਸਤਿਕਾਰ ਗੁਰੂ ਸਾਹਿਬ ਕਰਦੇ ਰਹੇ ਅਤੇ ਸਿੱਖ ਵੀ ਗੁਰੂ ਸਾਹਿਬ ਨੂੰ ਗੁਰੂ ਨਾਨਕ ਰੂਪ ਜਾਣਕੇ ਸਤਿਕਾਰਦੇ ਰਹੇ।

**ਭਾਈ ਪਾਰੋ**

ਭਾਈ ਪਾਰੋ ਨਾਮੀ ਇੰਦਰਾਜ ਦੇ ਨਾਵਾਂ ਪਾਰੋ ਭਾਈ ਅਤੇ ਪਾਰੋ ਪਰਮਹੰਸ ਦੋ ਨਾਵਾਂ ਨਾਲ ਦਿੱਤਾ ਗਿਆ ਹੈ। ਪਾਰੋ ਨਾਮੀ ਇੰਦਰਾਜ ਵਿੱਚ ਵੇਖੋ ਪਾਰੋ ਭਾਈ ਲਿਖਿਆ ਹੈ। ਪਾਰੋ ਭਾਈ ਗੁਰੂ ਅੰਗਦ ਦੇਵ ਜੀ ਦੇ ਸਿੱਖ ਸਨ ਅਤੇ ਗੁਰੂ ਅਮਰਦਾਸ ਜੀ ਦੀ ਸੇਵਾ ਕਰਕੇ “ਪਰਮਹੰਸ" ਪਦਵੀ ਪ੍ਰਾਪਤ ਕੀਤੀ। ਤੀਜੇ ਗੁਰੂ ਸਾਹਿਬ ਨੇ ਇਨ੍ਹਾਂ ਨੂੰ ਪ੍ਰਚਾਰਕ ਥਾਪ ਕੇ ਮੰਜੀ ਬਖ਼ਸ਼ੀ। ਇੰਦਰਾਜ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਸਭ ਤੋਂ ਪਹਿਲਾਂ ਵੈਸਾਖੀ ਦਾ ਮੇਲਾ ਭਾਈ ਸਾਹਿਬ ਨੇ ਗੁਰੂ ਅਮਰਦਾਸ ਦੀ ਆਗਿਆ ਲੈ ਕੇ ਲਗਵਾਇਆ। ਇਹ ਜਾਣਕਾਰੀ ਦੇ ਕੇ ਇੰਦਰਾਜ ਸਮਾਪਤ ਕੀਤਾ।[107]

**ਭਾਈ ਮੱਲੂ ਸ਼ਾਹ**

ਮੱਲੂ ਸ਼ਾਹ ਨਾਮੀ ਇੰਦਰਾਜ ਵਿੱਚ ਦਰਜ ਹੈ ਕਿ ਜਾਤ ਦਾ ਖੱਤ੍ਰੀ ਸੀ। ਮੱਲੂ ਬਾਹ ਜੀ ਗੁਰੂ ਅੰਗਦ ਦੇਵ ਜੀ ਦੀ ਕ੍ਰਿਪਾ ਸਦਕਾ ਰਾਜਯੋਗ ਦਾ ਪਾਤਰ ਬਣਿਆ ਲਿਖਕੇ ਇੰਦਰਾਜ ਸਮਾਪਤ ਕੀਤਾ ਗਿਆ ਹੈ।

ਭਾਈ ਗੁਰਦਾਸ ਜੀ ਨੇ ਸਿਖਨਾਮਾਵਲੀ ਪਾਰੋ ਜੁਲਕਾ, ਮੱਲੂ ਸ਼ਾਹ, ਭਾਈ ਕਿਦਾਰੀ ਦੀਪਾ ਭਗਤ, ਨਾਰਾਇਣ ਦਾਸ ਅਤੇ ਬੁਲਾ ਆਦਿ ਸਿੱਖਾਂ ਦੀ ਗਿਣਤੀ ਕੀਤੀ ਹੈ। ਜਿਨ੍ਹਾਂ ਨੂੰ *ਮਹਾਨ ਕੋਸ਼* ਵਿੱਚ ਸ਼ਾਮਿਲ ਕਰਨ ਦੀ ਖੇਚਲ ਭਾਈ ਕਾਨ੍ਹ ਸਿੰਘ ਨਾਭਾ ਨੇ ਵੱਖ-ਵੱਖ ਇੰਦਰਾਜਾਂ ਵਿੱਚ ਕੀਤੀ ਹੈ।

---

[107] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨਕੋਸ਼,* ਭਾਸ਼ਾ ਵਿਭਾਗ, ਪਟਿਆਲਾ, 2006, ਪੰਨਾ 766

ਇਨ੍ਹਾਂ ਵਿੱਚੋਂ ਦੋ ਦੀ ਵਿਆਖਿਆ ਅਸੀਂ ਕਰ ਚੁੱਕੇ ਹਾਂ। ਇੱਥੇ ਜ਼ਿਕਰਯੋਗ ਹੈ ਕਿ ਇਨ੍ਹਾਂ ਸਿੱਖਾਂ ਦੇ ਨਾਮ ਹੀ *ਮਹਾਨ ਕੋਸ਼* ਵਿੱਚ ਦਰਜ ਹਨ ਅਤੇ ਇਹ ਦੱਸਿਆ ਗਿਆ ਹੈ ਕਿ ਇਹ ਗੁਰੂ ਅੰਗਦ ਦੇਵ ਦੇ ਸਿੱਖ ਸਨ।[108]

**ਤੀਸਰੀ ਪਾਤਿਸ਼ਾਹੀ ਦੇ ਸਿੱਖ**

ਗੁਰੂ ਅਮਰਦਾਸ ਜੀ ਦੇ ਸਿੱਖਾਂ ਦਾ ਵੇਰਵਾ ਦਿੰਦੇ ਸਮੇਂ ਭਾਈ ਗੁਰਦਾਸ ਜੀ ਨੇ ਸਿਰਫ਼ ਡੱਲੇ ਪਿੰਡ ਦੀ ਸੰਗਤ ਦਾ ਜ਼ਿਕਰ ਹੀ ਕੀਤਾ ਹੈ। ਜਿਸ ਵਿੱਚ ਪ੍ਰਿਥੀਮੱਲ, ਤੁਲਸਾ, ਭੱਲਾ, ਮੰਲਣ, ਰਾਮੂ, ਦੀਪਾ, ਉੱਗਰ ਸੈਨ, ਨਾਗਉਰੀ, ਸਹਾਰੂ, ਗੰਗੂ ਭਗਤ, ਖਾਨੂੰ, ਛੁਰਾ, ਮੱਲੀਆ, ਸਹਾਰੂ ਆਦਿ ਦਾ ਜ਼ਿਕਰ ਕੀਤਾ ਹੈ। ਇਨ੍ਹਾਂ ਤੋਂ ਇਲਾਵਾ ਗੁਰੂ ਅਮਰਦਾਸ ਸਾਹਿਬ ਦਾ ਜੀਵਨ ਲਿਖਣ ਵਾਲੇ ਲਿਖਾਰੀ ਜਿਨ੍ਹਾਂ ਵਿੱਚ ਭਾਈ ਸੰਤੋਖ ਸਿੰਘ-ਗਿਆਨੀ ਗਿਆਨ ਸਿੰਘ ਆਦਿ ਨੇ 22 ਮੰਜੀਆਂ ਦੇ ਅਧਿਕਾਰੀ ਗੁਰ ਸਿੱਖਾਂ ਦਾ ਜ਼ਿਕਰ ਆਪਣੀਆਂ ਰਚਨਾਵਾਂ ਵਿੱਚ ਵੱਖ-ਵੱਖ ਥਾਵਾਂ ਤੇ ਕੀਤਾ ਹੈ। *ਮਹਾਨ ਕੋਸ਼* ਵਿੱਚ ਭਾਈ ਗੁਰਦਾਸ ਜੀ ਦੇ ਵੇਰਵੇ ਦੇ ਨਾਲ-ਨਾਲ ਮੰਜੀਕਾਰਾਂ ਦੇ ਇੰਦਰਾਜ ਵੀ ਸ਼ਾਮਿਲ ਕੀਤੇ ਗਏ ਹਨ। ਜਿਸ ਵਿੱਚ ਉਨ੍ਹਾਂ ਦਾ ਸੰਖੇਪ ਵੇਰਵਾ ਅਤੇ ਸਿੱਖੀ ਦੇ ਪ੍ਰਚਾਰ ਹਿੱਤ ਪਾਏ ਯੋਗਦਾਨ ਦਾ ਵਰਣਨ ਮਿਲਦਾ ਹੈ। ਉਦਾਹਰਣ ਵਜੋਂ ਅਸੀਂ 22 ਮੰਜੀਆਂ ਵਾਲੇ ਗੁਰਸਿੱਖ ਜਿਵੇਂ ਅੱਲਾ ਯਾਰ, ਸੱਚਨ ਸੱਚ, ਸਾਧਾਰਣ, ਸਾਵਨ ਮੱਲ, ਸੁੱਖਣ, ਹੰਦਾਲ, ਕਿਦਾਰੀ, ਖੇਡਾ ਗੰਗੂ ਸ਼ਾਹ, ਪਾਰੋ, ਫੇਗ, ਬੂਆ, ਬੇਈ, ਮਹੇਸਾ, ਮਾਈ ਦਾਸ, ਮਾਣਕ ਚੰਦ, ਮੁਗਰੀ ਰਾਜਾ ਰਾਮ, ਗੰਗ ਦਾਸ, ਲਾਲੋ ਆਦਿ ਬਾਰੇ ਵੱਖ-ਵੱਖ ਇੰਦਰਾਜ ਪੜ੍ਹ ਸਕਦੇ ਹਾਂ।

---

[108] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨਕੋਸ਼,* ਭਾਸ਼ਾ ਵਿਭਾਗ, ਪਟਿਆਲਾ, 2006, ਪੰਨਾ 958

**ਗੁਰੂ ਰਾਮਦਾਸ ਦੇ ਸਿੱਖ**

ਗੁਰੂ ਰਾਮਦਾਸ ਸਾਹਿਬ, ਗੁਰੂ ਅਮਰਦਾਸ ਜੀ ਦੀ ਸੇਵਾ ਵਿੱਚ ਆਏ। ਇਸ ਸਮੇਂ ਸਿੱਖੀ ਦਾ ਕੇਂਦਰ ਗੋਇੰਦਵਾਲ ਤੋਂ ਅੰਮ੍ਰਿਤਸਰ ਵਿੱਚ ਤਬਦੀਲ ਹੋ ਗਿਆ ਅਤੇ ਉਨ੍ਹਾਂ ਨੇ ਵੱਖ-ਵੱਖ ਕੀਤਿਆਂ ਦੇ ਲੋਕਾਂ ਨੂੰ ਰਾਮਦਾਸ ਪੁਰ ਜਾਂ ਅੰਮ੍ਰਿਤਸਰ ਵਿੱਚ ਵਸਾਇਆ। ਉਸ ਸਮੇਂ ਸਿੱਖੀ ਦਾ ਕਾਫੀ ਪ੍ਰਸਾਰ ਹੋ ਚੁੱਕਾ ਸੀ ਜਿਸਦਾ ਸਿਹਰਾ ਮੰਜੀਦਾਰਾਂ ਨੂੰ ਜਾਂਦਾ ਹੈ। ਗੁਰੂ ਸਾਹਿਬ ਨੇ ਵੀ ਹੋਰ ਨਵੇਂ ਪ੍ਰਚਾਰਕ ਥਾਪੇ ਜਿਨ੍ਹਾਂ ਨੂੰ ਮਸੰਦ ਕਿਹਾ ਜਾਂਦਾ ਹੈ। ਭਾਈ ਗੁਰਦਾਸ ਜੀ ਨੇ ਗੁਰੂ ਸਾਹਿਬ ਦੇ ਪ੍ਰਮੁੱਖ ਸਿੱਖਾਂ ਵਿੱਚ ਸਨਮੁਖ, ਭਾਈ ਤੀਰਥਾ, ਪੂਰੋ ਮਾਣਕਚੰਦ, ਬਿਸ਼ਨ ਦਾਸ, ਤਾਰੂ, ਮਹਾਨੰਦ, ਦੀਪਾ ਜੇਠਾ, ਤੀਰਥਾ, ਸੰਸਾਰੂ, ਬੂਲਾ ਆਦਿ ਦੇ ਨਾਮ ਗਿਣਾਏ ਹਨ। ਭਾਈ ਕਾਨ੍ਹ ਸਿੰਘ ਜੀ ਨੇ ਇਨ੍ਹਾਂ ਨੂੰ ਵਿਸਥਾਰ ਦੇਣ ਦੀ ਕੋਸ਼ਿਸ਼ ਕੀਤੀ ਹੈ। ਪ੍ਰੰਤੂ ਭਾਈ ਗੁਰਦਾਸ ਜੀ ਵਾਲੀ ਸੂਚੀ ਵਿੱਚੋਂ ਪੂਰੇ ਨਾਵਾਂ ਦੀ ਵਿਆਖਿਆ *ਮਹਾਨ ਕੋਸ਼* ਵਿੱਚ ਪ੍ਰਾਪਤ ਨਹੀਂ ਹੈ।

**ਗੁਰੂ ਅਰਜਨ ਦੇਵ ਜੀ ਦੇ ਸਿੱਖ**

ਭਾਈ ਗੁਰਦਾਸ ਜੀ ਨੇ ਚੂਹੜ, ਪੂਰੀਆ ਚੌਧਰੀ, ਪੈੜਾ, ਬਾਲਾ, ਕਿਸ਼ਨਾ, ਤ੍ਰਿਲੋਕਾ, ਕੁਲਾ, ਲਾਲੂ ਤੇ ਬਾਲੂ, ਧੀਰੂ, ਨਿਹਾਲੂ, ਤੁਲਸੀਆ ਆਦਿ ਸਿੱਖਾਂ ਦੇ ਨਾਮ ਗਿਆਰਵੀਂ ਵਾਰ ਵਿੱਚ ਦਰਜ ਕੀਤੇ ਹਨ। ਇਸ ਤੋਂ ਇਲਾਵਾ ਗੁਰੂ ਅਰਜਨ ਦੇਵ ਜੀ ਨਾਲ ਸੰਬੰਧਿਤ ਸਿੱਖ ਸਾਹਿਤ ਵਿੱਚ ਉਨ੍ਹਾਂ ਦੁਆਰਾ ਥਾਪੇ ਗਏ ਮਸੰਦਾਂ, ਸੇਵਾਦਾਰਾਂ, ਲਿਖਾਰੀਆਂ ਆਦਿ ਦੇ ਅਨੇਕਾਂ ਨਾਲ ਮਿਲਦੇ ਹਨ। ਕੋਸ਼ਕਾਰ ਨੇ ਭਾਈ ਗੁਰਦਾਸ ਜੀ ਦੁਆਰਾ ਦਿੱਤੇ ਗਏ ਨਾਮਾਂ ਤੋਂ ਇਲਾਵਾ ਗੁਰੂ ਸਾਹਿਬ ਨਾਲ ਸੰਬੰਧਿਤ ਬਹੁਤ ਸਾਰੇ ਸਿੱਖਾਂ ਦਾ ਜ਼ਿਕਰ ਕੀਤਾ ਹੈ। ਜਿਨ੍ਹਾਂ ਵਿੱਚੋਂ ਭਾਈ ਗੁਰਦਾਸ, ਪਾਈ ਬੰਨੋ, ਭਾਈ ਬਹਿਲੋ ਆਦਿ ਨਾਲ ਸੰਬੰਧਿਤ ਇੰਦਰਾਜ ਕਾਫ਼ੀ ਜਾਣਕਾਰੀ ਭਰਪੂਰ ਹਨ।

## ਗੁਰੂ ਹਰਿਗੋਬਿੰਦ ਸਾਹਿਬ ਦੇ ਸਿੱਖ

ਗੁਰੂ ਸਾਹਿਬ ਸਮੇਂ ਸਿੱਖ ਪੰਥ ਦਾ ਮੁਹਾਂਦਰਾ ਕਾਫ਼ੀ ਬਦਲ ਚੁੱਕਾ ਸੀ ਜਾਂ ਕਹਿ ਲਿਆ ਜਾਵੇ ਕਿ ਹਿੰਦੂ ਅਤੇ ਮੁਸਲਮਾਨ ਧਰਮਾਂ ਵਿੱਚੋਂ ਆਪਣੀ ਵੱਖਰੀ ਪਛਾਣ ਸਿੱਖ ਕਾਫ਼ੀ ਹੱਦ ਤੱਕ ਕਾਇਮ ਕਰ ਚੁੱਕੇ ਸਨ। ਇਸਦਾ ਕਾਰਨ ਗੁਰੂ ਅਰਜਨ ਦੇਵ ਜੀ ਦੁਆਰਾ ਸੰਪਾਦਿਤ ਆਦਿ ਬੀੜ ਰੂਪੀ ਖਜਾਨੇ ਦਾ ਹੋਣਾ ਸੀ। ਇਸਦੇ ਨਾਲ ਸਿੱਖਾਂ ਵਿੱਚ ਅਧਿਐਨ, ਅਧਿਆਪਨ ਦੀਆਂ ਰੁਚੀਆਂ ਨੂੰ ਬਲ ਮਿਲ ਗਿਆ। ਇਸ ਤੋਂ ਇਲਾਵਾ ਗੁਰੂ ਸਾਹਿਬ ਦੁਆਰਾ ਧਾਰਨ ਕੀਤੀ ਗਈ ਮੀਰੀ-ਪੀਰੀ ਦੀ ਨਵੀਂ ਰੀਤ ਸਿੱਖਾਂ ਨੂੰ ਸਿਪਾਹੀ ਦੇ ਰੂਪ ਵਿੱਚ ਬਲ ਦੇ ਰਹੀ ਸੀ ਅਤੇ ਅਕਾਲ ਤਖਤ ਦੀ ਸਥਾਪਨਾ ਨੇ ਰਾਜਸੀ ਤਾਕਤਾਂ ਨਾਲ ਲੋਹਾ ਲੈਣ ਦੇ ਯੋਗ ਉਨ੍ਹਾਂ ਨੂੰ ਕਰ ਦਿੱਤਾ ਸੀ। ਗੁਰੂ ਸਾਹਿਬ ਦੇ ਸਿੱਖਾਂ ਵਿੱਚ ਭਾਈ ਬੀਥੀ ਚੰਦ, ਢਾਡੀ ਨੱਥ ਮੱਲ ਤੇ ਅਬਦੁੱਲਾ, ਭਾਈ ਤੀਰਥਾ, ਭਾਵਾਧੀਰ, ਕਟਾਰੂ ਮਲਿਕ, ਭਗਤੂ, ਜੱਟੂ, ਭਾਨੂੰ ਬਹਿਲ, ਆਦਿ ਪ੍ਰਮੁੱਖ ਸਨ। ਜਿਨ੍ਹਾਂ ਨਾਲ ਅਨੇਕਾਂ ਸਾਖੀਆਂ ਜੁੜੀਆਂ ਹੋਈਆਂ ਹਨ। ਉਦਾਹਰਣ ਵਜੋਂ ਭਾਈ ਬਿਧੀ ਚੰਦ ਦਾ ਮੁਗਲਾਂ ਤੋਂ ਗੁਰੂ ਸਾਹਿਬ ਲਈ ਘੋੜੇ ਵਾਪਿਸ ਲਿਆਉਣਾ ਅਤੇ ਜੰਗਾਂ ਵਿੱਚ ਸਾਥ ਦੇਣਾ। ਇਸ ਤੋਂ ਇਲਾਵਾ ਗੁਰੂ ਸਾਹਿਬ ਦੁਆਰਾ ਕੀਤੇ ਮਾਲਵੇ ਦੇ ਵੱਡੇ ਦੌਰੇ, ਮਹਿਰਾਜ ਪਿੰਡ ਵੱਸਣਾ, ਉਦਾਸੀਆਂ ਨੂੰ ਬਖ਼ਸ਼ਿਸਾਂ ਪ੍ਰਦਾਨ ਕਰਨੀਆਂ ਜਿਨ੍ਹਾਂ ਦਾ ਜ਼ਿਕਰ *ਮਹਾਨ ਕੋਸ਼* ਵਿੱਚ ਬਾਖੂਬੀ ਕੀਤਾ ਹੈ।

## ਗੁਰੂ ਹਰਿਰਾਇ ਜੀ ਦੇ ਸਿੱਖ

ਗੁਰੂ ਸਾਹਿਬ ਨੇ ਸਿੱਖ ਪ੍ਰਚਾਰ ਲਈ ਵੱਡਾ ਕਾਰਜ ਉਦਾਸੀਆਂ ਨੂੰ ਤਿੰਨ ਪ੍ਰਚਾਰ ਕੇਂਦਰਾਂ ਜਾਂ ਬਖ਼ਸ਼ਿਸ਼ਾਂ ਦੇ ਰੂਪ ਵਿੱਚ ਕੀਤਾ। ਇਨ੍ਹਾਂ ਵਿੱਚ ਸੁਥਰੇ ਸ਼ਾਹੀਏ[109], ਭਗਤ ਭਗਵਾਨੀਏ ਤੇ ਸੰਗਤ

---

[109] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨਕੋਸ਼,* ਭਾਸ਼ਾ ਵਿਭਾਗ, ਪਟਿਆਲਾ, 2006, ਪੰਨਾ 212.

ਸਾਹਿਬੀਏ ਸਨ। ਇਨ੍ਹਾਂ ਦਾ ਜ਼ਿਕਰ ਕੋਸ਼ਕਾਰ ਨੇ ਉਦਾਸੀ ਜਾਂ ਉਦਾਸੀਨ ਨਾਮੀ ਇੰਦਰਾਜ ਵਿੱਚ ਕੀਤਾ ਹੈ। ਇਸ ਤੋਂ ਇਲਾਵਾ ਸੁਥਰੇ ਸ਼ਾਹ[110], ਭਗਤ ਭਗਵਾਨ[111] ਦਾ ਜ਼ਿਕਰ ਵੱਖਰੇ ਇੰਦਰਾਜਾਂ ਵਿੱਚ ਕੀਤਾ ਗਿਆ ਹੈ।

**ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ**

ਗੁਰੂ ਨਾਨਕ ਦੇਵ ਜੀ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਅਜਿਹੀਆਂ ਸ਼ਖਸੀਅਤਾਂ ਹਨ ਜਿਨ੍ਹਾਂ ਬਾਰੇ ਬਹੁਤ ਜ਼ਿਆਦਾ ਲਿਖਿਆ ਮਿਲਦਾ ਹੈ। ਉਸਦਾ ਸੰਤੋਖ਼ਜਨਕ ਹੋਣਾ ਜਾਂ ਨਾ ਹੋਣਾ ਦੂਸਰਾ ਪਹਿਲੂ ਹੈ। ਇਸੇ ਤਰ੍ਹਾਂ ਇਤਿਹਾਸ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖਾਂ ਬਾਰੇ ਬਹੁਤ ਜ਼ਿਆਦਾ ਵੇਰਵੇ ਪ੍ਰਾਪਤ ਹਨ। ਕੋਸ਼ਕਾਰ ਨੇ ਗੁਰੂ ਸਾਹਿਬ ਨਾਲ ਸੰਬੰਧਿਤ ਪ੍ਰਮੁੱਖ ਸਿੱਖਾਂ ਜਿਵੇਂ ਪੰਜ ਪਿਆਰਿਆਂ[112], 520 ਕਵੀਆਂ[113], ਚਾਲੀ ਮੁਕਤਿਆਂ[114], ਭਾਈ ਨੰਦ ਲਾਲ[115], ਭਾਈ ਮਨੀ ਸਿੰਘ[116] ਆਦਿ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਹੈ।

ਉਪਰੋਕਤ ਵਿਚਾਰ ਚਰਚਾ ਤੋਂ ਸਾਡੇ ਸਾਹਮਣੇ ਇਹ ਗੱਲ ਆਉਂਦੀ ਹੈ ਕਿ ਜੇਕਰ ਗੁਰੂ ਸਾਹਿਬ ਨਾਲ ਸੰਬੰਧਿਤ ਸਿੱਖਾਂ ਬਾਰੇ ਕਾਰਜ ਕਰਨੇ ਹੋਣ ਤਾਂ *ਮਹਾਨ ਕੋਸ਼* ਤੋਂ ਵੱਡੀ ਸਹਾਇਤਾ ਦੇਣ ਵਾਲਾ ਗ੍ਰੰਥ ਮੁਸ਼ਕਿਲ ਹੈ ਜੋ ਵਿਗਿਆਨਕ ਤਰੀਕੇ ਨਾਲ ਜਾਣਕਾਰੀ ਮੁਹੱਈਆ ਕਰਵਾ ਦੇਵੇ, ਭਾਵੇਂ ਇਸਦੀਆਂ ਅਨੇਕਾਂ ਸੀਮਾਵਾਂ ਹਨ।

---

[110] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨਕੋਸ਼,* ਭਾਸ਼ਾ ਵਿਭਾਗ, ਪਟਿਆਲਾ, 2006, ਪੰਨਾ 212

[111] ਉਹੀ, ਪੰਨਾ 901

[112] ਉਹੀ, ਪੰਨਾ 791

[113] ਉਹੀ, ਪੰਨਾ 845

[114] ਉਹੀ, ਪੰਨਾ 891

[115] ਉਹੀ, ਪੰਨਾ 723

[116] ਉਹੀ, ਪੰਨਾ 950-951

*ਮਹਾਨ ਕੋਸ਼* ਨੂੰ ਵਿਚਾਰਦਿਆਂ ਸਾਡੇ ਸਾਹਮਣੇ ਭਾਈ ਸਾਹਿਬ ਦੀ ਵਿਆਖਿਆਕਾਰੀ ਦੇ ਹੇਠ ਲਿਖੇ ਵਿਸ਼ੇਸ਼ ਲੱਛਣ ਆਉਂਦੇ ਹਨ:

**1. ਵਿਭਿੰਨ ਭਾਸ਼ਾਵਾਂ ਦੀ ਜਾਣਕਾਰੀ**

*ਗੁਰੂ ਗ੍ਰੰਥ ਸਾਹਿਬ* ਦਰਜ ਭਾਰਤ ਦੇ ਵੱਖ-ਵੱਖ ਪ੍ਰਾਤਾਂ ਵਿਚ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਦਾ ਸੁਮੇਲ ਹੈ। ਇਸ ਤੇ ਆਧਾਰਿਤ ਕੋਸ਼ ਤਿਆਰ ਕਰਨ ਲਈ ਕੋਸ਼ਕਾਰ ਕੋਲ ਭਾਸ਼ਾਈ ਮੁਹਾਰਤ ਦਾ ਹੋਣਾ ਜ਼ਰੂਰੀ ਹੈ। *ਮਹਾਨ ਕੋਸ਼* ਵਿਚ ਅਰਬੀ, ਫ਼ਾਰਸੀ, ਸੰਸਕ੍ਰਿਤ, ਪ੍ਰਾਕ੍ਰਿਤ, ਬ੍ਰਿਜ, ਅੰਗਰੇਜ਼ੀ ਅਤੇ ਹੋਰ ਬਹੁਤ ਨਵੀਨ ਪ੍ਰਾਂਤਕ ਬੋਲੀਆਂ ਦੇ ਸ਼ਬਦ ਭਾਈ ਸਾਹਿਬ ਭਾਸ਼ਾਈ ਮੁਹਾਰਤ ਦਾ ਬਹੁਤ ਵਧੀਆ ਨਮੂਨਾ ਹਨ। ਇਨ੍ਹਾਂ ਸ਼ਬਦਾਂ ਦੀ ਪੰਜਾਬੀ ਭਾਸ਼ਾ ਵਿਚ ਵਿਆਖਿਆ ਪੰਜਾਬੀ ਅਤੇ ਸਿੱਖ ਵਿਆਖਿਆਕਾਰੀ ਨੂੰ ਉਚੇਰਾ ਅਤੇ ਸੰਪੰਨ ਬਣਾਉਂਦੀ ਹੈ।

**2. ਇਤਿਹਾਸ ਅਤੇ ਮਿਥਿਹਾਸ ਦੀ ਜਾਣਕਾਰੀ**

ਕੋਸ਼ਕਾਰੀ ਲਈ ਕੇਵਲ ਭਾਸ਼ਾ ਦੀ ਮੁਹਾਰਤ ਹੀ ਨਹੀਂ ਬਲਕਿ ਸਾਹਿਤ ਅਤੇ ਵੱਖ-ਵੱਖ ਧਾਰਮਿਕ ਪਰੰਪਰਾਵਾਂ ਵਿਚ ਮੌਜੂਦ ਇਤਿਹਾਸ ਅਤੇ ਮਿਥਿਹਾਸ ਦੀ ਜਾਣਕਾਰੀ ਵੀ ਮਹੱਤਵਪੂਰਨ ਹੁੰਦੀ ਹੈ। ਗੁਰਬਾਣੀ ਵਿਚਲੀ ਭਾਸ਼ਾ ਵਿਚ ਲੋਕ ਬੋਲੀਆਂ ਦੇ ਸ਼ਬਦਾਂ, ਬਿੰਬਾਵਲੀ ਦੀ ਉਦੋਂ ਤੱਕ ਸਮਝ ਨਹੀਂ ਆ ਸਕਦੀ ਜਦੋਂ ਤੱਕ ਉਸਦੇ ਪਿਛੋਕੜ ਦਾ ਸਹੀ ਗਿਆਨ ਨਾ ਹੋਵੇ। ਉਦਾਹਰਣ ਵਜੋਂ ਨਾਮਦੇਵ ਜੀ ਦੀ ਬਾਣੀ ਇਕ ਤੁਕ ਦੇਖ ਸਕਦੇ ਹਾਂ:

ਦੇਵਾ ਪਾਹਨ ਤਾਰੀਅਲੇ ॥ ਰਾਮ ਕਹਤ ਜਨ ਕਸ ਨ ਤਰੇ ॥੧॥ ਰਹਾਉ ॥
ਤਾਰੀਲੇ ਗਨਿਕਾ ਬਿਨੁ ਰੂਪ ਕੁਬਿਜਾ ਬਿਆਧਿ ਅਜਾਮਲੁ ਤਾਰੀਅਲੇ॥
ਚਰਨ ਬਧਿਕ ਜਨ ਤੇਊ ਮੁਕਤਿ ਭਏ॥ ਹਉ ਬਲਿ ਬਲਿ ਜਿਨ ਰਾਮ ਕਹੇ॥ (ਗੁ. ਗ੍ਰੰ. 345)

ਇਸ ਸ਼ਬਦ ਵਿਚਲੇ ਇਤਿਹਾਸਿਕ ਅਤੇ ਪੁਰਾਤਨ ਸਾਹਿਤਿਕ, ਇਤਿਹਾਸਿਕ, ਮਿਥਿਹਾਸਿਕ ਵਿਰਸੇ ਦੀਆਂ ਜੜ੍ਹਾਂ ਨੂੰ ਸਮਝਣ ਲਈ ਰਿਗਵੇਦ ਤੋਂ ਲੈ ਕੇ 19ਵੀਂ ਸਦੀ ਦਾ ਭਾਰਤੀ ਪਰੰਪਰਕ ਚਿੰਤਨ, ਵਿਸ਼ਵ ਸੰਕਲਪ, ਲੋਕਿਕ ਬਿੰਬ, ਇਤਿਹਾਸਿਕ ਅਤੇ ਮਿਥਿਹਾਸਿਕ ਹਵਾਲੇ ਸੁਤੇ ਸਿੱਧ ਆ ਜਾਂਦੇ ਹਨ।[117] *ਮਹਾਨਕੋਸ਼* ਦੇ ਵੱਖ-ਵੱਖ ਇੰਦਰਾਜਾਂ ਦੇਵਾ, ਪਾਹਨ, ਰਾਮ ਆਦਿ ਸ਼ਬਦਾਂ ਦੇ ਹਵਾਲੇ ਦੇਖੇ ਜਾ ਸਕਦੇ ਹਨ।

## 3. ਸ਼ਬਦ ਕ੍ਰਮ

ਭਾਈ ਕਾਨ੍ਹ ਸਿੰਘ ਨਾਭਾ ਨੇ ਇੰਦਰਾਜਾਂ ਨੂੰ ਅੱਖਰ ਕ੍ਰਮ ਅਤੇ ਮਾਤਰਾ ਕ੍ਰਮ ਅਨੁਸਾਰ ਰੱਖਿਆ ਹੈ। ਇਸ ਤੋਂ ਪਹਿਲਾਂ ਮਿਲਦੇ ਕੋਸ਼ਾਂ ਜਿਵੇਂ ਭਾਈ ਮਈਆ ਸਿੰਘ ਵਾਲਾ ਕੋਸ਼ ਅਤੇ ਲੁਧਿਆਣੇ ਵਾਲਾ ਕੋਸ਼ ਇਨ੍ਹਾਂ ਵਿਚ ਰੋਮਨ ਅੱਖਰਾਂ ਵਿਚ ਪੰਜਾਬੀ ਸ਼ਬਦਾਂ ਨੂੰ ਵਿਉਂਤਿਆ ਗਿਆ ਹੈ। ਸ਼ਬਦ ਜੋੜ ਅਤੇ ਉਚਾਰਨ ਦੇਣ ਲਈ ਭਾਈ ਸਾਹਿਬ ਨੇ ਸੰਸਕ੍ਰਿਤ ਅਤੇ ਫ਼ਾਰਸੀ ਵਿਚੋਂ ਆਏ ਸ਼ਬਦਾਂ ਨਾਲ ਮੂਲ ਭਾਸ਼ਾ ਵਿਚ ਦਿੱਤੇ ਹਨ। ਇਸ ਤਰ੍ਹਾਂ ਨਾਲ ਲੇਖਕ ਸ਼ਬਦਾਂ ਦੇ ਤਤਸਮ ਅਤੇ ਉਚਾਰਨ ਦੀ ਸੇਧ ਪਾਠਕ ਨੂੰ ਦਿੰਦਾ ਹੈ। ਕੋਸ਼ ਦੀ ਭੂਮਿਕਾ ਵਿਚ ਉਚਾਰਨ ਵਿਧੀ ਦੱਸੀ ਗਈ ਹੈ ਤਾਂ ਕਿ ਕਿਸੇ ਕਿਸਮ ਦਾ ਭੁਲੇਖਾ ਨਾ ਲੱਗੇ। ਥੋੜੇ ਫਰਕ ਵਾਲੇ ਸ਼ਬਦ ਜੋੜਾਂ ਜਿੰਨ੍ਹਾਂ ਦਾ ਅਰਥ ਹੈ ਉਨ੍ਹਾਂ ਨੂੰ ਇਕ ਬਰੈਕਟ ਵਿਚ ਇਕਠਾ ਕਰ ਦਿੱਤਾ ਹੈ:

ਜਿਵੇਂ ਹੀਸ, ਹੀਂਸ } ਇਕ ਕੰਡੇਦਾਰ ਝਾੜੀ

[117] ਬਲਬੀਰ ਸਿੰਘ ਸੰਧੂ, 'ਭਾਈ ਕਾਨ੍ਹ ਸਿੰਘ ਨਾਭਾ ਦੇ *ਮਹਾਨ ਕੋਸ਼* ਦਾ ਵਿਸ਼ਲੇਸ਼ਨਾਤਮਕ ਅਧਿਐਨ', *ਭਾਈ ਕਾਨ੍ਹ ਸਿੰਘ ਨਾਭਾ: ਇਕ ਅਧਿਐਨ,* (ਸੰਪਾ.) ਅਮਰਜੀਤ ਸਿੰਘ, ਪੰਨਾ 11-12

*ਮਹਾਨ ਕੋਸ਼* ਵਿਚ ਭਾਈ ਸਾਹਿਬ ਦੀਆਂ ਸਾਰੀਆਂ ਰਚਨਾਵਾਂ ਦੀ ਸਮਗਰੀ ਦਰਜ ਕੀਤੀ ਹੋਈ ਹੈ। ਪੰਜਾਬੀ ਵਿਚ ਇਸ ਤਰ੍ਹਾਂ ਕੋਈ ਕੋਸ਼ ਹੁਣ ਤੱਕ ਨਹੀਂ ਬਣਿਆ। ਸਿੱਖ ਫਿਲਾਸਫੀ, ਸਿੱਖ ਇਤਿਹਾਸ ਅਤੇ ਰਹਿਤਮਰਯਾਦਾ ਨੂੰ ਇਸ ਕੋਸ਼ ਵਿਚ ਸੰਖੇਪ ਅਤੇ ਸਿੱਧੇ ਰੂਪ ਵਿਚ ਪੇਸ਼ ਕਰਨ ਦਾ ਜਤਨ ਹੈ। ਵਿਆਖਿਆਕਾਰੀ ਲਈ ਅਨੇਕ ਸੇਧਾਂ ਸਾਨੂੰ ਇਹ ਗ੍ਰੰਥ ਦਿੰਦਾ ਹੈ। ਇਸ ਤੋਂ ਅਸੀਂ ਸ਼ਬਦਾਂ ਦੇ ਅਰਥ, ਸੰਕਲਪ, ਗੁਰਬਾਣੀ ਦੇ ਵੱਖ-ਵੱਖ ਸੰਦਰਭ ਆਦਿ ਤੋਂ ਇਲਾਵਾ ਭਾਸ਼ਾਈ ਅਤੇ ਲਿਪੀ ਦੇ ਵਿਕਾਸ ਵਿਚ ਇਹ ਕੋਸ਼ ਸਹਾਈ ਹੁੰਦਾ ਹੈ। ਵਿਆਖਿਆਕਾਰ ਨੂੰ ਸ਼ਬਦਾਂ ਦੇ ਬਹੁਤ ਸਾਰੇ ਰੂਪਾਂ ਦਾ ਪਤਾ ਲਗਦਾ ਹੈ, ਜਿਵੇਂ ਹੁਕਮੁ, ਹੁਕਮੇ, ਹੁਕਮੈ, ਹੁਕਮੋ ਆਦਿ। ਇਸ ਨਾਲ ਪੰਜਾਬੀ ਭਾਸ਼ਾ ਦੇ ਵਿਕਾਸ-ਕ੍ਰਮ ਦੀ ਜਾਣਕਾਰੀ ਹੋ ਜਾਂਦੀ ਹੈ।

***ਗੁਰੁਮਤ ਮਾਰਤੰਡ* (1938)**

ਗੁਰਬਾਣੀ ਵਿਆਖਿਆ ਨਾਲ ਸੰਬੰਧਿਤ ਸਰੋਤਾਂ ਵਿੱਚ *ਗੁਰੁਮਤ ਮਾਰਤੰਡ* ਦਾ ਮਹੱਤਵਪੂਰਨ ਸਥਾਨ ਹੈ। ਭਾਈ ਕਾਨ੍ਹ ਸਿੰਘ ਨਾਭਾ ਦੁਆਰਾ ਰਚਿਤ ਇਸ ਗ੍ਰੰਥ ਵਿੱਚ ਸਿੱਖ ਧਰਮ ਅਤੇ ਗੁਰਮਤਿ ਸੰਬੰਧੀ ਪਰਿਭਾਸ਼ਿਕ ਸ਼ਬਦਾਵਲੀ ਦੀ ਵਿਆਖਿਆ ਕੀਤੀ ਗਈ ਹੈ। ਇਸ ਗ੍ਰੰਥ ਵਿੱਚ ਗੁਰਮਤਿ, ਸਿੱਖ ਧਰਮ, ਮਿਥਿਹਾਸ ਆਦਿ ਨਾਲ ਸੰਬੰਧਿਤ 1550 ਦੇ ਲਗਭਗ ਸੰਕਲਪਾਂ ਦੀ ਚੋਣ ਕਰਕੇ ਵਿਸ਼ੇ ਅਤੇ ਉਪ-ਵਿਸ਼ੇ ਬਣਾ ਕੇ ਵਿਆਖਿਆ ਕੀਤੀ ਗਈ ਹੈ। ਇਹ ਚੋਣ ਗੁਰਮਤਿ ਵਿਚਾਰਧਾਰਾ ਅਤੇ ਸਿੱਖ ਧਰਮ ਸੰਬੰਧੀ ਭੁਲੇਖਿਆਂ ਨੂੰ ਦੂਰ ਕਰਨ ਦੇ ਨਾਲ-ਨਾਲ ਸਿੱਖ ਧਰਮ ਦੀ ਵਿਲੱਖਣਤਾ ਨੂੰ ਵੀ ਸਪਸ਼ਟ ਕਰਦੀ ਹੈ। ਇਸ ਸਪਸ਼ਟੀਕਰਨ ਲਈ ਲੋੜ ਅਨੁਸਾਰ ਅਰਥ, ਟਿੱਪਣੀਆਂ ਅਤੇ ਤਰਕ-ਵਿਤਰਕ ਨਾਲ ਸਹੀ ਭਾਵ ਸਾਹਮਣੇ ਲਿਆਉਣ ਦਾ ਯਤਨ ਕੀਤਾ ਗਿਆ ਹੈ। ਇਸ ਤਰ੍ਹਾਂ ਇਹ ਗ੍ਰੰਥ ਵਿਚਾਰ ਕੋਸ਼, ਵਿਸ਼ਵਕੋਸ਼, ਵਿਸ਼ਾ ਕੋਸ਼, ਰਹਿਤ-ਬਹਿਤ ਕੋਸ਼, ਵਿਆਖਿਆ ਪੁਸਤਕ, ਆਦਿ ਦੇ ਘੱਟ ਵੱਧ ਗੁਣ ਸਮੋਈ ਬੈਠਾ ਇੱਕ ਵਿਲੱਖਣ ਹਵਾਲਾ ਗ੍ਰੰਥ ਹੈ।

ਭਾਈ ਕਾਨ੍ਹ ਸਿੰਘ ਨਾਭਾ ਨੇ ਨਵੰਬਰ 1938 ਵਿੱਚ ਆਪਣੇ ਦੇਹਾਂਤ ਤੋਂ ਕੁਝ ਦਿਨ ਪਹਿਲਾਂ ਹੀ ਇਸ ਸੰਕਲਨ ਦਾ ਕੰਮ ਪੂਰਾ ਕੀਤਾ ਸੀ। ਭਾਈ ਸਾਹਿਬ ਨੇ ਆਪਣੀਆਂ ਪਹਿਲਾਂ ਲਿਖੀਆਂ ਤਿੰਨ ਪੁਸਤਕਾਂ *ਗੁਰੁਮਤ ਸੁਧਾਕਰ* (1898 ਈ.), *ਗੁਰੁਮਤ ਪ੍ਰਭਾਕਰ* (1899 ਈ.) ਅਤੇ *ਗੁਰੂ ਗਿਰਾ ਕਸੌਟੀ* (1899 ਈ.) ਨੂੰ ਨਵੇਂ ਸਿਰਿਓਂ ਵਿਧੀਵਤ ਤਰੀਕੇ ਨਾਲ ਮਿਲਾ ਕੇ 1938 ਵਿੱਚ *ਗੁਰੁਮਤ ਮਾਰਤੰਡ* ਦਾ ਸੰਕਲਨ ਤਿਆਰ ਕੀਤਾ ਅਤੇ ਇਸ ਦੇ ਅੱਗੇ 30 ਸਫਿਆਂ ਦੀ ਭੂਮਿਕਾ ਵੀ ਜੋੜੀ। ਭਾਈ ਸਾਹਿਬ *ਗੁਰੁਮਤ ਮਾਰਤੰਡ* ਦੇ ਸ਼ੁਰੂ `ਚ ਲਿਖਦੇ ਹਨ:

> ਗੁਰ ਗਿਰਾ ਕਸ਼ਪੱਟੀ ਗੁਰਮਤ-ਪ੍ਰਭਾਕਰ,
>
> ਸੁਧਾ-ਕਰ ਸਾਰ ਯਹ '*ਗੁਰੁਮਤ ਮਾਰਤੰਡ*'॥[118]

ਇਸ ਤਰ੍ਹਾਂ ਇਸ ਗ੍ਰੰਥ ਦਾ ਰਚਨਾ ਕਾਲ ਮੁੱਖ ਤੌਰ ਤੇ 1898-99 ਬਣਦਾ ਹੈ। ਪਹਿਲੀਆਂ ਲਿਖਤਾਂ ਨੂੰ ਸੋਧ ਕੇ ਲਿਖਣ ਦੇ ਪੱਖ ਨੂੰ ਧਿਆਨ `ਚ ਰੱਖਦੇ ਹੋਏ ਦਾ ਦੂਜਾ ਰਚਨਾ ਕਾਲ 1938 ਮੰਨਿਆ ਜਾ ਸਕਦਾ ਹੈ। 1899 ਅਤੇ 1938 ਦੇ ਸਮੇਂ ਦੌਰਾਨ ਭਾਈ ਸਾਹਿਬ *(ਸਦ ਕਾ ਪਰਮਾਰਥ, ਬਿਜੈ ਸ੍ਵਾਸ ਧਰਮ, ਟੀਕਾ ਵਿਸ਼ਨੁ ਪੁਰਾਣ, ਗੁਰਛੰਦ ਦਿਵਾਕਰ, ਗੁਰਸ਼ਬਦਾਲੰਕਾਰ)* ਆਦਿ ਤੋਂ ਇਲਾਵਾ ਆਪਣੀ ਜ਼ਿੰਦਗੀ ਦੀ ਸਭ ਤੋਂ ਸ੍ਰੇਸ਼ਠ ਕਿਰਤ *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼* (1930) ਦੀ ਰਚਨਾ ਕਰ ਚੁੱਕੇ ਸਨ। ਇਸ ਤਰ੍ਹਾਂ ਇਹ ਵਕਫ਼ਾ 38-39 ਸਾਲ ਦੇ ਲਗਭਗ ਬਣਦਾ ਹੈ। ਇਸ ਵਕਫ਼ੇ ਦੇ ਬਹੁਤੇ ਸਾਲ ਉਨ੍ਹਾਂ ਲਈ ਘੋਰ ਤਪੱਸਿਆ ਵਰਗੇ ਸਨ ਜਦ ਉਨ੍ਹਾਂ *ਮਹਾਨ ਕੋਸ਼* ਦੀ ਰਚਨਾ ਕੀਤੀ। ਹੁਣ ਵਿਚਾਰਨ ਵਾਲਾ ਪੱਖ ਇਹ ਹੈ ਕਿ ਕੀ ਉਨ੍ਹਾਂ *ਗੁਰੁਮਤ ਮਾਰਤੰਡ* ਨੂੰ ਬਿਲਕੁਲ ਨਵੇਂ ਸਿਰਿਓਂ ਲਿਖਿਆ ਜਾਂ ਕੁਝ ਸੋਧਾਂ ਹੀ ਕੀਤੀਆਂ ਹਨ। ਭਾਈ ਸਾਹਿਬ ਲਿਖਦੇ ਹਨ,

---

[118] ਭਾਈ ਕਾਨ੍ਹ ਸਿੰਘ ਨਾਭਾ, (1938), *ਗੁਰੁਮਤ ਮਾਰਤੰਡ*, ਭਾਗ ਪਹਿਲਾ, ਭਾਸ਼ਾ ਵਿਭਾਗ, ਪੰਜਾਬ, 1938, ਪੰਨਾ-3.

'ਸੁਧਾ-ਕਰ ਸਾਰ ਯਹ *ਗੁਰੁਮਤ ਮਾਰਤੰਡ*, ਇਸ ਲਈ ਇਸਦਾ ਮੁੱਖ ਰਚਨਾ ਕਾਲ 1899 ਹੈ ਅਤੇ ਦੂਜਾ ਰਚਨਾ ਕਾਲ 1938 ਹੈ।

*ਗੁਰੁਮਤ ਮਾਰਤੰਡ* 1938 ਵਿੱਚ ਸੰਪੂਰਨ ਹੁੰਦਾ ਹੈ ਅਤੇ ਇਸਦਾ ਪ੍ਰਕਾਸ਼ਨ ਭਾਈ ਸਾਹਿਬ ਦੇ ਦੇਹਾਂਤ ਤੋਂ 24 ਸਾਲ ਬਾਅਦ ਹੁੰਦਾ ਹੈ। ਇਸਦਾ ਪ੍ਰਕਾਸ਼ਨ ਅਕਤੂਬਰ 1962 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਹੋਂਦ `ਚ ਆਇਆ।

ਇਸ ਰਚਨਾ ਦਾ ਮੁੱਖ ਮੰਤਵ ਗੁਰਮਤਿ, ਸਿੱਖ ਰਹਿਤ ਮਰਯਾਦਾ, ਸਿੱਖ ਧਰਮ ਬਾਰੇ ਉਸ ਸਮੇਂ ਪੈ ਚੁੱਕੇ ਪਾਏ ਜਾ ਰਹੇ ਭੁਲੇਖਿਆਂ, ਪਾਖੰਡਾਂ ਅਤੇ ਭਰਮ-ਚੱਕਰਾਂ ਨੂੰ ਦੂਰ ਕਰਕੇ ਸਹੀ ਵਿਆਖਿਆ ਕਰਨਾ ਸੀ। ਇਨ੍ਹਾਂ ਭੁਲੇਖਿਆਂ ਅਤੇ ਗਲਤ ਧਾਰਨਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਭਾਈ ਸਾਹਿਬ ਨੇ ਜ਼ਰੂਰਤ ਮੁਤਾਬਿਕ ਗੁਰਮਤਿ, ਸਿੱਖ ਧਰਮ ਰਹਿਤ-ਮਰਯਾਦਾ ਨਾਲ ਸੰਬੰਧਿਤ 1550 ਦੇ ਲਗਭਗ ਸੰਕਲਪ ਦੇ ਕੇ ਵਿਆਖਿਆ ਕੀਤੀ ਹੈ। ਆਪਣੀ ਇਸ ਰਚਨਾ ਦੇ ਮੰਤਵ ਨੂੰ ਭਾਈ ਸਾਹਿਬ ਭੂਮਿਕਾ ਵਿੱਚ ਸਪਸ਼ਟ ਕਰਦੇ ਹਨ।

'ਸਾਡੇ ਮਤ ਦੇ ਪੁਰਾਣੇ ਅਤੇ ਨਵੇਂ ਲੇਖਕਾਂ ਨੇ ਆਪਣੀ ਬੁਧੀ ਅਰੁ ਨਿਸ਼ਚਯ ਅਨੁਸਾਰ, ਇਤਿਹਾਸ, ਰਹਿਤਨਾਮੇ ਅਤੇ ਸੰਸਕਾਰ ਵਿਧੀ ਆਦਿਕ ਅਨੇਕ ਪੁਸਤਕ ਰਚੇ ਹਨ, ਜਿਨ੍ਹਾਂ ਤੋਂ ਸਾਨੂੰ ਬੇਅੰਤ ਲਾਭ ਅਰ ਹਾਨੀ ਹੋ ਰਹੀ ਹੈ,... ਇਨ੍ਹਾਂ ਗ੍ਰੰਥਾਂ ਦੇ ਡੂੰਘੇ ਖੋਜ ਤੋਂ ਪ੍ਰਤੀਤ ਹੁੰਦਾ ਹੈ ਕਿ ਸਾਡੇ ਮਤ ਦੇ ਕਵੀਆਂ ਨੇ ਅਨਯਮਤੀ ਗ੍ਰੰਥ ਕਾਰਾਂ ਦੀ ਨਕਲ ਕਰਦੇ ਹੋਏ ਇਹ ਭਾਰੀ ਭੁੱਲ ਕੀਤੀ ਹੈ ਕਿ ਸਮਾਜ, ਨੀਤੀ ਅਤੇ ਧਰਮ ਆਦਿਕ ਦੇ ਵਿਸ਼ਯ ਇਕੱਠੇ ਕਰਕੇ ਸਭ ਨੂੰ ਮਜ਼ਹਬੀ ਰੰਗਤ ਦੇ ਦਿੱਤੀ ਹੈ। ਬਿਨ੍ਹਾਂ ਛਾਣ-ਬੀਣ ਕੀਤੇ ਅਨੇਕ ਪ੍ਰਸੰਗ ਐਸੇ ਲਿਖੇ ਹਨ, ਜੋ ਮੂਲੋਂ ਨਿਰਮੂਲ ਅਥਵਾ ਗੁਰਮਤਿ ਤੋਂ ਦੂਰ ਲੈ ਜਾਣ ਵਾਲੇ ਹਨ।`[119]

---

[119] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਮਤ ਮਾਰਤੰਡ*, ਭਾਗ ਪਹਿਲਾ, ਭਾਸ਼ਾ ਵਿਭਾਗ, ਪੰਜਾਬ, 1938, ਪੰਨਾ-ੳ

ਇਸ ਤਰ੍ਹਾਂ ਦੀਆਂ ਪੁਸਤਕਾਂ ਕਾਰਨ ਪਾਠਕ ਦਾ ਮਨ 'ਭ੍ਰਮ-ਚੱਕਰ' ਵਿੱਚ ਪੈ ਜਾਂਦਾ ਹੈ ਅਤੇ ਗੁਰਮਤਿ ਦੇ ਅਨੁਸਾਰੀ ਸਹੀ ਉਪਦੇਸ਼ਕ ਪੁਸਤਕ ਕਿਹੜੀ ਹੈ ਇਹ ਲੱਭਣਾ ਔਖਾ ਹੋ ਜਾਂਦਾ ਹੈ।[120] ਉਪਰੋਕਤ ਗੱਲਾਂ ਕਾਰਨ ਭਾਈ ਸਾਹਿਬ ਦੇ ਮਨ ਵਿੱਚ ਗੁਰਮਤਿ ਅਨੁਸਾਰੀ ਸਹੀ ਉਪਦੇਸ਼ਕ' ਪੁਸਤਕ ਦੇਣ ਦਾ ਸੰਕਲਪ ਆਇਆ। ਇਸ ਦਾ ਮੰਤਵ ਸਿੱਖਾਂ ਨੂੰ ਗੁਰਮਤਿ ਨੂੰ ਸਪਸ਼ਟ ਕਰਕੇ, 'ਭ੍ਰਮ-ਚੱਕਰ' ਵਿੱਚੋਂ ਕੱਢਣ ਲਈ ਹਰ ਮਾਮਲੇ ਉੱਤੇ ਪ੍ਰਮਾਣਿਕ ਅਤੇ ਨਿਰਣਾਇਕ ਸਮੱਗਰੀ ਪੇਸ਼ ਕਰਨਾ ਹੈ।[121] ਇਸ ਦੇ ਨਾਲ ਹੀ ਗੁਰਮਤਿ ਵਿਚਾਰਧਾਰਾ ਅਤੇ ਸਿੱਖ ਧਰਮ ਦੀ ਵਿਲੱਖਣਤਾ ਨੂੰ ਸਪਸ਼ਟ ਕਰਨਾ ਵੀ ਹੈ।

*ਗੁਰੁਮਤ ਮਾਰਤੰਡ* ਗ੍ਰੰਥ ਨੂੰ ਆਕਾਰ ਵਿੱਚ ਵੱਡੇ ਹੋਣ ਕਾਰਨ ਦੋ ਭਾਗਾਂ ਵਿੱਚ ਛਾਪਿਆ ਗਿਆ। ਦੋਵੇਂ ਭਾਗਾਂ ਦੇ ਭੁਮਿਕਾ ਅਤੇ ਤਤਕਰੇ ਤੋਂ ਬਿਨ੍ਹਾਂ 848 ਸਫੇ ਹਨ, ਜੇ ਭੂਮਿਕਾ ਦੇ 30 ਸਫੇ, 26 ਸਫਿਆਂ ਦੇ ਤਤਕਰੇ ਦਾ ਦੁਹਰਾਅ (26x2=52) ਮਿਲਾ ਲਏ ਜਾਣ ਤਾਂ ਕੁਲ ਸਫੇ 930 ਬਣਦੇ ਹਨ। ਏਨਾ ਆਕਾਰ ਵਧਣ ਕਾਰਨ ਇਸਨੂੰ ਪੁਸਤਕ ਦੀ ਬਜਾਏ ਜ਼ਿਆਦਾਤਰ 'ਗ੍ਰੰਥ' ਕਿਹਾ ਜਾਂਦਾ ਹੈ।

ਪਹਿਲੇ ਭਾਗ ਵਿੱਚ 30 ਪੰਨਿਆਂ (ੳ-ਮ) ਦੀ ਭੂਮਿਕਾ ਤੋਂ ਬਾਅਦ 26 ਪੰਨਿਆਂ (ੳ-ਪ) ਦਾ ਅੱਖਰਵਾਰ ਤਤਕਰਾ ਹੈ। ਪਹਿਲੇ ਭਾਗ ਦੇ 420 ਪੰਨੇ ਹਨ, ਜੇ ਭੂਮਿਕਾ ਅਤੇ ਤਤਕਰੇ ਨੂੰ ਮਿਲਾਈਏ ਤਾਂ 476 ਪੰਨੇ ਬਣਦੇ ਹਨ। ਪਹਿਲਾ ਭਾਗ 'ਉਸਤਿਤ' ਦੇ ਸੰਕਲਪ ਤੋਂ ਸ਼ੁਰੂ ਹੁੰਦਾ ਹੈ ਅਤੇ '*ਗੁਰੂ ਗ੍ਰੰਥ ਸਾਹਿਬ* ਦਾ ਪ੍ਰਕਾਸ਼ ਕਰਨਾ ਅਤੇ ਹੁਕਮ ਲੈਣਾ' ਸੰਕਲਪ ਤੇ ਸਮਾਪਨ ਹੁੰਦਾ ਹੈ।

---

[120] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਮਤ ਮਾਰਤੰਡ*, ਭਾਗ ਪਹਿਲਾ, ਭਾਸ਼ਾ ਵਿਭਾਗ, ਪੰਜਾਬ, 1938, ਪੰਨਾ-ਅ

[121] ਪ੍ਰੋ. ਪ੍ਰੀਤਮ ਸਿੰਘ, *ਭਾਈ ਕਾਨ੍ਹ ਸਿੰਘ ਨਾਭਾ : ਪਿਛੋਕੜ ਰਚਨਾ ਤੇ ਮੁਲੰਕਣ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1989, ਪੰਨਾ 45

ਦੂਜੇ ਭਾਗ ਦੇ ਸਫਿਆਂ ਦਾ ਕ੍ਰਮ ਅੰਕ ਉਹੀ ਰੱਖਿਆ ਹੈ। ਮੁਕੰਮਲ ਸੂਚੀ ਪੱਤਰ ਨਾਲ 421 ਪੰਨੇ ਤੋਂ ਸ਼ੁਰੂ ਹੋ ਕੇ 848 ਪੰਨੇ ਤੇ ਇਸ ਗ੍ਰੰਥ ਦੀ ਸਮਾਪਤੀ ਹੁੰਦੀ ਹੈ। ਦੂਜੇ ਭਾਗ ਦਾ ਪਹਿਲਾ ਸੰਕਲਪ '*ਗੁਰੂ ਗ੍ਰੰਥ ਸਾਹਿਬ* ਦਾ ਪਾਠ' ਅਤੇ ਅੰਤਲਾ ਸੰਕਲਪ 'ਵਯਸਨ' ਹੈ। ਵਿੱਦਿਆ ਦੇ ਪਸਾਰੇ ਕਾਰਨ ਹਰ ਖੇਤਰ ਵਿੱਚ ਵਰਗੀਕਰਨ ਹੋ ਗਿਆ ਹੈ। ਇਹ ਵਰਗੀਕਰਨ ਸੂਚਨਾ ਅਤੇ ਗਿਆਨ ਵਧਣ ਕਾਰਨ ਜ਼ਰੂਰੀ ਵੀ ਹੈ। ਪੁਸਤਕਾਂ ਅਤੇ ਸਾਹਿਤ ਦਾ ਹੁਣ ਸਵਾਲ ਇਹ ਹੈ ਕਿ ਆਧੁਨਿਕ ਵਰਗਵੰਡ ਅਨੁਸਾਰ ਕੀ *ਗੁਰੁਮਤ ਮਾਰਤੰਡ* ਨੂੰ ਕਿਸੇ ਸ਼੍ਰੇਣੀ ਵਿੱਚ ਰੱਖਿਆ ਜਾ ਸਕਦਾ ਹੈ ਜਾਂ ਨਹੀਂ?

ਇਸ ਵਿੱਚ ਕੋਈ ਸੰਦੇਹ ਨਹੀਂ ਕਿ *ਗੁਰੁਮਤ ਮਾਰਤੰਡ* ਗੁਰਬਾਣੀ ਵਿਆਖਿਆਕਾਰੀ ਅਤੇ ਸਿੱਖ ਮਰਯਾਦਾ ਨਾਲ ਸੰਬੰਧਿਤ ਇਕ ਪ੍ਰਮਾਣਿਕ ਹਵਾਲਾ ਗ੍ਰੰਥ ਹੈ। ਭਾਈ ਸਾਹਿਬ ਦੇ *ਮਹਾਨ ਕੋਸ਼* ਤੋਂ ਬਾਅਦ ਉੱਤਮ ਰਚਨਾ ਪੱਖੋਂ ਇਸ ਦਾ ਨਾਮ ਦੂਜੈਲਾ ਹੈ, ਪਰ *ਗੁਰੁਮਤ ਮਾਰਤੰਡ* ਨੂੰ ਗ੍ਰੰਥਾਂ ਜਾਂ ਕੋਸ਼ਾਂ ਦੀ ਕਿਸ ਸ਼੍ਰੇਣੀ ਵਿੱਚ ਰੱਖਿਆ ਜਾਵੇ, ਇਹ ਅਜੇ ਤੱਕ ਸਪਸ਼ਟ ਨਹੀਂ ਹੋ ਸਕਿਆ ਹੈ।

ਰਤਨ ਸਿੰਘ ਜੱਗੀ *ਗੁਰੁਮਤ ਮਾਰਤੰਡ* ਲਈ ਜ਼ਿਆਦਾਤਰ 'ਸੰਕਲਨ' ਸ਼ਬਦ ਵਰਤਦੇ ਹਨ।[122] ਇੱਕ ਥਾਈਂ 'ਹਵਾਲਾ ਗ੍ਰੰਥ' ਵੀ ਕਹਿੰਦੇ ਹਨ।

ਗੁਰਸ਼ਰਨਜੀਤ ਸਿੰਘ ਅਨੁਸਾਰ, "ਇਸ ਗ੍ਰੰਥ ਨੂੰ ਅਸੀਂ 'ਵਿਚਾਰ ਕੋਸ਼ਾਂ' ਦੀ ਸ਼੍ਰੇਣੀ ਵਿੱਚ ਰੱਖ ਸਕਦੇ ਹਾਂ।[123]

ਜਸਵਿੰਦਰ ਕੌਰ ਢਿੱਲੋਂ ਅਨੁਸਾਰ ਇਸ ਨੂੰ ਹਵਾਲਾ ਗ੍ਰੰਥ ਜਾਂ ਹਵਾਲਾ ਕੋਸ਼ ਦਾ ਨਾਮ ਦਿੱਤਾ ਜਾ ਸਕਦਾ ਹੈ।[124]

---

[122] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼ ਭਾਗ-ਪਹਿਲਾ,* ਗੁਰ ਰਤਨ ਪਬਲਿਸ਼ਰਜ, 2005, ਪੰਨਾ 647

[123] ਪਰੋਸੀਡਿੰਗਜ਼ ਨੈਸ਼ਨਲ ਸੈਮੀਨਾਰ, (ਮਾਰਚ 2011), *ਭਾਈ ਕਾਨ੍ਹ ਸਿੰਘ ਨਾਭਾ ਦਾ ਸਿੱਖ ਧਰਮ ਅਧਿਐਨ ਲਈ ਯੋਗਦਾਨ,* ਗੁਰਸ਼ਰਨਜੀਤ ਸਿੰਘ, *ਵਿਦਵਤਾ, ਸਿੱਖ ਵਿਦਵਤਾ ਅਤੇ ਭਾਈ ਕਾਨ੍ਹ ਸਿੰਘ ਨਾਭਾ,* ਪੰਨਾ-12

[124] ਪਰੋਸੀਡਿੰਗਜ਼ ਨੈਸ਼ਨਲ ਸੈਮੀਨਾਰ, (ਮਾਰਚ 2011), *ਭਾਈ ਕਾਨ੍ਹ ਸਿੰਘ ਨਾਭਾ ਦਾ ਸਿੱਖ ਧਰਮ ਅਧਿਐਨ ਲਈ ਯੋਗਦਾਨ,* ਢਿੱਲੋਂ ਜਸਵਿੰਦਰ ਕੌਰ, ਭਾਈ ਕਾਨ੍ਹ ਸਿੰਘ ਨਾਭਾ ਦੀ ਕਿਰਤ *ਗੁਰੁਮਤ ਮਾਰਤੰਡ,* ਪੰਨਾ-63

ਪ੍ਰੋ. ਪ੍ਰੀਤਮ ਸਿੰਘ ਕਹਿੰਦੇ ਹਨ, "ਇਹ ਗ੍ਰੰਥ ਸਿੱਖਾਂ ਦਾ ਇੱਕ ਵੱਡਾ ਰਹਿਤਨਾਮਾ ਹੀ ਨਹੀਂ, ਮਹਾਨ 'ਰਹਿਤ-ਬਹਿਤ ਕੋਸ਼` ਬਣ ਨਿੱਬੜਿਆ ਹੈ।"[125]

ਦੇਵਿੰਦਰ ਸਿੰਘ ਵਿਦਿਆਰਥੀ ਆਪਣੀ ਪੁਸਤਕ ਵਿੱਚ ਲਿਖਦੇ ਹਨ, "ਸਾਰੇ ਭੁਲੇਖੇ ਉਸੂਲਾਂ ਵਿਰੁੱਧ, ਇਤਿਹਾਸ ਵਿਰੁੱਧ ਅਤੇ ਯੁਕਤੀ ਵਿਰੁੱਧ ਵੰਡ ਕੇ, ਸਾਢੇ ਅੱਠ ਸੌ ਦੇ ਕਰੀਬ ਸਫਿਆਂ ਵਿੱਚ ਗੁਰਬਾਣੀ ਉੱਤੇ ਆਧਾਰਿਤ ਇੱਕ ਪ੍ਰਕਾਰ 'ਗੁਰਮਤ ਵਿਚਾਰ ਕੋਸ਼` ਇਕੱਤ੍ਰ ਕਰ ਦਿੱਤਾ।"[126]

ਜਗਮੇਲ ਸਿੰਘ ਭਾਠੂਆਂ ਭਾਈ ਸਾਹਿਬ ਬਾਰੇ ਲਿਖੀ ਆਪਣੀ ਪੁਸਤਕ ਵਿੱਚ ਇਸ ਗ੍ਰੰਥ ਦੀ ਸ਼੍ਰੇਣੀ ਸਪਸ਼ਟ ਨਹੀ ਕਰਦੇ, ਪਰ ਅਸਪਸ਼ਟ ਰੂਪ ਨਾਲ ਇਸ ਨੂੰ ਗੁਰਮਤਿ ਅਤੇ ਸਿੱਖਮਤ ਦਾ ਵਿਸ਼ਾ ਕੋਸ਼ ਹੀ ਸਮਝਦੇ ਹਨ।[127]

ਇਸ ਗ੍ਰੰਥ ਦੀ ਸ਼੍ਰੇਣੀ ਨਿਰਧਾਰਨ ਕਰਨ ਦੀ ਮੁਸ਼ਕਿਲ ਆਉਣ ਦਾ ਕਾਰਨ ਭਾਈ ਸਾਹਿਬ ਦੀ ਵਿਲੱਖਣਤਾ ਅਤੇ ਕੋਸ਼ਾਂ ਦੇ ਵੱਖ-ਵੱਖ ਅੰਸ਼ਾਂ ਦਾ ਸਮਾਇਆ ਹੋਣਾ ਹੈ।

ਇਸ ਵਿੱਚ ਲਗਭਗ ਹਰ ਸੰਕਲਪ ਨਾਲ ਸੰਬੰਧਿਤ ਗੁਰਬਾਣੀ ਟੂਕਾਂ ਨੂੰ ਸੰਗ੍ਰਹਿਤ ਕੀਤਾ ਗਿਆ ਹੈ। ਇਸ ਆਧਾਰ ਤੇ ਇਹ 'ਵਿਚਾਰ ਕੋਸ਼` ਦੀ ਸ਼੍ਰੇਣੀ ਵਿੱਚ ਆਉਂਦਾ ਹੈ। ਇਸ ਗੱਲ ਦੀ ਹਾਮੀ ਡਾ. ਗੁਰਸ਼ਰਨਜੀਤ ਸਿੰਘ, ਦੇਵਿੰਦਰ ਸਿੰਘ ਵਿਦਿਆਰਥੀ ਆਦਿ ਭਰਦੇ ਹਨ, ਜੋ ਗਲਤ ਤਾਂ ਨਹੀਂ, ਪਰ ਇੱਕ ਹੱਦ ਤੱਕ ਤੋਂ ਅੱਗੇ ਪੂਰੀ ਢੁੱਕਦੀ ਵੀ ਨਹੀਂ ਹੈ। ਇਹ ਨਿਰੋਲ ਵਿਚਾਰ ਕੋਸ਼ ਨਹੀਂ ਹੈ ਇਸਦਾ ਕਾਰਨ ਇਹ ਹੈ ਕਿ ਇਸ ਵਿੱਚ ਗੁਰਬਾਣੀ ਦੀਆਂ ਟੂਕਾਂ ਦੇ ਨਾਲ-ਨਾਲ ਵਿਆਖਿਆ,

---

[125] ਪ੍ਰੋ. ਪ੍ਰੀਤਮ ਸਿੰਘ *ਭਾਈ ਕਾਨ੍ਹ ਸਿੰਘ ਨਾਭਾ: ਪਿਛੋਕੜ ਰਚਨਾ ਅਤੇ ਮੁਲਾਂਕਣ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1989, ਪੰਨਾ-46

[126] ਦੇਵਿੰਦਰ ਸਿੰਘ ਵਿਦਿਆਰਥੀ, *ਭਾਈ ਕਾਨ੍ਹ ਸਿੰਘ ਨਾਭਾ ਜੀਵਨ ਤੇ ਰਚਨਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987, ਪੰਨਾ-119

[127] ਜਗਮੇਲ ਸਿੰਘ ਭਾਠੂਆ, *ਯੁੱਗ ਪੁਰਸ਼ ਭਾਈ ਕਾਨ੍ਹ ਸਿੰਘ ਨਾਭਾ,* ਆਰਸੀ ਪਬਲਿਸ਼ਰਜ਼, ਦਿੱਲੀ, 2007, ਪੰਨਾ - 102

ਟਿੱਪਣੀਆਂ, ਸਪੱਸ਼ਟੀਰਨ, ਹੋਰ ਲੇਖਕਾਂ ਦੇ ਹਿੰਦੀ-ਅੰਗਰੇਜ਼ੀ ਭਾਸ਼ਾ ਵਿੱਚ ਮੂਲ ਹਵਾਲੇ, ਜੀਵਨੀਆਂ ਆਦਿ ਕਈ ਪੱਖ ਆ ਜਾਂਦੇ ਹਨ। ਉਦਾਹਰਨ ਲਈ

- ਫੁਟ ਨੋਟਾਂ ਵਿੱਚ ਹੱਦੋਂ ਵੱਧ ਵਿਸਥਾਰ ਹੋ ਜਾਣਾ ਜਿਵੇਂ 'Health and Longenity' ਤਮਾਕੂ ਨਾਲ ਸੰਬੰਧਿਤ ਫੁੱਟ ਨੋਟ ਚਾਰ ਸਫ਼ਿਆਂ ਤੇ ਚਲਾ ਜਾਂਦਾ ਹੈ।[128]
- ਉਸੇ ਤਰ੍ਹਾਂ 614 ਪੰਨੇ ਉੱਪਰ ਸ਼ਰਾਬ ਸੰਬੰਧੀ ਫੁੱਟ ਨੋਟ[129]
- ਸੰਕਲਪਾਂ ਬਾਰੇ ਗੁਰਬਾਣੀ ਟੂਕਾਂ ਤੋਂ ਇਲਾਵਾ ਇਤਿਹਾਸ, ਟਿੱਪਣੀਆਂ, ਸਪਸ਼ਟੀਕਰਨ, ਵਰਣਨ ਆਦਿ ਦਾ ਆਉਣਾ।

ਇਨ੍ਹਾਂ ਕੁਝ ਮੁੱਖ ਕਾਰਨਾਂ ਕਰਕੇ *ਗੁਰੁਮਤ ਮਾਰਤੰਡ* ਨਿਰੋਲ ਵਿਚਾਰ ਕੋਸ਼ਾਂ ਦੀ ਸ਼੍ਰੇਣੀ ਵਿੱਚ ਨਹੀਂ ਰੱਖਿਆ ਜਾ ਸਕਦਾ। ਭਾਈ ਕਾਨ੍ਹ ਸਿੰਘ ਨਾਭਾ ਗੁਰੁਮਤਿ ਨਾਲ ਸੰਬੰਧਿਤ ਸੰਕਲਪ ਜਾਂ ਪਰਿਭਾਸ਼ਿਕ ਸ਼ਬਦ ਲੈ ਕੇ ਫਿਰ ਉਸ ਭਾਵ ਵਾਲਿਆਂ ਗੁਰਬਾਣੀ `ਚੋਂ ਟੂਕਾਂ ਲਈਆਂ ਹਨ। ਇਸ ਦੇ ਨਾਲ ਹੀ ਲੋੜ ਅਨੁਸਾਰ ਫੁੱਟ ਨੋਟਾਂ ਦੇ ਰੂਪ ਵਿੱਚ ਔਖੇ ਸ਼ਬਦਾਂ ਦੇ ਅਰਥ, ਪੂਰੀ ਸਤਰ ਦਾ ਭਾਵ ਅਰਥ, ਸਰਲਾਰਥ ਆਦਿ ਵੀ ਦਿੱਤੇ ਹਨ। ਇਸ ਤਰ੍ਹਾਂ ਇਸ ਵਿੱਚ ਕਿਤੇ ਟੀਕੇ ਵਾਲੇ, ਕਿਤੇ ਪਰਮਾਰਥ ਵਾਲੇ ਆਦਿ ਵਿਆਖਿਆਕਾਰੀ ਗੁਣ ਵੀ ਸਮੋਏ ਹੋਏ ਹਨ। ਪਰ ਇਸ ਨੂੰ ਟੀਕਾ, ਜਾਂ ਸਟੀਕ ਦੀ ਸ਼੍ਰੇਣੀ ਵਿੱਚ ਵੀ ਮੁਕੰਮਲ ਤੌਰ ਤੇ ਨਹੀਂ ਰੱਖਿਆ ਜਾ ਸਕਦਾ। ਵਿਆਖਿਆਕਾਰੀ ਵਾਲਾ ਪੱਖ ਨਿਰੋਲ ਹਰ ਰੂਪ ਵਿੱਚ ਭਾਰੂ ਨਹੀਂ ਹੈ ਕਿਉਂਕਿ 'ਸੰਕਲਪਾਂ` ਦੀ ਚੋਣ ਪਿੱਛੇ ਭੁਲੇਖਿਆਂ ਨੂੰ ਦੂਰ ਕਰਨ ਦਾ ਇੱਕ ਖਾਸ ਮੰਤਵ ਹੈ, ਦੂਜੀ ਗੱਲ 'ਸੰਕਲਪਾਂ` ਦੇ ਅੰਤਰਗਤ ਲਈਆਂ ਸਭ ਟੂਕਾਂ ਦੀ ਵਿਆਖਿਆ ਵੀ ਨਹੀਂ ਦਿੱਤੀ ਹੈ। ਇਸ ਤਰ੍ਹਾਂ ਇਸ ਵਿੱਚ ਗੁਰਬਾਣੀ ਦਾ ਕੋਈ ਖਾਸ ਭਾਗ ਆਦਿ ਰੱਖ ਕੇ ਵਿਆਖਿਆ ਨਹੀਂ ਕੀਤੀ ਗਈ ਹੈ।

---

[128] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਮਤ ਮਾਰਤੰਡ*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, (ਭਾਗ ਦੂਜਾ), 1938, ਪੰਨਾ 553

[129] ਉਹੀ, ਪੰਨਾ - 614

ਭਾਈ ਸਾਹਿਬ ਨੇ ਇਸ ਗ੍ਰੰਥ ਉਤਪਤ ਹੋ ਚੁੱਕੇ ਭੁਲੇਖਿਆਂ ਅਤੇ ਭਰਮਾਂ ਦਾ ਖੰਡਨ ਕਰਕੇ, ਗੁਰਬਾਣੀ ਅਤੇ ਹੋਰ ਸਿੱਖ ਧਰਮ ਹਵਾਲਿਆਂ `ਚੋਂ ਟੂਕਾਂ ਦੇ ਕੇ ਖੰਡਨ-ਸਪੱਸ਼ਟੀਕਰਨ ਦੀ ਵਿਧੀ ਆਲੋਚਨਾ ਤਰਕ-ਵਿਤਰਕ ਚੋਂ ਗੁਜ਼ਰਦੀ ਹੋਈ ਕਈ ਵਾਰ ਤਿੱਖੀ ਸ਼ਬਦਾਵਲੀ ਦਾ ਰੂਪ ਧਾਰ ਲੈਂਦੀ ਹੈ। ਜਿਸ ਬਾਰੇ ਭਾਈ ਸਾਹਿਬ ਖੁਦ ਵੀ ਸੁਚੇਤ ਹਨ। ਉਹ ਇਸ ਵਿਚਲੇ ਆਪਣੇ 'ਉਦੰਡ` ਭਾਵ ਦਾ ਸੰਕੇਤ ਕਰਦੇ ਹਨ।

'ਭ੍ਰਾਤ੍ਰੀ ਭਾਵ, ਸੇਵਾ, ਜਥੇਬੰਦੀ ਕੋ ਪ੍ਰਚਾਰਕ ਹੈ,
ਗੁਰੂ ਰੀਤਿ ਪ੍ਰੀਤਿ ਪ੍ਰਦ ਸਤਯਭਾਸ਼ੀ ਹੈ ਉਦੰਡ॥[130]

ਉਦਾਹਰਨ ਲਈ 'ਅਪਰਸ` ਦਾ ਇੰਦਰਾਜ ਦੇਖੋ

"ਕਈ ਪਾਖੰਡੀ, ਧਾਤੂ ਇਸਤ੍ਰੀ ਆਦਿਕ ਨੂੰ ਦਿਖਾਵੇ ਮਾਤ੍ਰ ਨਹੀਂ ਛੂੰਹਦੇ ਅਤੇ ਆਪ ਨੂੰ 'ਅਪਰਸ` ਸਦਾਉਂਦੇ ਹਨ, ਪਰ ਗੁਰਮਤਿ ਵਿੱਚ ਅਜਿਹੇ ਲੋਕਾਂ ਦੰਭੀ ਹਨ। ਅਪਰਸ ਉਹੀ ਹਨ ਜੋ ਆਪਣੀਆਂ ਇੰਦ੍ਰੀਆਂ ਅਤੇ ਮਨ ਨੂੰ ਕੁਕਰਮਾਂ ਦੇ ਸੰਯੋਗ ਤੋਂ ਨਿਰਲੇਪ ਰੱਖਦੇ ਹਨ।"[131]

ਇਸ ਗ੍ਰੰਥ ਵਿਚ ਫੁੱਟ ਨੋਟਾਂ ਦੇ ਰੂਪ ਵਿੱਚ ਨਿਰੋਲ ਟਿੱਪਣੀਆਂ, ਹਵਾਲੇ ਹੀ ਨਹੀਂ ਸਗੋਂ ਕਈ ਵਾਰ ਕਿਸੇ ਦਾ ਪੂਰੇ ਦਾ ਪੂਰਾ ਜੀਵਨ ਹੀ ਬਿਆਨਿਆ ਗਿਆ ਹੈ। ਜਿਵੇਂ ਉਦਾਹਰਨ ਵਜੋਂ ਪੰਨਾ ਨੰਬਰ 26-27 ਤੇ ਭਾਈ ਨੰਦ ਲਾਲ ਗੋਯਾ ਦਾ ਪੂਰੇ ਦਾ ਪੂਰਾ ਜੀਵਨ ਬਿਉਰਾ ਹੀ ਦਿੱਤਾ ਪਿਆ ਹੈ। ਇਸ ਤਰ੍ਹਾਂ ਭਾਈ ਗੁਰਦਾਸ (3), ਬਾਬਰ (712), ਵੇਦ-ਸਾਸਤ੍ਰ-ਸਿਮ੍ਰਤੀ (834), ਦਸਮ ਗ੍ਰੰਥ (567), ਭਾਈ ਬਾਲਾ (12), ਪੰਜ ਪਿਆਰੇ (691) ਆਦਿ ਸੰਕਲਪਾਂ ਅਧੀਨ ਪਾਠ ਸਮੱਗਰੀ ਨੂੰ ਵਾਚਦੇ ਹੋਏ, ਵਿਸ਼ਵਕੋਸ਼ ਦਾ ਅਹਿਸਾਸ ਹੁੰਦਾ ਹੈ। ਇਸ ਪੱਖ ਤੋਂ ਇਸ ਨੂੰ ਵਿਸ਼ਾ-ਕੋਸ਼ ਵੀ ਆਖਿਆ

---

[130] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਮਤ ਮਾਰਤੰਡ*, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, (ਭਾਗ ਪਹਿਲਾ), 1938, ਪੰਨਾ-3

[131] ਉਹੀ, ਪੰਨਾ-35

ਜਾ ਸਕਦਾ ਹੈ। ਪਰ ਇਹ ਪੱਖ ਵੀ ਦੂਜੇ ਪੱਖਾਂ ਵਾਂਗ ਆਪਣੇ ਆਪ `ਚ ਸੰਪੂਰਨ ਨਾ ਹੋ ਕੇ ਅੰਸ਼ਿਕ ਮਾਤਰ ਹੀ ਹੈ।

ਵਿਸ਼ਾ ਕੋਸ਼ ਦੇ ਮਾਪਦੰਡਾਂ ਉੱਪਰ ਵੀ ਇਹ ਗ੍ਰੰਥ ਪੂਰਾ ਨਹੀਂ ਉਤਰਦਾ ਕਿਉਂਕਿ ਗੁਰਮਤਿ, ਗੁਰਬਾਣੀ, ਗੁਰੂਆਂ, ਭਗਤਾਂ, ਸਿੱਖ ਮਰਿਆਦਾ ਆਦਿ ਨਾਲ ਬਹੁਤ ਸਾਰੇ ਇਦਰਾਜਾਂ ਦੀ ਕਮੀ ਖਟਕਦੀ ਹੈ।

ਉਪਰੋਕਤ ਹਵਾਲਿਆਂ ਨਾਲ ਅਸੀਂ ਦੇਖਦੇ ਹਾਂ ਕਿ *ਗੁਰੁਮਤ ਮਾਰਤੰਡ* ਆਧੁਨਿਕ ਵਰਗੀਕਰਨ ਦੇ ਆਧਾਰ ਤੇ ਕਿਸੇ ਸ਼੍ਰੇਣੀ ਵਿੱਚ ਸੰਪੂਰਨ ਤੌਰ ਤੇ ਨਹੀਂ ਆਉਂਦਾ। ਇਸ ਗੱਲ ਨਾਲ ਇਸਦੀ ਮਹੱਤਤਾ ਘਟਦੀ ਨਹੀਂ ਹੈ। ਅੱਖਰ ਕ੍ਰਮ ਅਨੁਸਾਰ ਇੰਦਰਾਜਾਂ ਦੀ ਭਰਤੀ ਕਰਕੇ ਪਰਿਭਾਸ਼ਿਤ ਕਰਨਾ ਕੋਸ਼ਾਂ ਦਾ ਆਧਾਰਿਕ ਗੁਣ ਹੈ।

ਇਸ ਲਈ ਆਧੁਨਿਕ ਵਰਗੀਕਰਨ ਦੇ ਆਧਾਰ ਤੇ ਇਸ ਗ੍ਰੰਥ ਦੀ 'ਅੱਖਰਵਾਰ ਸ਼ਬਦਾਂ ਦੀ ਪਰਿਭਾਸ਼ਾ ਅਤੇ ਵਿਆਖਿਆ ਕਰਨਾ` ਇਸਨੂੰ ਕੋਸ਼ਾਂ ਦੀ ਸ਼੍ਰੇਣੀ ਵਿੱਚ ਸਪਸ਼ਟ ਤੌਰ ਤੇ ਨਿਰਧਾਰਤ ਕਰਦਾ ਹੈ। ਦਲਜੀਤ ਸਿੰਘ ਖਹਿਰਾ ਲਿਖਦੇ ਹਨ: "ਕੋਸ਼ ਇੱਕ ਅਜਿਹੀ ਸੰਦਰਭ ਪੁਸਤਕ ਜਾਂ ਗ੍ਰੰਥ ਦਾ ਨਾਂ ਹੈ, ਜਿਸ ਵਿੱਚ ਇਸਦੀ ਕਿਸਮ ਅਤੇ ਆਕਾਰ ਨੂੰ ਮੁੱਖ ਰੱਖਕੇ ਲਿਖਤ ਸਾਹਿਤ ਅਤੇ ਬੋਲਚਾਲ ਵਿੱਚੋਂ ਇੰਦਰਾਜ ਲੈ ਕੇ ਉਨ੍ਹਾਂ ਨੂੰ ਅੱਖਰ ਕ੍ਰਮ ਦੀ ਤਰਤੀਬ ਵਿੱਚ ਰੱਖਿਆ ਜਾਂਦਾ ਹੈ। ਇਸ ਤੋਂ ਇਲਾਵਾ ਸ਼ਬਦ ਜੋੜ, ਉਚਾਰਨ, ਵਿਆਕਰਨਕ ਵੇਰਵੇ, ਪਰਿਭਾਸ਼ਕ ਜਾਂ ਵਰਨਾਤਮਕ ਅਰਥ ਸਪੱਸ਼ਟੀਕਰਨ ਲਈ ਉਦਾਹਰਨਾਂ ਜਾਂ ਤਸਵੀਰਾਂ ਵਿਉਂਤਪਤ ਸ਼ਬਦ, ਮੁਹਾਵਰੇ ਅਤੇ ਅਖੌਤਾਂ ਨਿਰੁੱਕਤੀ, ਸਮਾਨਾਰਥਕ ਅਤੇ ਵਿਰੋਧਾਰਥਕ ਸ਼ਬਦ, ਟੂਕਾਂ ਅਤੇ ਲੇਬਲਾਂ ਦੀ ਵਿਸਤਰਤ ਪੇਸ਼ਕਾਰੀ ਹੁੰਦੀ ਹੈ।"[132]

---

[132] ਦਲਜੀਤ ਸਿੰਘ ਖਹਿਰਾ, *ਕੋਸ਼ਕਾਰੀ ਅਤੇ ਪੰਜਾਬੀ ਕੋਸ਼ਕਾਰੀ: ਸਿਧਾਂਤਕ ਅਤੇ ਵਿਹਾਰਿਕ ਪਰਿਪੇਖ*, 2009, ਪੰਨਾ 18

ਇਸ ਤਰ੍ਹਾਂ ਇਹ ਸਪਸ਼ਟ ਹੈ ਕਿ *ਗੁਰੁਮਤ ਮਾਰਤੰਡ* ਕੋਸ਼ਾਂ ਦੀ ਸ਼੍ਰੇਣੀ ਵਿੱਚ ਆਉਂਦਾ ਹੈ। ਪਰ ਅੱਗੇ ਕੋਸ਼ਾਂ ਦੀ ਕਿਸ ਉਪ-ਸ਼੍ਰੇਣੀ ਵਿੱਚ ਰੱਖਿਆ ਜਾਵੇ, ਇਸ ਬਾਰੇ ਵਿਚਾਰਿਆ ਜਾਂਣਾ ਹੈ, ਕਿਉਂਕਿ ਕੋਸ਼ਾਂ ਦੀਆਂ ਕਈ ਉਪ-ਸ਼੍ਰੇਣੀਆਂ ਦੇ ਅੰਸ਼ ਇਸ ਵਿੱਚ ਸਮੋਏ ਹੋਏ ਹਨ। ਸੰਖੇਪ ਵਿੱਚ *ਗੁਰੁਮਤ ਮਾਰਤੰਡ* ਅਤੇ ਸਿੱਖ ਰਹਿਤ-ਮਰਯਾਦਾ ਨੂੰ ਮੂਲ ਭਾਵ ਵਿੱਚ ਪੇਸ਼ ਕਰਦਾ ਇੱਕ ਪ੍ਰਮਾਣਿਕ ਹਵਾਲਾ ਕੋਸ਼ ਹੈ। ਮੂਲ ਭਾਵ ਨੂੰ ਪ੍ਰਗਟਾਉਣ ਦੀ ਖਾਤਰ ਭਾਈ ਸਾਹਿਬ ਪੁਸਤਕ-ਸ਼੍ਰੇਣੀਆਂ ਦੀਆਂ ਤਕਨੀਕੀ ਬੰਦਿਸ਼ਾਂ ਵਿੱਚ ਨਹੀਂ ਪਏ, ਇਹੀ ਇਸਦੀ ਵਿਲੱਖਣਤਾ ਹੈ।

ਸਾਰਾਂਸ਼ ਵਜੋਂ ਕਿਹਾ ਜਾ ਸਕਦਾ ਹੈ ਕਿ ਭਾਈ ਕਾਨ੍ਹ ਸਿੰਘ ਨਾਭਾ ਗੁਰਮਤਿ ਦੇ ਮਹਾਨ ਵਿਆਖਿਆਕਾਰ ਵਜੋਂ ਸਾਡੇ ਸਨਮੁਖ ਹੁੰਦੇ ਹਨ। ਇਨ੍ਹਾਂ ਦੀਆਂ ਪੁਸਤਕਾਂ *ਗੁਰੂ ਗ੍ਰੰਥ ਸਾਹਿਬ* ਦੇ *ਪ੍ਰਯਾਯ* ਤੇ *ਗੁਰੁ ਗਿਰਾ ਕਸੌਟੀ* ਜੋ ਅਪ੍ਰਕਾਸ਼ਿਤ ਰੂਪ ਵਿੱਚ ਦੁਰਲਭ ਹਨ ਉਨ੍ਹਾਂ ਬਾਰੇ ਮਿਲਦੇ ਹਵਾਲਿਆਂ ਜਾਂ ਸਰੋਤਾਂ ਤੋਂ ਉਨ੍ਹਾਂ ਨੂੰ *ਗੁਰੂ ਗ੍ਰੰਥ ਸਾਹਿਬ* ਦੀ ਟੀਕਾਕਾਰੀ ਦੇ ਮੁਢਲੇ ਪੜਾਅ ਵਿੱਚ ਰੱਖਿਆ ਜਾ ਸਕਦਾ ਹੈ, ਪਰੰਤੂ ਜਦੋਂ ਅਸੀਂ ਹਮ ਹਿੰਦੂ ਨਹੀਂ ਪੁਸਤਕ ਪੜਦੇ ਹਾਂ ਤਾਂ ਭਾਈ ਸਾਹਿਬ ਸਿੱਖ ਧਰਮ ਦੇ ਧਰਮ ਮਿਮਾਂਸਕ (Theologian) ਦੇ ਰੂਪ ਵਿੱਚ ਉਭਰਦੇ ਹਨ। ਧਰਮ ਮਿੰਮਾਸਕ ਦਾ ਕਾਰਜ ਦੂਸਰੇ ਧਰਮਾਂ ਦੇ ਪਰਿਪੇਖ ਵਿੱਚ ਆਪਣੇ ਧਰਮ ਦੀ ਉਤਮਾਂ ਸਿੱਧ ਕਰਨਾ ਹੁੰਦਾ ਹੈ। ਪਰੰਤੂ ਭਾਈ ਸਾਹਿਬ ਇਸ ਪੁਸਤਕ ਵਿੱਚ ਇਸ ਤੋਂ ਅਗਲੇ ਸਵਾਲ, ਜਿਹੜਾ ਕਿ ਸਿੱਖ ਧਰਮ ਦੀ ਹੋਂਦ ਨਾਲ ਹੀ ਜੁੜਿਆ ਹੋਇਆ ਹੈ ਉਸ ਨਾਲ ਜੂਝਦੇ ਨਜ਼ਰ ਆਉਂਦੇ ਹਨ।

ਪੁਸਤਕ ਵਿੱਚ ਸਾਰੇ ਪੱਖਾਂ ਤੋਂ ਜਿਨ੍ਹਾ ਵਿੱਚ ਸਿੱਖਾਂ ਦੇ ਸੰਸਕਾਰ, ਪੂਜਾ ਵਿਧੀਆਂ, ਪਾਠ-ਪਠਨ, ਤੀਰਥ-ਇਸ਼ਨਾਨ ਆਦਿ ਨੂੰ ਹਿੰਦੂ ਧਰਮ ਨਾਲੋਂ ਵੱਖਰਾ ਸਿੱਧ ਕੀਤਾ ਗਿਆ ਹੈ ਅਤੇ ਸਿੱਖਾਂ ਦੀ ਨਿਵੇਕਲੀ ਹਸਤੀ ਨੂੰ ਸਥਾਪਿਤ ਕਰਨ ਵਿੱਚ ਭਾਈ ਸਾਹਿਬ ਬੜੇ ਸਫ਼ਲ ਰਹੇ ਹਨ। ਦੂਜੇ ਪਾਸੇ

ਉਨ੍ਹਾਂ ਦੀ ਵਿਆਖਿਆਕਾਰੀ ਵੇਦਾਂਤਕ ਚੋਖਟੇ ਚੋਂ ਨਿਕਲ ਕੇ ਸਿੱਖ ਫ਼ਲਸਫ਼ੇ ਦੇ ਨਿਵੇਕਲੇਪਨ ਨੂੰ ਜ਼ਾਹਿਰ ਕਰਦੀ ਹੈ। ਭਾਈ ਸਾਹਿਬ ਉਨ੍ਹਾਂ ਸਾਰੇ ਸਵਾਲਾਂ ਦਾ ਜਵਾਬ ਬੜੀ ਖ਼ੂਬਸੂਰਤੀ ਨਾਲ ਗੁਰਬਾਣੀ ਅਤੇ ਸਿੱਖ ਸਾਹਿਤ ਦੇ ਅਧਾਰ ਤੇ ਦਿੰਦੇ ਹਨ। ਜਿਹੜੇ ਹਿੰਦੂ ਸੈਮੀਨਾਰਾਂ, ਉਨ੍ਹਾਂ ਦੀਆਂ ਪੁਸਤਕਾਂ ਆਦਿ ਵਿੱਚ ਸਿੱਖਾਂ ਉੱਤੇ ਉਠਾਏ ਜਾਂਦੇ ਸਨ। ਇਸ ਤੋਂ ਇਲਾਵਾ ਵਿਆਖਿਆਕਾਰੀ ਦੀ ਪ੍ਰਸ਼ਨ-ਉਤਰੀ ਸ਼ੈਲੀ ਜੋ ਸੰਪਰਦਾਈ ਵਿਦਵਾਨ ਅਪਣਾਉਂਦੇ ਸਨ, ਉਸਦਾ ਵੀ ਸੁੰਦਰ ਪ੍ਰਗਟਾਵਾ ਮਿਲਦਾ ਹੈ। ਭਾਈ ਸਾਹਿਬ ਦੀਆਂ ਤਿੰਨ ਪੁਸਤਕਾਂ *ਗੁਰੁਮਤ ਪ੍ਰਭਾਕਰ*, *ਗੁਰੁਮਤ ਸੁਧਾਕਰ* ਅਤੇ *ਗੁਰੁਮਤ ਮਾਰਤੰਡ* ਇੱਕ ਦੂਜੇ ਦੀਆਂ ਪੂਰਕ ਹਨ। ਪਹਿਲਾਂ ਵਰਣਨ ਹੋ ਚੁੱਕਾ ਹੈ ਕਿ ਭਾਈ ਸਾਹਿਬ ਨੇ *ਗੁਰੁਮਤ ਮਾਰਤੰਡ* ਵਿੱਚ ਆਪਣੀਆਂ ਦੋਵੇਂ ਪੁਸਤਕਾਂ ਨੂੰ ਸਮੋ ਦਿੱਤਾ ਹੈ। ਪਰੰਤੂ ਜੇਕਰ ਇਹਨਾ ਤਿੰਨਾਂ ਪੁਸਤਕਾਂ ਦੇ ਵੱਖਰੇ-ਵੱਖਰੇ ਰੂਪ ਵਿੱਚ ਗੱਲ ਕਰਨੀ ਹੋਵੇ ਤਾਂ ਸਾਨੂੰ ਇਨ੍ਹਾਂ ਦੀਆਂ ਵਿਸ਼ੇਸ਼ਤਾਵਾਂ ਵਿੰਚ ਭਾਈ ਸਾਹਿਬ ਦੇ ਵਿਆਖਿਆ ਦੇ ਢੰਗਾਂ ਅਤੇ ਵਿਖਆਖਿਆ ਕਰਨ ਪਿੱਛੇ ਮਿਲਦੇ ਵਿਚਾਰਾਂ ਦਾ ਪਤਾ ਲੱਗਦਾ ਹੈ, ਜਿਨ੍ਹਾਂ ਵਿੱਚ ਉਨ੍ਹਾਂ ਨੇ ਸਿੱਖ ਗ੍ਰੰਥਾਂ ਵਿੱਚ ਮਿਲਦੇ ਰਲਾਅ ਨੂੰ ਦੂਰ ਕਰਨ ਦੀ ਜਾਂ ਉਨ੍ਹਾਂ ਨੂੰ ਪੜ੍ਹਨ ਵੇਲੇ ਵਰਤੀ ਜਾਣ ਵਾਲੀ ਸਾਵਧਾਨੀ ਦਾ ਵਿਸ਼ੇਸ਼ ਜ਼ਿਕਰ ਕੀਤਾ ਹੈ। ਕਿਉਂਕਿ *ਹਮ ਹਿੰਦੂ ਨਹੀਂ* ਪੁਸਤਕ ਵਿੱਚ ਇਹ ਅਪਣਾ ਮਨੋਰਥ ਜ਼ਾਹਿਰ ਕਰ ਦਿੰਦੇ ਹਨ ਕਿ ਸਿੱਖੀ ਇੱਕ ਨਿਵੇਕਲਾ ਪੰਥ ਹੈ ਪਰ ਸਾਡੇ ਗ੍ਰੰਥਾਂ ਵਿੱਚ ਪਾਏ ਮਿਲਗੋਭੇ ਕਾਰਨ ਅਸੀਂ ਫਿਰ ਰਲੇਵੇਂ ਦਾ ਸ਼ਿਕਾਰ ਹੋ ਜਾਂਦੇ ਹਾਂ, ਇਸ ਲਈ *ਗੁਰੁਮਤ ਸੁਧਾਕਰ* ਵਿੱਚ ਪ੍ਰਭਾਰ ਵਿਚ ਮਿਲਦੀ ਵਿਆਖਿਆ ਵਿੱਚ *ਗੁਰੂ ਗ੍ਰੰਥ ਸਾਹਿਬ* ਦੀ ਬਾਣੀ ਅਤੇ ਸਿੱਖ ਸਾਹਿਤ ਦੇ ਪ੍ਰਸੰਗ ਵਿੱਚ ਸਿੱਖ ਰਹਿਤ ਨੂੰ ਦ੍ਰਿੜ ਕਰਵਾਇਆ ਗਿਆ ਹੈ।

*ਗੁਰੁਮਤ ਸੁਧਾਕਰ* ਦੀ ਸ਼ੁਰੂਆਤ ਦਸਮ ਗ੍ਰੰਥ ਦੀ ਬਾਣੀ ਨਾਲ ਹੁੰਦੀ ਹੈ, ਉਸ ਤੋਂ ਬਾਅਦ ਭਾਈ ਗੁਰਦਾਸ ਜੀ ਦੀਆਂ ਰਚਨਾਵਾਂ, ਭਾਈ ਨੰਦ ਨਾਲ ਦੀਆਂ ਰਚਨਾਵਾਂ ਆਦਿ ਨੂੰ ਆਧਾਰ ਬਣਾਕੇ ਸਿੱਖ ਮਰਯਾਦਾ ਦੀ ਵੱਖਰਤਾ ਨੂੰ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। *ਗੁਰੁਮਤ ਮਾਰਤੰਡ* ਵਿੱਚ ਉਪਰੋਕਤ ਦੋਨੋਂ ਪੁਸਤਕਾਂ ਨੂੰ ਇਕੱਠਾ ਕਰਕੇ ਸਿੱਖ ਪੰਥ ਦੇ ਸੰਕਲਪਾਂ ਦੀ ਵਿਆਖਿਆ ਦਾ ਇੱਕ ਕੋਸ਼ ਤਿਆਰ ਕੀਤਾ ਗਿਆ ਹੈ ਜਿਹੜਾ *ਗੁਰੁਮਤ ਮਾਰਤੰਡ* ਨੂੰ ਇੱਕ ਵਿਸ਼ਵਕੋਸ਼ ਵਿਚਾਰਕੋਸ਼, ਰਹਿਤਨਾਮਾਂ ਆਦਿ ਦੇ ਰੂਪ ਵਿੱਚ ਪੇਸ਼ ਕਰਦਾ ਹੈ। ਗੁਰ ਛੰਦ ਦਿਵਾਕਰ ਅਤੇ ਗੁਰ ਸ਼ਬਦਅਲੰਕਾਰ ਸਿੱਖ ਸਾਹਿਤ ਦੇ ਛੰਦ ਸ਼ਾਸਤਰ ਅਤੇ ਅਲੰਕਾਰ ਸ਼ਾਸਤਰ ਵਜੋਂ ਕੋਸ਼ਗਤ ਸ਼ੈਲੀ ਵਿੱਚ ਲਿਖੇ ਗਏ ਗ੍ਰੰਥ ਹਨ ਜੋ ਭਾਈ ਸਾਹਿਬ ਦੀ ਸ਼ਖ਼ਸੀਅਤ ਦੇ ਇੱਕ ਵੱਖਰੇ ਪਾਸਾਰ ਨੂੰ ਦੱਸਦੇ ਹਨ।

ਇਨ੍ਹਾਂ ਦੀ ਸਿਰਮੌਰ ਰਚਨਾ *ਮਹਾਨ ਕੋਸ਼* ਹੈ ਜਿਹੜੀ ਇਨ੍ਹਾਂ ਦੀਆਂ ਸਾਰੀਆਂ ਪੁਸਤਕਾਂ ਨੂੰ ਇੱਕ ਵਡੇਰੇ ਰੂਪ ਵਿੱਚ ਪਾਠਕਾਂ ਸਾਹਮਣੇ ਪੇਸ਼ ਕਰਦੀ ਹੈ। ਇਸ ਵਿੱਚ ਪਰੋਈ ਹੋਈ ਵਿਸ਼ਾਲ ਸਮੱਗਰੀ ਇਸਨੂੰ ਸਿੱਖ ਸਾਹਿਤ ਦੇ ਇਨਸਾਈਕਲੋਪੀਡੀਆ ਦਾ ਦਰਜਾ ਦਿਵਾਉਂਦੀ ਹੈ।

ਇਸ ਤਰ੍ਹਾਂ ਕਹਿ ਸਕਦੇ ਹਾਂ ਕਿ ਭਾਈ ਸਾਹਿਬ ਦੀਆਂ ਰਚਨਾਵਾਂ ਵਿੱਚੋਂ ਕੋਸ਼ ਸ਼ੈਲੀ ਪਰਤੱਖ ਰੂਪ ਵਿੱਚ ਨਜ਼ਰ ਆਉਂਦੀ ਹੈ। ਪਰੰਤੂ ਇਸ ਵਿੱਚ ਵਿਸ਼ਾ ਕੋਸ਼, ਸੰਦਰਭ ਕੋਸ਼, ਸ਼ਬਦ ਕੋਸ਼ ਅਤੇ ਵਿਸ਼ਵਕੋਸ਼ ਵਾਲੇ ਸਾਰੇ ਗੁਣ ਨਜ਼ਰ ਆਉਂਦੇ ਹਨ। ਇਸ ਤੋਂ ਇਲਾਵਾ ਉਹ ਵਿਆਖਿਆ ਦੀਆਂ ਸਾਰੀਆਂ ਸ਼ੈਲੀਆਂ ਨੂੰ ਆਪਣੀਆਂ ਰਚਨਾਵਾਂ ਵਿੱਚ ਸਮੋ ਦਿੰਦੇ ਹਨ। ਜਿਹੜੀਆਂ ਛੋਟੇ-ਛੋਟੇ ਇੰਦਰਾਜਾਂ ਵਜੋਂ ਜਾਣਕਾਰੀ ਭਰਪੂਰ ਸਿੱਖ ਕੌਮ ਦੇ ਦਾਰਸ਼ਨਿਕ, ਧਾਰਮਿਕ, ਇਤਿਹਾਸਿਕ ਪੱਖਾਂ ਨੂੰ ਪ੍ਰਗਟ ਕਰਦੀਆਂ ਹਨ।

ਅਧਿਆਇ ਚੌਥਾ

## ਭਾਈ ਕਾਨ੍ਹ ਸਿੰਘ ਨਾਭਾ ਦੀ ਗੁਰਮਤਿ ਵਿਆਖਿਆਕਾਰੀ ਦਾ ਤੁਲਨਾਤਮਿਕ ਅਧਿਐਨ

ਤੁਲਨਾਤਮਿਕ ਸ਼ਬਦ ਅੰਗ੍ਰੇਜ਼ੀ ਭਾਸ਼ਾ ਦੇ comparative ਸ਼ਬਦ ਦਾ ਪੰਜਾਬੀ ਅਨੁਵਾਦ ਹੈ। ਇਸ ਦੀ ਵਰਤੋਂ ਮਨੁੱਖੀ ਗਿਆਨ ਦੇ ਵੱਖ-ਵੱਖ ਪਸਾਰਾਂ ਜਿਵੇਂ ਵਿਗਿਆਨ, ਇਤਿਹਾਸ, ਸਾਹਿਤ ਆਦਿ ਵਿੱਚ ਕੀਤੀ ਜਾਂਦੀ ਹੈ। ਵਿਗਿਆਨ ਵਿੱਚ ਵੱਖ-ਵੱਖ ਖੋਜਾਂ ਦੇ ਅਧਿਐਨ ਕਰਨ ਲਈ ਕੀਤੇ ਜਾਂਦੇ ਟਾਕਰੇ ਲਈ ਇਸ ਸ਼ਬਦ ਨੂੰ ਇੱਕ ਅਨੁਸ਼ਾਸਨ ਵਜੋਂ ਵਰਤਿਆ ਜਾਂਦਾ ਹੈ। ਸਾਹਿਤਕ ਕਿਰਤਾਂ ਦੀ ਤੁਲਨਾ ਲਈ, ਜਿਨ੍ਹਾਂ ਵਿੱਚ ਕਿਰਤਾਂ, ਕਲਾਤਮਿਕ, ਸੁ਼ਹਜਾਤਮਿਕ, ਸਭਿਆਚਾਰਕ ਅਤੇ ਹੋਰ ਬਹੁਤ ਸਾਰੇ ਪਸਾਰ ਸ਼ਾਮਿਲ ਹੁੰਦੇ ਹਨ, ਸਾਹਿਤ ਦੇ ਖੇਤਰ ਵਿੱਚ ਇਸ ਅਨੁਸ਼ਾਸਨ ਦੀ ਵਰਤੋਂ ਕੀਤੀ ਜਾਂਦੀ ਹੈ।

ਤੁਲਨਾਤਮਿਕ ਸਾਹਿਤ ਦੇ ਵੱਖ-ਵੱਖ ਵਿਹਾਰਕ ਆਧਾਰ ਦੇਖਣ ਦੀ ਪਰੰਪਰਾ ਬਹੁਤ ਪੁਰਾਤਨ ਹੈ। ਪਰੰਤੂ ਠੋਸ ਰੂਪ ਵਿੱਚ: "Comparative Literature" ਸ਼ਬਦ ਦੀ ਵਰਤੋਂ 1848 ਵਿੱਚ ਮੈਥਿਊ ਆਰਨਾਲਡ (Mathew Arnold) ਨੇ ਕੀਤੀ ਸੀ। ਬਾਅਦ ਵਿੱਚ ਰੈਨੇ ਵੈਲਕ (Rane Wellek) ਅਤੇ ਆਸਟਿਨ ਵਾਰਨ (Austin Warren) ਨੇ ਇਸ ਵਰਤਾਰੇ ਦੀ ਪਰਿਭਾਸ਼ਿਕ ਸ਼ਬਦ ਵਜੋਂ ਵਰਤੋਂ ਕੀਤੀ ਸੀ। ਉਨ੍ਹਾਂ ਨੇ ਆਪਣੀ ਪੁਸਤਕ Theory of Literature ਦੇ ਪੰਜਵੇਂ ਅਧਿਆਇ ਵਿੱਚ ਇਸ ਸ਼ਬਦ ਨੂੰ ਵਰਤਿਆ ਅਤੇ ਨਾਲ ਹੀ 'ਤੁਲਨਾਤਮਿਕ' ਸ਼ਬਦ ਨੂੰ ਸਾਹਿਤ ਵਿੱਚ ਵਰਤਣ ਲਈ ਅਸਪਸ਼ਟ ਵੀ ਮੰਨਿਆ। "ਮੈਥਿਊ ਨੇ ਇਸ ਪਰਿਭਾਸ਼ਿਕ ਸ਼ਬਦ ਨੂੰ "Historic Comparative" ਦੇ ਰੂਪ ਵਿੱਚ ਵਰਤਣ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਨੇ ਇਸ ਸਬੰਧੀ ਆਪਣਾ ਤਰਕ ਪੇਸ਼ ਕਰਦੇ ਹੋਏ ਆਖਿਆ ਸੀ ਕਿ ਕਿਸੇ ਵੀ ਸਾਹਿਤਕ ਵਰਤਾਰੇ ਨੂੰ ਆਪਣੇ ਮੂਲ

ਰੂਪ ਵਿੱਚ ਨਹੀਂ ਸਮਝਿਆ ਜਾ ਸਕਦਾ ਜਦੋਂ ਤੱਕ ਉਸ ਨੂੰ ਹੋਰ ਘਟਨਾਵਾਂ ਅਤੇ ਸਾਹਿਤ ਨਾਲ ਤੁਲਨਾਤਮਿਕ ਰੂਪ ਵਿੱਚ ਵਿਚਾਰਿਆ ਨਾ ਜਾਵੇ ਜਿਵੇਂ ਪੁਰਾਤਨ ਯੂਨਾਨ ਦਾ ਸਾਹਿਤ, ਇਸ ਦਾ ਮੱਧਕਾਲ ਦਾ ਸਾਹਿਤ, ਜਦੋਂ ਤੱਕ ਇਨ੍ਹਾਂ ਨੂੰ ਇੱਕ ਦੂਸਰੇ ਤੋਂ ਅਲੱਗ ਵਰਤਾਰਿਆਂ ਅਤੇ ਮਨੁੱਖੀ ਸੂਝ ਦੇ ਵਿਕਾਸ ਦੇ ਅਲੱਗ ਹਿੱਸੇ ਸਮਝਾਂਗੇ ਅਤੇ ਅਸੀਂ ਇਸਦੀ ਤਹਿ ਤੱਕ ਪਹੁੰਚਣ ਤੋਂ ਅਸਮਰਥ ਰਹਿ ਜਾਵਾਂਗੇ।"[1]

ਉਪਰੋਕਤ ਵਿਚਾਰਾਂ ਤੋਂ ਅਸੀਂ ਸਮਝ ਸਕਦੇ ਹਾਂ ਕਿ ਤੁਲਨਾਤਮਿਕ ਸ਼ਬਦ ਇੱਕ ਅਨੁਸ਼ਾਸਨ ਵਜੋਂ ਆਪਣੇ ਅੰਦਰ ਲੋਕਧਾਰਾ, ਪ੍ਰਭਾਵਾਂ ਜਾਂ ਤੱਥਾਂ, ਰੂਪਕਾਰਾਂ ਅਤੇ ਵਿਸ਼ਿਆਂ ਆਦਿ ਨੂੰ ਸਮੋ ਕੇ ਚੱਲਦਾ ਹੈ। ਇਸ ਦਾ ਪੱਛਮ ਵਿੱਚ ਲਮੇਰਾ ਇਤਿਹਾਸ ਹੈ। ਭਾਰਤ ਅਤੇ ਪੰਜਾਬ ਵਿੱਚ ਇਹ ਵਿਸ਼ਾ 'ਤੁਲਨਾਤਮਿਕ ਸਾਹਿਤ' ਦੇ ਨਾਮ ਤੋਂ ਆਪਣੇ ਮੁਢਲੇ ਦੌਰ ਵਿੱਚ ਹੈ। ਪਰੰਤੂ ਇੱਕ ਅਨੁਸ਼ਾਸਨ ਵਜੋਂ ਇਹ ਸਾਹਿਤ ਦੇ ਇਤਿਹਾਸ, ਪੀਐਚ.ਡੀ. ਜਾਂ ਐਮ.ਫਿਲ ਦੀਆਂ ਰੂਪ ਰੇਖਾਵਾਂ (Synopsis) ਅਤੇ ਕਿਸੇ ਲੇਖਕ ਦੁਆਰਾ ਆਪਣੇ ਖੋਜ ਕਾਰਜ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਆਪਣੇ ਖੇਤਰ ਦੇ ਪਿਛੋਕੜ ਵਿੱਚ ਪਏ ਕਾਰਜਾਂ ਦੇ ਆਲੋਚਨਾਤਮਕ ਵਿਸ਼ਲੇਸ਼ਣ ਦੇ ਰੂਪ ਵਿੱਚ ਅਤੇ ਅਲੋਚਨਾਤਮਕ ਅਧਿਐਨ ਦੀਆਂ ਪੁਸਤਕਾਂ ਵਿੱਚ ਇਹ ਕਾਰਜ ਪ੍ਰਤੱਖ ਰੂਪ ਵਿੱਚ ਨਜ਼ਰ ਆਉਂਦਾ ਹੈ।

ਭਾਈ ਕਾਨ੍ਹ ਸਿੰਘ ਨਾਭਾ ਸਿੰਘ ਸਭਾ ਨਾਲ ਸੰਬੰਧਿਤ ਵਿਆਖਿਆਕਾਰ ਸਨ। ਉਨ੍ਹਾਂ ਦੀਆਂ ਪੁਸਤਕਾਂ ਵਿੱਚ ਤੁਲਨਾਤਮਿਕ ਅਧਿਐਨ ਜਾਂ ਤੁਲਨਾਤਮਿਕ ਸਾਹਿਤ ਦੀਆਂ ਝਲਕਾਂ ਗੁਰੁਮਤ ਮਾਰਤੰਡ ਪੁਸਤਕ ਵਿੱਚ ਦੇਖੀਆਂ ਜਾ ਸਕਦੀਆਂ ਹਨ, ਜਿਸ ਦਾ ਜ਼ਿਕਰ ਵੱਖ-ਵੱਖ ਅਧਿਆਇਆਂ

[1] ਸਤਨਾਮ ਸਿੰਘ ਸੰਧੂ, *ਸਾਹਿਤ ਦੀ ਹੋਂਦ ਵਿਧੀ,* ਪੰਜਾਬ ਹੈਰੀਟੇਜ ਪਬਲੀਕੇਸ਼ਨ, ਪਟਿਆਲਾ, 2008, ਪੰਨਾ 3

ਵਿੱਚ ਪਹਿਲਾਂ ਹੋ ਚੁੱਕਾ ਹੈ ਅਤੇ ਇਸ ਅਧਿਆਇ ਵਿੱਚ ਅੱਗੇ ਆਵੇਗਾ ਉਸਦੀ ਭੂਮਿਕਾ ਤੁਲਨਾਤਮਿਕ ਅਧਿਐਨ ਦੀ ਚੰਗੀ ਉਦਾਹਰਨ ਹੈ।

ਭਾਈ ਸਾਹਿਬ ਦੇ ਸਮਕਾਲੀ ਵਿਦਵਾਨ ਜਿਹੜਾ ਸਾਹਿਤ ਰਚਦੇ ਰਹੇ ਉਹ ਵਿਧਾ ਜਾਂ ਰੂਪਾਕਾਰ ਦੇ ਪੱਖ ਤੋਂ ਭਾਈ ਸਾਹਿਬ ਤੋਂ ਕਿਵੇਂ ਭਿੰਨ ਹੈ? ਜੇਕਰ ਉਨ੍ਹਾਂ ਦੀ ਵਿਆਖਿਆਕਾਰੀ ਵਿਚ ਕੁਝ ਸਮਾਨਤਾਵਾਂ ਹਨ ਤਾਂ ਕੀ ਹਨ? ਇਹ ਸਾਰੇ ਸਵਾਲ ਇਸ ਅਧਿਆਇ ਵਿੱਚ ਅਧਿਐਨ ਦਾ ਕੇਂਦਰ ਬਣਾਏ ਗਏ ਹਨ।

ਭਾਈ ਕਾਨ੍ਹ ਸਿੰਘ ਨਾਭਾ ਗੁਰਮਤਿ ਵਿਆਖਿਆਕਾਰੀ ਨਾਲ ਜੁੜੀ ਸਿੰਘ ਸਭਾ ਲਹਿਰ ਦੀ ਇਕ ਸਿਰਮੌਰ ਹਸਤੀ ਸਨ। ਵਿਆਖਿਆਕਾਰੀ ਨਾਲ ਸੰਬੰਧਿਤ ਇਨ੍ਹਾਂ ਨੇ ਬਹੁਤ ਸਾਰੀਆਂ ਪੁਸਤਕਾਂ ਸਿਰਜੀਆਂ ਹਨ, ਜਿਨ੍ਹਾਂ ਦਾ ਜ਼ਿਕਰ ਹਥਲੇ ਖੋਜ-ਕਾਰਜ ਦੇ ਪਿਛਲੇ ਅਧਿਆਇਆਂ ਵਿਚ ਕੀਤਾ ਗਿਆ ਹੈ। ਗੁਰਬਾਣੀ ਦੇ ਹੋਰ ਵੀ ਬਹੁਤ ਸਾਰੇ ਵਿਆਖਿਆਕਾਰ ਹੋਏ ਹਨ ਅਤੇ ਹਰ ਇਕ ਦਾ ਆਪਣਾ ਵਿਸ਼ੇਸ਼ ਸਥਾਨ ਹੈ। ਇਨ੍ਹਾਂ ਵਿਆਖਿਆਕਾਰਾਂ ਦਾ ਕਾਰਜ ਹਰ ਸਮੇਂ ਦੇ ਪਾਠਕਾਂ ਦੀ ਜਗਿਆਸਾ ਨੂੰ ਤ੍ਰਿਪਤ ਕਰਦਾ ਹੈ। ਇਸ ਲਈ ਆਪ ਮੁਹਾਰੇ ਉਹ ਆਪਣੇ ਸਮਕਾਲੀਆਂ ਦੇ ਮੋਹਰੀ ਬਣ ਜਾਂਦੇ ਹਨ। ਭਾਈ ਕਾਨ੍ਹ ਸਿੰਘ ਨਾਭਾ ਆਪਣੇ ਸਮਕਾਲੀ ਵਿਆਖਿਆਕਾਰਾਂ ਵਿਚ ਵਿਸ਼ੇਸ਼ ਸਨ। ਇਨ੍ਹਾਂ ਦੇ ਸਮਕਾਲੀ ਵਿਦਵਾਨ ਨਿਮਨਲਿਖਤ ਸਨ:

- ਪੰਡਿਤ ਤਾਰਾ ਸਿੰਘ ਨਰੋਤਮ (1822-1891)
- ਗਿਆਨੀ ਦਿੱਤ ਸਿੰਘ (1853-1901)
- ਭਾਈ ਵੀਰ ਸਿੰਘ (1872-1957)
- ਭਾਈ ਜੋਧ ਸਿੰਘ (1882-1981)
- ਪ੍ਰੋ. ਪਿਆਰਾ ਸਿੰਘ ਪਦਮ (1921-2001)

ਭਾਈ ਕਾਨ੍ਹ ਸਿੰਘ ਨਾਭਾ ਨੇ ਭਾਈ ਵੀਰ ਸਿੰਘ ਨੂੰ ਛੱਡ ਕੇ ਆਪਣੇ ਸਭ ਸਮਕਾਲੀਆਂ ਜਿਵੇਂ ਗਿ. ਦਿੱਤ ਸਿੰਘ, ਪੰਡਿਤ ਤਾਰਾ ਸਿੰਘ ਨਰੋਤਮ ਅਤੇ ਭਾਈ ਜੋਧ ਸਿੰਘ ਆਦਿ ਤੋਂ ਜਿਆਦਾ ਸਾਹਿਤ ਦੀ ਰਚਨਾ ਕੀਤੀ ਸੀ। ਇਨ੍ਹਾਂ ਦੇ ਨਾਂ ਇਥੇ ਇਸ ਕਰਕੇ ਦਿੱਤੇ ਗਏ ਹਨ, ਕਿਉਂਕਿ ਇਹ ਸਾਰੇ ਲਗਪਗ ਇਕ ਤਰ੍ਹਾਂ ਦਾ ਹੀ ਸਾਹਿਤ ਰਚਦੇ ਰਹੇ ਹਨ। ਹਥਲੇ ਖੋਜ-ਕਾਰਜ ਦੇ ਇਸ ਅਧਿਆਇ ਵਿਚ ਇਨ੍ਹਾਂ ਪ੍ਰਮੁਖ ਵਿਦਵਾਨਾਂ ਦੀਆਂ ਗੁਰਮਤਿ ਨਾਲ ਸੰਬੰਧਿਤ ਵਿਆਖਿਆਕਾਰੀ ਰਚਨਾਵਾਂ ਦਾ ਅਧਿਐਨ ਕਰਦੇ ਹੋਏ ਭਾਈ ਕਾਨ੍ਹ ਸਿੰਘ ਨਾਭਾ ਦੀਆਂ ਗੁਰਮਤਿ ਵਿਆਖਿਆਕਾਰੀ ਨਾਲ ਸੰਬੰਧਿਤ ਰਚਨਾਵਾਂ ਨਾਲ ਤੁਲਨਾਤਮਿਕ ਅਧਿਐਨ ਕੀਤਾ ਜਾਵੇਗਾ।

**ਭਾਈ ਕਾਨ੍ਹ ਸਿੰਘ ਨਾਭਾ ਅਤੇ ਪੰਡਿਤ ਤਾਰਾ ਸਿੰਘ ਨਰੋਤਮ**

ਪੰਡਿਤ ਤਾਰਾ ਸਿੰਘ ਨਰੋਤਮ ਨਿਰਮਲੇ ਸਾਧੂ ਸਨ। ਇਨ੍ਹਾਂ ਦਾ ਜਨਮ 1822 ਈ. ਵਿਚ ਗੁਰਦਾਸਪੁਰ ਕਾਦੀਆਂ ਕਸਬੇ ਦੇ ਨੇੜੇ ਕਾਲਮਾ ਪਿੰਡ ਵਿਚ ਹੋਇਆ ਸੀ। ਇਨ੍ਹਾਂ ਨੇ ਆਪਣੀ ਜਿੰਦਗੀ ਦਾ ਬਹੁਤ ਸਮਾਂ ਪਟਿਆਲੇ ਬਿਤਾਇਆ। ਇਨ੍ਹਾਂ ਦੀਆਂ ਰਚਨਾਵਾਂ ਨੂੰ ਰਤਨ ਸਿੰਘ ਜੱਗੀ ਨੇ ਚਾਰ ਵਰਗਾਂ ਵਿਚ ਵੰਡਿਆ ਹੈ, ਜਿਨ੍ਹਾਂ ਵਿਚ ਪਹਿਲਾ ਵਰਗ ਹੈ ਗੁਰਮਤਿ ਦੀ ਸਿਧਾਂਤਿਕ ਅਤੇ ਆਚਾਰ ਪ੍ਰਧਾਨ ਵਿਆਖਿਆ। ਇਸ ਵਿਚ ਇਨ੍ਹਾਂ ਦੀ ਗੁਰੁਮਤ ਨਿਰਣਯ ਸਾਗਰ ਪੁਸਤਕ ਦਾ ਜ਼ਿਕਰ ਹੈ। ਦੂਜਾ ਵਰਗ ਟੀਕਿਆਂ ਦਾ ਹੈ, ਜਿਸ ਵਿਚ *ਸਿਰੀ ਰਾਗ ਦਾ ਟੀਕਾ, ਭਗਤ ਬਾਣੀ ਸਟੀਕ, ਗੁਰਭਾਵ ਦੀਪਕਾ* ਸ਼ਾਮਿਲ ਹੈ। ਤੀਜੇ ਵਰਗ ਵਿਚ ਗੁਰਮਤਿ ਸੰਬੰਧੀ ਕੋਸ਼, ਜਿਨ੍ਹਾਂ ਵਿਚ *ਗੁਰ ਗਿਰਾਰਥ ਕੋਸ਼* ਸ਼ਾਮਿਲ ਹੈ। ਚੌਥੇ ਵਰਗ ਵਿਚ ਇਨ੍ਹਾਂ ਦੀਆਂ ਫੁਟਕਲ ਰਚਨਾਵਾਂ, ਜਿਨ੍ਹਾਂ ਵਿਚੋਂ *ਗੁਰ ਤੀਰਥ ਸੰਗ੍ਰਹਿ* ਪ੍ਰਮੁਖ ਹੈ।[2] ਪੰਡਿਤ ਜੀ ਨੂੰ ਇਸ ਗੱਲ ਦਾ ਅਹਿਸਾਸ ਸੀ ਕਿ ਗੁਰੂ ਗ੍ਰੰਥ

[2] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼,* (ਭਾਗ ਦੂਜਾ), ਗੁਰ ਰਤਨ ਪਬਲਿਸ਼ਰਜ, 2005, ਪੰਨਾ 896

ਸਾਹਿਬ ਜੀ ਦੀ ਬਾਣੀ ਦੇ ਰੂਢ ਪਦਾਂ ਦੇ ਅਰਥਾਂ ਨੇੜੇ ਪਹੁੰਚਣ ਲਈ ਇਕ ਕੋਸ਼ ਦੀ ਜ਼ਰੂਰਤ ਹੈ। ਇਸ ਕੋਸ਼ ਦੀ ਛਪਵਾਈ ਉਨ੍ਹਾਂ ਦੇ ਗੁਜ਼ਰ ਜਾਣ ਤੋਂ ਬਾਅਦ ਪਟਿਆਲਾ ਰਿਆਸਤ ਦੇ ਪ੍ਰਬੰਧ ਹੇਠ ਰਾਜਿੰਦਰ ਪ੍ਰੈਸ ਵਿਚ ਸੰਨ 1895-98 ਦੌਰਾਨ ਹੋਈ। ਇਹ ਕੋਸ਼ ਦੋ ਭਾਗਾਂ ਵਿਚ ਛਾਪਿਆ ਗਿਆ। ਇਸ ਦੀ ਪਹਿਲੀ ਜਿਲਦ 'ੳ ਸੇ ਣ' ਤੱਕ 722 ਪੰਨਿਆਂ ਵਿਚ ਅਤੇ ਦੂਜੀ ਜਿਲਦ 'ਤ ਸੇ ੜ' 704 ਪੰਨਿਆਂ ਵਿਚ ਛਪੀ।

ਪੰਡਿਤ ਤਾਰਾ ਸਿੰਘ ਨਰੋਤਮ ਦੀ ਵਿਆਖਿਆਕਾਰੀ ਵਿਚ ਵੇਦਾਂਤ ਦੀ ਝਲਕ ਪੈਂਦੀ ਹੈ। ਉਹ ਗੁਰਬਾਣੀ ਦੇ ਅਰਥ ਨਿਰਮਲਾ ਵਿਆਖਿਆ ਪ੍ਰਣਾਲੀ ਅਨੁਸਾਰ ਕਰਦੇ ਹਨ। ਨਿਰਮਲਿਆਂ ਦੀ ਪ੍ਰਣਾਲੀ ਦੇ ਕੁਝ ਖਾਸ ਲੱਛਣ ਹਨ ਜਿਨ੍ਹਾਂ ਵਿੱਚ ਇਨ੍ਹਾਂ ਦੇ ਕੋਸ਼ ਹੋਣ ਭਾਵੇਂ ਟੀਕੇ ਉਨ੍ਹਾਂ ਦੀ ਬੋਲੀ ਸਾਧ ਭਾਸ਼ਾ ਅਤੇ ਸੰਸਕ੍ਰਿਤ ਨੁਮਾ ਹੁੰਦੀ ਹੈ। ਸੰਸਕ੍ਰਿਤ ਦੀਆਂ ਸੰਧੀਆਂ ਅਤੇ ਧਾਤੂਆਂ ਦੇ ਆਧਾਰ ਤੇ ਗੁਰਬਾਣੀ ਦੇ ਅਨੇਕ ਪ੍ਰਕਾਰ ਦੇ ਪਦ ਛੇਦ ਹੁੰਦੇ ਹਨ ਅਤੇ ਇੱਕ ਸ਼ਬਦ ਦੇ ਕਈ ਅਰਥ ਜਿਵੇਂ ਸੁੱਖ ਅਤੇ ਗੌਣ ਰੂਪਾਂ ਵਜੋਂ ਕੀਤੇ ਜਾਂਦੇ ਹਨ। ਅਰਥ ਪ੍ਰਣਾਲੀ ਵਿੱਚ ਵੇਦਾਂਤੀ ਰੰਗ ਭਰਿਆ ਜਾਂਦਾ ਹੈ ਅਤੇ ਪੁਰਾਣਕ ਕਥਾ-ਕਹਾਣੀਆਂ ਅਨੁਸਾਰ ਵਿਆਖਿਆਕਾਰੀ ਕੀਤੀ ਜਾਂਦੀ ਹੈ।[3] ਇਸੇ ਦੇ ਆਧਾਰ ਤੇ ਪੰਡਿਤ ਤਾਰਾ ਸਿੰਘ ਜੀ ਦੀ ਕੋਸ਼ਕਾਰੀ ਦੇ ਕੁਝ ਲੱਛਣ ਸਾਹਮਣੇ ਆਉਂਦੇ ਹਨ ਜਿਵੇਂ ਕਿ:

- ਉਨ੍ਹਾਂ ਦੇ ਕੋਸ਼ ਦੀ ਭਾਸ਼ਾ ਸਾਧ ਭਾਸ਼ਾ ਹੈ। ਉਦਾਹਰਣ ਵਜੋਂ ਅਸੀਂ 'ਉਤਪਤ' ਸ਼ਬਦ ਵਾਲਾ ਇੰਦਰਾਜ ਦੇਖ ਸਕਦੇ ਹਾਂ, "ਉਤਪਤੀ ਸ਼ਾਸਤਰਕਾਰੋਂ ਨੇ ਦੋ ਪ੍ਰਕਾਰ ਕੀ ਮਾਨੀ ਹੈ, ਇਕ ਗੁਪਤ ਰਹੀ ਵਸਤੁ ਕਾਨਿ ਮਿਤ ਕਾਰਣੋਂ ਕੇ ਸੰਬੰਧ ਸੇ ਉਪਾਦਾਨ ਮੋਂ ਪ੍ਰਗਟ ਹੋਨਾ, ਦੂਜਾ ਉਪਾਦਾਨ ਮੋ ਅਸਤ ਰਹੇ ਕਾਰਯ ਕਾ ਨਿਮਿਤ ਕਾਰਣੋਂ ਕੇ ਸੰਬੰਧ ਸੇ ਮਨ ਹੋਨਾ...।" [4]

[3] ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ 9

[4] ਗਿਆਨੀ ਬਲਵੰਤ ਸਿੰਘ ਕੋਠਾਗੁਰੂ (ਸੰਪਾ.), *ਗੁਰੂ ਗਿਰਾਰਥ ਕੋਸ਼,* ਸੁਖਦੇਵ ਕੁਟੀ ਰਤਨ ਬਾਗ, ਕਨਖਲ, ਹਰਿਦੁਆਰ, 2012, ਪੰਨਾ 57

- ਦੂਜਾ ਲੱਛਣ ਪੰਡਤ ਤਾਰਾ ਸਿੰਘ ਨਰੋਤਮ ਆਪਣੀ ਗੱਲ ਨੂੰ ਸਿੱਧ ਕਰਨ ਲਈ ਗੁਰੂ ਗ੍ਰੰਥ ਸਾਹਿਬ ਤੋਂ ਇਲਾਵਾ ਵੈਦਿਕ ਗ੍ਰੰਥਾਂ ਜਾਂ ਹਿੰਦੂ ਸਭਿਆਚਾਰ ਦੀਆਂ ਉਦਾਹਰਣਾ ਖੁੱਲ੍ਹੇ ਰੂਪ ਵਿੱਚ ਵਰਤਦੇ ਹਨ। ਇਨ੍ਹਾਂ ਕੋਸ਼ ਵਿੱਚੋਂ ਹਰ ਇੱਕ ਇੰਦਰਾਜ ਘੁੰਮ-ਘੁਮਾ ਕੇ ਹਿੰਦੂ ਧਰਮ ਨਾਲ ਜੁੜ ਜਾਂਦਾ ਹੈ। ਜਿਵੇਂ ਸਿਰੀ ਰਾਗ ਦਾ ਇੰਦਰਾਜ, "ਸਿਵ ਜੀ ਕੇ ਇਸਾਨ ਮੁੱਖ ਪੇ ਦੇਵਨ ਕੋ ਵਰ ਦੇਨੇ ਹੇਤ ਅਰੂ ਆਸਾ ਤੋ ਮਟਰ ਕਾ ਸੰਪੂਰਣ ਰਾਗ ਹੈ..."[5]
- ਇਨ੍ਹਾਂ ਦੇ ਕੋਸ਼ ਵਿੱਚ ਗਉਣ ਅਰਥ ਅਤੇ ਮੁੱਖ ਅਰਥ ਭਾਵੇਂ ਨਹੀਂ ਦਿੱਤੇ ਗਏ ਪ੍ਰੰਤੂ ਇੱਕ ਸ਼ਬਦ ਦੇ ਵੱਖਰੇ-ਵੱਖਰੇ ਭਾਸ਼ਾ ਵਿਗਿਆਨਿਕ ਰੂਪਾਂ ਜਿਵੇਂ ਕੋਸ਼ਾਂ ਵਿੱਚ ਅਕਸਰ ਹੁੰਦਾ ਹੈ ਸੰਖੇਪ ਚਿੰਨ੍ਹ ਲਗਾ ਕੇ ਪ੍ਰਗਟ ਕੀਤੇ ਗਏ ਹਨ। ਜਿਵੇਂ ਸੰਸਕ੍ਰਿਤ ਸ਼ਬਦਾਂ ਨੂੰ ਪ੍ਰਗਟ ਕਰਨ ਲਈ 'ਸੰ.' ਚਿੰਨ੍ਹ ਵਰਤਿਆ ਹੈ। ਫ਼ਾਰਸੀ ਸ਼ਬਦਾਂ ਨੂੰ ਦਰਸਾਉਣ ਲਈ 'ਫ਼ਾ' ਚਿੰਨ੍ਹ ਵਰਤਿਆ ਹੈ। ਜਿਵੇਂ:

  "ਉਚਰੰਤਿ ਸੰ. ਉਚਾਰਨ ਕਰਨੇ ਸੇ..."[6]

  "ਉਸਤਾਦ ਫਾ. ਗੁਰੂ - ਯ..."[7]

  ਇਸ ਤੋਂ ਇਲਾਵਾ ਇਨ੍ਹਾਂ ਨੇ ਸ਼ਬਦਾਂ ਦੇ ਵਿਆਕਰਣਕ ਅਰਥਾਂ ਜਿਵੇਂ ਲਿੰਗ-ਪੁਲਿੰਗ, ਨਾਮ ਆਦਿ ਦਾ ਵੇਰਵੇ ਨਹੀਂ ਦਿੱਤਾ।

**ਪੰ. ਤਾਰਾ ਸਿੰਘ ਨਰੋਤਮ** ਦੀਆਂ ਉਪਰੋਕਤ ਵਿਸ਼ੇਸ਼ਤਾਵਾਂ ਤੋਂ ਇਲਾਵਾ **ਭਾਈ ਕਾਨ੍ਹ ਸਿੰਘ ਨਾਭਾ** ਦੇ ਮਹਾਨ ਕੋਸ਼ ਦੇ ਹਵਾਲੇ ਨਾਲ ਇਨ੍ਹਾਂ ਦੋਵਾਂ ਦੀਆਂ **ਸਮਾਨਤਾਵਾਂ** ਅਤੇ **ਵੱਖਰਤਾਵਾਂ** ਨੂੰ ਇਸ ਤਰ੍ਹਾਂ ਸਪਸ਼ਟ ਕੀਤਾ ਜਾ ਸਕਦਾ ਹੈ:

ਪੰਡਿਤ ਤਾਰਾ ਸਿੰਘ ਨਰੋਤਮ ਸੰਸਕ੍ਰਿਤ ਜਾਂ ਹਿੰਦੂ ਗ੍ਰੰਥਾਂ ਦੇ ਬਹੁਤ ਵਡੇ ਵਿਦਵਾਨ ਸਨ। ਇਸ ਲਈ ਗੁਰਬਾਣੀ ਵਿਆਖਿਆਕਾਰੀ ਸਮੇਂ ਸ਼ਬਦਾਂ ਨੂੰ ਸੰਸਕ੍ਰਿਤ ਵਿਆਕਰਣ ਦੇ ਨੁਕਤਾ

[5] ਉਹੀ, ਪੰਨਾ 52

[6] ਗਿਆਨੀ ਬਲਵੰਤ ਸਿੰਘ ਕੋਠਾਗੁਰੂ, (ਸੰਪਾ.), *ਗੁਰੂ ਗਿਰਾਰਥ ਕੋਸ਼,* ਸੁਖਦੇਵ ਕੁਟੀ ਰਤਨ ਬਾਗ, ਕਨਖਲ, ਹਰਿਦੁਆਰ, 2012, ਪੰਨਾ 57

[7] ਉਹੀ, ਪੰਨਾ 58.

ਨਿਗਾਹ ਤੋਂ ਦੇਖਣਾ ਇਨ੍ਹਾਂ ਦਾ ਸੁਭਾਅ ਸੀ। ਉਨ੍ਹਾਂ ਨੇ ਪੁਰਾਣੇ ਸ਼ਾਸਤ੍ਰਾਰਥੀਆਂ ਦੀ ਤਰ੍ਹਾਂ ਆਪਣੇ ਕੋਸ਼ ਵਿਚ 'ਓਅੰ' ਅਤੇ 'ਓਅੰਕਾਰ' ਸ਼ਬਦਾਂ ਦੀ ਵਿਆਖਿਆ ਕਰਦਿਆਂ ਇਨ੍ਹਾਂ ਨੂੰ ਗੀਤਾ ਅਤੇ ਵੇਦ ਬਾਣੀ ਦੇ ਹਵਾਲਿਆਂ ਨਾਲ ਬ੍ਰਹਮ ਦਾ ਵਾਚਕ ਸਿਧ ਕੀਤਾ ਹੈ। ਇਨ੍ਹਾਂ ਨੇ 'ਓ' ਸ਼ਬਦ ਨੂੰ ਸ਼ਾਮਿਲ ਨਹੀਂ ਕੀਤਾ। ਭਾਈ ਕਾਨ੍ਹ ਸਿੰਘ ਨਾਭਾ ਨੇ 'ਓ, ਓਅੰ, ਅਤੇ ਓਅੰਕਾਰ' ਤਿੰਨ੍ਹਾਂ ਨਾਵਾਂ ਉਪਰ ਵਿਚਾਰ ਕੀਤਾ ਹੈ। ਇਸ ਦੇ ਅਰਥ ਦੇਣ ਸਮੇਂ ਪੂਰਵਵਰਤੀ ਕੋਸ਼ਾਂ ਵਿਚ ਆਈ ਵਿਆਖਿਆ ਨੂੰ ਵੀ ਵਰਤੋਂ ਵਿਚ ਲਿਆਂਦਾ ਹੈ। ਪੂਰਵਵਰਤੀ ਕੋਸ਼ਾਂ ਵਿਚ ਓਅੰਕਾਰ ਬਾਣੀ ਅਤੇ ਓਅੰਕਾਰ ਮੰਦਿਰ ਦਾ ਹਵਾਲਾ ਨਹੀਂ ਦਿੱਤਾ ਗਿਆ। ਭਾਈ ਸਾਹਿਬ ਦੁਆਰਾ ਦਿੱਤੇ ਅਰਥ ਨਿਮਨਲਿਖਤ ਹਨ:

- **ਓ ਸੰ.** ओम. ਇਸ ਸ਼ਬਦ ਮੂਲ **ਅਵ** (अव्) ਧਾਤੁ ਹੈ, ਜਿਸ ਦਾ ਅਰਥ ਹੈ ਰਖਯਾ (रकशा) ਕਰਨਾ, ਬਚਾਉਣਾ, ਤ੍ਰਿਪਤ ਹੋਣਾ, ਫੈਲਨਾ ਆਦਿ.
- 'ਓਅੰ' ਸ਼ਬਦ ਸਭ ਦੀ ਰਖਿਆ ਓਅੰਕਾਰ ਕਰਨ ਵਾਲੇ ਕਰਤਾਰ ਦਾ ਬੋਧਕ ਹੈ, "ਓਅੰ ਸਾਧ ਸਤਿਗੁਰ ਨਮਸਕਾਰੰ" (ਬਾਵਨ) "ਓਅੰ ਪ੍ਰਿਯ ਪ੍ਰੀਤਿ ਚੀਤਿ." (ਸਾਰ ਮ.੫) ਇਸ ਦੇ ਪਯਾਂਯ ਸ਼ਬਦ- "ਪ੍ਰਣਵ" ਅਤੇ "ਉਦਗੀਥ" ਭੀ ਹਨ.
- **ਓਅੰਕਾਰ** ਸ਼ਬਦ ਦਾ ਅਰਥ ਹੈ- ਓਅੰ ਧੁਨਿ (ਓਅੰ ਦਾ ਉਚਾਰਣ) "ਪ੍ਰਿਥਮ ਕਾਲ ਜਬ ਕਰਾ ਪਸਾਰਾ। ਓਅੰਕਾਰ ਤੇ ਸ੍ਰਿਸਿਟੀ ਉਪਾਰਾ " (ਵਿਚਿਤ੍ਰ)

ਕਈ ਥਾਂਈ "ਓਅੰਕਾਰ ਸ਼ਬਦ ਕਰਤਾਰ ਦਾ ਬੋਧਕ ਭੀ ਦੇਖੀ ਦਾ ਹੈ. "ਓਅੰਕਾਰ ਏਕੋ ਰਵਿ ਰਹਿਆ." (ਕਾਨ ਮ.4) "ਓਅੰਕਾਰ ਆਕਾਰ ਕਰਿ ਪਵਣ ਪਾਣੀ ਬੈਸੰਤਰ ਸਾਜੇ " (ਭਾਗੁ)

ਸੰਸਕ੍ਰਿਤ ਦੇ ਵਿਦਵਾਨਾਂ ਨੇ ਓ, ਅ, ਮ ਤਿੰਨ ਅੱਖਰਾਂ ਨੂੰ ਬ੍ਰਹਮਾ ਵਿਸ਼ਨੂੰ ਸ਼ਿਵ ਮੰਨਕੇ ਓਅੰ ਨੂੰ ਤਿੰਨ ਦੇਵ ਰੂਪ ਕਲਪਿਆ ਹੈ, ਪਰ ਗੁਰਮਤਿ ਵਿਚ **ਓਅੰ** ਦੇ ਮੁੱਢ ਏਕਾ ਅੰਗ ਲਿਖਕੇ ਸਿੱਧ ਕੀਤਾ ਹੈ ਕਿ ਕਰਤਾਰ ਇੱਕ ਹੈ, "ਏਕਾ ਏਕੰਕਾਰ ਲਿਖਿ ਵੇਖਾਲਿਆ। ਊੜਾ ਓਅੰਕਾਰ ਪਾਸ ਬਹਾਲਿਆ " (ਭਾਗੁ)

2. ਮੱਧ ਭਾਰਤ ਦੇ ਜ਼ਿਲੇ ਨੀਮਾੜ ਵਿਚ ਨਰਮਦਾ ਨਦੀ ਦੇ ਮਾਂਧਾਤਾ ਟਾਪੂ (ਦ੍ਵੀਪ) ਵਿੱਚ ਇਸ ਨਾਉਂ ਦਾ ਇੱਕ ਵੱਡਾ ਪ੍ਰਸਿੱਧ ਹਿੰਦੂ ਮੰਦਿਰ ਹੈ, ਗੁਰੂ ਨਾਨਕ ਦੇਵ ਜੀ ਨੇ ਇਸੇ ਥਾਂ 'ਦੱਖਣੀ ਓਅੰਕਾਰ' ਉਚਾਰਣ ਕੀਤਾ ਹੈ।*

3. ਵਜ- ਹਾਂ। 4. ਸਤਜ, ਯਥਾਰਥ, ਠੀਕ.

(ਮੂਲ ਦਾ ਫੁੱਟਨੋਟ)* ਰਾਵਲਪਿੰਡੀ ਭਾਈ ਬੂਟਾ ਸਿੰਘ ਹਕੀਮ ਦੀ ਧਰਮਸ਼ਾਲਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਕ ਬਹੁਤ ਪੁਰਾਣੀ ਲਿਖਤ ਦੀ ਬੀੜ ਹੈ, ਜਿਸ ਵਿਚ ਰਾਮਕਲੀ ਰਾਗ ਦੇ ਦਖਣੀ ਓਅੰਕਾਰ ਤੋਂ ਇਲਾਵਾ, ਇਕ ਹੋਰ 57 ਪਦਾਂ (ਪੌੜੀਆਂ) ਦੀ ਓਅੰਕਾਰ ਬਾਣੀ ਹੈ, ਜਿਸ ਦਾ ਆਰੰਭ ਇਉਂ ਹੁੰਦਾ ਹੈ:

ਓਅੰਕਾਰ ਨਿਰਮਲ ਸਭ ਥਾਨਿ। ਤਾਤੇ ਹੋਈ ਸਗਲੀ ਖਾਨਿ।

ਖਾਣਿ ਖਾਣਿ ਮਹਿ ਬਹੁ ਬਿਸਥਾਰਾ। ਆਪੇ ਜਾਣੈ ਸਿਰਜਨਹਾਰਾ ।

ਸਿਰਜਨਹਾਰ ਕੇ ਕੇਤੇ ਭੇਖ । ਭੇਖ ਭੇਖ ਮਹਿ ਰਹੈ ਅਲੇਖ. (1)

ਭਉ ਭਾਗਾ ਨਿਰਭਉ ਘਰਿ ਆਇਆ । ਤਬ ਇਹ ਚਰਨ ਪਖਾਲੈ ਮਾਇਆ ।

ਮਾਇਆਧੀਨ ਸੇਵਕਿ ਦਰਿ ਠਾਡੀ । ਜਾਕੋ ਚਰਨਕਵਲ ਰੁਚਿ ਬਾਢੀ ।

ਦ੍ਰਿਸਟਿ ਮਾਇ ਸਾਰਾ ਜਗ ਦੇਖੈ । ਆਪਿ ਅਲੇਖੀ ਅਉਰ ਸਭ ਲੇਖੈ ।[8]

ਗੁਰੁਸ਼ਬਦ ਰਤਨਾਕਰ ਮਹਾਨ ਕੋਸ਼ ਵਿਚ ਜਿਹੜਾ ਸ਼ਬਦ ਇੰਦਰਾਜ ਵਜੋਂ ਸ਼ਾਮਿਲ ਕੀਤਾ ਗਿਆ ਉਸ ਦਾ ਮੂਲ ਭਾਸ਼ਿਕ ਰੂਪ ਨਾਲ ਦੇਣ ਦਾ ਯਤਨ ਕੀਤਾ ਗਿਆ ਹੈ। ਇਸ ਤੋਂ ਬਾਅਦ ਉਸ ਦਾ ਧਾਤੂ ਦਸਿਆ ਗਿਆ ਹੈ, ਉਦਾਹਰਨ ਵਜੋਂ 'ਓਮ' ਸੰਸਕ੍ਰਿਤ ਦਾ ਸ਼ਬਦ ਹੈ। ਇਹ 'ਅਵ' ਧਾਤੂ

---

[8] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, 2006, ਪੰਨਾ 21.

ਤੋਂ ਬਣਿਆ ਹੈ। ਇਸ ਤੋਂ ਬਾਅਦ 'ਅਵ' ਦੇ ਅਰਥ ਦਿੱਤੇ ਗਏ ਹਨ- 'ਰਖਯਾ ਕਰਨਾ, ਬਚਾਉਣਾ, ਤ੍ਰਿਪਤ ਹੋਣਾ, ਫੈਲਣਾ ਆਦਿ', ਇਸ ਲਈ 'ਓਅੰ' ਸ਼ਬਦ 'ਸਭ ਦੀ ਰਖਯਾ ਕਰਨ ਵਾਲੇ ਕਰਤਾਰ' ਦਾ ਬੋਧਕ ਹੈ। 'ਓਅੰ' ਸ਼ਬਦ ਵਾਲੀਆਂ ਤੁਕਾਂ ਦੇ ਕੇ ਇਹ ਵੀ ਦੱਸ ਦਿੱਤਾ ਗਿਆ ਹੈ ਕਿ 'ਪ੍ਰਣਵ' ਅਤੇ 'ਉਦਗੀਥ' ਇਸ ਦੇ ਸਮਾਨਾਰਥੀ ਜਾਂ ਪਰਿਆਇ ਹਨ। 'ਓਅੰ' ਦੇ ਅਰਥਾਂ ਤੋਂ ਬਾਅਦ 'ਓਅੰਕਾਰ' ਦੇ ਅਰਥ ਕੀਤੇ ਗਏ ਹਨ: 'ਓਅੰ ਧੁਨਿ' ਜਾਂ 'ਓਅੰ ਦਾ ਉਚਾਰਣ'; ਤੇ ਪ੍ਰੋੜਤਾ ਲਈ ਬਚਿਤ੍ਰ ਨਾਟਕ ਵਿਚੋਂ ਟੂਕ ਦਿੱਤੀ ਹੈ। ਫਿਰ ਅਰਥ ਦਿੱਤੇ ਹਨ; 'ਕਰਤਾਰ' ਤੇ ਉਦਾਹਰਣ ਵਜੋਂ ਗੁਰੂ ਰਾਮਦਾਸ ਤੇ ਭਾਈ ਗੁਰਦਾਸ ਦੀਆਂ ਰਚਨਾਵਾਂ ਵਿਚੋਂ ਤੁਕਾਂ ਦਿੱਤੀਆਂ ਹਨ।

ਇਸ ਤੋਂ ਅਗੇ ਸਪਸ਼ਟ ਕੀਤਾ ਹੋਇਆ ਹੈ ਕਿ ਸੰਸਕ੍ਰਿਤ ਵਿਚ 'ਓ', 'ਅ' ਤੇ 'ਮ' ਦੇ ਸੰਯੁਕਤ 'ਓਅੰ' ਨੂੰ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਦਾ ਸਮੁਦਾਇ ਕਲਪਿਆ ਗਿਆ ਹੈ, ਪਰ ਗੁਰੂ-ਦਰਸ਼ਨ ਵਿਚ ਇਹ ਸ਼ਬਦ ਦੇਵਤਿਆਂ ਦਾ ਬੋਧਕ ਹੋਣ ਦੀ ਥਾਂ 'ਇਕ ਕਰਤਾਰ' ਦੇ ਅਰਥ ਦੇਂਦਾ ਹੈ। ਇਸ ਦੀ ਪ੍ਰੋੜਤਾ ਲਈ ਭਾਈ ਗੁਰਦਾਸ ਦੀ ਬਾਣੀ ਵਿਚੋਂ ਇਕ ਤੁਕ ਉਧਰਿਤ ਕੀਤੀ ਹੈ। ਇਨ੍ਹਾਂ ਅਰਥਾਂ ਤੋਂ ਬਾਅਦ ਇਸ 'ਓਅੰਕਾਰ' ਸ਼ਬਦ ਨਾਲ ਸੰਬੰਧਿਤ ਭੂਗੋਲਿਕ ਅਰਥ ਵੀ ਦਿੱਤੇ ਗਏ ਹਨ, ਜਿਨ੍ਹਾਂ ਅਨੁਸਾਰ ਗੁਰੂ ਸਾਹਿਬ ਦੇ ਦਖਣੀ ਓਅੰਕਾਰ ਬਾਣੀ ਦੇ ਉਚਾਰਨ ਦੀ ਉਥਾਨਿਕਾ ਜਾਂ ਪਿਛੋਕੜ ਵਜੋਂ ਇਕ ਓਅੰਕਾਰ ਨਾਂ ਦੇ ਮੰਦਿਰ ਦਾ ਹਵਾਲਾ ਦਿੱਤਾ ਗਿਆ ਹੈ। ਅਗਲੀ ਵੰਨਗੀਭਾਵ 'ਵੀ- ਹਾਂ, ਸਤੀ,'ਅਰਥ ਦਸਣ ਲਈ ਸੰਸਕ੍ਰਿਤ ਕੋਸ਼ਾਂ ਦਾ ਸਹਾਰਾ ਲਿਆ ਗਿਆ ਜਾਪਦਾ ਹੈ।[9]

ਉਪਰੋਕਤ ਅਧਿਐਨ ਤੋਂ ਦੋਹਾਂ ਵਿਦਵਾਨਾਂ ਦੀਆਂ ਹੇਠ ਲਿਖੀਆਂ **ਸਮਾਨਤਾਵਾਂ** ਅਤੇ **ਵੱਖਰਤਾਵਾਂ** ਦਾ ਪਤਾ ਲਗਦਾ ਹੈ:

---

[9] *ਪ੍ਰੋ. ਪ੍ਰੀਤਮ ਸਿੰਘ, ਭਾਈ ਕਾਨ੍ਹ ਸਿੰਘ ਨਾਭਾ : ਪਿਛੋਕੜ ਰਚਨਾ ਤੇ ਮੁਲੰਕਣ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1989,* ਪੰਨਾ 42.

- ਪੰ. ਤਾਰਾ ਸਿੰਘ ਨਰੋਤਮ ਦੀ ਸ਼ੈਲੀ ਸੰਸਕ੍ਰਿਤ ਕੋਸ਼ਾਂ ਵਾਲੀ ਹੈ ਅਤੇ ਭਾਈ ਕਾਨ੍ਹ ਸਿੰਘ ਨਾਭਾ ਨੇ ਪੱਛਮੀ ਸ਼ੈਲੀ ਨੂੰ ਅਪਣਾਇਆ ਹੈ।
- ਪੰ. ਤਾਰਾ ਸਿੰਘ ਨਰੋਤਮ ਦੀ ਭਾਸ਼ਾ ਸੰਧੂਕੜੀ ਹੈ ਜਦੋਂ ਕਿ ਭਾਈ ਸਾਹਿਬ ਦੀ ਆਧੁਨਿਕ ਪੰਜਾਬੀ ਹੈ।
- ਗੁਰੂ ਗਿਰਾਰਥ ਕੋਸ਼ ਦਾ ਘੇਰਾ ਗੁਰਬਾਣੀ ਤੱਕ ਸੀਮਤ ਹੈ ਅਤੇ ਮਹਾਨ ਕੋਸ਼ ਦਾ ਘੇਰਾ ਵਿਸ਼ਾਲ ਹੈ, ਜਿਸ ਵਿਚ ਸਮੁਚਾ ਸਿੱਖ ਸਾਹਿਤ ਸ਼ਾਮਿਲ ਹੈ।
- ਪੰਡਿਤ ਜੀ ਵਿਆਖਿਆ ਲਈ ਪੌਰਾਣਿਕ ਹਵਾਲੇ ਬਹੁਤਾਤ ਵਿਚ ਵਰਤਦੇ ਹਨ। ਉਹ ਨਿਰਮਲਾ ਵਿਆਖਿਆਕਾਰੀ ਅਨੁਸਾਰ ਗੁਰਬਾਣੀ ਵਿਚ ਵੇਦਾਂਤ ਦੀ ਝਲਕ ਵੇਖਦੇ ਹਨ ਜਦੋਂ ਕਿ ਭਾਈ ਸਾਹਿਬ ਪੌਰਾਣਿਕ ਹਵਾਲਿਆਂ ਦਾ ਵੇਰਵਾ ਜ਼ਰੂਰਤ ਅਨੁਸਾਰ ਦਿੰਦੇ ਹਨ ਅਤੇ ਇਹ ਗੁਰਬਾਣੀ ਨੂੰ ਵੇਦਾਂਤ ਤੋਂ ਸੁਤੰਤਰ ਮੰਨ ਕੇ ਚਲਦੇ ਹਨ।

**ਭਾਈ ਕਾਨ੍ਹ ਸਿੰਘ ਨਾਭਾ ਅਤੇ ਗਿਆਨੀ ਦਿੱਤ ਸਿੰਘ**

ਗਿਆਨੀ ਦਿੱਤ ਸਿੰਘ ਜੀ ਦਾ ਜਨਮ 21 ਅਪ੍ਰੈਲ 1850[10] ਈ. ਨੂੰ ਭਾਈ ਦੀਵਾਨ ਸਿੰਘ ਅਤੇ ਮਾਤਾ ਰਾਮ ਕੌਰ ਦੇ ਘਰ ਕਲੌੜ ਵਿਖੇ ਹੋਇਆ। ਇਨ੍ਹਾਂ ਨੇ ਆਪਣੀ ਵਿਦਿਆ ਗੁਲਾਬਦਾਸੀ ਸੰਪਰਦਾਇ ਦੇ ਪ੍ਰਭਾਵ ਅਧੀਨ ਪ੍ਰਾਪਤ ਕੀਤੀ ਕਿਉਂਕਿ ਉਨ੍ਹਾਂ ਦੇ ਪਿਤਾ ਇਸ ਸੰਪਰਦਾਇ ਦੇ ਅਨੁਯਾਈ ਸਨ। ਭਾਈ ਗੁਰਮੁਖ ਸਿੰਘ ਦੇ ਪ੍ਰਭਾਵ ਵਿਚ ਆ ਕਿ ਇਹ ਸਿੰਘ ਸਭਾ ਵਿਚ ਸ਼ਾਮਿਲ ਹੋ ਗਏ। 1878 ਵਿਚ ਇਨ੍ਹਾਂ ਨੇ ਗਿਆਨੀ ਪਾਸ ਕੀਤੀ ਅਤੇ ਲਾਹੌਰ ਦੇ ਓਰੀਐਂਟਲ ਕਾਲਜ ਵਿਚ

---

[10] ਇੰਦਰਜੀਤ ਸਿੰਘ ਗੋਗੋਆਣੀ, *ਗਿਆਨੀ ਦਿੱਤ ਸਿੰਘ : ਜੀਵਨ ਰਚਨਾ ਤੇ ਸਿੱਖ ਪੰਥ ਨੂੰ ਦੇਣ,* ਭਾਈ ਚਤਰ ਸਿੰਘ, ਜੀਵਨ , ਅੰਮ੍ਰਿਤਸਰ, ਅਗਸਤ, 2010, ਪੰਨਾ 60

ਪੰਜਾਬੀ ਦੇ ਪ੍ਰੋਫ਼ੈਸਰ ਬਣ ਗਏ। ਭਾਈ ਗੁਰਮੁਖ ਸਿੰਘ ਨੇ 13 ਜੂਨ 1886 ਨੂੰ 'ਖ਼ਾਲਸਾ' ਨਾਮੀ ਸਪਤਾਹਿਕ ਅਖ਼ਬਾਰ ਚਲਾਇਆ। ਉਸੇ ਅਖ਼ਬਾਰ ਦੇ ਸੰਪਾਦਕ ਗਿਆਨੀ ਦਿੱਤ ਸਿੰਘ ਜੀ ਰਹੇ ਅਤੇ ਆਪਣੀਆਂ ਦਲੀਲਾਂ ਰਾਹੀਂ ਅਨਮਤੀਆਂ ਦੇ ਦਾਅਵਿਆਂ ਨੂੰ ਖੰਡਿਆ।

ਗਿਆਨੀ ਦਿੱਤ ਸਿੰਘ ਜੀ ਨੇ 58 ਦੇ ਕਰੀਬ ਪੁਸਤਕਾਂ ਦੀ ਰਚਨਾ ਕੀਤੀ।[11] ਪ੍ਰੰਤੂ ਇੰਦਰਜੀਤ ਸਿੰਘ ਗੋਗੋਆਣੀ ਨੇ ਆਪਣੇ ਥੀਸਿਜ ਵਿਚ 38 ਪੁਸਤਕਾਂ ਨੂੰ ਅਧਾਰ ਬਣਾਇਆ ਗਿਆ ਹੈ।[12] ਇਨ੍ਹਾਂ ਵਿਚ ਜਨਮ ਸਾਖੀ ਸ੍ਰੀ ਗੁਰੂ ਨਾਨਕ ਸਾਹਿਬ ਜੀ, ਸ੍ਰੀ ਗੁਰੂ ਨਾਨਕ ਪ੍ਰਬੋਧ, ਜੀਵਨ ਕਥਾ ਗੁਰੂ ਅੰਗਦ ਦੇਵ ਜੀ, ਜੀਵਨ ਕਥਾ ਗੁਰੂ ਅਰਜਨ ਦੇਵ ਜੀ, ਜੀਵਨ ਕਥਾ ਗੁਰੂ ਹਰਿਰਾਇ ਜੀ, ਜੀਵਨ ਕਥਾ ਗੁਰੂ ਤੇਗ਼ ਬਹਾਦਰ ਜੀ, ਕਲਗੀਧਰ ਉਪਕਾਰ, ਭਾਰਤ ਮੰਗਲ, ਦਸਮ ਗੁਰੂ ਜੀ ਦੇ ਚਰਿੱਤ, ਗੁਰੂ ਅਰਜਨ ਚਰਿੱਤ, ਸਿੱਖ ਬੱਚੇ ਦੀ ਸ਼ਹੀਦੀ, ਤਾਰਾ ਸਿੰਘ ਵਾਈਏਂ ਦੀ ਸ਼ਹੀਦੀ, ਮੀਰਾ ਕੋਟੀਏ ਮਤਾਬ ਸਿੰਘ ਦੀ ਬਹਾਦਰੀ, ਭਾਈ ਤਾਰੂ ਸਿੰਘ ਦੀ ਸ਼ਹੀਦੀ, *ਦੰਭ ਵਿਦਾਰਨ, ਦੁਰਗਾ ਪ੍ਰਬੋਧ, ਮੇਰਾ ਤੇ ਸਾਧੂ ਦਇਆ ਨੰਦ ਦਾ ਸੰਵਾਦ* ਆਦਿ ਵਾਰਤਕ ਅਤੇ ਕੁਝ ਕਵਿਤਾ ਦੀਆਂ ਪੁਸਤਕਾਂ ਲਿਖੀਆਂ।[13] ਇਨ੍ਹਾਂ ਪੁਸਤਕਾਂ ਵਿਚ ਗਿਆਨੀ ਦਿੱਤ ਸਿੰਘ ਨੇ ਆਪਣੀ ਭਾਸ਼ਾ ਅਤੇ ਸ਼ੈਲੀ ਨੂੰ ਸਰਲ ਰੂਪ ਵਿਚ ਪੇਸ਼ ਕਰਕੇ ਗੁਰੂ ਸਾਹਿਬਾਨ, ਸ਼ਹੀਦ ਸਿੰਘਾਂ ਅਤੇ ਸਿੱਖ ਪੰਥ ਦੇ ਨਿਆਰੇ ਹੋਣ ਦਾ ਸਬੂਤ ਦਿੱਤਾ ਉਨ੍ਹਾਂ ਨੇ ਸਿੱਖ ਰਹਿਤ ਮਰਯਾਦਾ ਨੂੰ ਆਪਣੇ ਨਿਖਾਰ ਵੱਲ ਤੋਰਿਆ।

---

[11] ਪ੍ਰੋ. ਪ੍ਰੀਤਮ ਸਿੰਘ, *ਪੰਜਾਬੀ ਲੇਖਕ ਕੋਸ਼,* ਯੂਨੀਸਟਾਰ ਬੁਕਸ ਪ੍ਰਾਈਵੇਟ ਲਿਮਟਿਡ, ਚੰਡੀਗੜ੍ਹ, 2003, ਪੰਨਾ 392.

[12]ਇੰਦਰਜੀਤ ਸਿੰਘ ਗੋਗੋਆਣੀ, *ਭਾਈ ਦਿੱਤ ਸਿੰਘ: ਜੀਵਨ, ਰਚਨਾ ਅਤੇ ਸਿੱਖ ਪੰਥ ਨੂੰ ਦੇਣ,* ਭਾਈ ਚਤਰ ਸਿੰਘ, ਜੀਵਨ ਸਿੰਘ, ਅੰਮ੍ਰਿਤਸਰ, ਅਗਸਤ 2010, ਪੰਨੇ 105-07

[13] ਉਹੀ, ਪੰਨਾ 105-07.

ਗਿਆਨੀ ਦਿੱਤ ਸਿੰਘ ਦੀਆਂ ਪੁਸਤਕਾਂ ਦੀ ਸ਼ੈਲੀ ਭਾਈ ਕਾਨ੍ਹ ਸਿੰਘ ਨਾਭਾ ਦੀ ਹਮ ਹਿੰਦੂ ਨਹੀਂ ਪੁਸਤਕ ਵਾਂਗ ਸਵਾਲ ਜਵਾਬੀ ਹੈ। ਇਨ੍ਹਾਂ ਨੇ ਆਪਣੀਆਂ ਪੁਸਤਕਾਂ ਵਿੱਚ ਸਿੱਖ ਧਰਮ ਦੀ ਉਤਮਤਾ ਸਿੱਧ ਕਰਨ ਲਈ ਹਿੰਦੂ ਪਰੰਪਰਾਵਾਂ ਦਾ ਖੰਡਨ ਕੀਤਾ ਹੈ ਅਤੇ ਇਸ ਲਈ ਇਨ੍ਹਾਂ ਨੇ ਆਰੀਆ ਸਮਾਜ ਦੇ ਮੋਢੀ ਸਾਧੂ ਦਇਆ ਨੰਦ ਨਾਲ ਸੰਵਾਦ ਕੀਤਾ ਹੈ। ਜਿਸਦਾ ਪ੍ਰਮਾਣ ਇਨ੍ਹਾਂ ਦੀ ਪੁਸਤਕ *ਸਾਧੂ ਦਇਆ ਨੰਦ ਨਾਲ ਮੇਰਾ ਸੰਵਾਦ* ਹੈ। ਇਨ੍ਹਾਂ ਨੇ ਸਿੱਖ ਰਹਿਤ ਮਰਿਯਾਦਾ ਤੇ ਸਿੱਖ ਹੋਂਦ ਨਾਲ ਜੁੜੇ ਪ੍ਰਸ਼ਨਾਂ ਉੱਪਰ ਕਾਫ਼ੀ ਗਿਣਤੀ ਵਿੱਚ ਪੁਸਤਕਾਂ ਲਿਖੀਆਂ। ਇਨ੍ਹਾਂ ਨੇ ਗੁਰਬਾਣੀ ਵਿਆਖਿਆ ਨਾਲ ਸੰਬੰਧਿਤ ਗੁਰਬਾਣੀ ਪ੍ਰਬੋਧ ਅਤੇ ਸ੍ਰੀ ਗੁਰੂ ਅਰਜਨ ਪ੍ਰਬੋਧ ਨਾਮੀ ਪੁਸਤਕਾਂ ਲਿਖੀਆਂ ਹਨ। ਇਨ੍ਹਾਂ ਵਿੱਚ ਸ਼ਬਦਾਂ ਦੀ ਵਿਆਖਿਆ ਦੇ ਕੇ ਸ਼ਗਨ-ਅਪਸ਼ਗਨ, ਅਕਾਲਿ ਤੋਂ ਮਿਟਾ ਹੋਰ ਸਹਾਰਾ ਢੂੰਡਣਾ, ਮਹਾਤਮ ਜਨਾਂ ਦੀ ਸੰਗਤ ਆਦਿ ਕਾਫ਼ੀ ਵਿਸ਼ਿਆਂ ਤੇ ਚਰਚਾ ਕੀਤੀ ਹੈ। ਇਸ ਦੀ ਉਦਾਹਰਣ ਇਸ ਪ੍ਰਕਾਰ ਹੈ, ਜਿਵੇਂ :

> "ਜਾ ਕਉ ਮੁਸ਼ਕਲਿ ਅਤਿ ਬਣੈ ਢੋਈ ਕੋਇ ਨ ਦੇਇ" ਵਾਲੇ ਸ਼ਬਦ ਦਾ ਭਾਵ ਅਰਥ ਦੇ ਕੇ ਪ੍ਰਸ਼ਨ ਕੀਤਾ ਹੈ, "ਕਿ ਇਸ ਸ਼ਬਦ ਦੇ ਵਿਚਾਰ ਕਰਨ ਵੇਲੇ ਭਾਈ ਤਕਲੀਫ਼ ਅਤੇ ਕਸ਼ਟ ਦੇ ਸਮਯ ਪਰਮਾਤਮਾ ਤੋਂ ਸਵਾਇ ਹੋਰ ਵੱਲ ਤੱਕਣਗੇ ਅਤੇ ਖੁਸ਼ੀਆਂ ਅਤੇ ਸਰਦਾਰੀਆਂ ਦੇ ਸਮੇਯ ਪ੍ਰਸਨ ਮਨਾਂ ਨੂੰ ਭੁੱਲ ਜਾ ਕੇ ਅਪਨੇ ਪਰ ਭਾਰ ਲੈਣਗੇ?"।[14]

ਇਸ ਤਰ੍ਹਾਂ ਹੋਰ ਸ਼ਬਦਾਂ ਵਿੱਚ ਭੇਖਾਂ ਦੀ ਪੂਜਾ, ਸੰਸਾਰਕ ਉਲਝਣ, ਰੱਬ ਉੱਪਰ ਭਰੋਸਾ, ਵਿਕਾਰਾਂ ਤੋਂ ਮੁਕਤੀ ਆਦਿ ਵਿਚਾਰਾਂ ਦੀ ਵਿਆਖਿਆ ਮਿਲਦੀ ਹੈ। ਇਨ੍ਹਾਂ ਤੋਂ ਗਿਆਨੀ ਦਿੱਤ ਸਿੰਘ ਦੀ ਵਿਆਖਿਆਕਾਰੀ ਦੇ ਕੁੱਝ ਲੱਛਣ ਸਾਹਮਣੇ ਆਉਂਦੇ ਹਨ।

---

[14] *ਗਿਆਨੀ ਦਿੱਤ ਸਿੰਘ, ਸ੍ਰੀ ਗੁਰੂ ਅਰਜਨ ਪ੍ਰਬੋਧ,* ਦਿੱਤ ਹਰੀ ਬੁੱਕ ਡਿਪੂ, ਅੰਮ੍ਰਿਤਸਰ, 1932, ਪੰਨਾ 62

(1) ਉਹ ਸਿੱਖ ਪੰਥ ਨੂੰ ਨਿਆਰਾ ਧਰਮ ਮੰਨ ਕੇ ਦੂਸਰਿਆਂ ਨਾਲੋਂ ਵਿਸ਼ੇਸ਼ ਸਿੱਧ ਕਰਦੇ ਹਨ।

(2) ਸਿੱਖ ਧਰਮ ਵਿੱਚ ਪਏ ਵਹਿਮਾਂ ਭਰਮਾਂ ਤੇ ਬ੍ਰਹਮਣਵਾਦੀ ਰੀਤਾਂ ਦਾ ਸਪਸ਼ਟ ਖੰਡਨ ਕਰਦੇ ਹਨ। ਜਿਵੇਂ: ਉਨ੍ਹਾਂ ਦੀ ਇੱਕ ਕਵਿਤਾ 'ਨਕਲੀ ਸਿੱਖ' ਤੋਂ ਸਿੱਧ ਹੁੰਦਾ ਹੈ :

"ਇਹ ਤਾਂ ਗੱਲ ਅਚੰਭੇ ਵਾਲੀ। ਤੈਂ ਭਾਈ ਹੈ ਨਵੀ ਨਕਾਲੀ।
ਜੋ ਅਗੈ ਮੈਂ ਸੁਨੀ ਨਾ ਕੋਈ। ਖ਼ਾਲਸਾ ਕੌਮ ਖ਼ਾਲਸਾ ਹੋਈ।
ਹਮ ਤੋਂ ਏਕ ਰੂਪ ਸੀ ਜਾਨਾ। ਭੇਦ ਨ ਰੰਚਕ ਮਨ ਮਹਿ ਆਨਾ।
ਖਾਨ ਪਾਨ ਅਰ ਰਿਸ਼ਤੇਦਾਰੀ। ਆਪਸ ਮਾਹਿੰ ਇਕੱਠੀ ਸਾਰੀ।
ਨਹੀਂ ਦੁਸ਼ਮਨੀ ਹਮ ਮਹਿ ਕੋਈ। ਜਾਂ ਕੇ ਕੌਮ ਜੁਦੀ ਹਮ ਹੋਈ।
ਹਿੰਦ ਧਰਮ ਹਮ ਕੋ ਹੈ ਪਿਆਰਾ। ਹਮ ਕੋ ਉਸ ਕਾ ਵੱਡਾ ਸਹਾਰਾ।
ਫਿਰ ਤੈਂ ਪੰਥ ਜੁਦਾ ਕਰ ਦੀਨਾ। ਇਸ ਮਹਿ ਕਯਾ ਫਲ ਤੁਮ ਨੇ ਚੀਨਾ।
ਤਾਂਤੇ ਇਸ ਕਾ ਭੇਦ ਸੁਨਾਈਂ। ਐਵੇਂ ਫੱਕੜ ਪਣ ਨ ਪਾਈਂ।[15]

ਇਸ ਤੋਂ ਇਲਾਵਾ ਉਨ੍ਹਾਂ ਦੀ ਵਾਰਤਕ ਦੀ ਵੀ ਇੱਕ ਵੰਨਗੀ ਦਿੱਤੀ ਜਾ ਸਕਦੀ ਹੈ। ਜਿਵੇਂ, "...ਹਿੰਦੂ ਧਰਮ ਕਾ ਮੂਲ ਪਹਿਲੇ ਜੰਞੂ ਅਤੇ ਚੋਟੀ ਹੈ ਫੇਰ ਨਾਮ ਅਤੇ ਧੋਤੀ ਹੈ। ਅੰਮ੍ਰਿਤ ਛਕਣ ਵੇਲੇ ਉਸਦਾ ਜੰਞੂ ਤੋੜਿਆ ਜਾਂਦਾ ਹੈ, ਚੋਟੀ ਦੀ ਜਗ੍ਹਾ ਕੇ ਸਰ ਖਾਏ ਜਾਂਦੇ ਹਨ, ਧੋਤੀ ਲਹਾ ਕੇ ਕੱਛਹਿਰਾ ਪਾ ਕੇ ਉਸਦਾ ਨਾਮ ਵਟਾਇਆ ਜਾਂਦਾ ਹੈ ਅਰ ਸਾਰੀ ਉਮਰ ਫੇਰ ਉਹ ਚੋਟੀ ਅਤੇ ਜੰਞੂ ਵਾਲਿਆਂ ਨਾਲ ਰਹਿ ਕੇ ਭੋਜਨ ਭੀ ਨਹੀਂ ਪਾ ਸਕਦਾ...।"[16]

---

[15] *ਉਹੀ*, ਪੰਨਾ 66

[16] *ਇੰਦਰਜੀਤ ਸਿੰਘ ਗੋਗੋਆਣੀ* (*ਸੰਪਾ.*), *ਗਿਆਨੀ ਦਿੱਤ ਸਿੰਘ ਰਚਨਾਵਲੀ: ਧਰਮ ਤੇ ਫਲਸਫ਼ਾ, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ*, 2016, ਪੰਨਾ 45

ਹਮ ਹਿੰਦੂ ਨਹੀਂ ਪੁਸਤਕ ਵਿੱਚ ਭਾਈ ਕਾਨ੍ਹ ਸਿੰਘ ਨਾਭਾ ਵੀ ਅਜਿਹੀ ਸ਼ੈਲੀ ਹੀ ਅਪਣਾਉਂਦੇ ਹਨ। ਭਾਈ ਕਾਨ੍ਹ ਸਿੰਘ ਨਾਭਾ ਦੀ ਵਾਰਤਕ ਦੀ ਭਾਸ਼ਾ ਵੀ ਗਿ. ਦਿੱਤ ਸਿੰਘ ਵਾਲੀ ਹੀ ਹੈ, ਇਸ ਦੀ ਉਦਾਹਰਨ ਭਾਈ ਸਾਹਿਬ ਦੀ ਪੁਸਤਕ ਵਿਚ ਦੇਖੀ ਜਾ ਸਕਦੀ ਹੈ। "... ਅਸੀਂ ਆਪ ਤੋਂ ਇਹ ਭੀ ਮਾਲੂਮ ਕਰਨਾ ਚਾਹੁੰਦੇ ਹਾਂ ਕਿ ਕਿਤਨੀ ਗਿਣਤੀ ਹੋ ਜਾਣ ਪਰ ਕੋਈ ਮਤ ਕੌਮ ਕਹਾਉਣ ਯੋਗ ਹੋ ਜਾਂਦੀ ਹੈ, ਔਰ ਈਸਾਈ, ਮੁਸਲਮਾਨ ਆਦਿਕ ਕਿੰਨੀ ਕਿੰਨੀ ਮਰਦਮ ਸ਼ੁਮਾਰੀ ਹੋਣ ਪਰ ਕੌਮ ਕਹਾਉਣ ਲਗੇ ਸੇ।"[17]

ਇਸ ਤਰ੍ਹਾਂ ਗਿ. ਦਿੱਤ ਸਿੰਘ ਅਤੇ ਭਾਈ ਕਾਨ੍ਹ ਸਿੰਘ ਨਾਭਾ ਦੀ ਵਿਆਖਿਆਕਾਰੀ ਦੀ **ਸਮਨਤਾਵਾਂ** ਅਤੇ **ਵੱਖਰਤਾਵਾਂ** ਹੇਠ ਲਿਖੇ ਅਨੁਸਾਰ ਹਨ:

- ਦੋਵਾਂ ਦੀਆਂ ਪੁਸਤਕਾਂ ਦੀਆਂ ਭੂਮਿਕਾਵਾਂ ਜਾਂ ਪ੍ਰਸੰਗਾਂ ਵਿਚੋਂ ਇਹ ਗੱਲ ਸ਼ਪਸਟ ਦੇਖੀ ਜਾ ਸਕਦੀ ਹੈ ਕਿ ਦੋਵੇਂ ਸਿੱਖ ਧਰਮ ਦੀ ਨਿਵੇਕਲੀ ਹਸਤੀ ਸਥਾਪਿਤ ਕਰਨ ਲਈ ਯਤਨਸ਼ੀਲ ਹਨ।
- ਦੋਵਾਂ ਦੀ ਭਾਸ਼ਾ ਅਤੇ ਸ਼ੈਲੀ ਸਮਾਨ ਹੈ, ਜਿਹੜੀ ਆਧੁਨਿਕ ਪੰਜਾਬੀ ਹੈ।
- ਗਿਆਨੀ ਦਿੱਤ ਸਿੰਘ ਤੇ ਭਾਈ ਕਾਨ੍ਹ ਸਿੰਘ ਨਾਭਾ ਦੇ ਵਿਆਖਿਆਕਾਰੀ ਵਾਲੇ ਖੇਤਰਾਂ ਵਿੱਚ ਫ਼ਰਕ ਇਹ ਹੈ ਕਿ ਭਾਈ ਸਾਹਿਬ ਨੇ ਹਮ ਹਿੰਦੂ ਨਹੀਂ ਤੋਂ ਬਿਨ੍ਹਾਂ ਬਾਕੀ ਪੁਸਤਕਾਂ ਕੋਸ਼ਕਾਰੀ ਉੱਪਰ ਦਿੱਤੀਆਂ ਜਦੋਂ ਕਿ ਭਾਈ ਦਿੱਤ ਸਿੰਘ ਨੇ ਸਿੱਖਾਂ ਦੀ ਹੋਂਦ ਨਾਲ ਜੁੜੇ ਮਸਲੇ ਅਤੇ ਰਹਿਤ ਮਰਿਯਾਦਾ ਨਾਲ ਸੰਬੰਧਿਤ ਸਾਹਿਤ, ਕਵਿਤਾ ਤੇ ਵਾਰਤਕ ਵਿੱਚ ਲਿਖਿਆ ਹੈ।

[17] *ਭਾਈ ਕਾਨ੍ਹ ਸਿੰਘ ਨਾਭਾ, ਹਮ ਹਿੰਦੂ ਨਹੀਂ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2006,* ਪੰਨਾ 41

**ਭਾਈ ਕਾਨ੍ਹ ਸਿੰਘ ਨਾਭਾ ਅਤੇ ਭਾਈ ਵੀਰ ਸਿੰਘ**

ਭਾਈ ਵੀਰ ਸਿੰਘ ਦਾ ਜਨਮ ਦੀਵਾਨ ਕੌੜਾ ਮੱਲ ਜੀ ਦੇ ਵੰਸ਼ ਵਿਚ ਚਰਨ ਸਿੰਘ ਜੀ ਦੇ ਘਰ ਮਾਤਾ ਉੱਤਮ ਕੌਰ ਜੀ ਦੀ ਕੁਖੋਂ 5 ਦਸੰਬਰ 1872 ਈ. ਵਿਚ ਕਟੜਾ ਗਰਬਾ ਸਿੰਘ, ਅੰਮ੍ਰਿਤਸਰ ਵਿਚ ਹੋਇਆ। ਇਨ੍ਹਾਂ ਨੇ ਵੀਹ ਸਾਲ ਦੀ ਉਮਰ ਵਿਚ ਸਾਹਿਤ ਰਚਨਾ ਸ਼ੁਰੂ ਕੀਤਾ ਸੀ। ਇਨ੍ਹਾਂ ਨੇ ਕਵਿਤਾ, ਨਾਵਲ, ਇਤਿਹਾਸ, ਸੰਪਾਦਨਾ, ਕੋਸ਼ਕਾਰੀ ਅਤੇ ਪੱਤਰਕਾਰੀ ਦੇ ਖੇਤਰ ਵਿਚ ਆਪਣਾ ਯੋਗਦਾਨ ਪਾਇਆ। ਇਨ੍ਹਾਂ ਦੀਆਂ ਪੁਸਤਕਾਂ ਵਿਚ ਨਾਵਲ ਸੁੰਦਰੀ, ਬਿਜੈ ਸਿੰਘ, ਸਤਵੰਤ ਕੌਰ, ਬਾਬਾ ਨੌਧ ਸਿੰਘ, ਕਵਿਤਾ ਦਿਲ ਤਰੰਗ, ਤ੍ਰੇਲ ਤੁਪਕੇ, ਲਹਿਰਾਂ ਦੇ ਹਾਰ, ਮਟਕ ਹੁਲਾਰੇ, ਬਿਜਲੀਆਂ ਦੇ ਹਾਰ ਅਤੇ ਰਾਣਾ ਸੂਰਤ ਸਿੰਘ, ਨਾਟਕ ਰਾਜਾ ਲਖਦਾਤਾ ਸਿੰਘ, ਜੀਵਨੀਆਂ ਜਾਂ ਇਤਿਹਾਸ ਜਿਵੇਂ ਗੁਰੂ ਨਾਨਕ ਚਮਤਕਾਰ, ਅਸ਼ਟ ਗੁਰੂ ਚਮਤਕਾਰ, ਗੁਰੂ ਕਲਗੀਧਰ ਚਮਤਕਾਰ, ਸੰਪਾਦਨ ਜਿਵੇਂ ਸਿੱਖਾਂ ਦੀ ਭਗਤਮਾਲਾ, ਪੁਰਾਤਨ ਜਨਮ ਸਾਖੀ, ਪ੍ਰਾਚੀਨ ਪੰਥ ਪ੍ਰਕਾਸ਼, ਸਾਖੀ ਪੋਥੀ, ਗੁਰਪ੍ਰਤਾਪ ਸੂਰਜ ਆਦਿ, ਕੋਸ਼ਕਾਰੀ ਜਿਵੇਂ ਗੁਰੂ ਗ੍ਰੰਥ ਕੋਸ਼ ਆਪਣੇ ਨਾਨਾ ਗਿ. ਹਜ਼ਾਰਾ ਸਿੰਘ ਅਤੇ ਪਿਤਾ ਡਾ. ਚਰਨ ਸਿੰਘ ਨਾਲ ਮਿਲਕੇ, ਟੀਕਾਕਾਰੀ ਸੰਥਜਾ ਸ੍ਰੀ ਗੁਰੂ ਗ੍ਰੰਥ ਸਾਹਿਬ 607 ਪੰਨੇ ਤੱਕ ਅਤੇ ਪੱਤਰਕਾਰੀ ਖ਼ਾਲਸਾ ਸਮਾਚਾਰ ਅਤੇ ਨਿਰਗੁਣੀਆਰਾ ਟ੍ਰੈਕਟ ਲੜੀ ਆਦਿ ਸ਼ਾਮਿਲ ਹਨ।

ਉਨ੍ਹਾਂ ਦਾ ਮਹੱਤਵ ਪੂਰਨ ਕਾਰਜ ਗੁਰੂ ਗ੍ਰੰਥ ਸਾਹਿਬ ਦੀ ਟੀਕਾਕਾਰੀ ਜੋ ਸੰਥਿਆ ਵਜੋਂ ਪ੍ਰਾਪਤ ਹੈ। ਕੋਸ਼ਾਂ ਵਿਚ ਸਿਖਰੀ ਪ੍ਰਾਪਤੀ ਗਿਆਨੀ ਹਜ਼ਾਰਾ ਸਿੰਘ ਅਤੇ ਭਾਈ ਵੀਰ ਸਿੰਘ ਕ੍ਰਿਤ *ਸ੍ਰੀ ਗੁਰੂ ਗ੍ਰੰਥ ਕੋਸ਼* ਹੈ। ਇਸ ਦਾ ਪ੍ਰਕਾਸ਼ਨ ਖ਼ਾਲਸਾ ਟ੍ਰੈਕਟ ਸੁਸਾਇਟੀ, ਅੰਮ੍ਰਿਤਸਰ ਨੇ ਕੀਤਾ ਸੀ। ਇਹ ਪਹਿਲੀ ਵਾਰ 1899 ਈ. ਵਿਚ ਛਪਿਆ। ਇਸ ਤੋਂ ਬਾਅਦ ਭਾਈ ਵੀਰ ਸਿੰਘ ਨੇ ਸਾਢੇ ਸੱਤ

ਸਾਲ ਲਗਾ ਕੇ ਇਸ ਦੀ ਸੁਧਾਈ ਕੀਤੀ ਅਤੇ 1923 ਵਿਚ ਦੁਬਾਰਾ ਪ੍ਰਕਾਸ਼ਿਤ ਹੋਇਆ।[18] ਉਸ ਤੋਂ ਬਾਅਦ ਇਹ ਲਗਾਤਾਰ ਛਪ ਰਿਹਾ ਹੈ। ਅੱਜ ਕਲ੍ਹ ਇਸ ਕੋਸ਼ ਨੂੰ ਸਿੰਘ ਬ੍ਰਦਰਜ਼, ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕਰਨਾ ਜਾਰੀ ਰੱਖਿਆ ਹੈ। ਅਸੀਂ ਭਾਈ ਵੀਰ ਸਿੰਘ ਦੀ ਵਿਆਖਿਆਕਾਰੀ ਜਾਂ ਕੋਸ਼ਕਾਰੀ ਦੇ ਲੱਛਣ ਉਨ੍ਹਾਂ ਦੇ ਸ੍ਰੀ ਗੁਰੂ ਗ੍ਰੰਥ ਕੋਸ਼ ਦੇ ਆਧਾਰ ਤੇ ਹੀ ਜਾਨਣ ਦੀ ਕੋਸ਼ਿਸ਼ ਕਰਾਂਗੇ। ਭਾਈ ਸਾਹਿਬ ਦੀ ਵਿਆਖਿਆਕਾਰੀ ਜਿਹੜੀ ਮਹਾਨ ਕੋਸ਼ ਨਾਲ ਮਿਲਦੀ ਹੈ ਉਹ ਵਿਆਕਰਣ ਅਧਾਰਿਤ ਹੈ, ਜਿਵੇਂ ਕਿ ਭਾਈ ਵੀਰ ਸਿੰਘ ਇੱਕ ਸ਼ਬਦ ਦੇ ਅਰਥ ਕਰਨ ਸਮੇਂ ਉਸਦੇ ਵੱਖ-ਵੱਖ ਭਾਸ਼ਾਵਾਂ ਵਿੱਚ ਮਿਲਦੇ ਰੂਪਾਂ ਨੂੰ ਵਰਣਨ ਕਰਦੇ ਹਨ। ਇਹ ਲੱਛਣ ਉਨ੍ਹਾਂ ਦੇ ਟੀਕੇ ਵਿੱਚ ਨਿਰੁਕਤ ਵਜੋਂ ਪ੍ਰਗਟ ਹੁੰਦਾ ਹੈ। ਕੋਸ਼ ਵਿੱਚੋਂ ਅਸੀਂ ਉਦਾਹਰਨ ਲੈ ਸਕਦੇ ਹਾਂ। ਜਿਵੇਂ-

> "ਉਸਟੀਅਹਿ-ਸੰਸਕ੍ਰਿਤ ਉਤ੍ਸ੍ਰਜਨ। ਪ੍ਰਾਕ੍ਰਿਤ ਉਸਡਡ। ਸੁਟੇ ਜਾਂਦੇ ਹਨ - ਇਕਿ ਪਾਈ ਵਿਚਿ ਉਸਟੀਅਹਿ।" ਦੂਜੀ ਉਦਾਹਰਣ: ਉਸਾਰੇਦੇ (ਕ੍ਰਿ. ਵਿ.) ਲਹਿੰਦਾ ਪੰਜਾਬੀ ਉਸਾਰਨਾ ਤੋਂ ਉਸਾਰਦੇ ਬਣਾਉਂਦੇ ਹੋਏ।"[19]

ਉਪਰੋਕਤ ਉਦਾਹਰਨਾਂ ਵਿੱਚ ਭਾਈ ਵੀਰ ਸਿੰਘ ਦੀ ਇੰਦਰਾਜ ਦੇਣ ਦੀ ਵਿਉਂਤ ਦਾ ਪਤਾ ਲੱਗਦਾ ਹੈ ਉਹ ਸ਼ਬਦ ਦੇ ਭਾਸ਼ਾ ਰੂਪ ਤੋਂ ਵਿਆਕਰਣਿਕ ਰੂਪ ਨੂੰ ਵੀ ਮੁੱਖ ਰੱਖਦੇ ਹਨ। ਜਿਵੇਂ ਪਹਿਲੇ ਇੰਦਰਾਜ ਵਿੱਚ ਉਨ੍ਹਾਂ ਦੇ **ਉਸਟੀਅਹਿ** ਦਾ ਸੰਸਕ੍ਰਿਤ ਤੇ ਪ੍ਰਾਕ੍ਰਿਤ ਰੂਪ ਦਿੱਤਾ ਹੈ ਅਤੇ ਦੂਜੇ ਇੰਦਰਾਜ **ਉਸਾਰਦੇ** ਵਿੱਚ ਸ਼ਬਦ ਦਾ ਵਿਆਕਰਣਕ ਅਤੇ ਭਾਸ਼ਾ ਦਾ ਰੂਪ ਦਿੱਤਾ ਹੈ। ਇੱਥੇ ਕ੍ਰਿ. ਵਿ. ਕਿਰਿਆ ਵਿਸ਼ੇਸ਼ਣ ਵੱਲ ਇਸ਼ਾਰਾ ਹੈ ਅਤੇ ਸ਼ਬਦ ਦੇ ਲਹਿੰਦੀ ਪੰਜਾਬੀ ਹੋਣ ਦਾ ਜ਼ਿਕਰ ਵੀ ਉਨ੍ਹਾਂ ਨੇ ਕੀਤਾ ਹੈ।

---

[18] ਹਰਨਾਮ ਸਿੰਘ ਸ਼ਾਨ, *ਗੁਰੂ ਗ੍ਰੰਥ ਸਾਹਿਬ ਦੀ ਕੋਸ਼ਕਾਰੀ,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1995, ਪੰਨਾ 116

[19] ਹਰਿਭਜਨ ਸਿੰਘ (ਸੰਪਾ.), *ਸ੍ਰੀ ਗੁਰੂ ਗ੍ਰੰਥ ਕੋਸ਼,* ਡਾ. ਬਲਬੀਰ ਸਿੰਘ ਸਾਹਿਤ ਕੇਂਦਰ, ਦੇਹਰਾਦੂਨ, 2008, ਪੰਨਾ 1

ਉਨ੍ਹਾਂ ਦੇ ਕੋਸ਼ ਤੋਂ ਉਨ੍ਹਾਂ ਦੀ ਵਿਆਖਿਆਕਾਰੀ ਦੀਆਂ ਹੇਠ ਲਿਖੀਆਂ ਮੁੱਖ ਵਿਸ਼ੇਸ਼ਤਾਵਾਂ ਸਾਡੇ ਸਨਮੁਖ ਹੁੰਦੀਆਂ ਹਨ:

- ਸਿੰਘ ਸਭਾਈ ਸ਼ੈਲੀ ਅਨੁਸਾਰ ਉਹ ਇੱਕ ਸ਼ਬਦ ਦਾ ਇੱਕ ਹੀ ਅਰਥ ਕਰਦੇ ਹਨ।
- ਉਨ੍ਹਾਂ ਵਿੱਚ ਨਿਰਮਲਿਆਂ ਵਰਗੀ ਵੇਦਾਂਤੀ ਰੰਗਤ ਦੇਣ ਦੀ ਪਰਵਿਰਤੀ ਨਹੀਂ ਹੈ।
- ਉਨ੍ਹਾਂ ਨੇ ਸਾਧ ਭਾਸ਼ਾ ਦਾ ਵੀ ਤਿਆਗ ਕੀਤਾ। ਉਨ੍ਹਾਂ ਦੀ ਭਾਸ਼ਾ ਆਧੁਨਿਕ ਪੰਜਾਬੀ ਹੈ।
- ਭਾਈ ਵੀਰ ਸਿੰਘ ਵਾਲੇ ਕੋਸ਼ ਵਿੱਚ ਸ਼ਬਦਾਂ ਦੇ ਵੱਖ-ਵੱਖ ਰੂਪ ਜਿਵੇਂ ਗੁਰਬਾਣੀ ਵਿੱਚ ਮਿਲਦੇ ਹਨ, ਉਨ੍ਹਾਂ ਦੇ ਵੱਖ-ਵੱਖ ਇੰਦਰਾਜ ਨਹੀਂ ਦਿੱਤੇ ਗਏ। ਗੁਰਬਾਣੀ ਵਿੱਚ ਸਾਨੂੰ ਅਕਲ ਸ਼ਬਦ ਦੇ ਤਿੰਨ ਰੂਪ ਮਿਲਦੇ ਹਨ, ਜਿਵੇਂ 'ਅਕਲਿ, ਅਕਲੁ, ਅਕਲ' ਪ੍ਰੰਤੂ ਭਾਈ ਵੀਰ ਸਿੰਘ ਵਾਲੇ ਕੋਸ਼ ਵਿੱਚ ਸਾਨੂੰ ਮੁਕਤੇ ਵਾਲੇ ਰੂਪ ਭਾਵ 'ਅਕਲ' ਅਤੇ ਸਿਹਾਰੀ ਵਾਲੇ ਰੂਪ ਭਾਵ 'ਅਕਲਿ' ਦੇ ਹੀ ਅਰਥ ਮਿਲਦੇ ਹਨ ਜਿਹੜੇ ਸੁਤੰਤਰ ਨਹੀਂ ਮਿਲਦੇ ਬਲਕਿ "ਅਕਲਕਲਾ" "ਅਕਲਗਤੀ" ਅਤੇ "ਅਕਲਿਸਰ" ਆਦਿ ਮਿਲਦੇ ਹਨ।[20]

ਭਾਈ ਵੀਰ ਸਿੰਘ ਦੇ ਕੋਸ਼ ਵਿੱਚੋਂ ਸ਼ਖਸੀਅਤ ਦੀ ਫਿਲਾਸਫੀ ਦੇ ਇੱਕ ਇੰਦਰਾਜ ਮੁਕਤੀ ਬਾਰੇ ਉਨ੍ਹਾਂ ਦੀ ਪਹੁੰਚ ਨੂੰ ਜਾਣਿਆ ਜਾ ਸਕਦਾ ਹੈ:

**ਮੁਕਤਿ, ਮੁਕਤੀ** ੧. ਛੁਟਕਾਰਾ। ਖਲਾਸੀ

2. ਆਖਰੀ ਛੁਟਕਾਰਾ ਜੋ ਰੂਹ (ਜੀਵਾਤਮਾ) ਨੂੰ ਸਰੀਰ ਤੋਂ ਪ੍ਰਾਪਤ ਹੁੰਦਾ ਹੈ, ਜਿਸ ਤੋਂ ਮਗਰੋਂ ਫੇਰ ਕੋਈ ਸਰੀਰ ਨਾ ਧਾਰੇ।
3. ਸ਼ਾਸਤ੍ਰਕਾਰਾਂ ਨੂੰ ਇਸ ਸਰੀਰ ਨੂੰ ਦੁੱਖ ਰੂਪ ਮੰਨਿਆ ਹੈ, ਇਸ ਕਰਕੇ ਇਸ ਤੋਂ ਛੁਟਕਾਰੇ ਦਾ ਨਾਮ ਮੁਕਤੀ ਰੱਖਿਆ ਹੈ, ਪਰ ਹਰੇਕ ਦੇ ਆਦਰਸ਼ ਵਿੱਚ ਥੋੜ੍ਹਾ ਫ਼ਰਕ ਹੈ।

---

[20] *ਉਹੀ*, ਪੰਨਾ 25

1. ਮੀਮਾਂਸਾ ਵਾਲੇ ਸੁਰਗ ਵਿੱਚ ਅੱਪੜ ਜਾਣ ਨੂੰ ਮੁਕਤੀ ਮੰਨਦੇ ਹਨ।

2. ਨਯਾਯ ਤੇ ਵੈਸ਼ੇਸ਼ਿਕ ਮਤ ਵਾਲੇ ਆਪਣੇ ਗਿਣੇ ਦੁਖਾਂ ਤੋਂ ਛੁੱਟ ਜਾਣ ਨੂੰ ਮੁਕਤੀ ਦੱਸਦੇ ਹਨ।

3. ਯੋਗ ਮੱਤ ਵਿੱਚ ਸਬੀਜ ਨਿਰ-ਬੀਜ ਸਮਾਧੀ ਦੁਆਰਾ ਪੁਰਖ ਦਾ ਆਪਣੇ ਆਪ ਨੂੰ ਦ੍ਰਿਸ਼ਟਮਾਨ ਤੋਂ ਕੈਪਲ ਕਰ ਲੈਣਾ ਮੁਕਤਿ ਹੈ।

4. ਵੇਦਾਂਤ ਦਾ ਆਪਣੇ ਆਪ ਨੂੰ ਬ੍ਰਹਮ ਨਾਲ ਅਭੇਦ ਜਾਣ ਲੈਣਾ (ਗਯਾਨ, ਦੁਆਰੇ) ਮੁਕਤਿ ਹੈ।

5. ਚਾਰਵਾਕੀਏ ਜੋ ਰੂਹ ਨੂੰ ਮੰਨਦੇ ਹੀ ਨਹੀਂ, ਦੇਹ ਦੇ ਮਰ ਜਾਣ ਨੂੰ ਹੀ ਮੁਕਤੀ ਮੰਨਦੇ ਹਨ।

6. ਬੋਧੀ ਆਪਣੀ ਮੁਕਤੀ ਨੂੰ ਨਿਰਬਾਣ ਦਸਦੇ ਹਨ, ਜੋ ਸਰਬ ਇੱਛਾ ਤੇ ਤਯਾਗ ਦੇ ਅੱਠ ਗੁਣਾਂ ਦੇ ਧਾਰਨ ਤੋਂ ਝੱਲਦੀ ਹੈ; ਇੱਕ ਪੱਖ ਵਿੱਚ ਨਿਰਬਾਣ ਸਮਾਪਤੀ ਦਾ ਨਾਮ ਹੈ, ਇੱਕ ਵਿੱਚ ਸਾਖ ਦੇ ਨੇੜੇ ਨੇੜੇ ਢੁਕਦਾ ਹੈ, ਜੈਨ ਮੱਤ ਵਿੱਚ ਉੱਚੇ ਲੋਕਾਂ ਵਿੱਚ ਚਲੇ ਜਾਣਾ ਮੁਕਤੀ ਹੈ।

ਇਨ੍ਹਾਂ ਅਰ ਇਸ ਪ੍ਰਕਾਰ ਦੀਆਂ ਮੁਕਤੀਆਂ ਵਿੱਚ ਸੰਭਾਵਨਾਵਾਂ ਇਹ ਰੱਖੀ ਗਈ ਹੈ ਕਿ ਸਰੀਰ ਦੁੱਖੀ ਰੂਪ ਹੈ, ਇਸ ਦੇ ਦੁਖਾਂ ਨੂੰ ਦੇਖਕੇ ਦੁੱਖਾਂ ਦੀ ਨਵਿਰਤੀ ਲੱਭਣ ਦਾ ਯਤਨ ਹੋਇਆ ਹੈ, ਆਪਣੇ-ਆਪਣੇ ਨੁਕਤੇ ਤੋਂ ਸਭਨਾ ਨੇ ਇਨ੍ਹਾਂ ਦੁੱਖਾਂ ਤੋਂ ਛੁਟਕਾਰੇ ਨੂੰ ਮੁਕਤੀ ਮੰਨਿਆ ਹੈ। ਸਾਂਖ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਹੈ ਕਿ ਮੁਕਤੀ ਨੂੰ ਸੁੱਖ ਰੂਪ ਕਹਿਣਾ ਐਵੇਂ ਰੁਚੀ ਦੇਣੀ ਹੈ, ਦੁੱਖ ਦੀ ਨਵਿਰਤੀ ਹੀ ਮੁਕਤੀ ਹੈ, ਮਾਨੋਂ ਕਿਸੇ ਬੇਵੱਸ ਕਾਰਣ ਤੋਂ ਯਾ ਅਚਾਨਕ ਇਹ ਰਚਨਾ ਹੋ ਗਈ ਹੈ, ਇਸ ਕਰਕੇ ਇਸ ਤੋਂ ਛੁੱਟੇ, ਤੇ ਛੁੱਟਣ ਵਾਸਤੇ ਰਸਤਾ ਇਹੀ ਲੱਭਾ ਕਿ ਸਰੀਰ ਤੇ ਇੰਦਰੀਆਂ ਤੇ ਇੰਦ੍ਰੈ ਜਨ ਗਿਆਨ ਨੂੰ ਅਲੱਗ ਕੀਤਾ ਜਾਵੇ ਤੇ ਜ਼ਿੰਦਗੀ ਦੇ ਹਿਸੇ (ਪੁਰਖ) ਨੂੰ ਅਲੱਗ। ਯਹੂਦੀ, ਈਸਾਈ, ਮੁਸਲਮਾਨ ਆਦਿ ਪੱਛਮੀ ਲੋਕਾਂ ਦੀ ਮੁਕਤੀ-ਸੁਰਗ ਦੀ ਪ੍ਰਾਪਤੀ ਹੈ। ਇਕ ਦਿਨ ਜਿਸਨੂੰ ਉਹ ਕਿਆਮਤ ਕਹਿੰਦੇ ਹਨ, ਉਹ ਆਵੇਗਾ, ਉਸ ਦਿਨ ਮੁਰਦੇ ਕਬਰਾਂ ਵਿੱਚੋਂ ਜੀਉਣਗੇ, ਮਾੜੇ

ਨਰਕਾਂ ਵਿੱਚ ਤੇ ਚੰਗੇ ਸੁਰਗਾਂ ਵਿੱਚ। ਮੁਸਲਮਾਨਾਂ ਨੇ ਕਰਮ ਪ੍ਰਧਾਨ ਤੇ ਨਾਲ ਹੱਜ: ਮੁਹੰਮਦ ਦੀ ਸਿਫ਼ਾਰਿਸ਼ ਇਸਦਾ ਵਸੀਲਾ ਮੰਨਿਆ ਹੈ। ਈਸਾਈਆਂ ਨੇ ਹੱਜ: ਈਸਾ ਉਤੇ ਅਤੇ ਉਸ ਦੇ ਮੁੜ ਜੀ ਉਠਣ ਉਤੇ ਈਮਾਨ ਲਿਆਉਣਾ ਵਸੀਲਾ ਮੰਨਿਆ ਹੈ, ਪ੍ਰੰਤੂ ਮੁਸਲਮਾਨ ਸੂਫ਼ੀਆਂ ਤੇ ਈਸਾਈ (ਫ਼ਕੀਰਾਂ) ਦੀ ਮੁਕਤੀ ਕੁਛ-ਕੁਛ ਵੈਸ਼ਨਵਾਂ ਤੇ ਕੁੱਛ-ਕੁਛ ਵੇਦਾਂਤ ਨਾਲ ਆ ਟੱਕਰਦੀ ਹੈ। ਪੱਛਮੀ ਦਰਸ਼ਨ ਵਿਦਿਯਾ ਵਾਲੇ, ਪਲਾਤਸ ਕੈਂਟ, ਸ਼ਾਪਨਹਯੂਰ ਆਦਿ, ਵੇਦਾਂਤ ਵਾਲੇ ਸਰੂਪ ਦੇ ਹੀ ਲਾਗੇ ਆਉਂਦੇ ਹਨ। ਪੂਰਨ ਤਿਆਗ ਤੇ ਉਦਾਸੀਨਤਾ ਜਿਹੀ ਦਾ ਨਕਸ਼ਾ ਬਣਦਾ ਹੈ। ਇਸ ਪ੍ਰਕਾਰ ਦੀਆਂ ਮੁਕਤੀਆਂ ਦੇ ਖਿਆਲ ਪਰ ਜਾਪਦਾ ਹੈ ਕਿ ਸਤਿਗੁਰਾਂ ਨੇ ਲਿਖਿਆ ਹੈ:

'ਮੁਕਤਿ ਬਪੁੜੀ ਭੀ ਗਿਆਨ ਤਿਆਗੇ'। (ਗੁ.ਗ੍ਰੰ. 1078) ਏਸੇ ਕਿਸਮ ਦੀ ਮੁਕਤੀ ਪਰ ਇੱਕ ਹੋਰ ਗੁਰਵਾਕ ਹੈ:

'ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ।' (ਗੁ.ਗ੍ਰੰ. 534)

ਇਸੇ ਤੁਕ ਵਿੱਚੋਂ ਗੁਰੂ ਜੀ ਦੀ ਮੁਕਤਿ ਦਾ ਆਦਰਸ਼ ਲੱਭਦਾ ਹੈ, ਉਹ ਇਹ ਹੈ ਕਿ ਵਾਹਿਗੁਰੂ ਨਾਲ ਪਿਆਰ ਪੈ ਜਾਣ ਨੂੰ ਉਹ ਮੁਕਤਿ ਦੱਸਦੇ ਹਨ। ਯਥਾ- 'ਸੋ ਮਨ ਮੁਕਤਿ ਜਿਸ ਏਕ ਲਿਵ ਲਾਗੀ ਸਦਾ ਰਹੇ ਹਰਿ ਨਾਲੈ'। ਜਿਸ ਦੀ ਲਿਵ ਲਗੀ ਇੱਕ ਵਾਹਿਗੁਰੂ ਨਾਲ, ਜੋ ਸਦਾ ਰਹਿੰਦਾ ਹੈ।"...ਸੋਈ ਮੁਕਤਿ ਹੈ ,ਆਤਮੇ ,ਉਸਦੇ ਨਾਲ ਅੰਤਰ ,[21]

ਭਾਈ ਕਾਨ੍ਹ ਸਿੰਘ ਨਾਭਾ ਦੀ ਨੂੰ 'ਮੁਕਤਿ' ਇੰਦਰਾਜ ਸਿੱਖ ਫਲਸਫ਼ੇ ਦੀ ਵਿਆਖਿਆ ਨੂੰ ਭਾਈ ਵੀਰ ਸਿੰਘ ਦੀ ਤੁਲਨਾ ਵਿੱਚ ਵੇਖ ਸਕਦੇ ਹਾਂ

[21] ਹਰਿਭਜਨ ਸਿੰਘ (ਸੰਪਾ.), *ਸ੍ਰੀ ਗੁਰੂ ਗ੍ਰੰਥ ਕੋਸ਼,* ਡਾ. ਬਲਬੀਰ ਸਿੰਘ ਸਾਹਿਤ ਕੇਂਦਰ, ਦੇਹਰਾਦੂਨ, 2008, ਪੰਨੇ 261-62.

'ਮੁਕਤਿ. ਸੰ. ਮੁਕ੍ਰਿ. ਸੰਗਯਾ-ਛੁਟਕਾਰਾ, ਰਿਹਾਈ, ਇਸ ਦਾ ਮੂਲ ਮੁਢ ਧਾਤੁ ਹੈ, "ਹਊਮੈ ਪੈਖੜੁ ਤੇਰੇ ਮਨੈ ਮਾਹਿ। ਹਰਿ ਨ ਚੇਤਹਿ ਮੂੜੇ, ਮੁਕਤਿਜਾਹਿ." (ਬਸੰ ਅ: ਮ: ੧) ਤਾਕਿ ਛੁਟ ਜਾਵੇ'। ੨. ਅਵਿਦਯਾ ਦੇ ਬੰਧਨਾਂ ਤੋਂ ਛੁਟਕਾਰਾ, ਕਲੇਸ਼ਾਂ ਤੋਂ ਰਿਹਾਈ, "ਮੂਕਤਿ ਪਾਈਐ ਸਾਧ ਸੰਗਤਿ." (ਧਨਾ ਮ:੫) ਮਤਾਂ ਦੇ ਭੇਦ ਕਰਕੇ ਮੁਕਤਿ ਦੇ ਸਰੂਪ ਭੀ ਜੁਦੇ-ਜੁਦੇ ਹਨ:

(ੳ) ਨਯਾਯ ਸ਼ਾਸਤ੍ਰ ਅਨੁਸਾਰ ਸਰੀਰ, ਮਨ ਸਮੇਤ ਛੀ ਇੰਦ੍ਰੀਆਂ, ਇੰਦ੍ਰੀਆਂ ਦੇ ਛੀ ਵਿਸ਼ੇ, ਇੰਦ੍ਰੀਆਂ ਦੇ ਛੀ ਗਯਾਨ, ਸੁਖ ਦੁਖ, ਇਨ੍ਹਾਂ ਇੱਕੀਆਂ ਦੁੱਖਾਂ ਦਾ ਜੋ ਨਾਸ਼ ਹੋ ਜਾਣਾ, ਇਹ ਮੁਕਤਿ ਹੈ।

(ਅ) ਵੈਸ਼ੇਸ਼ਿਕਮਤ ਅਨੁਸਾਰ ਜੀਵਾਤਮਾ, ਨੌ ਗੁਣ (ਗਯਾਨ, ਸੁਖ, ਦੁਖ, ਇੱਛਾ, ਦ੍ਵੇਸ, ਪ੍ਰਯਤਨ, ਧਰਮ, ਅਧਰਮ ਅਤੇ ਭਾਵਨਾ) ਧਾਰਨ ਵਾਲਾ ਵਿਆਪਕ ਹੈ, ਵਿਚਾਰ ਅਤੇ ਅਭਯਾਸ ਨਾਲ ਨੌ ਗੁਣਾਂ ਤੋਂ ਜੀਵਾਤਮਾ ਦਾ ਅਸੰਗ ਹੋ ਜਾਣਾ ਮੁਕਤਿ ਹੈ।

(ੲ) ਪ੍ਰਕ੍ਰਿਤਿ ਅਤੇ ਪੁਰੁਸ਼ ਦਾ ਭਿੰਨ-ਭਿੰਨ ਗਯਾਨ ਹੋਣ ਤੋਂ ਆਧਯਾਤਮਿਕ ਆਧਿਭੌਤਿਕ ਅਤੇ ਆਧਿਦੈਵਿਕ ਤਿੰਨ ਪ੍ਰਕਾਰ ਦੇ ਦੁੱਖਾਂ ਦਾ ਪੂਰੀ ਤਰ੍ਹਾਂ ਹਟ ਜਾਣਾ, ਸਾਂਖਯਮਤ ਦੀ ਮੁਕਤਿ ਹੈ।

(ਸ) ਯੋਗਮਤ ਅਨੁਸਾਰ ਅਵਿਦਯਾ ਆਦਿ ਪੰਜ ਕਲੇਸ਼ਾਂ ਦਾ ਸਮਾਧਿ ਦੇ ਅਭਯਾਸ ਦ੍ਵਾਰਾ ਮਿਟਜਾਣਾ ਅਤੇ ਜੀਵਾਤਮਾ ਨੂੰ ਸ੍ਵਤੰਤ੍ਰਤਾ ਦੀ ਪ੍ਰਾਪਤੀ ਹੋਣੀ ਮੁਕਤਿ ਹੈ।

(ਹ) ਅਗਨਿਹੋਤ੍ਰ ਜਪ ਦਾਨ ਆਦਿ ਕਰਮਾਂ ਤੋਂ ਅਖੈ ਸੁਰਗਸੁਖ ਦੀ ਪ੍ਰਾਪਤੀ, ਮੀਮਾਂਸਾਮਤ ਦੀ ਮੁਕਤਿ ਹੈ।

(ਕ) ਆਤਮਗਯਾਨ ਦ੍ਵਾਰਾ ਅਵਿਦਯਾ ਉਪਾਧੀ ਦੂਰ ਕਰਕੇ ਜੀਵ ਦਾ ਬ੍ਰਹਮ ਨਾਲ ਅਭੇਦ ਹੋਣਾ, ਵੇਦਾਂਮਤ ਦੀ ਮੁਕਤਿ ਹੈ।

(ਖ) ਸ਼ੈਵ, ਵੈਸਨਵ ਆਦਿ ਮਤਾਂ ਦੀ ਮੁਕਤਿ ਹੈ ਕਿ ਆਪਣੇ ਆਪਣੇ ਇਸ੍ਰ ਦੇਵਤਾ ਦਾ ਪੂਜਨ ਧਯਾਨ ਕਰਨ ਤੋਂ ਉਪਾਸਯ ਦੇਵਤਾ ਦੇ ਲੋਕ ਵਿੱਚ ਜਾਕੇ ਅਖੈਸੁਖ ਭੋਗਣੇ।

(ਗ) ਜੈਨ ਮੱਤ ਅਨੁਸਾਰ ਤਪ ਅਹਿੰਸਾ ਆਦਿ ਕਰਮ ਕਰਨ ਤੋਂ ਕਰਮਾਂ ਦੇ ਬੰਧਨਾਂ ਦਾ ਅਭਾਵ ਹੋਣ ਤੋਂ ਜੀਵ ਦਾ ਉੱਚੇ ਲੋਕ ਵਿੱਚ ਲਗਾਤਾਰ ਚਲੇ ਜਾਣਾ ਅਤੇ ਮੁੜ ਹੇਠਾਂ ਨਾ ਆਉਣਾ ਹੀ ਮੁਕਤਿ ਹੈ।

(ਘ) ਇਸਲਾਮ ਮੱਤ ਅਨੁਸਾਰ ਕੁਰਾਨ ਸ਼ਰੀਫ ਦੇ ਵਚਨਾਂ ਤੇ ਅਮਲ ਕਰਨਾ ਅਤੇ ਨਮਾਜ਼ ਰੋਜ਼ੇ ਆਦਿ ਪੰਜ ਨਿਯਮਾਂ ਤੇ ਪੱਕੇ ਰਹਿਣਾ, ਪੈਗੰਬਰ ਮੁਹੰਮਦ ਤੇ ਨਿਸ਼ਚਾ ਰੱਖਣਾ, ਇਸ ਤੋਂ ਕਯਾਮਤ ਦੇ ਦਿਨ ਦੇ ਫੈਸਲੇ ਅਨੁਸਾਰ ਹਮੇਸ਼ਾਂ ਲਈ ਬਹਿਸ਼ਤ ਦੀ ਪ੍ਰਾਪਤੀ ਮੁਕਤਿ ਹੈ। ਸੂਫ਼ੀ ਮੁਸਲਮਾਨ ਪਰਮਾਤਮਾ ਵਿੱਚ ਰੂਹ ਦੇ ਮਿਲਾਪ ਨੂੰ ਮੁਕਤਿ ਮੰਨਦੇ ਹਨ ਇਹ ਮਦ ਵੇਦਾਂਤ ਨਾਲ ਹੀ ਜਾ ਮਿਲਦਾ ਹੈ।

(ਙ) ਈਸਾਈ ਮੱਤ ਅਨੁਸਾਰ ਖੁਦਾ ਦੇ ਪੁੱਤਰ ਹਜ਼ਰਤ ਈਸਾ ਤੇ ਪੂਰਾ ਭਰੋਸਾ ਕਰਨ ਤੋਂ ਪਾਪਾਂ ਤੋਂ ਛੁਟਕਾਰਾ ਅਤੇ ਅਖੈਜੀਵਨ ਪਾਉਣਾ ਮੁਕਤਿ ਹੈ, ਉਨ੍ਹਾਂ ਦਾ ਖਿਆਲ ਹੈ ਕਿ ਕੋਈ ਆਦਮੀ ਬਿਨਾ ਪਾਪ ਨਹੀਂ ਅਰ ਪਾਪ ਦਾ ਫਲ ਮੌਤ ਹੈ। ਪੈਗੰਬਰ ਈਸਾ ਨੇ ਆਪਣੇ ਪ੍ਰਾਣ ਦੇ ਕੇ ਲੋਕਾਂ ਦੇ ਪਾਪਾਂ ਦਾ ਪ੍ਰਾਯਸ਼ਚਿੱਤ ਕੀਤਾ ਹੈ, ਜੋ ਉਸ ਤੇ ਈਮਾਨ ਲਿਆਉਣਗੇ, ਉਹ ਪਾਪਾਂ ਤੋਂ ਛੁਟਕਾਰਾ ਪਾਉਣਗੇ ਅਤੇ ਅਵਿਨਾਸ਼ੀ ਜੀਵਨ ਪ੍ਰਾਪਤ ਕਰਨਗੇ।

(ਚ) ਬੋਧ ਮੱਤ ਅਨੁਸਾਰ ਅੱਠ ਸ਼ੁਭ ਗੁਣਾਂ ਦੇ ਧਾਰਨ ਤੋਂ, ਸਰਵ ਇੱਛਾ ਦਾ ਤਿਆਗ ਹੋਣ ਤੇ ਨਿਰਵਾਣਪਦ ਦੀ ਪ੍ਰਾਪਤੀ ਮੁਕਤਿ ਹੈ।

(ਛ) ਸਿੱਖ ਮੱਤ ਦੀ ਮੁਕਤੀ ਹੈ- ਗੁਰਮੁਖਾਂ ਦੀ ਸੰਗਤਿ ਦ੍ਵਾਰਾ ਨਾਮ ਦੇ ਤਤ੍ਵ ਅਤੇ ਅਭਯਾਸ ਦੇ ਪ੍ਰਕਾਰ ਨੂੰ ਜਾਣਕੇ ਸਿਰਜਨਹਾਰ ਨਾਲ ਲਿਵ ਦਾ ਜੋੜਨਾ, ਹੋਮੈ ਤਯਾਗਕੇ ਪਰੋਪਕਾਰ ਕਰਨਾ, ਅੰਤਹਕਰਣ ਨੂੰ ਅਵਿਦਯਾ ਅਤੇ ਭ੍ਰਮਜਾਲ ਤੋਂ, ਸ਼ਰੀਰ ਨੂੰ ਅਪਵਿਤ੍ਰਤਾ ਤੋਂ ਪਾਕ ਰੱਖਣਾ, ਅਰਥਾਤ-ਨਾਮ ਦਾਨ ਇਸਨਾਨ ਦਾ ਸੇਵਨ ਕਰਨਾ।

ਉੱਪਰ ਲਿਖੇ ਮੁਕਤਿ ਦੇ ਸਾਧਨਾਂ ਦਾ ਗੁਰਬਾਣੀ ਵਿੱਚ ਇਉਂ ਵਰਣਨ ਹੈ:

"ਕਰਮ ਧਰਮ ਕਰਿ ਮੁਕਤਿ ਮੰਗਾਹੀ।

ਮੁਕਤਿ ਪਦਾਰਥੁ ਸਬਦਿ ਸਲਾਹੀ।

ਬਿਨ ਗੁਰ ਸਬਦੈ ਮੁਕਤਿ ਨ ਹੋਈ,

ਪਰਪੰਚੁ ਕਰਿ ਭਰਮਾਈ ਹੇ। (ਮਾਰੂ ਸੋਲਹੇ, ਮ: ੧)

ਮੁਕਤੇ ਸੋਈ ਭਾਲੀਅਹਿ ਜਿ ਸਚਾ ਨਾਮੁ ਸਮਾਲਿ। (ਸ੍ਰੀ ਮ: ੫)

ਤ੍ਰੈਗੁਣ ਵਖਾਣੈ ਭਰਮੁ ਨ ਜਾਇ।

ਬੰਧਨ ਨ ਤੂਟਹਿ ਮੁਕਤਿ ਨ ਪਾਇ।

ਮੁਕਤਿਦਾਤਾ ਸਤਿਗੁਰ ਜਗ ਮਾਹਿ। (ਗਉ ਮ: ੩)

ਮੁਕਤਿ ਪਾਈਐ ਸਾਧਸੰਗਤਿ ਬਿਨਸਜਾਇ ਅੰਧਾਰੁ (ਧਨਾ ਮ: ੫)

ਮੁਕਤਿਦੁਆਰਾ ਸੋਈ ਪਾਏ ਜਿ ਵਿਚਹੁ ਆਪੁ ਗਵਾਇ। (ਮਾਲਾ ਅ: ਮ: ੩)

ਗਹਿਰ ਗੰਭੀਰ ਅੰਮ੍ਰਿਤ ਨਾਮੁ ਤੇਰਾ। ਮੁਕਤਿ ਭਇਆ ਜਿਸੁ ਰਿਦੈ ਵਸੇਰਾ, (ਮਾਝ ਮ: ੫)

ਮੁਕਤਿ ਭਇਆ ਬੰਧਨ ਗੁਰਿ ਖੋਲੇ, ਜਨ ਨਾਨਕ ਹਰਿ ਗੁਣ ਗਾਏ। (ਗਉ ਮ: ੫)

ਮੁਕਤਿ ਭਏ ਸਾਧਸੰਗਤਿ ਕਰਿ, ਤਿਨ ਕੇ ਅਵਗਨ ਸਭਿ ਪਰਹਰਿਆ। (ਸਾਰ ਅ: ਮ: ੫)

ਕਹੁ ਨਾਨਕ ਗੁਰਿ ਖੋਲੇ ਕਪਾਟ। ਮੁਕਤੁ ਭਏ ਬਿਨਸੇ ਭ੍ਰਮ ਥਾਟ।" (ਗਉ ਮ: ੫)

(ਜ) ਹੋਰ ਚਾਰਵਾਕ ਆਦਿ ਅਨੰਤਮਤ ਹਨ, ਜਿਨ੍ਹਾਂ ਦੀਆਂ ਮੁਕਤੀਆਂ ਅਨੇਕ ਹਨ। ਮੁਕਤਿ ਵਿਸਯ ਸਭ ਦਾ ਸਿਧਾਂਤ ਵਿਚਾਰੀਏ ਤਾਂ ਦੁੱਖਾਂ ਤੋਂ ਛੁਟਕਾਰਾ ਅਤੇ ਆਨੰਦ ਦੀ ਪ੍ਰਾਪਤੀ ਹੀ ਮੁਕਤਿ ਸਿੱਧ ਹੁੰਦੀ ਹੈ।

੩ ਵਿ-ਮੁਕ੍ਰ ਦੀ ਥਾਂ ਭੀ ਮੁਕਤਿ ਸ਼ਬਦ ਆਇਆ ਹੈ।

"ਹਰਖ ਸੋਗ ਜਾਕੈ ਨਹੀ ਬੈਰੀ ਮੀਤ ਸਮਾਨ

ਕਹੁ ਨਾਨਕੁ ਸੁਨਿ ਰੇ ਮਨਾ ਮੁਕਤਿ ਤਾਹਿ ਤੈ ਜਾਨਿ॥" (ਸ: ਮ: ੯)

੪ ਸੰਗਯਾ-ਮੋਕਿਕ (ਮੁਕਾ) ਮੋਤੀ, "ਮੁਕਤਿਮਾਲ ਕਨਿਕ ਲਾਲ ਹੀਰਾ" (ਜੈਤ ਮ: ੫)[22]

ਭਾਈ ਵੀਰ ਸਿੰਘ ਅਤੇ ਭਾਈ ਕਾਨ੍ਹ ਸਿੰਘ ਨਾਭਾ ਦੀਆਂ **ਸਮਾਨਤਾਵਾਂ** ਅਤੇ **ਵੱਖਰਤਾਵਾਂ** ਲਈ ਕੁਝ ਹੋਰ ਉਦਾਹਰਨਾਂ ਦੇਖੀਆਂ ਜਾ ਸਕਦੀਆਂ ਹਨ:

- ਭਾਈ ਵੀਰ ਸਿੰਘ ਅਰਥਾਂ ਨੂੰ ਅਧਿਆਤਮਿਕ ਰੰਗਤ ਦਿੰਦੇ ਹਨ, ਇਸ ਦਾ ਇਸ਼ਾਰਾ ਪ੍ਰੋ. ਪੂਰਨ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਕੋਸ਼ ਦੀ ਭੂਮਿਕਾ ਵਿਚ ਕੀਤਾ ਹੈ, "...ਆਪ ਨੇ ਕਿਸ ਨਾਜ਼ਕ ਅੰਦਾਜ਼ ਨਾਲ ਸਤਿਗੁਰੂ ਪਿਤਾ ਗੁਰੂ ਨਾਨਕ ਦੇਵ ਜੀ ਦਾ (Idealism) ਨਿਰਗੁਣ ਅਤੇ ਕਰਤਾਰ ਦੇ (*Magic Realism)* ਸਰਗੁਣ ਦੀ ਏਕਤਾ ਦਿਖਾਈ ਹੈ। ਇਹ ਖਯਾਲ ਮੰਡਲ ਵਿਚ ਇਕ ਬਾਬਾ ਜੀ ਦੀ ਵਰਤਾਈ ਅਨੋਖੀ ਤੁਕ ਹੈ ਅਤੇ ਆਪ ਦੇ ਵਰਨਣ ਦੀ

[22] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਭਾਸ਼ਾ ਵਿਭਾਗ, ਪਟਿਆਲਾ, 2006, ਪੰਨੇ 734-35

ਸਾਦਗੀ ਕਮਾਲ ਹੈ..."। [23] ਭਾਈ ਕਾਨ੍ਹ ਸਿੰਘ ਨਾਭਾ ਅਧਿਆਤਮਿਕ ਨਾਲ ਬੌਧਿਕਤਾ ਦੇ ਜਿਆਦਾ ਨੇੜੇ ਹਨ। ਆਪਣੀ ਗੱਲ ਨੂੰ ਸਮਝਾਉਣ ਲਈ ਤਰਕ ਦਾ ਸਹਾਰਾ ਲੈਂਦੇ ਹਨ।

- ਦੋਹਾਂ ਵਿਦਵਾਨਾਂ ਦੀ ਭਾਸ਼ਾ ਅਤੇ ਸ਼ੈਲੀ ਇਕ ਸਮਾਨ ਹੈ। ਉਦਾਹਰਨ ਲਈ ਅਸੀਂ ਹੇਠ ਲਿਖਿਆ ਇੰਦਰਾਜ ਦੇਖ ਸਕਦੇ ਹਾਂ:

  ਭਾਈ ਵੀਰ ਸਿੰਘ ਗੁਰੂ ਗ੍ਰੰਥ ਕੋਸ਼ ਵਿਚ ਇਸ ਪ੍ਰਕਾਰ ਅਰਥ ਲੈਂਦੇ ਹਨ, "ਸ ਗੁਰਮੁਖੀ ਪੈਂਤੀ ਯਾ ਵਰਣ ਮਾਲਾ ਦਾ ਚੌਥਾ ਅੱਖਰ ਤੇ ਪਹਿਲਾ ਵਿਅੰਜਨ। ਸੰਸਕ੍ਰਿਤ ਦੇ ਥ ਤੇ ਫ਼ਾਰਸੀ ਦੇ ਸੀਨ ਦੇ ਤੁਲ ਇਸ ਦੀ ਅਵਾਜ ਹੈ..."[24]

  "ਸ ਪੰਜਾਬੀ ਵਰਣਮਾਲਾ ਦਾ ਚੌਥਾ ਅੱਖਰ ਇਸ ਦਾ ਉਚਾਰਣ ਸਥਾਨ ਦੰਦ ਹੈ..."[25]

- ਦੋਵੇਂ ਵਿਦਵਾਨ ਆਪਣੀ ਵਿਆਖਿਆਕਾਰੀ ਵਿਚ ਆਪਣੀ ਗੱਲ ਨੂੰ ਸਿੱਧ ਕਰਨ ਲਈ ਲੋੜੀਂਦੇ ਇਤਿਹਾਸਕ ਹਵਾਲੇ ਵਰਤਦੇ ਹਨ।

- ਭਾਈ ਕਾਨ੍ਹ ਸਿੰਘ ਨਾਭਾ ਅਰਥਾਂ ਨੂੰ ਭਾਈ ਵੀਰ ਸਿੰਘ ਤੋਂ ਜ਼ਿਆਦਾ ਵਿਸਥਾਰਿਤ ਕਰਦੇ ਹਨ, ਜਿਵੇਂ ਕੁਝ ਉਦਾਹਰਨਾਂ ਨਾਲ ਸਪਸ਼ਟ ਹੁੰਦਾ ਹੈ, ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ

ਅਲੀਆ: (ਸ. ਸੰਪ੍ਰਦਾ) ਇੰਦ੍ਰੀਆਂ। ਯਥਾ- 'ਜਾਗਤ ਰਹੈ ਨ ਅਲੀਆ ਭਾਖੈ' ਸਾਵਧਾਨ ਰਹੇ (ਤਾਂ) ਇੰਦ੍ਰੀਆਂ ਬਲ ਨਾ ਪਾ ਜਾਣਗੀਆਂ।

ਭਾਈ ਵੀਰ ਸਿੰਘ, ਸ੍ਰੀ ਗੁਰੂ ਗ੍ਰੰਥ ਕੋਸ਼ ਅਨੁਸਾਰ:

(ਸੰਸਕ੍ਰਿਤ ਅਲੀਕ= ਝੂਠ) ਝੂਠ। ਯਥਾ- 'ਜਾਗਤ ਰਹੈ ਨ ਅਲੀਆ ਭਾਖੈ' ਸਾਵਧਾਨ ਰਹੇ ਤੇ ਝੂਠ ਬਚਨ ਨਾ ਕਹੇ।

---

[23] *ਉਹੀ,* ਪੰਨਾ 30.

[24] ਹਰਿਭਜਨ ਸਿੰਘ (ਸੰਪਾ.), *ਸ੍ਰੀ ਗੁਰੂ ਗ੍ਰੰਥ ਕੋਸ਼,* ਡਾ. ਬਲਬੀਰ ਸਿੰਘ ਸਾਹਿਤ ਕੇਂਦਰ, ਦੇਹਰਾਦੂਨ, 2008, ਪੰਨਾ 72

[25] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਭਾਸ਼ਾ ਵਿਭਾਗ, ਪਟਿਆਲਾ, 2006, ਪੰਨਾ 132

ਇਨ੍ਹਾਂ ਪੰਕਤੀਆਂ ਵਿਚ ਭਾਈ ਵੀਰ ਸਿੰਘ ਜੀ ਨੇ ਅਲੀਆ ਸ਼ਬਦ ਦੀ ਉਤਪਤੀ ਸੰਸਕ੍ਰਿਤ ਵਿਚੋਂ ਦੱਸੀ ਹੈ ਜਿਸ ਦਾ ਅਰਥ ਸੰਪ੍ਰਦਾ ਕੀਤਾ ਹੈ, ਪ੍ਰੰਤੂ ਸੰਪ੍ਰਦਾ ਅਰਥਾਂ ਵਿਚ ਕੋਈ ਪ੍ਰਮਾਣ ਪੇਸ਼ ਨਹੀਂ ਕੀਤਾ। ਦੂਜਾ ਅਰਥ ਇੰਦ੍ਰੀਆਂ ਅਤੇ ਤੀਜਾ ਅਰਥ ਝੂਠ ਕੀਤਾ ਹੈ ਗੁਰਬਾਣੀ ਦੀ ਇਕੋ ਪੰਕਤੀ ਨੂੰ ਦੋ ਅਰਥਾਂ ਵਿਚ ਪੇਸ਼ ਕੀਤਾ ਹੈ।

ਪਰੰਤੂ ਭਾਈ ਕਾਨ੍ਹ ਸਿੰਘ ਨਾਭਾ ਇਨ੍ਹਾਂ ਤੋਂ ਅੱਗੇ ਜਾਂਦੇ ਹਨ। ਉਨ੍ਹਾਂ ਨੇ ਅਲੀਆ ਸ਼ਬਦ ਨੂੰ ਹੋਰ ਖੋਲ ਕੇ ਬਿਆਨ ਕੀਤਾ ਹੈ। ਉਹ ਇਸ ਸ਼ਬਦ ਨੂੰ ਸੰਸਕ੍ਰਿਤ ਦਾ ਮੰਨਕੇ ਉਸਦਾ ਵਿਸ਼ੇਸ਼ਣ 'ਝੂਠਾ' ਦਿੰਦੇ ਹਨ। ਇਸ ਦੇ ਨਾਂਵ ਅਤੇ ਪੰਕਤੀ ਕਿਸ ਬਾਣੀਕਾਰ ਦੀ ਹੈ ਇਸ ਦਾ ਹਵਾਲਾ ਵੀ ਦਿੰਦੇ ਹਨ। ਉਦਾਹਰਨ ਲਈ ਮੂਲ ਹਵਾਲਾ ਇਸ ਤਰ੍ਹਾਂ ਹੈ:

"ਅਲੀਆ. ਸੰ. ਅਲੀਕ. ਵਿ- ਝੂਠਾ। ਸੰਗਯਾ- ਝੂਠ, ਅਸਤਜ. "ਜਾਗਤ ਰਹੈ ਨ ਅਲੀਆ ਭਾਖੈ." (ਰਾਮ ਬੇਣੀ)"

ਇਸੇ ਤਰ੍ਹਾਂ ਹੋਰ ਇੰਦਰਾਜ ਹਨ, ਭਾਈ ਵੀਰ ਸਿੰਘ ਦੇ ਗ੍ਰੰਥ ਸ੍ਰੀ ਗੁਰੂ ਗ੍ਰੰਥ ਕੋਸ਼ ਅਨੁਸਾਰ:

ਅਜਰਾਈਲ (ਸ.। ਅਰਬੀ ਅਜ਼ਰਾ=ਦਾਸ+ਈਲ=ਪਰਮੇਸ਼ਰ=ਪਰਮੇਸ਼ਰ ਦਾ ਦਾਸ, ਇਕ ਫਰਿਸ਼ਤੇ ਦਾ ਨਾਉਂ ਹੈ ਜੋ ਜੀਵਾਂ ਦੀ ਆਤਮਾ ਨੂੰ ਕੱਢ ਕੇ ਲੈ ਜਾਂਦਾ ਹੈ)। ਜਮਰਾਜ। ਮੌਤ। ਯਥਾ- 'ਮਮ ਸਰ ਮੂਇ ਅਜਰਾਈਲ ਗਿਰਫਤਹ ਦਿਲ ਹੇਚਿ ਨ ਦਾਨੀ' ਮੇਰੇ ਸਿਰ ਦੇ ਵਾਲ ਮੌਤ ਨੇ ਫੜੇ ਹਨ, ਹੇ ਦਿਲ ਤੂੰ ਕੁਛ ਨਹੀਂ ਜਾਂਣਦਾ। ਤਥਾ-'ਅਜਰਾਈਲੁ ਯਾਰੁ ਬੰਦੇ ਜਿਸ ਤੇਰਾ ਆਧਾਰੁ' ਜਿਸ ਬੰਦੇ ਨੂੰ ਤੇਰਾ (ਹੇ ਈਸ਼੍ਵਰ) ਆਸਰਾ ਹੈ ਅਜਰਾਈਲ ਉਸਦਾ ਯਾਰ ਹੁੰਦਾ ਹੈ ਭਾਵ ਭਗਤ ਜਨ ਨੂੰ ਮੌਤ ਦੁਖਦਾਈ ਨਹੀਂ ਹੁੰਦੀ।[26]

---

[26] ਪੰਡਿਤ ਗਿ. ਹਜਾਰਾ ਸਿੰਘ, *ਸ੍ਰੀ ਗੁਰੂ ਗ੍ਰੰਥ ਕੋਸ਼: ਪੁਨਰ ਸੰਪਾਦਿਤ: ਨਵੀਨ ਸ਼ਬਦ-ਕ੍ਰਮ ਅਤੇ ਨਵੇਂ ਇੰਦਰਾਜਾਂ ਸਹਿਤ (ਪਹਿਲੀ ਜਿਲਦ 'ੳ' ਤੋ 'ਣ' ਤੱਕ),* (ਸੰਪਾ.) ਡਾ. ਹਰਭਜਨ ਸਿੰਘ ਤੇ ਹੋਰ, ਡਾ. ਬਲਬੀਰ ਸਿੰਘ ਸਾਹਿਤ ਕੇਂਦਰ, ਦੇਹਰਾਦੂਨ ਪੰਜਾਬੀ ਯੂਨੀਵਰਸਿਟੀ, ਦਸੰਬਰ 2008, ਪੰਨਾ 32-3.

ਪਰੰਤੂ ਭਾਈ ਕਾਨ੍ਹ ਸਿੰਘ ਜੀ ਦੇ ਮਹਾਨ ਕੋਸ਼ ਵਿਚ **ਅਜਰਾਈਲ** ਅਤੇ **ਅਜਰਾਈਲੁ** ਸ਼ਬਦ ਇਕੋ ਇੰਦਰਾਜ ਵਿਚ ਦਿੱਤੇ ਹਨ। ਇਥੇ ਇਨ੍ਹਾਂ ਦੇ ਅਰਥ ਦੇਣ ਦੀ ਬਜਾਏ 'ਫਰਿਸ਼ਤਾ' ਨਾਮੀ ਇੰਦਰਾਜ ਵਿਚ ਹੋਰ ਸਾਮੀ ਫਰਿਸ਼ਤਿਆਂ ਜਿਬਰਾਈਲ ਅਤੇ ਮੀਕਾਈਲ ਨਾਲ ਇਸ ਦੀ ਵਿਆਖਿਆ ਕੀਤੀ ਹੈ। ਉਥੇ ਇਸ ਨੂੰ 'ਇਜਰਾਈਲ' ਅਤੇ 'ਅਜਰਾਈਲ' ਨਾਵਾਂ ਨਾਲ ਬਿਆਨ ਕੀਤਾ ਹੈ:

'(ਸ) **ਇਜਰਾਈਲ** ਅਥਵਾ **ਅਜਰਾਈਲ**, ਇਹ ਮੌਤ ਦਾ ਦੇਵਤਾ ਹੈ "ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ" (ਗਉ : ਵਾਰ 1 ਮ:5)[27] ਇਸ ਦਾ ਨਾਮ ਮਲਕੁਲਮੌਤ ਭੀ ਹੈ "ਮਲਕਲਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ" (ਸ: ਫਰੀਦ)'

- ਭਾਈ ਕਾਨ੍ਹ ਸਿੰਘ ਨਾਭਾ, ਪੰਡਿਤ ਤਾਰਾ ਸਿੰਘ ਅਤੇ ਭਾਈ ਵੀਰ ਸਿੰਘ ਵਾਲੇ ਦੋਹਾਂ ਕੋਸ਼ਾਂ ਤੋਂ ਪ੍ਰਭਾਵਿਤ ਸਨ, ਜਿਸਦਾ ਜ਼ਿਕਰ ਭਾਈ ਕਾਨ੍ਹ ਸਿੰਘ ਨਾਭਾ ਨੇ ਆਪਣੇ ਕੋਸ਼ ਦੀ ਭੂਮਿਕਾ ਵਿਚ ਇਸ ਤਰ੍ਹਾਂ ਕੀਤਾ ਹੈ:

  "ਸੰਮਤ 1955 ਵਿਚ ਪੰਡਿਤ ਤਾਰਾ ਸਿੰਘ ਜੀ ਦਾ ਗੁਰ ਗਿਰਾਰਥ ਕੋਸ਼ ਅਤੇ ਸੰਮਤ 1957 ਵਿਚ ਭਾਈ ਹਜ਼ਾਰਾ ਸਿੰਘ ਜੀ ਦਾ ਸ੍ਰੀ ਗੁਰੂ ਗ੍ਰੰਥ ਕੋਸ਼ ਪੜ੍ਹ ਕੇ ਮੈਨੂੰ ਸੰਕਲਪ ਫੁਰਿਆ ਸੀ ਕਿ ਇਨ੍ਹਾਂ ਕੋਸ਼ਾਂ ਵਿਚ ਜੋ ਸ਼ਬਦ 'ਸ੍ਰੀ ਗੁਰੂ ਗ੍ਰੰਥ ਸਾਹਿਬ' ਜੀ ਦੇ ਨਹੀਂ ਆਏ, ਉਹ ਸ਼ਾਮਲ ਕਰ ਕੇ ਅਰ ਅੱਖਰ ਮਾਤ੍ਰਾ ਕ੍ਰਮ ਅਨੁਸਾਰ ਸ਼ਬਦ ਜੋੜ ਕੇ, ਇਕ ਉਤਮ ਕੋਸ਼ ਲਿਖਿਆ ਜਾਵੇ। ਇਸ ਮਨੋਰਥ ਦੀ ਸਫਲਤਾ ਲਈ ਜਦ ਮੈਂ ਸ਼ਬਦਾਂ ਨੂੰ ਕ੍ਰਮ ਅਨੁਸਾਰ ਜੋੜਨ ਲਗਾ ਤਾਂ ਨੂੰ ਵੇਖ ਕੇ ਚਿਤ ਵਿਚ ਆਈ ਕਿ ਸਿੱਖ ਸਾਹਿਤਿਯ ਦਾ ਭੀ ਇਕ ਅਜਿਹਾ

---

[27] ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਭਾਸ਼ਾ ਵਿਭਾਗ, ਪਟਿਆਲਾ, 2006, ਪੰਨਾ 810

ਕੋਸ਼ ਹੋਣਾ ਚਾਹੀਏ, ਜਿਸ ਵਿਚ ਸਿੱਖ ਮਤ ਸੰਬੰਧੀ ਗ੍ਰੰਥਾਂ ਦੇ ਸਰਵ ਪ੍ਰਕਾਰ ਦੇ ਸ਼ਬਦਾਂ ਦਾ ਯੋਗਯ ਰੀਤਿ ਨਾਲ ਨਿਰਣਾ ਕੀਤਾ ਹੋਵੇ।"

ਉਪਰੋਕਤ ਕਥਨ ਤੋਂ ਕੁਝ ਗੱਲਾਂ ਸਾਡੇ ਸਾਹਮਣੇ ਆਉਂਦੀਆਂ ਹਨ। ਪਹਿਲੀ ਉਪਰੋਕਤ ਦੋਨੋਂ ਕੋਸ਼ ਭਾਈ ਸਾਹਿਬ ਲਈ ਪ੍ਰੇਰਕ ਬਣੇ। ਦੂਜੀ, ਭਾਈ ਸਾਹਿਬ ਨੇ ਇਨ੍ਹਾਂ ਕੋਸ਼ਾਂ ਵਿਚ ਜਿਹੜੇ ਸ਼ਬਦਾਂ ਦੇ ਅਰਥ ਪ੍ਰਾਪਤ ਨਹੀਂ ਸਨ, ਉਹ ਵੀ ਆਪਣੇ ਕੋਸ਼ ਵਿਚ ਸ਼ਾਮਿਲ ਕਰਨ ਦਾ ਮਨ ਬਣਾਇਆ। ਤੀਜੀ, ਭਾਈ ਸਾਹਿਬ ਦੀ ਕੋਸ਼ਿਸ ਇਹ ਸੀ ਕੇ ਗੁਰਮਤਿ ਸਾਹਿਤ ਦਾ ਵੀ ਇਕ ਅਜਿਹਾ ਕੋਸ਼ ਹੋਣਾ ਚਾਹੀਦਾ ਹੈ, ਜਿਸ ਵਿਚ ਸਿੱਖ ਸਾਹਿਤ ਦੇ ਸਾਰੇ ਗ੍ਰੰਥਾਂ ਬਾਰੇ ਜਾਣਕਾਰੀ ਹੋਵੇ। ਇਸ ਕਰਕੇ ਮਹਾਨ ਕੋਸ਼ ਨੂੰ ਸਿੱਖ ਸਾਹਿਤ ਦਾ 'ਵਿਸ਼ਵ ਕੋਸ਼' ਕਿਹਾ ਜਾਂਦਾ ਹੈ। ਪ੍ਰੋ. ਤੇਜਾ ਸਿੰਘ ਅਨੁਸਾਰ ਮਹਾਨ ਕੋਸ਼  ਵਿਚ 64263 ਸ਼ਬਦਾਂ ਦੀ ਵਿਆਖਿਆ ਕੀਤੀ ਗਈ ਹੈ। ਇਸ ਤੋਂ ਇਲਾਵਾ ਭਾਈ ਸਾਹਿਬ ਦੁਆਰਾ ਕੀਤੇ ਗਏ ਵਾਧੇ ਵਾਲੇ 99 ਹੋਰ ਪੰਨੇ ਹਨ ਜਿਨ੍ਹਾਂ ਨੂੰ ਭਾਸ਼ਾ ਵਿਭਾਗ ਨੇ ਅੰਤਿਕਾ ਰੂਪ ਵਿਚ ਛਾਪਿਆ ਹੈ, ਪ੍ਰੰਤੂ ਪੰਜਾਬੀ ਯੂਨੀਵਰਸਿਟੀ ਨੇ 4 ਭਾਗਾਂ ਵਿਚ ਛਪੇ ਇਸ ਗ੍ਰੰਥ ਵਿਚ ਵਾਧਿਆਂ ਨੂੰ ਆਪਣੇ ਕ੍ਰਮ ਵਿਚ ਸਹੀ ਥਾਂ ਅੰਕਿਤ ਕਰਕੇ ਛਾਪ ਦਿੱਤਾ ਹੈ।

ਭਾਈ ਕਾਨ੍ਹ ਸਿੰਘ ਨਾਭਾ ਦੀਆਂ ਦੂਸਰੀਆਂ ਪੁਸਤਕਾਂ ਗੁਰੁਮਤ ਪ੍ਰਭਾਕਰ, ਗੁਰੁਮਤ ਸੁਧਾਕਰ ਅਤੇ ਗੁਰੁਮਤ ਮਾਰਤੰਡ ਜਿਨ੍ਹਾਂ ਨੂੰ ਇੱਕ ਵਿਚਾਰ ਕੋਸ਼ ਵਜੋਂ ਜਾਣਿਆ ਜਾਂਦਾ ਹੈ, ਉਨ੍ਹਾਂ ਦੀ ਸ਼ੈਲੀ ਭਾਈ ਜੋਧ ਸਿੰਘ ਦੇ ਗੁਰੁਮਤ ਨਿਰਣਯ ਅਤੇ ਪਿਆਰਾ ਸਿੰਘ ਪਦਮ ਦੇ ਗੁਰੁ ਗ੍ਰੰਥ ਵਿਚਾਰ ਕੋਸ਼  ਨਾਲ ਮਿਲਦੀ ਹੈ ਜਿਨ੍ਹਾਂ ਦੇ ਵਿਸ਼ੇਸ਼ ਲੱਛਣ ਦਾ ਵਰਣਨ ਅਸੀਂ ਇਨ੍ਹਾਂ ਗ੍ਰੰਥਾਂ ਦੇ ਸੰਦਰਭ ਵਿੱਚ ਕਰਾਂਗੇ।

**ਭਾਈ ਕਾਨ੍ਹ ਸਿੰਘ ਨਾਭਾ ਅਤੇ ਭਾਈ ਜੋਧ ਸਿੰਘ**

ਭਾਈ ਜੋਧ ਸਿੰਘ 31 ਮਈ 1882 ਈ. ਵਿਚ ਬਖਸ਼ੀ ਰਾਮ ਸਿੰਘ ਦੇ ਘਰ ਮਾਈ ਗੁਲਾਬ ਦੇਈ ਦੀ ਕੁਖੋਂ ਪਿੰਡ ਘੁੰਗਰੀਲਾ ਤਹਿਸੀਲ ਗੁਜਰਖਾਨ (ਰਾਵਲਪਿੰਡੀ) ਵਿਖੇ ਜਨਮੇ। ਇਨ੍ਹਾਂ ਨੇ ਧਰਮ ਅਤੇ ਗਣਿਤ ਵਿਸ਼ਿਆਂ ਦਾ ਅਧਿਆਪਨ ਕੀਤਾ। ਇਹ ਖ਼ਾਲਸਾ ਕਾਲਜ ਦੇ ਪ੍ਰਿੰਸੀਪਲ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਸਿੰਡੀਕੇਟ ਦੇ ਮੈਂਬਰ ਵੀ ਰਹੇ। 80 ਸਾਲਾਂ ਦੀ ਉਮਰ ਵਿਚ ਇਹ ਪੰਜਾਬੀ ਯੂਨੀਵਰਸਿਟੀ ਦੇ ਪਹਿਲੇ ਵਾਈਸ ਚਾਂਸਲਰ ਬਣੇ। ਇਨ੍ਹਾਂ ਦੀ ਪ੍ਰਮੁਖ ਦੇਣ ਵਿਆਖਿਆਕਾਰੀ ਹੈ। ਗੁਰਮਤਿ ਦੇ ਪ੍ਰਚਾਰ ਲਈ ਇਨ੍ਹਾਂ ਦੇ ਸੈਂਕੜੇ ਲੇਖ ਛਪੇ ਅਤੇ ਸੈਮੀਨਾਰਾਂ, ਗੋਸ਼ਟੀਆਂ ਆਦਿ ਵਿਚ ਪੜ੍ਹੇ ਗਏ। ਪੰਜਾਬੀ ਵਿਚ ਇਨ੍ਹਾਂ ਦੀਆਂ ਪੁਸਤਕਾਂ ਸਿੱਖੀ ਕੀ ਹੈ?, ਟੀਕਾ ਜਪੁਜੀ ਸਾਹਿਬ*,* ਭਗਤ ਬਾਣੀ ਸਟੀਕ*,* ਗੁਰਮਤਿ ਨਿਰਣਯ*,* ਪ੍ਰਾਚੀਨ ਬੀੜ੍ਹਾਂ ਬਾਰੇ ਭੁੱਲਾਂ ਦੀ ਸੋਧ*,* ਸ੍ਰੀ ਕਰਤਾਰਪੁਰੀ ਬੀੜ ਦੇ ਦਰਸ਼ਨ ਆਦਿ ਪੁਸਤਕਾਂ ਛਪੀਆਂ। ਅੰਗਰੇਜ਼ੀ ਵਿਚ ਜਪੁਜੀ*,* ਲਾਈਫ ਆਫ ਸ੍ਰੀ ਗੁਰੂ ਅਮਰਦਾਸ ਜੀ*, 33* ਸਵੈਯੇ*,* ਸਮ ਸਟੱਡੀਜ਼ ਇਨ ਸਿੱਖਇਜ਼ਮ*,* ਗਾਸਪਲਜ਼ ਆਫ਼ ਗੁਰੂ ਨਾਨਕ ਇਨ ਹਿਜ਼ ਓਨ ਵਰਡਜ਼ ਅਤੇ ਕਬੀਰ ਆਦਿ ਪੁਸਤਕਾਂ ਹਨ। [28]

ਭਾਈ ਜੋਧ ਸਿੰਘ ਵੀ ਸਿੰਘ ਸਭਾ ਲਹਿਰ ਦੇ ਵਿਆਖਿਆਕਾਰ ਹਨ। ਇਨ੍ਹਾਂ ਦੀ ਪੁਸਤਕ ਗੁਰੁਮਤ ਨਿਰਣਯ ਇੱਕ ਸਿਧਾਂਤਕ ਅਧਿਐਨ ਦੀ ਪੁਸਤਕ ਹੈ। ਇਸ ਵਿੱਚ ਭਾਈ ਕਾਨ੍ਹ ਸਿੰਘ ਨਾਭਾ ਵਾਂਗ ਹੀ ਗੁਰਮਤਿ ਦੇ ਪ੍ਰਮੁੱਖ ਸਿਧਾਂਤਾ ਉੱਪਰ ਗੁਰਬਾਣੀ ਵਿੱਚੋਂ ਫੁਰਮਾਨ ਇਕੱਠੇ ਕਰਕੇ ਇੱਕ ਵਿਚਾਰ ਕੋਸ਼ ਦੀ ਸ਼ੈਲੀ ਨੂੰ ਅਪਣਾਇਆ ਹੈ। ਇਸ ਪੁਸਤਕ ਵਿੱਚ 14 ਸਿਰਲੇਖ ਹਨ ਇਹ ਹਨ: (1) ਅਕਾਲ ਪੁਰਖ (2) ਸ੍ਰਿਸਟੀ ਰਚਨਾ (3) ਮਨੁੱਖ, ਸਿੱਖ ਦਰਸ਼ਨ ਨਾਲ ਸੰਬੰਧਿਤ

---

[28] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼,* (ਭਾਗ ਪਹਿਲਾ), ਗੁਰ ਰਤਨ ਪਬਲਿਸ਼ਰਜ, ਪਟਿਆਲਾ, 2005, ਪੰਨੇ 987-88.

ਅਧਿਆਇ ਹਨ। ਇਨ੍ਹਾਂ ਵਿਚ ਪਰਮਾਤਮਾ, ਜਗਤ ਅਤੇ ਆਤਮਾ ਬਾਰੇ ਗੁਰਮਤਿ ਦੇ ਵਿਚਾਰਾਂ ਨੂੰ ਦਰਸਾਇਆ ਗਿਆ ਹੈ। (4) ਸ਼ਖਸੀ ਜੀਵਨ ਦਾ ਮਨੋਰਥ, (5) ਪਰਮ ਪਦ ਦੀ ਪ੍ਰਾਪਤੀ ਕਿਵੇਂ ਹੋਵੇ? (6) ਸਤਿਗੁਰੂ (7) ਸਤਿਸੰਗਤਿ, ਸਾਧ ਸੰਗਤ, ਸਾਧ, ਸੰਤ, ਗੁਰਮੁਖ (8) ਨਾਮ (9) ਅਨਹਦ ਸ਼ਬਦ (10) ਕਰਮ (11) ਆਵਾਗਵਨ ਅਤੇ (12) ਕਰਾਮਾਤ ਅਧਿਆਇਆਂ ਵਿਚ ਧਾਰਮਿਕ ਸਿਧਾਂਤਾਂ ਜਾਂ ਪਰਮ ਪਦ ਦੀ ਪ੍ਰਾਪਤੀ ਦੇ ਸਾਧਨਾਂ ਦਾ ਜ਼ਿਕਰ ਕੀਤਾ ਗਿਆ ਹੈ (13) ਭਾਈਚਾਰਕ ਬਣਤਰ ਤੇ (14) ਖ਼ਾਲਸਾ ਇਹ ਅਧਿਆਇ ਗੁਰਮਤਿ ਅਨੁਸਾਰ ਆਦਰਸ਼ਕ ਸਮਾਜ ਦਾ ਵਿਚਾਰ ਪੇਸ਼ ਕਰਦੇ ਹਨ ।[29]ਭਾਈ ਜੋਧ ਸਿੰਘ ਨੇ ਹਰ ਸਿਰਲੇਖ ਉਪਰੰਤ ਉਸ ਦੀ ਵਿਸਥਾਰ ਸਹਿਤ ਵਿਆਖਿਆ ਕੀਤੀ ਹੈ ਉਸ ਤੋਂ ਬਾਅਦ ਗੁਰਬਾਣੀ ਦੇ ਪ੍ਰਮਾਣ ਦੇ ਕੇ ਆਪਣੀ ਗੱਲ ਨੂੰ ਸਿੱਧ ਕੀਤਾ ਹੈ। ਉਨ੍ਹਾਂ ਦੀ ਪੁਸਤਕ *ਗੁਰੁਮਤ ਨਿਰਣਯ* ਦੀਆਂ ਵਿਸ਼ੇਸ਼ਤਾਵਾਂ ਵੀ ਇਸੇ ਤਰ੍ਹਾਂ ਹੀ ਦਰਸਾਈਆਂ ਜਾ ਸਕਦੀਆਂ ਹਨ:

ਪਰਮਾਤਮਾ ਲਈ ਭਾਈ ਜੋਧ ਸਿੰਘ ਨੇ 'ਅਕਾਲ ਪੁਰਖ' ਸ਼ਬਦ ਆਪਣੇ ਪਹਿਲੇ ਲੇਖ ਦੇ ਸਿਰਲੇਖ ਵਿਚ ਵਰਤਿਆ ਹੈ। ਉਨ੍ਹਾਂ ਨੇ ਮੂਲ ਮੰਤਰ ਦੇ ਅਰਥ ਕਰ ਕੇ ਗੁਰੂ ਨਾਨਕ ਦੇਵ ਜੀ ਦੇ ਦੁਆਰਾ ਦਰਸਾਏ ਗਏ ਸਰੂਪ ਦਾ ਵਰਨਣ ਕੀਤਾ ਹੈ। ਉਸ ਤੋਂ ਬਾਅਦ ਭਾਰਤੀ ਦਰਸ਼ਨ ਵਿਚ ਪਰਮਾਤਮਾ ਬਾਰੇ ਆਏ ਵਖਰੇ-ਵਖਰੇ ਖਿਆਲਾਂ ਨਾਲ ਗੁਰਬਾਣੀ ਦਾ ਤੁਲਨਾਤਮਕ ਦ੍ਰਿਸ਼ਟੀਕੋਣ ਪੇਸ਼ ਕੀਤਾ ਹੈ। ਇਸ ਦ੍ਰਿਸ਼ਟੀਕੋਣ ਅਨੁਸਾਰ ਪਰਮਾਤਮਾ ਹੀ ਅਨਾਦੀ ਹੈ। ਸਾਰੇ ਦੇਵੀ ਦੇਵਤੇ ਉਸ ਦੀ ਪੈਦਾਇਸ਼ ਹਨ। ਉਹ ਮਾਇਆ ਨੂੰ ਪੈਦਾ ਕਰਨ ਵਾਲਾ ਹੈ। ਉਸਦਾ ਵਾਸ ਸਾਰੀ ਸ੍ਰਿਸ਼ਟੀ ਅੰਦਰ ਹੈ। ਸਭ ਕੁਝ ਪਰਮਾਤਮਾ ਦੇ ਹੁਕਮ ਵਿਚ ਚਲ ਰਿਹਾ ਹੈ।[30]

---

[29] ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ 439.ਸ

[30] ਭਾਈ ਜੋਧ ਸਿੰਘ, *ਗੁਰੁਮਤ ਨਿਰਣਯ,* ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2003, ਪੰਨਾ 19-37.

'ਸ੍ਰਿਸ਼ਟੀ ਰਚਨਾ' ਦੂਜਾ ਲੇਖ ਹੈ, ਜਿਸ ਵਿਚ ਭਾਰਤ ਦੇ ਮਤਾਂ ਨਾਲ ਗੁਰਬਾਣੀ ਦੇ ਵਿਚਾਰਾਂ ਦਾ ਮੁਕਾਬਲਾ ਕਰਦੇ ਦਸਿਆ ਗਿਆ ਹੈ ਕਿ ਸ੍ਰਿਸ਼ਟੀ ਦਾ ਆਦਿ ਵੀ ਹੈ ਅਤੇ ਅੰਤ ਵੀ। ਕੋਈ ਅਜਿਹਾ ਸਮਾਂ ਵੀ ਸੀ ਜਦੋਂ ਇਹ ਰਚਨਾ ਦਾ ਵਜੂਦ ਨਹੀਂ ਸੀ। ਗੁਰਮਤਿ ਅਨੁਸਾਰ ਰਚਨਾ ਦੇ ਸਮੇਂ ਬਾਰੇ ਨਹੀਂ ਦਸਿਆ ਜਾ ਸਕਦਾ ਕਿਉਂਕਿ ਇਹ ਵਿਸਮਾਦ ਹੈ। ਇਹ ਹੁਕਮ ਵਿਚ ਵਿਆਪਦੀ ਹੈ। ਇਹ ਅਕਾਲ ਪੁਰਖ ਦੀ ਹਸਤੀ ਦਾ ਹੀ ਪਾਸਾਰ ਹੈ। ਹੁਕਮ ਦੁਆਰਾ ਹਉਮੈ ਨੂੰ ਸਾਜ ਕੇ ਸੰਸਾਰ ਦੀ ਖੇਡ ਚਲਾਈ ਗਈ।[31]

ਜੜ੍ਹ ਅਤੇ ਚੇਤਨਤਾ ਸ੍ਰਿਸ਼ਟੀ ਵਿਚ ਕਈ ਪ੍ਰਕਾਰ ਨਾਲ ਮਿਲਦੇ ਤੱਤ ਹਨ। ਮਨੁੱਖ ਵਿਚ ਇਹ ਪੂਰਨ ਰੂਪ ਵਿਚ ਮੌਜੂਦ ਹਨ। ਮਨੁੱਖ ਆਪਣੇ ਅੰਦਰ ਨਿਰੰਕਾਰ ਦੀ ਜੋਤ ਟਿਕਾਈ ਰਖਦਾ ਹੈ। ਇਹ ਜੋਤ ਅਬਿਨਾਸੀ ਹੈ ਜੋ ਅਕਾਲ ਪੁਰਖ ਦਾ ਸਰੂਪ ਹੈ। ਮਨੁੱਖ ਨੂੰ ਪਰਮਾਤਮਾਂ ਨੇ ਕੁਝ ਤਾਕਤ ਬਖਸ਼ੀ ਹੈ ਪਰੰਤੂ ਇਹ ਤਾਕਤ ਹੁਕਮ ਵਿਚ ਬਝੀ ਹੈ।

ਹੁਕਮ ਦੀ ਸਮਝ ਕਿਵੇਂ ਆ ਸਕਦੀ ਹੈ? ਹਉਮੈ ਦੀ ਕੰਧ ਕਿਸ ਤਰ੍ਹਾਂ ਢਾਈ ਜਾ ਸਕਦੀ ਹੈ? ਇਨ੍ਹਾਂ ਪ੍ਰਸ਼ਨਾਂ ਦੇ ਉਤਰ ਭਾਈ ਸਾਹਿਬ ਨੇ ਆਪਣੀ ਪੁਸਤਕ ਦੇ ਲੇਖਾਂ 'ਧਰਮ ਸਰੂਪ', 'ਪਰਮ ਪਦ ਦੀ ਪਰਾਪਤੀ ਕਿਵੇਂ ਹੋਵੇ?' ਅਤੇ 'ਸਤਿਗੁਰੂ' ਵਿਚ ਦਿੱਤੇ ਹਨ। ਸਤਿਗੁਰੂ ਜਿਹੜਾ ਕਿ ਸ਼ਬਦ ਗੁਰੂ ਹੈ, ਮਨੁੱਖ ਨੂੰ ਰੱਬੀ ਗਿਆਨ ਨਾਲ ਭਰਪੂਰ ਕਰ ਦਿੰਦਾ ਹੈ। 'ਸਤਿ ਸੰਗਤ, ਸਾਧ ਸੰਗਤ' ਵਿਚ ਪਹੁੰਚ ਕੇ 'ਮਨੁੱਖ ' ਨਾਮ ਜਪਦਾ ਹੈ। ਨਾਮ ਵੀ ਹੁਕਮ ਵਾਂਗ ਸਰਵ ਵਿਆਪਕ ਹੈ। ਇਸ ਦਾ ਪਤਾ ਜਪ, ਕੀਰਤਨ ਦੁਆਰਾ ਲਗਦਾ ਹੈ। ਨਾਮ ਨਾਲ ਹੀ ਮਨੁੱਖ ਦੇ ਸਾਰੇ ਬੰਧਨ ਕੱਟੇ ਜਾ ਸਕਦੇ ਹਨ। ਉਹ ਪਰਮ ਪਦ ਦੀ ਪ੍ਰਾਪਤੀ ਕਰ ਸਕਦਾ ਹੈ।

---

[31] *ਉਹੀ,* ਪੰਨਾ 38-48.

ਮਾਨਸਿਕ ਤੌਰ 'ਤੇ ਪਰਮ ਪਦ ਦੀ ਪ੍ਰਾਪਤੀ ਮਨੁੱਖ ਦੀ ਪੂਰਨਤਾ ਲਈ ਜ਼ਰੂਰੀ ਹੈ। ਪਰੰਤੂ ਉਸਨੂੰ ਜਿਊਣਾ ਭਾਈਚਾਰੇ ਅਤੇ ਧਰਮ ਅਨੁਸਾਰ ਹੀ ਪੈਂਦਾ ਹੈ। ਧਰਮ ਜੀਵਨ ਦੀ ਜੁਗਤਾਂ ਦ੍ਰਿੜ ਕਰਵਾਉਂਦਾ ਹੈ ਅਤੇ ਜੀਵਨ ਦੇ ਉਦੇਸ਼ ਨਿਸ਼ਚਿਤ ਕਰਦਾ ਹੈ। ਸਿੱਖ ਧਰਮ ਦੇ ਪ੍ਰਸੰਗ ਵਿਚ ਭਾਈ ਜੋਧ ਸਿੰਘ ਦਾ ਵਿਚਾਰ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੁਆਰਾ ਥਾਪੇ ਗਏ ਆਦਰਸ਼ਾਂ ਨੇ ਸਿੱਖ ਭਾਈਚਾਰੇ ਦੀ ਬਣਤਰ ਤੇ ਵਰਤੋਂ ਨਿਸ਼ਚਿਤ ਕੀਤੀ ਹੈ। ਇਸ ਨੇ ਸਿੱਖਾਂ ਵਿਚ ਬਰਾਬਰੀ ਦਾ ਅਹਿਸਾਸ ਪੈਦਾ ਕੀਤਾ। ਗੁਰਬਾਣੀ ਨੇ ਹੀ ਫੋਕਟ ਰੀਤੀ-ਰਿਵਾਜਾਂ ਅਤੇ ਜਾਤ-ਪਾਤ ਵਰਗੀਆਂ ਸਮਾਜਿਕ ਕੁਰੀਤੀਆਂ ਆਦਿ ਨੂੰ ਖ਼ਤਮ ਕੀਤਾ। ਜਿਨ੍ਹਾਂ ਸਿੱਖਾਂ ਨੇ ਗੁਰਬਾਣੀ ਅਨੁਸਾਰ ਜੀਵਨ ਢਾਲਿਆ ਉਹ 'ਖ਼ਾਲਸਾ' ਬਣ ਗਏ ।

**ਭਾਈ ਜੋਧ ਸਿੰਘ ਦੀ ਵਿਆਖਿਆਕਾਰੀ ਦੀਆਂ ਵਿਸ਼ੇਸ਼ਤਾਵਾਂ :**

- ਭਾਈ ਸਾਹਿਬ ਦੀ ਵਿਉਂਤ ਦਾਰਸ਼ਨਿਕ ਹੈ, ਪਰ ਵਿਚਾਰ ਢੰਗ ਜਾਂ ਸ਼ੈਲੀ ਦਾਰਸ਼ਨਿਕ ਨਹੀਂ ਹੈ, ਸਗੋਂ ਗੁਰੁਮਤ ਪ੍ਰਭਾਕਰ ਵਾਲੀ ਹੈ। ਗੁਰੁਮਤ ਨਿਰਣਯ ਦੇ ਸਿਰਲੇਖ ਉਪ-ਸਿਰਲੇਖ ਦਾਰਸ਼ਨਿਕ ਰੁਚੀ ਤੇ ਵਿਉਂਤ ਦੇ ਹਨ; ਇਨ੍ਹਾਂ ਮੁਖ ਸਿਰਲੇਖਾਂ ਦੇ ਅੰਤਰਗਤਿ ਵਿਚਾਰੇ ਗਏ ਉਪ-ਸਿਰਲੇਖ ਵੀ ਦਾਰਸ਼ਨਿਕ ਢਾਲ ਦੇ ਹਨ । ਪਰ ਅਗੋਂ ਹਰ ਸਿਰਲੇਖ ਦੇ ਥੱਲੇ ਕੇਵਲ ਅਨੁਕੂਲ ਪ੍ਰਮਾਣ ਇਕੱਤਰ ਹਨ- ਉਨ੍ਹਾਂ ਦੀ ਵਿਆਖਿਆ ਕਰਕੇ ਵਿਚਾਰ ਸਿਧੀ ਨਹੀਂ ਕੀਤੀ, ਕਿਸੇ ਨੁਕਤੇ ਦੀ ਡੂੰਘੀ ਚਰਚਾ ਨਹੀਂ ਹੈ।
- ਦਾਰਸ਼ਨਿਕ ਸ਼ਬਦਾਵਲੀ ਦੀ ਵਰਤੋਂ ਨਹੀਂ ਹੈ, ਪਰਿਭਾਸ਼ਕ ਸ਼ਬਦ ਵੀ ਨਹੀਂ ਵਰਤੇ, ਦੂਜੇ ਭਾਰਤੀ ਮਤਾਂ ਨਾਲ ਕਿਤੇ ਕਿਤੇ ਦਾਰਸ਼ਨਿਕ ਸਿਧਾਂਤਾਂ ਦਾ ਤੁਲਨਾਤਮਿਕ ਅਧਿਐਨ ਦਿੱਤਾ

ਗਿਆ ਹੈ ਅਤੇ ਗੁਰਮਤਿ ਸਿਧਾਂਤਾਂ ਨੂੰ ਉਨ੍ਹਾਂ ਤੋਂ ਨਿਖੇੜਨ ਵਿਚ ਸਫਲਤਾ ਪ੍ਰਾਪਤ ਕੀਤੀ ਹੈ।

- ਗੁਰਮਤਿ ਦੇ ਮੋਟੇ ਮੋਟੇ ਸਿਧਾਂਤ ਤੇ ਦਰਸਾਏ ਜਾ ਸਕੇ ਹਨ ਪਰ ਉਨ੍ਹਾਂ ਬਾਰੇ ਭਰਪੂਰ ਚਰਚਾ ਕਰਕੇ ਉਨ੍ਹਾਂ ਦੀ ਨਿਸ਼ਠਾ ਨਹੀਂ ਕਰਾਈ ਜਾ ਸਕੀ। ਤਾਂ ਵੀ ਇਹ ਬੜਾ ਅਮੋਲਕ ਯਤਨ ਹੈ ਅਤੇ ਗੁਰਮਤਿ ਦੇ ਸਿਧਾਂਤ ਉਲੀਕਣ ਵਿਚ ਹੁਣ ਤੀਕ ਆਪਣੇ ਵਰਗਾ ਆਪ ਹੀ ਹੈ।'[32]

ਭਾਈ ਕਾਨ੍ਹ ਸਿੰਘ ਨਾਭਾ ਅਤੇ ਭਾਈ ਜੋਧ ਸਿੰਘ ਦੀ ਵਿਆਖਿਆਕਾਰੀ ਦੀਆਂ **ਸਮਾਨਤਾਵਾਂ** ਤੇ **ਵੱਖਰਤਾਵਾਂ** :

- ਗੁਰੁਮਤ ਨਿਰਣਯ  ਭਾਈ ਕਾਨ੍ਹ ਸਿੰਘ ਨਾਭਾ ਦੀਆਂ ਪੁਸਤਕਾਂ ਤੋਂ ਪ੍ਰਭਾਵਿਤ ਹੈ ਅਤੇ ਭਾਈ ਜੋਧ ਸਿੰਘ ਦੀ ਵਿਆਖਿਆਕਾਰੀ ਸਿੰਘ ਸਭਾਈ ਹੈ ਜਿਸ ਦੇ ਸਾਰੇ ਲੱਛਣ ਭਾਈ ਕਾਨ੍ਹ ਸਿੰਘ ਦੀ ਵਿਆਖਿਆਕਾਰੀ ਨਾਲ ਹੀ ਮਿਲਦੇ ਹਨ।
- ਇਸ ਦੀ ਬਜਾਇ ਪੁਸਤਕਾਂ ਦੀ ਤੁਲਨਾ ਵਿੱਚ ਜੇਕਰ ਦੇਖਿਆ ਜਾਵੇ ਤਾਂ ਭਾਈ ਜੋਧ ਦੀ ਰਚਨਾ ਗੁਰੁਮਤ ਨਿਰਣਯ ਕੁਝ ਦਾਰਸ਼ਨਿਕ ਸੰਕਲਪਾਂ ਦੀ ਵਿਆਖਿਆ ਨਾਲ ਹੀ ਪੂਰਣ ਹੋ ਜਾਂਦੀ ਹੈ। ਗੁਰੁਮਤ ਮਾਰਤੰਡ ਵਿੱਚ ਸਿੱਖ ਸਾਹਿਤ ਦੇ 31 ਗ੍ਰੰਥਾਂ ਦੀ ਸੂਚੀ ਦਿੱਤੀ ਹੈ ਜਿਨ੍ਹਾਂ ਦੇ ਹਵਾਲੇ ਗੁਰੁਮਤ ਮਾਰਤੰਡ ਵਿੱਚ ਵਰਤੇ ਗਏ ਹਨ ਅਤੇ ਇਸ ਵਿੱਚ ਸਿੱਖ ਧਰਮ ਦੇ ਸਮਾਜਿਕ, ਧਾਰਮਿਕ, ਦਾਰਸ਼ਨਿਕ ਅਤੇ ਰਹਿਤ ਮਰਿਯਾਦਾ ਨਾਲ ਸੰਬੰਧਿਤ ਸਿਰਲੇਖਾਂ ਦੀ ਵਿਆਖਿਆ ਹੈ।

---

[32] ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997, ਪੰਨਾ 444

- ਭਾਈ ਜੋਧ ਸਿੰਘ ਦੀ ਇਸ ਪੁਸਤਕ ਗੁਰਮਤ ਨਿਰਣਯ ਵਿਚ ਭਾਈ ਕਾਨ੍ਹ ਸਿੰਘ ਨਾਭਾ ਦੀ ਗੁਰੁਮਤ ਮਾਰਤੰਡ ਤੋਂ ਵੱਡਾ ਫ਼ਰਕ ਹੈ ਕਿ ਭਾਈ ਜੋਧ ਸਿੰਘ ਤੇ ਸਿਧਾਂਤਾਂ ਦੀ ਵਿਆਖਿਆ ਲਈ ਲੰਮੇ ਲੇਖ ਲਿਖੇ ਹਨ। ਜਦੋਂ ਕਿ ਭਾਈ ਕਾਨ੍ਹ ਸਿੰਘ ਨਾਭਾ ਸਿਰਲੇਖ ਦੀ ਵਿਆਖਿਆ ਇਕ ਦੋ ਲਾਇਨਾਂ ਜਾਂ ਇਕ ਪਹਿਰੇ ਵਿੱਚ ਕਰਕੇ ਗੁਰਬਾਣੀ ਜਾਂ ਸਿੱਖ ਸਾਹਿਤ ਦੀਆਂ ਪੰਕਤੀਆਂ ਨਾਲ ਹੀ ਆਪਣੇ ਵਿਸ਼ੇ ਦੀ ਵਿਆਖਿਆ ਕਰਦੇ ਹਨ।

### ਭਾਈ ਕਾਨ੍ਹ ਸਿੰਘ ਨਾਭਾ ਅਤੇ ਪ੍ਰੋ. ਪਿਆਰਾ ਸਿੰਘ ਪਦਮ

ਪ੍ਰੋ. ਪਿਆਰਾ ਸਿੰਘ ਪਦਮ ਦਾ ਜ਼ਿਕਰ ਵੀ ਕੋਸ਼ਕਾਰ ਵਜੋਂ ਕੀਤਾ ਜਾ ਸਕਦਾ ਹੈ। ਪ੍ਰੋ. ਪਿਆਰਾ ਸਿੰਘ ਪਦਮ 28 ਮਈ 1921 ਨੂੰ ਸ. ਗੁਰਨਾਮ ਸਿੰਘ ਦੇ ਘਰ ਬੀਬੀ ਨੰਦ ਕੌਰ ਦੀ ਕੁਖੋਂ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਘੁੰਗਰਾਣਾ ਵਿਖੇ ਹੋਇਆ। ਇਨ੍ਹਾਂ ਨੇ ਮੁਢਲੀ ਵਿਦਿਆ ਸਾਧਾਂ ਦੇ ਡੇਰਿਆਂ ਅਤੇ ਗਿ. ਅਰਜਨ ਸਿੰਘ ਤੋਂ ਪਿੰਡ ਵਿਚ ਹੀ ਪ੍ਰਾਪਤ ਕੀਤੀ। ਬਾਅਦ ਵਿਚ ਤਰਨਤਾਰਨ ਦੇ ਗੁਰੂ ਰਾਮਦਾਸ ਸਕੂਲ ਤੋਂ ਦਸਵੀਂ ਅਤੇ ਪੰਜਾਬ ਯੂਨੀਵਰਸਿਟੀ ਤੋਂ ਗਿਆਨੀ ਅਤੇ ਪ੍ਰਭਾਕਰ ਕੀਤੀਆਂ। ਗੁਰੂ ਗ੍ਰੰਥ ਸਾਹਿਬ ਅਧਿਐਨ ਦਾ ਡਿਪਲੋਮਾ ਵੀ ਪ੍ਰਾਪਤ ਕੀਤਾ। 1943 ਇਹ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ ਵਿਚ ਲੈਕਚਰਾਰ ਵੀ ਰਹੇ। ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਗਜੀਨ ਗੁਰਦੁਆਰਾ ਗਜ਼ਟ ਅਤੇ ਭਾਸ਼ਾ ਵਿਭਾਗ ਪੰਜਾਬ ਦੇ ਸੰਪਾਦਕ ਵੀ ਰਹੇ। ਇਸ ਤੋਂ ਇਲਾਵਾ ਇਹ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਵਿਚ ਸ਼ਪੈਸ਼ਲ ਸੀਨੀਅਰ ਓਰੀਐਂਟਲ ਫੈਲੋ ਵਜੋਂ ਕਾਰਜਸ਼ੀਲ ਰਹੇ।[33] ਇਨ੍ਹਾਂ ਦੀਆਂ ਮੌਲਿਕ, ਸੰਪਾਦਿਤ ਅਤੇ ਅਨੁਵਾਦਿਤ ਪੁਸਤਕਾਂ ਦੀ ਗਿਣਤੀ ਸੌ ਤੱਕ ਪਹੁੰਚ ਜਾਂਦੀ ਹੈ। ਇਨ੍ਹਾਂ ਨੇ ਧਰਮ,

---

[33] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼,* (ਭਾਗ ਪਹਿਲਾ), ਗੁਰ ਰਤਨ ਪਬਲਿਸ਼ਰਜ, 2005, ਪੰਨਾ 1292

ਇਤਿਹਾਸ ਅਤੇ ਗੁਰਬਾਣੀ ਨਾਲ ਸੰਬੰਧਿਤ ਕੰਮ ਕੀਤਾ ਹੈ। ਇਨ੍ਹਾਂ ਦੀਆਂ ਪ੍ਰਸਿੱਧ ਪੁਸਤਕਾਂ ਵਿਚ ਦਸਮ ਗ੍ਰੰਥ ਦਰਸ਼ਨ, ਸੁਖਮਨੀ ਦਰਸ਼ਨ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਰਤਨ, ਸਾਡੇ ਗੁਰਦੇਵ, ਸੰਖੇਪ ਸਿੱਖ ਇਤਿਹਾਸ, ਆਦਿ ਗ੍ਰੰਥ ਦਰਸ਼ਨ, ਬਚਨ ਸਾਂਈ ਲੋਕਾਂ ਦੇ ਕਲਾਮ ਭਾਈ ਨੰਦ ਲਾਲ ਪਰਚੀ ਪਾਤਸ਼ਾਹੀ ਦਸਵੀਂ ਕੀ, ਗੁਰੂ ਗ੍ਰੰਥ ਸਾਹਿਬ ਵਿਚਾਰ ਕੋਸ਼, ਗੁਰੂ ਗ੍ਰੰਥ ਸਾਹਿਬ ਸੰਕੇਤ ਕੋਸ਼, ਗੁਰੂ ਗ੍ਰੰਥ ਸਾਹਿਬ ਮਹਿਮਾ ਕੋਸ਼, ਸ੍ਰੀ ਗੁਰੂ ਗ੍ਰੰਥ ਪ੍ਰਕਾਸ਼ ਆਦਿ ਪ੍ਰਮੁਖ ਹਨ। ਭਾਈ ਕਾਨ੍ਹ ਸਿੰਘ ਨਾਭਾ ਇਥੇ ਪਿਆਰਾ ਸਿੰਘ ਪਦਮ ਦੇ ਗ੍ਰੰਥ *ਗੁਰੂ ਗ੍ਰੰਥ ਵਿਚਾਰ ਕੋਸ਼* ਅਤੇ *ਗੁਰਮਤ ਮਾਰਤੰਡ* ਦੀ ਵਿਚਾਰ ਕਰਾਂਗੇ:

*ਗੁਰੂ ਗ੍ਰੰਥ ਵਿਚਾਰ ਕੋਸ਼* ਦੇ 520 ਪੰਨਿਆਂ ਵਿਚ 387 ਇੰਦਰਾਜ਼ ਅਤੇ ਦੋ ਸੰਗ੍ਰਹਿਤ ਹਨ। ਇਸ ਤੋਂ ਇਲਾਵਾ 92 ਇੰਦਰਾਜ਼ਾਂ ਨੂੰ ਪਰਤਵੇਂ ਸੰਕੇਤਾਂ (cross references) ਦਿੱਤਾ ਗਿਆ ਹੈ, ਜਿਵੇਂ 'ਮਤਿ' ਦੇਖੋ 'ਬਿਬੇਕ ਬੁਧਿ' (ਪੰਨਾ 441) । ਕੋਸ਼ ਦੇ ਸ਼ੁਰੂ ਵਿਚ ਇਸ ਪ੍ਰਾਜੈਕਟ ਨੂੰ ਸ਼ੁਰੂ ਕਰਨ ਵਾਲੇ ਸ. ਭਗਤ ਸਿੰਘ ਸੈਸ਼ਨ ਜੱਜ ਵਲੋਂ ਆਪਣੇ ਯਤਨ ਦਾ ਸੰਖੇਪ ਵੇਰਵਾ ਅਤੇ ਡਾ. ਤਾਰਨ ਸਿੰਘ ਵਲੋਂ ਕੋਸ਼ ਦੀ ਬਣਤਰ, ਇਸ ਨੂੰ ਵਰਤਣ ਦੇ ਢੰਗ ਆਦਿ ਬਾਰੇ ਦੱਸਿਆ ਹੈ ।ਇਸ ਕੋਸ਼ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਹਨ:

1. "ਇਹ ਕੋਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਿਰੂਪਣ ਹੋਏ ਅਧਿਆਤਮਕ,ਦਾਰਸ਼ਨਿਕ, ਰਹਸਵਾਦੀ, ਧਾਰਮਿਕ ਅਤੇ ਨੈਤਿਕ ਸਿਧਾਂਤਾਂ ਦਾ ਹੈ ।" ਜਦੋਂ ਗੁਰਬਾਣੀ ਜਾਂ ਕਿਸੇ ਵੀ ਗ੍ਰੰਥ ਦੀ ਵਿਆਖਿਆ ਕੀਤੀ ਜਾਂਦੀ ਹੈ ਤਾਂ ਉਸਦੇ ਸਿਧਾਂਤਾਂ ਨੂੰ ਵਿਚਾਰਿਆ ਜਾਂਦਾ ਹੈ । ਸਿਧਾਂਤਾਂ ਦੀ ਵਿਆਖਿਆਕਾਰੀ ਲਈ ਗੁਰਬਾਣੀ ਵਿਚ ਮਿਲਦੇ ਸਿਧਾਂਤਾਂ, ਜਿਵੇਂ 'ਹੁਕਮ' (ਪੰਨਾ 161), 'ਖਤ੍ਰੀ' (ਪੰਨਾ 205), 'ਗਿਆਨੀ' (ਪੰਨਾ 215-16) ਆਦਿ ਨਾਲ

ਸੰਬੰਧਿਤ ਟੂਕਾਂ ਇਕ ਥਾਂ ਮਿਲਦੀਆਂ ਹਨ, ਜੋ ਕਥਾ, ਲੈਕਚਰ, ਲੇਖ ਲਿਖਣ ਜਾਂ ਟੀਕਾਕਾਰੀ ਆਦਿ ਲਈ ਸਹਾਇਕ ਹਨ।

2. ਇਸ ਕੋਸ਼ ਵਿਚ ਟੂਕਾਂ ਦੀ ਵਰਤੋਂ ਕਰਨ ਸਮੇਂ ਇਹ ਖਿਆਲ ਰਖਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਪਹਿਲਾਂ ਸਿਧਾਂਤ ਨੂੰ ਪਰਿਭਾਸ਼ਿਤ ਕੀਤਾ ਜਾਵੇ, ਫਿਰ ਉਸਦੀ ਮਹਾਨਤਾ ਅਤੇ ਭਿੰਨ ਭਿੰਨ ਪਖਾਂ ਉਪਰ ਰੌਸ਼ਨੀ ਪਾਉਂਦੀਆਂ ਟੂਕਾਂ ਆ ਜਾਣ, ਜਿਵੇਂ ਪੰਨਾ 58 'ਤੇ 'ਸਤਿਗੁਰੂ' ਸਿਰਲੇਖ ਵਿਚ *ਸਤਿ ਪੁਰਖ ਜਿਨਿ ਜਾਨਿਆ ਸਤਿਗੁਰੁ ਤਿਸਕਾ ਨਾਉ ॥ ਤਿਸੁ ਕੈ ਸੰਗਿ ਸਿਖ ਉਧਰੈ ਨਾਨਕ ਹਰਿ ਗੁਣ ਗਾਉ ॥* (ਗਉੜੀ ਸੁਖਮਨੀ, 5, 18, 286)।

3. ਇਸ ਕੋਸ਼ ਵਿਚ "ਆਮ ਕਰਕੇ ਸਿਧਾਂਤਕ ਸ਼ਬਦਾਵਲੀ ਨੂੰ ਹੀ ਸਿਧਾਂਤਾਂ ਦਾ ਸੂਚਕ ਮੰਨ ਕੇ ਸਿਰਲੇਖਾਂ ਵਿਚ ਰੱਖਿਆ ਗਿਆ ਹੈ", ਜਿਵੇਂ ਪੰਨਾ 12-14 ਉਤੇ 'ਅਨਹਦ ਨਾਦ' ਨਾਲ ਸੰਬੰਧਿਤ ਟੂਕ *ਪ੍ਰਭ ਕੇ ਸਿਮਰਨ ਅਨਹਦ ਝੁਨਕਾਰ॥* (ਗਉੜੀ, 5, ਸੁਖਮਨੀ 1.7, 263), ਅਤੇ ਪੰਨਾ 29ਉਪਰ 'ਆਤਮਾ' ਨਾਲ ਸੰਬੰਧਿਤ *ਆਤਮ ਦੇਉ ਦੇਉ ਹੈ ਆਤਮੁ ਰਸਿ ਲਾਗੈ ਪੂਜ ਕਰੀਜੈ ॥* (ਕਲਿਆਣ, ਮ:4, ਅ-4,1325),ਵਿਚਲੇ ਸ਼ਬਦਾਂ 'ਅਨਹਦ ਝੁਨਕਾਰ' ਅਤੇ 'ਆਤਮ ਦੇਉ' ਤੋਂ ਉਕਤ ਵਿਚਾਰ ਦਾ ਪਤਾ ਲਗਦਾ ਹੈ।

4. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਾਸ਼ਤਰੀ ਗ੍ਰੰਥਾਂ ਵਾਂਗ ਵੱਖੋ-ਵੱਖਰੇ ਸਿਧਾਂਤਾਂ ਦੀ ਵਿਆਖਿਆ ਇਕ ਥਾਂ ਨਹੀਂ ਮਿਲਦੀ, ਬਲਕਿ ਇਕੋ ਸ਼ਬਦ ਵਿਚ ਕਈ ਸਿਧਾਂਤਕ ਸ਼ਬਦ ਆ ਜਾਂਦੇ ਹਨ, ਜਿਵੇਂ ਪੰਨਾ 58 ਉਪਰ *ਧੰਨੁ ਧੰਨੁ ਗੁਰੂ ਗੁਰ ਸਤਿਗੁਰ ਪਾਧਾ ਜਿਨਿ ਹਰਿ ਉਪਦੇਸੁ ਦੇ ਕੀਏ ਸਿਆਣੇ ॥* (ਗਉੜੀ ਬੈਰਾਗਣਿ,4, ਪ-7, 168) ਵਿਚ 'ਗੁਰੂ', 'ਗੁਰ' 'ਸਤਿਗੁਰ', 'ਪਾਧਾ' ਆਦਿ ਸ਼ਬਦ ਇਕ ਟੂਕ ਵਿਚ ਆਏ ਹਨ। "ਇਸ ਲਈ ਕਿਸੇ ਤੁਕ

ਨੂੰ ਪੂਰੀ ਤਸੱਲੀ ਨਾਲ ਇਕ ਸਿਰਲੇਖ ਅਧੀਨ ਲਿਆਉਣਾ ਕਠਿਨ ਹੋ ਜਾਂਦਾ ਹੈ । ਇਸ ਕਠਨਾਈ ਦਾ ਹੱਲ ਇਹੋ ਹੈ ਕਿ ਸਮੁੱਚੇ ਪਦੇ, ਅਸ਼ਟਪਦੀ ਆਦਿ ਦੇ ਪ੍ਰਸੰਗ ਵਿਚੋਂ, ਜਿਸ ਵਿਚੋਂ ਪੰਗਤੀ ਲਈ ਗਈ ਹੈ, ਉਸਦੇ ਵਰਗੀਕਰਣ ਲਈ ਸੇਧ ਲਈ ਜਾਏ। ਇਸ ਕੋਸ਼ ਵਿਚ ਇਵੇਂ ਹੀ ਕੀਤਾ ਗਿਆ ਹੈ ਤੇ ਪੰਗਤੀਆਂ ਪ੍ਰਧਾਨ ਜਾਂ ਮੁੱਖ ਵਿਚਾਰ ਅਧੀਨ ਹੀ ਦਰਜ ਕੀਤੀਆਂ ਗਈਆਂ ਹਨ ।" ਇਸ ਕਰਕੇ ਉਕਤ ਟੂਕ ਨੂੰ ਇਸ ਕੋਸ਼ ਵਿਚ 'ਸਤਿਗੁਰੂ' ਸਿਰਲੇਖ ਅਧੀਨ ਰਖਿਆ ਗਿਆ ਹੈ। ਇਹ ਇਸ ਲਈ ਕੀਤਾ ਗਿਆ ਹੈ ਕਿ ਸੰਪੂਰਨ ਸ਼ਬਦ 'ਸਤਿਗੁਰੂ' ਦੀ ਵਿਆਖਿਆ ਕਰਦਾ ਹੈ।

5. ਹਿੰਦੂ ਧਰਮ ਨੂੰ ਛੱਡ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਹੋਰ ਧਰਮਾਂ ਬਾਰੇ ਸੰਕੇਤਾਂ ਨੂੰ ਮੁੱਖ ਸਿਰਲੇਖ ਅਧੀਨ ਉਪ-ਸਿਰਲੇਖ ਦੇ ਕੇ ਇਕੋ ਥਾਂ ਦਰਜ ਕੀਤਾ ਗਿਆ ਹੈ, ਜਿਵੇਂ ਪੰਨੇ 38-42 'ਤੇ 'ਇਸਲਾਮ' ਨਾਂ ਦੇ ਸਿਰਲੇਖ ਅਧੀਨ 'ਮੁਸਲਮਾਨ', 'ਕਾਜੀ', 'ਕਿਤੇਬ' 'ਸੁੰਨਤ', ਆਦਿ ਉਪ-ਸਿਰਲੇਖ ਦਿੱਤੇ ਗਏ ਹਨ। ਦੂਜੇ ਪਾਸੇ ਹਿੰਦੂ ਧਰਮ ਨਾਲ ਸੰਬੰਧਿਤ ਸ਼ਬਦਾਵਲੀ ਜਿਵੇਂ 'ਹਿੰਦੂ', 'ਖਤ੍ਰੀ', 'ਖਟ ਦਰਸ਼ਨ' ਆਦਿ ਨੂੰ 'ਸਿਰਲੇਖ-ਕ੍ਰਮ' ਅਨੁਸਾਰ ਨਿਸ਼ਚਿਤ ਥਾਂ ਉਤੇ ਰਖਿਆ ਗਿਆ ਹੈ। ਇਸ ਤੋਂ ਪਤਾ ਲਗਦਾ ਹੈ ਗੁਰਬਾਣੀ ਜਾਂ ਬਾਣੀਕਾਰਾਂ ਨੇ ਆਪਣਾ ਅਨੁਭਵ ਵੱਖ-ਵੱਖ ਸਭਿਆਚਾਰਾਂ ਅਤੇ ਧਰਮਾਂ ਨਾਲ ਸੰਬੰਧਿਤ ਲੋਕਾਂ ਸਾਹਮਣੇ ਪ੍ਰਗਟ ਕੀਤੇ । ਹਿੰਦੋਸਤਾਨ ਦੀ ਬਹੁ-ਗਿਣਤੀ ਹਿੰਦੂ ਧਰਮ ਦੀ ਧਾਰਨੀ ਹੈ, ਇਸਦੇ ਅਨੇਕ ਸਿਧਾਂਤਾਂ ਦਾ ਜ਼ਿਕਰ ਗੁਰਬਾਣੀ ਵਿਚ ਹੋਇਆ ਹੈ, ਇਨ੍ਹਾਂ ਨੂੰ ਗੁਰਬਾਣੀ ਵਿਆਖਿਆਕਾਰੀ ਸਮੇਂ ਇਕ ਥਾਂ ਇਕਠੇ ਦੇ ਸਕਣਾ ਕਠਿਨ ਹੈ, ਕਿਉਂਕਿ 'ਵੇਦ', 'ਸੁਰਗ-ਨਰਕ', 'ਪਾਪ-ਪੁੰਨ', 'ਖਟ-ਤੀਰਥ', ਆਦਿ ਧਾਰਮਿਕ, ਦਾਰਸ਼ਨਿਕ, ਸਭਿਆਚਾਰਕ

ਸ਼ਬਦਾਵਲੀ ਦੀ ਭਰਮਾਰ ਗੁਰਬਾਣੀ ਵਿਚ ਹੈ, ਇਸ ਨੂੰ ਗੁਰਮਤਿ ਨੇ ਆਪਣੇ ਮੌਲਿਕ ਅਰਥ ਦਿੱਤੇ ਹਨ ਅਤੇ ਕਿਤੇ-ਕਿਤੇ ਪ੍ਰਸੰਗ ਅਨੁਸਾਰ ਹਿੰਦੂ ਧਰਮ ਦੇ ਹਵਾਲੇ ਵਿਚ ਵੀ ਵਰਤਿਆ ਹੈ । ਇਸ ਕੋਸ਼ ਵਿਚ 'ਵੇਦ-ਸ਼ਾਸਤ੍ਰ'(ਪੰਨੇ 496-98) ਸਿਰਲੇਖ ਅਧੀਨ ਇਹ ਉਦਾਹਰਨ ਦੇਖੀ ਜਾ ਸਕਦੀ ਹੈ, ਜਿਥੇ ਹਿੰਦੂ ਧਰਮ ਅਤੇ ਗੁਰਮਤਿ ਦੇ ਦ੍ਰਿਸ਼ਟੀਕੋਣ ਦਾ ਪਤਾ ਲਗਦਾ ਹੈ।

6. ਇਸ ਕੋਸ਼ ਵਿਚ ਸਾਰੇ ਸਿਰਲੇਖ ਗੁਰਮੁਖੀ ਅਖਰ-ਕ੍ਰਮ ਅਨੁਸਾਰ ਦਰਜ ਕੀਤੇ ਗਏ ਹਨ । ਸਿਰਲੇਖ ਅਧੀਨ ਵਰਤੀ ਹਰ ਟੂਕ ਨਾਲ ਰਾਗ, ਬਾਣੀਕਾਰ, ਕਾਵਿ-ਰੂਪ (ਪਦਾ, ਅਸ਼ਟਪਦੀ, ਛੰਤ, ਵਾਰ, ਜਾਂ ਹੋਰ ਬਾਣੀ) ਤੇ ਉਸਦਾ ਅੰਕ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪੰਨਾ ਸੰਖੇਪ ਰੂਪ ਵਿਚ ਦਿੱਤਾ ਗਿਆ ਹੈ, ਜਿਵੇਂ ਪੰਨਾ 99 'ਤੇ *ਬਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ ॥* (ਧਨਾਸਰੀ, 2, ਪ-27, 677), ।
7. ਇਸ ਕੋਸ਼ ਵਿਚ ਲਗਪਗ 92 ਸਿਰਲੇਖ ਅਜਿਹੇ ਹਨ ਜਿਨ੍ਹਾਂ ਨੂੰ 'ਦੇਖੋ' ਕਰਕੇ 'ਪਰਤਵੇਂ ਸੰਕੇਤਾਂ' (cross references) ਵਜੋਂ ਵਰਤਿਆ ਗਿਆ ਹੈ, ਜਿਵੇਂ 'ਉਤਪਤੀ' ਦੇਖੋ 'ਸ੍ਰਿਸਟੀ ਰਚਨਾ',(ਪੰਨਾ 2) ਆਦਿ । ਇਸ ਦਾ ਭਾਵ ਹੈ 'ਉਤਪਤੀ' ਅਤੇ 'ਸ੍ਰਿਸਟੀ ਰਚਨਾ' ਦਾ ਅਰਥ ਇਕ ਲਿਆ ਜਾਵੇ।
8. ਇਸ ਕੋਸ਼ ਦੇ ਅੰਤ ਵਿਚ ਦੋ ਇੰਨਡੈਕਸ ਹਨ, ਜਿਨ੍ਹਾਂ ਵਿਚੋਂ ਪਹਿਲੇ ਵਿਚ ਕਿਸੇ ਸਿਰਲੇਖ ਦੀ ਵਿਆਖਿਆ ਕਰਦੇ ਹਵਾਲੇ ਕਿਸੇ ਹੋਰ ਸਿਰਲੇਖ ਅਧੀਨ ਵੀ ਦਰਜ ਹੋਣ ਕਰਕੇ ਉਨ੍ਹਾਂ ਦੇ ਪੰਨਾ ਨੰਬਰ ਦਿੱਤੇ ਹਨ, ਜਿਵੇਂ 'ਉਸਤਤਿ' ਸਿਰਲੇਖ ਪੰਨਾ 1 'ਤੇ, ਪਰ ਇਸ ਸਿਧਾਂਤ ਨਾਲ ਸੰਬੰਧਿਤ ਹਵਾਲੇ ਪੰਨਾ 29 ਤੇ 36 ਉਪਰ ਵੀ ਆ ਗਏ ਹਨ । ਦੂਜਾ ਇੰਨਡੈਕਸ

ਅਜਿਹੇ ਉਪ-ਸਿਰਲੇਖਾਂ ਦਾ ਹੈ, ਜੋ ਸਿਰਲੇਖ ਵਜੋਂ ਇਸ ਕੋਸ਼ ਵਿਚ ਨਹੀਂ, ਪਰ ਟੂਕਾਂ ਵਿਚ ਮਿਲਦੇ ਹਨ, ਜਿਵੇਂ 'ਉਜਲ', 'ਉਤਮ', 'ਉਧਾਰ' ਆਦਿ । ਇਨ੍ਹਾਂ ਇੰਨਡੈਕਸਾਂ ਤੋਂ ਸਾਨੂੰ ਜਾਣਕਾਰੀ ਮਿਲਦੀ ਹੈ ਕਿ ਕੋਈ ਕਾਰਜ ਕਰਦੇ ਸਮੇਂ ਬਹੁਤ ਸਾਰੇ ਹਵਾਲੇ ਨਿਸ਼ਚਿਤ ਪ੍ਰਸੰਗ ਤੋਂ ਇਲਾਵਾ ਹੋਰ ਥਾਂਵਾਂ ਤੇ ਆ ਜਾਂਦੇ ਹਨ ਜੋ 'ਨਾਂ', 'ਥਾਂ', ਜਰੂਰੀ ਸ਼ਬਦਾਵਲੀ ਅਤੇ ਸਿਧਾਂਤ ਆਦਿ ਹੋ ਸਕਦੇ ਹਨ । ਪਾਠਕਾਂ, ਵਿਆਖਿਆਕਾਰਾਂ ਜਾਂ ਖੋਜਾਰਥੀਆਂ ਦੀ ਸਹੂਲਤ ਲਈ ਇਹ ਇੰਡੈਕਸ ਰੂਪ ਵਿਚ ਦਿੱਤੇ ਜਾ ਸਕਦੇ ਹਨ । ਇਸ ਤੋਂ ਇਲਾਵਾ ਬਹੁਤ ਸਾਰੀਆਂ ਸੂਚਨਾਵਾਂ ਅਜਿਹੀਆਂ ਹੁੰਦੀਆਂ ਹਨ, ਜਿਨ੍ਹਾਂ ਨੂੰ ਚਲਦੇ ਪ੍ਰਸੰਗ ਵਿਚ ਸ਼ਾਮਿਲ ਨਹੀਂ ਕੀਤਾ ਜਾਂਦਾ ਜਾਂ ਗੌਣ ਰੂਪ ਵਿਚ ਦਰਜ ਹੋ ਜਾਂਦੀਆਂ ਹਨ ਪਰ ਜਰੂਰੀ ਹੋਣ ਕਰਕੇ 'ਅੰਤਿਕਾਵਾਂ' ਵਜੋਂ ਦਰਜ ਕੀਤੀਆਂ ਜਾ ਸਕਦੀਆਂ ਹਨ ।

ਭਾਈ ਕਾਨ੍ਹ ਸਿੰਘ ਨਾਭਾ ਦੀ ਪੁਸਤਕ ਗੁਰੁਮਤ ਮਾਰਤੰਡ  ਜਿਸ ਵਿਚ ਗੁਰੁਮਤ ਪ੍ਰਭਾਕਰ ਅਤੇ ਗੁਰੁਮਤ ਸੁਧਾਕਰ  ਦੀ ਸਮਗਰੀ ਨੂੰ ਪਰੋ ਕੇ ਹੋਰ ਵਾਧੇ ਕੀਤੇ ਗਏ। ਭਾਈ ਸਾਹਿਬ ਦੇ ਦੇਹਾਂਤ (1938) ਤੋਂ 24 ਸਾਲ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵੱਲੋਂ 1962 ਵਿਚ ਇਸਨੂੰ ਦੋ ਭਾਗਾਂ ਵਿਚ ਪ੍ਰਕਾਸ਼ਿਤ ਕੀਤਾ ਗਿਆ ਸੀ। ਭੂਮਿਕਾ ਦੇ 30 ਪੰਨੇ, ਦੋਹਾਂ ਭਾਗਾਂ ਵਿਚ ਅਖਰਵਾਰ ਤਤਕਰਾ (ਸੂਚੀ ਪਤਰ) ਦੇ 26-26 ਪੰਨੇ, ਕੁਲ 848 ਪੰਨਿਆਂ ਤੋ ਅਲਗ ਹਨ। ਗੁਰੁਮਤ ਮਾਰਤੰਡ ਵਿਚ ਭਾਈ ਸਾਹਿਬ ਨੇ 1188 ਸਿਰਲੇਖਾਂ ਹੇਠ ਵੱਖ-ਵੱਖ ਵਿਸ਼ਿਆਂ ਬਾਰੇ ਗੁਰਮਤਿ ਦਾ ਦ੍ਰਿਸ਼ਟੀਕੋਣ, ਪ੍ਰਮਾਣਾਂ ਸਹਿਤ ਪਰਿਭਾਸ਼ਿਤ ਕੀਤਾ ਹੈ। ਗੁਰਬਾਣੀ ਵਿਆਖਿਆਕਾਰੀ ਵਜੋਂ ਸਹਾਇਕ ਇਕ ਚੰਗੇ ਕੋਸ਼ ਵਜੋਂ ਇਸ ਦੀਆਂ ਇਹ ਵਿਸ਼ੇਸ਼ਤਾਵਾਂ ਹਨ:

1. ਗੁਰੁਮਤ ਸਿਧਾਂਤਾਂ ਸੰਬੰਧੀ ਤੁਕਾਂ ਦਾ ਸੰਗ੍ਰਹਿ

ਇਸ ਖੋਜ ਸੰਦ ਵਿਚ ਗੁਰੁਮਤ ਦੀ ਮਹਾਨਤਾ ਅਤੇ ਸਿਧਾਂਤਾਂ ਨੂੰ ਪਰਿਭਾਸ਼ਿਤ ਕਰਦੀਆਂ ਤੁਕਾਂ ਸੰਗ੍ਰਹਿਤ ਕੀਤੀਆਂ ਹਨ। ਜਿਵੇਂ :

ਉਸਤਤਿ : ਉਸਤਤਿ ਕਵਨ ਕਰੀ ਜੈ ਕਰਤੇ ਪੇਖਿ ਰਹੇ ਬਿਸਮਾ॥

ਉਸਤਤਿ ਨਿੰਦਾ : ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ॥

ਸਚ ਖੰਡਿ : ਸਚ ਖੰਡਿ ਵਸੈ ਨਿਰੰਕਾਰ॥ ਕਰਿ ਕਰਿ ਵੇਖੈ ਨਦਰਿ ਨਿਹਾਲ॥

ਇਸ ਪੁਸਤਕ ਤੋਂ ਸਾਨੂੰ ਇਹ ਸੇਧ ਮਿਲਦੀ ਹੈ ਕਿ ਗੁਰੁਮਤ ਦੇ ਸਿਧਾਂਤਾਂ ਨੂੰ ਪਰਿਭਾਸ਼ਿਤ ਕਰਦੇ ਹਵਾਲੇ ਵਿਆਖਿਆਕਾਰੀ ਲਈ ਸਹਾਇਕ ਹਨ, ਜਿਸਦੀ ਪੂਰਤੀ ਇਹ ਪੁਸਤਕ ਕਰਦੀ ਹੈ।

2. ਤੁਕਾਂ ਦੇ ਸੰਖੇਪ ਅਰਥ

ਇਸ ਪੁਸਤਕ ਵਿਚ ਕਈ ਸ਼ਬਦਾਂ ਦੇ ਅਰਥ ਸੰਖੇਪ ਵਿਚ ਜਾਂ ਕਈ ਥਾਂ `ਤੇ ਵਿਸਤਾਰ ਵਿਚ ਦਿੱਤੇ ਗਏ ਹਨ, ਜਿਵੇਂ ਨੀਤੀ ਸਿਰਲੇਖ ਹੇਠ :

ੳ. ਮਨਿ ਜੀਤੈ ਜਗੁਜੀਤੁ॥ ਦੇ ਅਰਥ ਹਨ :

ਜੋ ਲੋਕਾਂ ਦਾ ਮਨ ਜਿਤਦਾ ਹੈ, ਉਹ ਸੰਸਾਰ ਵਿਚ ਪੂਰੀ ਫਤੇ ਪਾਉਂਦਾ ਹੈ, ਤਲਵਾਰ ਨਾਲ ਜਿੱਤਣ ਨਾਲੋਂ ਮਨ ਜਿੱਤ ਕੇ ਵਸਿ ਕਰਨਾ ਰਾਜਾ ਦਾ ਮੁਖ ਨੀਤੀ ਕਰਮ ਹੈ, ਅਰ ਉਹ ਰਾਜਾ ਜਗਤ ਜਿਤਣ ਵਾਲਾ ਹੁੰਦਾ ਹੈ, ਜੋ ਆਪਣੇ ਮਨ ਨੂੰ ਕਾਬੂ ਰਖਦਾ ਹੈ, ਅਰ ਵਿਸ਼ਾਯ-ਵਾਸਨਾ ਦੇ ਅਧੀਨ ਹੋ ਕੇ ਮਨ ਇਛਿਤ ਕਰਮਾਂ ਵਿਚ ਨਹੀਂ ਪ੍ਰਿਤਦਾ ਜੋ ਇਸ ਤੋਂ ਵਿਰੁਧ ਚਲਦਾ ਹੈ, ਉਹ ਬਲ ਅਤੇ ਸੈਨਾ ਨਾਲ ਜਗਤ ਨੂੰ ਜਿਤ ਕੇ ਭੀ ਅੰਤ ਹਾਰਦਾ ਹੈ, ਜਿਸਨੇ ਆਪਣੇ ਆਪ ਨੂੰ ਹੀ ਨਹੀਂ ਜਿਤਿਆ, ਉਹ ਦੂਜਿਆ ਨੂੰ ਕਦੋਂ ਜਿਤ ਸਕਦਾ ਹੈ ?

ਅ. ਕਿਆ ਸੁਲਤਾਨ ਸਲਾਮ ਵਿਹੂਣਾ॥

ਭਾਵ, ਜਿਸ ਬਾਦਸ਼ਾਹ ਦਾ ਪਰਜਾ ਵਿੱਚ ਅਦਬ ਅਰ ਦਬਦਬਾ ਨਹੀਂ, ਉਸਦਾ ਨਾਮ ਮਾਤ੍ਰ ਸੁਲਤਾਨ ਹੋਣਾ ਕਿਸ ਅਰਥ ਹੈ ?

ੲ. ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ॥

ਭਾਵ ਉਹ ਰਾਜਾ ਅਖੰਡ ਰਾਜ ਭੋਗ ਸਕਦਾ ਹੈ, ਜੋ ਵਿਦਯਾ ਅਰ ਗੁਣਾਂ ਵਿਚ ਪੂਰਣ ਹੈ ਅਤੇ ਪੰਚਾਯਤ ਦੇ ਭੈ ਵਿੱਚ ਰਹਿੰਦਾ ਹੈ, ਭਾਵ ਇਹ ਹੈ ਜੋ ਖੁਰਦ ਵੀਂ ਨਹੀਂ ਕਰਦਾ, ਅਰ ਚੁਣੇ ਹੋਏ ਨੀਤੀ ਵੇਤਾ ਲੋਕਾਂ ਦੀ ਸੰਮਤੀ ਨਾਲ ਕੰਮ ਕਰਦਾ ਹੈ, ਜੋ ਮਨਭਾਉਂਦੇ ਅਯੋਗਯ ਹੁਕਮ ਚਲਾਉਂਦਾ ਹੈ ,ਉਸ ਪ੍ਰਥਾਇ ਸਤਿਗੁਰੂ ਕਥਨ ਕਰਦੇ ਹਨ,"ਹੁਕਮ ਕੀਏ ਮਨ ਭਾਵਦੇ ਰਾਹਿ ਭੀੜੈ ਅਗੈ ਜਾਵਣਾ॥"

ਗੁਰਬਾਣੀ ਜਾਂ ਸਿੱਖ ਸਾਹਿਤ ਦੀ ਭਾਸ਼ਾ ਦਾਰਸ਼ਨਿਕ, ਵਿਗਿਆਨਕ ਅਤੇ ਸਭਿਆਚਾਰ ਹੋਣ ਦੇ ਨਾਲ-ਨਾਲ ਮਧਕਾਲੀਨੀ ਹੈ ।ਅਜੋਕੇ ਸਮੇਂ ਵਿਚ ਬਹੁਤ ਸਾਰੇ ਸ਼ਬਦਾਂ ਦੇ ਅਰਥ ਕਰਨ ਵਿਚ ਔਖ ਮਹਿਸੂਸ ਹੁੰਦੀ ਹੈ।ਇਹ ਪੁਸਤਕ ਸਾਨੂੰ ਦਸਦੀ ਹੈ ਕਿ ਵਿਆਖਿਆਕਾਰੀ ਸਮੇਂ ਜਾਂ ਹਵਾਲਾ ਦੇਣ ਸਮੇਂ ਸੰਖੇਪ ਰੂਪ ਜਾਂ ਜਿਥੇ ਲੋੜ ਹੋਵੇ, ਵਿਸਤਾਰ ਵਿਚ ਸ਼ਬਦਾਂ ਦੇ ਅਰਥ ਦੇਣੇ ਚਾਹੀਦੇ ਹਨ।

3. ਹੋਰ ਗ੍ਰੰਥਾਂ ਵਿਚੋਂ ਹਵਾਲੇ

ਭਾਈ ਕਾਨ੍ਹ ਸਿੰਘ ਨਾਭਾ ਜੀ ਨੇ ਆਪਣੀ ਕ੍ਰਿਤ ਨੂੰ ਸਿਰਫ ਗੁਰਬਾਣੀ ਆਧਾਰਿਤ ਹੀ ਨਹੀਂ ਕੀਤਾ, ਬਲਕਿ ਗੁਰਬਾਣੀ ਵਿਚ ਮਿਲਦੇ ਸਿਧਾਂਤਾਂ ਦੀ ਪ੍ਰੋੜਤਾ ਸਿੱਖ ਸਾਹਿਤ ਦੇ ਲਗਪਗ 30

ਗ੍ਰੰਥਾਂ ਦੇ ਹਵਾਲੇ ਵਿਚ ਕੀਤੀ ਹੈ।ਇਨ੍ਹਾਂ ਦੀ ਸੂਚੀ ਭਾਈ ਸਾਹਿਬ ਨੇ ਇਸ ਪੁਸਤਕ ਦੇ ਆਰੰਭ ਵਿਚ ਦਿੱਤੀ ਹੈ, ਉਦਾਹਰਣ ਵਜੋਂ 'ਗੁਰਬਾਣੀ' ਸਿਰਲੇਖ ਨੂੰ ਪਰਿਭਾਸ਼ਿਤ ਕਰਨ ਲਈ ਹੋਰ ਅਨੇਕ ਗ੍ਰੰਥਾਂ ਵਿਚੋਂ ਹਵਾਲੇ ਲਏ ਹਨ, ਜਿਵੇਂ

1. ਜੈਸੇ ਤੋ ਸਕਲ ਨਿਧਿ ਪੂਰਨ ਸਮਦ੍ਰ ਬਿਖੈ, ਹੰਸ ਮਰਜੀਵ ਨਿਹਚੈ ਪ੍ਰਸਾਦ ਪਾਵਈ॥

   ਤੈ ਸੇ ਗੁਰੁਬਾਣੀ ਬਿਖੈ ਸਕਲ ਪਦਾਰਥ ਹੈ, ਜੋਈ ਜੋਈ ਖੋਜੈ ਸੋਈ ਸੋਈ ਨਿਪ ਜਾਵਹੀ॥

2. ਗੁਰੁਬਾਣੀ ਇਸੁ ਜਗ ਮਹਿ ਚਾਨਣੁ ਕਰ ਮਿਵਸੈ ਮਨਿ ਆਇ॥

3. ਗਿਆਨ ਰਤਨਾਵਲੀ ੨੧ ਵੀਂ ਟੀਕਾ :

   ਜਿਥੇ ਬਾਬੇ ਦਾ ਸ਼ਬਦ ਪੜੀਦਾ ਹੈ, ਤਾਂ ਉਥੇ ਮੜ੍ਹੀਆਂ ਅਰ ਮਟਾਦੀ,

   ਅਗਯਾਨੀਆ ਅਰ ਦੇਵੀ ਦੇਵਤਿਆਂ ਦੀ ਪੂਜਾ ਘਟ ਜਾਂਦੀ ਹੈ।

4. ਰਹਿਤਨਾਮਾ (ਪ੍ਰਸ਼ਨ ਉੱਤਰ ਭਾਈ ਨੰਦ ਲਾਲ ਕਾ) :

   ਤੀਨ ਰੂਪ ਹੈ ਮੋਹਿ ਕੇ ਸੁਨਹੁ ਨੰਦਚਿ ਤਲਾਇ॥

   ਨਿਰਗੁਣ ਸਰਗੁਣ ਗੁਰ ਸ਼ਬਦ ਕਹੋ ਤੋਹਿ ਸਮਝਾਇ॥...

5. ਗੁਰ ਪ੍ਰਤਾਪ ਸੂਰਜ ਗ੍ਰੰਥ (ਰਾਸਿ ੫, ਅਧਯਾਯ ੪੨) :

   ਸੁਨਹਿ ਸ਼ਬਦ ਜੇ ਨਰ ਅਗਯਾਨੀ॥ਤਿਨ ਕੇ ਕਲਮ ਲਹੋ ਵਹਿ ਹਾਨੀ॥

   ਜਿਗਯਾਸਾ ਕੋ ਪਾਂਯ ਅਗਾਰੇ॥ਅਭ ਯਾ ਸੇਲ ਹਿੰਗ ਯਾ ਨ ਸੁਖਾਰ॥

ਇਸ ਪੁਸਤਕ ਤੋਂ ਸੇਧ ਮਿਲਦੀ ਹੈ ਕਿ ਗੁਰਬਾਣੀ ਵਿਚ ਮਿਲਦੇ ਸਿਧਾਂਤਾਂ ਦੀ ਵਿਆਖਿਆ ਬਾਕੀ ਸਿੱਖ ਸਾਹਿਤ, ਜਿਵੇਂ ਭਾਈ ਗੁਰਦਾਸ, ਭਾਈ ਨੰਦ ਲਾਲ, ਇਤਿਹਾਸਕ ਗ੍ਰੰਥ, ਸੂਰਜ ਪ੍ਰਕਾਸ਼, ਜਨਮ ਸਾਖੀਆਂ ਆਦਿ ਵਿਚ ਮਿਲਦੀ ਹੈ।ਵਿਆਖਿਆਕਾਰੀ ਦਾ ਘੇਰਾ ਚੌੜਾ ਕਰਨ ਲਈ ਸਿੱਖ

ਸਾਹਿਤ ਦੇ ਯੋਗਦਾਨ ਤੋਂਲਾਭ ਲੈਣਾ ਚਾਹੀਦਾ ਹੈ।

੪. ਹਿੰਦੂ ਮਤ ਦੇ ਗ੍ਰੰਥਾਂ ਦੇ ਹਵਾਲੇ

ਵੇਦਾਂ, ਸਿਮ੍ਰਤੀਆਂ, ਪੁਰਾਣਾਂ ਦੇ ਹਵਾਲੇ, ਜੋ ਸਿੱਖ ਸਾਹਿਤ ਵਿਚ ਮਿਲਦੇ ਹਨ, ਉਨ੍ਹਾਂ ਨੂੰ ਵੀ ਗੁਰਬਾਣੀ ਸੰਕੇਤਾਂ ਦੀ ਵਿਆਖਿਆ ਵਜੋਂ ਇਸ ਪੁਸਤਕ ਵਿਚ ਸ਼ਾਮਿਲ ਕੀਤਾ ਗਿਆ ਹੈ।ਉਦਾਹਰਣ ਵਜੋਂ ਪੁਰਾਣਕਥਾਵਾਂ 'ਉਸਤਤਿ' ਅਤੇ 'ਸੰਧਿਆ' ਸਿਰਲੇਖ ਹੇਠ ਦਰਜ ਹਨ :

1. ਕਥਾ ਹੈ ਕਿ ਵਿਸ਼ਨੂੰ ਸ਼ੇਸ਼ਨਾਗ ਪਰ ਸੌਂਦਾ ਹੈ ਅਤੇ ਨਾਗ ਉਸਦਾ ਹਜ਼ਾਰ ਨਵਾਂ ਨਾਉਂ ਲੈ ਕੇ ਨਿਤਨੇਮ ਪੂਰਾ ਕਰਦਾ ਹੈ। ਸ਼ੇਸ਼ਨਾਗ ਅਜਿਹਾ ਬਲੀ ਹੈ ਕਿ ਆਪਣੇ ਹਜ਼ਾਰਾ ਫਣਾਂ ਵਿਚੋਂ ਇਕ ਫਣ ਉਪਰ ਸਾਰੀ ਸ੍ਰਿਸ਼ਟੀ ਚੁਕੀ ਖੜਾ ਹੈ। ਇਸ ਪਰਥਾਇ ਭਾਈ ਗੁਰਦਾਸ ਕਹਿੰਦੇ ਹਨ ਕਿ ਜਿਸਦੇ ਨਾਗ ਨੇ ਸਾਰੀ ਜ਼ਮੀਨ ਚੁਕੀ ਹੋਈ ਹੈ, ਉਸ ਵਿਸ਼ਨੂੰ ਦੇ ਅਵਤਾਰ ਕ੍ਰਿਸ਼ਨ ਨੂੰ ਇਕ ਗੋਵਰਧਨ ਪਹਾੜੀ ਚੁਕਣ ਵਾਲਾ ਕਹਿਣਾ ਕੀ ਵਡਿਆਈ ਹੈ :

ਜਾਂ ਕੇ ਏਕ ਫਣਿ ਅਗ੍ਰ ਭਾਗ ਹੈ ਧਰ ਨਿਧਾਰੀ

ਤਾਂ ਹਿ 'ਗਿਰਿਧਰ' ਕਹੋ ਕੌਨਸੀ ਵਡਾਈ ਹੈ॥

2. ਸੰਧਿਆ (ਸੰਧਯਾ) :ਹਿੰਦੂ ਮਤ (ਆਨ੍ਹਿਕਤਤ੍ਵ) ਅਨੁਸਾਰ ਸੂਰਯ ਨਿਕਲਣ ਤੋਂ ਸੱਠ ਪਲ (ਇਕ ਘੜੀ) ਪਹਿਲਾਂ ਅਤੇ ਪਿਛੋਂ, ਅਰ ਸੂਰਯ ਦੀ ਟਿੱਕੀ ਡੁੱਬਣ ਤੋਂ ਸੱਠ ਪਲ ਪਹਿਲਾਂ ਅਤੇ ਪਿਛੋਂ, ਇਹ ਦੋ-ਦੋ ਘੜੀਆਂ ਦਾ ਵੇਲਾ ਸੰਧਯਾ ਕਾਲ ਹੈ। ਸਵੇਰ ਦੀ ਪ੍ਰਾਤ: ਸੰਧਯਾ ਅਤੇ ਸੰਝ ਦੀ ਸਾਯੰ ਸੰਧਯਾ ਅਖਵਾਉਂਦੀ ਹੈ, ਦੋ ਪਹਰ ਵੇਲੇ ਦਾ (ਅਰਥਾਤ ਬਾਰਾਂ ਵੱਜਣ ਤੋਂ 22 ਮਿੰਟ ਪਹਿਲਾਂ ਅਤੇ ਪਿਛੋਂ) ਸਮਾਂ ਵੀ ਸੰਧਯਾ ਕਾਲ ਹੈ ।

ਸਵੇਰ ਦੀ ਸੰਧਯਾ ਪੂਰਵ ਮੁਖ ਕਰਕੇ, ਮਧ ਯਾਨ ਦੀ ਉਤਰ ਮੁਖ ਕਰਕੇ, ਸੰਝ ਦੀ

ਪਛਮ-ਉਤਰ ਦੀ ਕੋਣ ਵਲ ਮੁਖ ਕਰਕੇ ਗਇਤ੍ਰੀ ਜਾਪ, ਸੂਰਯ ਦੇਵ ਆਦਿ ਨੂੰ ਤਰਪਣ ਅਤੇ ਪ੍ਰਾਣਾਯਾਮ ਕਰਨਾ ਜ਼ਰੂਰੀ ਹੈ। ਦਿਵ ਜਾਤੀਆਂ ਦੇ ਨਿਤ ਕਰਮ ਵਿਚ ਸੰਧਯਾ ਉਪਾਸਨਾ ਪ੍ਰਧਾਨ ਕਰਮ ਹੈ। ਦ੍ਵਾਦਸੀ, ਅਮਾਵਸ, ਪੂਰਨਮਾਸੀ, ਸੰਕ੍ਰਾਂਤਿ ਅਤੇ ਸ੍ਰਾਧ ਦੇ ਦਿਨ ਸੰਝ ਵੇਲੇ ਦੀ ਸੰਧਯਾ ਦਾ ਤਿਆਗ ਕਰਨਾ ਵਿਧਾਨ ਕੀਤਾ ਹੈ। ਸਿੱਖ ਧਰਮ ਵਿਚ ਅੰਮ੍ਰਿਤ ਵੇਲੇ, ਸੰਝ ਵੇਲੇ ਅਤੇ ਸੌਣ ਦੇ ਸਮੇਂ ਕਰਤਾਰ ਨਾਲ ਲਿਵ ਲਾ ਕੇ ਗੁਰਬਾਣੀ ਦਾ ਪਾਠ ਵਿਚਾਰ ਸਹਿਤ ਕਰਨਾ ਨਿਤ ਨੇਮ ਹੈ, ਅਰ ਕਿਸੇ ਖਾਸ ਦਿਸ਼ਾ ਵਲ ਮੁਖ ਕਰਨ ਦੀ ਲੋੜ ਨਹੀਂ :

ਏਹਾ ਸੰਧਿਆ ਪਰਵਾਣੁ ਹੈ ਜਿਤੁ ਹਰਿ ਪ੍ਰਭੁ ਮੇਰਾ ਚਿਤਿ ਆਵੈ॥

ਗੁਰਬਾਣੀ ਵਿਚ ਬਾਣੀਕਾਰਾਂ ਨੇ ਆਪਣੇ ਅਨੁਭਵ ਨੂੰ ਪ੍ਰਗਟਾਉਣ ਲਈ ਵੱਖ-ਵੱਖ ਧਰਮਾਂ/ ਸਭਿਆਚਾਰਾਂ ਦੇ ਲੋਕਾਂ ਨਾਲ ਸੰਵਾਦ ਕੀਤਾ, ਜਿਸ ਲਈ ਇਸਲਾਮਿਕ, ਹਿੰਦੂ, ਸ੍ਰਮਣ ਪਰੰਪਰਾ ਨਾਲ ਸੰਬੰਧਿਤ ਸੰਕੇਤ ਆਏ ਹਨ।ਇਨ੍ਹਾਂ ਸੰਕੇਤਾਂ ਦੀ ਵਿਆਖਿਆ ਕਰਨੀ ਵਿਆਖਿਆਕਾਰਾਂ ਲਈ ਜ਼ਰੂਰੀ ਹੈ।

5. ਭੁਲੇਖੇ ਦੂਰ ਕਰਨ ਦੇ ਜਤਨ :

ਇਸ ਪੁਸਤਕ ਵਿਚ ਭਾਈ ਕਾਨ੍ਹ ਸਿੰਘ ਨਾਭਾ ਨੇ ਉਨ੍ਹਾਂ ਗ੍ਰੰਥਾਂ ਦੀ ਆਲੋਚਨਾ ਕੀਤੀ ਹੈ, ਜਿਨ੍ਹਾਂ ਉਪਰ ਮਿਥਿਹਾਸਕ ਰੰਗਤ ਹੋਣ ਕਰਕੇ ਗੁਰਮਤਿ ਦੇ ਵਿਰੁਧ ਕੁਝ ਗੱਲਾਂ ਸ਼ਾਮਿਲ ਹਨ।ਉਨ੍ਹਾਂ ਗ੍ਰੰਥਾਂ ਦਾ ਖੰਡਨ ਭੂਮਿਕਾ ਵਿਚ ਇਤਿਹਾਸ ਵਿਰੁੱਧ, ਉਸੂਲ ਵਿਰੁਧ ਆਦਿ ਸਿਰਲੇਖਾਂ ਹੇਠ ਦਿੱਤਾ ਹੈ :

1. ਇਤਿਹਾਸ ਵਿਰੁੱਧ :

ਛੇਵੀਂ ਪਾਤਸ਼ਾਹੀ ਦੇ ਗੁਰਬਿਲਾਸ ਦੇ ਸਤਵੇਂ ਅਧਯਾਯ ਵਿੱਚ ਕਥਾ ਹੈ ਕਿ ਗੁਰੂ ਨਾਨਕ ਦੇਵ ਨੇ 'ਤਿਮਰ' ਗਡਰੀ ਨੂੰ ਆਖਿਆ :

ਕਛੂ ਭਾਂਗ ਹਮ ਕੋ ਲਯਾ ਦੇਵੋ॥

ਪਾਛੈ ਜੋ ਮਾਂਗੋ ਸੋ ਲੇਵੋ॥੧੧੧ ....

ਐਸੇ ਮੁਸਟਾ ਭਾਂਗ ਕੀ ਤਿਮਰ ਸਾਤ ਜਬ ਪਾਇ॥

ਸਤ ਪਾਤਸ਼ਾਹੀ ਸਾਖ ਹੀ ਸ੍ਰੀ ਗੁਰੂ ਮੁਖੋ ਅਲਾਇ॥੧੧੪

2. ਭਾਈ ਸੰਤੋਖ ਸਿੰਘ ਲਿਖਦੇ ਹਨ ਕਿ ਜਿਸ ਵੇਲੇ ਗੁਰੂ ਅਰਜਨ ਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਵਾ ਰਹੇ ਸਨ, ਤਦ ਗੁਪਤ ਰੂਪ ਵਿਚ ਭਗਤ ਆਪਣੀ ਬਾਣੀ ਦਰਜ ਕਰਾਣ ਲਈ ਆਏ, ਜਿਨ੍ਹਾਂ ਨੂੰ ਭਾਈ ਗੁਰਦਾਸ ਜੀ ਵੀ ਨਹੀਂ ਦੇਖ ਸਕੇ।ਜੇ ਕਵੀ ਜੀ ਉਹ ਪੋਥੀਆਂ, ਜੋ ਪੰਜਵੇ ਸਤਿਗੁਰੂ ਮੋਹਨ ਜੀ ਪਾਸੋਂ ਲੈਕੇ ਆਏ, ਵੇਖ ਲੈਂਦੇ ਤਾਂ ਇਹ ਕਲਪਨਾ ਕਦੇ ਨਾ ਕਰਦੇ, ਕਿਉਂਕਿ ਉਨ੍ਹਾਂ ਪੋਥੀਆਂ ਵਿਚ ਭਗਤ ਬਾਣੀ ਮੌਜੂਦ ਹੈ।

3. ਉਸੂਲ ਵਿਰੁਧ :ਓਅੰ ਸ਼ਬਦ ਦੇ ਆਦਿ ਏਕਾ ਲਿਖਣ ਦਾ ਕਾਰਨ :

ਪੰਡਿਤ ਤਾਰਾ ਸਿੰਘ ਜੀ ਗੁਰੁਮਤ ਨਿਰਣਯ ਸਾਗਰ ਦੀ ਉਰਮੀ ੨੮ ਵਿੱਚ ਲਿਖਦੇ ਹਨ :

ਗੁਰੂ ਨਾਨਕ ਜੀ ਨੇ ਸਰਬ ਬਾਣਿਓ ਕੇ ਆਦਿ ਮੋ ਓਅੰ ਸ਼ਬਦ ਕੇ ਆਦਿ ਮੋ ਏਕੜਾ ਅੰਕ ਕਿਸ ਭਾਵ ਸੇ ਸਥਾਪਨ ਕੀਆ ?

ਉਤਰ : ਬੇਦ ਮੇ ਲਿਖਿਆ ਹੈ ਸਭ ਵਰਣੋ ਕੀ ਇਸਤ੍ਰੀਆਂ ਅਰ ਸ਼ੂਦ੍ਰ ਵੇਦ ਨਾ ਪੜ੍ਹੇ ਔਰ ਓਅੰ ਸ਼ਬਦ ਸਰਬ ਬੇਦ ਕਾ ਸਾਰ ਹੈ।ਗੁਰੂ ਜੀ ਵੇਦ ਮਰਯਾਦਾ ਕੇ ਸਥਾਪਕ ਹੈਂ ਵਯ ਵਧਾਨ (ਪਰਦੇ) ਸੇ ਉਚਾਰਨ ਕਰਨਾ ਉਲਟੇ ਉਚਾਰਨ ਵਤ ਦੋਖ ਜਨ ਕਨਹੀਂ ।ਜੈਸੇ ਬਾਲਮੀਕ ਕੋ ਰਿਖੀਓ ਨੇ ਵੇਦ ਮੰਤ੍ਰ ਰਾਮ ਕਾ ਉਲਟ ਮਰਾ-ਮਰਾ ਉਚਾਰਨ ਕੀਆ।ਕੇਹੀ ਉਤੱਮ ਦਲੀਲ ਨਾਲ ਸਿੱਖ ਪੰਥ ਨੂੰ ਸ਼ੂਦ੍ਰ ਅਤੇ ਚੰਡਾਲ ਮੰਡਲੀ ਸਿੱਧ ਕੀਤਾ ਹੈ।ਜੇ ਕਦੇ ਪੰਡਿਤ ਜੀ ਭਾਈ ਗੁਰਦਾਸ ਜੀ ਦੀਆਂ ਇਹ

ਤੁਕਾਂ

ਏਕਾ ਏਕੰਕਾਰ ਲਿਖਿ ਦੇਖਾਲਿਆ॥
ਊੜਾ ਓਅੰਕਾਰ ਪਾਸ ਬਹਾਲਿਆ॥

ਪੜ ਲੈਂਦੇ, ਤਾ ਕਦੇ ਅਯੋਗ ਲੇਖ ਲਿਖਣ ਦਾ ਹੌਸਲਾ ਨਾ ਕਰਦੇ। ਗੁਰੂ ਸਾਹਿਬ ਨੇ ਓਅੰ ਦੇ ਮੁਢ ਇਸ ਭਾਵ ਨਾਲ ੧ ਅੰਗ ਲਿਖਿਆ ਹੈ ਕਿ ਵਾਹਗੁਰੂ ਇਕ (ਅਦੂਤੀਯ) ਹੈ, ਓ ਨੂੰ ਤਿੰਨ ਦੇਵ ਕਲਪਨਾ ਅਗਯਾਨ ਹੈ, ਇਸ ਏਕੇ ਬਿਨਾ ਹੀ ਤੇਤੀ ਕੋਟਿ ਦੇਵਤਾ ਉਪਾਸਯ ਬਣ ਗਏ ਹਨ।

ਗੁਰਮਤਿ ਦੀ ਹੁਣ ਤਕ ਹੋਣੀ ਵਿਆਖਿਆਕਾਰੀ ਉਤੇ ਕਈ ਤਰ੍ਹਾਂ ਦੇ ਪ੍ਰਭਾਵ ਦੇਖਣ ਨੂੰ ਮਿਲਦੇ ਹਨ, ਜਿਨ੍ਹਾਂ ਵਿਚ ਪੁਰਾਣਕ ਰੰਗਤ ਅਤੇ ਹਿੰਦੂ ਸ਼ਾਸਤਰਾਂ ਦੀ ਰਹਿਤ ਮਰਯਾਦਾ ਆਦਿ ਦੇਖਣ ਨੂੰ ਮਿਲ ਜਾਂਦੀ ਹੈ।ਇਸ ਪੁਸਤਕ ਤੋਂ ਇਹ ਸੇਧ ਮਿਲਦੀ ਹੈ ਕਿ ਵਿਆਖਿਆਕਾਰੀ ਸਮੇਂ ਵਿਆਖਿਆਕਾਰ ਦਾ ਅਧਿਐਨ ਵਿਸ਼ਾਲ ਹੋਣਾ ਚਾਹੀਦਾ ਹੈ , ਤਾਂ ਕਿ ਉਹ ਗੁਰਮਤਿ ਅਨੁਸਾਰ ਸਾਹਿਤ ਦੀ ਆਲੋਚਨਾ ਕਰ ਸਕੇ ਅਤੇ ਗੁਰਬਾਣੀ ਸਿਧਾਂਤਾਂ ਨੂੰ ਸਹੀ ਰੂਪ ਵਿਚ ਕਾਇਮ ਕਰਨ ਦੀ ਕੋਸ਼ਿਸ਼ ਕਰ ਸਕੇ।

**6.** ਸਿੱਖ ਗੌਰਵ

ਇਸ ਪੁਸਤਕ ਵਿਚ ਗੁਰਮਤਿ ਦੇ ਚਾਨਣ ਵਿਚ ਸਿੱਖਾਂ ਦੀ ਗੌਰਵਤਾ ਨੂੰ ਕਾਇਮ ਕਰਨ ਦਾ ਜਤਨ ਕੀਤਾ ਗਿਆ ਹੈ। ਇਸ ਦੀ ਉਦਾਹਰਣ ਖਾਲਸੇ ਦੇ ਬੋਲੇ, ਰਹਿਤ ਆਦਿ ਸਿਰਲੇਖ ਦੇ ਕੇ ਕੀਤੀ ਗਈ ਹੈ।

1. ਖਾਲਸੇ ਦੇ ਬੋਲੇ : ਪ੍ਰਾਚੀਨ ਸਿੰਘਾਂ ਦੇ ਸੰਕੇਤ ਕੀਤੇ ਵਾਕ, ਜਿਨ੍ਹਾਂ ਨੂੰ 'ਗੜਗਜ ਬੋਲੇ' ਵੀ ਆਖਦੇ

ਹਨ। ਪੁਰਾਤਨ ਸਿੰਘ ਜੋ ਵਾਕ ਬੋਲਦੇ ਸਨ, ਭਾਈ ਸਾਹਿਬ ਨੇ ਉਨ੍ਹਾਂ ਦੀ ਰਚਨਾ ਕ੍ਰਮ ਅਨੁਸਾਰ ਕੀਤੀ ਹੈ, ਜਿਨ੍ਹਾਂ ਦੀ ਕੁਲ ਗਿਣਤੀ 641 ਦੇ ਲਗਭਗ ਹੈ (ਗੁਰੁਮਤ ਮਾਰਤੰਡ ਦੇ ਪੰਨਾ 346 ਤੋਂ 366 ਪੰਨੇ ਤਕ), ਜਿਵੇਂ :

| | | |
|---|---|---|
| ਵਟਾਊ | : | ਰਾਹੀ, ਪਾਂਧੀ, ਵਿਨਾਸ ਹੋਣ ਵਾਲਾ |
| ਰਾਮ ਲੱਡੂ | : | ਮਤੀਰਾ, ਤਰਬੂਜ |
| ਰੋੜੂ ਪ੍ਰਸਾਦ | : | ਡੇਲਿਆਂ ਦਾ ਆਚਾਰ |
| ਲਖ ਨੇਤ੍ਰਾ | : | ਕਾਣਾ |
| ਭਗੌਤੀ | : | ਕਿਰਪਾਨ |

2. ਸਿੱਖਾਂ ਦੀ ਰਹੁ ਰੀਤਿ (ਮਰਯਾਦਾ) :

ਪਿਛਲ ਰਾਤੀ ਜਾਗਣਾ ਨਾਮੁ ਦਾਨੁ ਇਸਨਾਨੁ ਦਿੜਾਏ॥
ਮਿਠਾ ਬੋਲਣੁ ਨਿਵ ਚਲਣੁ ਹਥਹੁ ਦੇ ਕੈ ਭਲਾ ਮਨਾਏ॥
ਥੋੜਾ ਸਵਣਾ ਖਾਵਣਾ ਥੋੜਾ ਬੋਲਨੁ ਗੁਰਮਤਿ ਪਾਏ॥
ਘਾਲਿ ਖਾਇ ਸੁਕ੍ਰਿਤੁ ਕਰੈ ਵਡਾ ਹੋਇ ਨ ਆਪੁ ਗਵਾਏ॥੧੫॥

ਇਸ ਪੁਸਤਕ ਤੋਂ ਪਤਾ ਲਗਦਾ ਹੈ ਕਿ ਵਿਆਖਿਆਕਾਰ ਨੂੰ ਸਿੱਖ ਸੰਸਕਾਰਾਂ, ਪਰੰਪਰਾਵਾਂ, ਸਿਧਾਂਤਾਂ ਅਤੇ ਇਤਿਹਾਸਕ ਆਦਿ ਬਾਰੇ ਵਿਸ਼ਾਲ ਜਾਣਕਾਰੀ ਹੋਣੀ ਚਾਹੀਦੀ ਹੈ, ਕਿਉਂਕਿ ਇਨ੍ਹਾਂ ਦੀ ਵਿਆਖਿਆ ਗੁਰਮਤਿ ਦੀ ਰੌਸ਼ਨੀ ਵਿਚ ਕਰ ਸਕੇ।

ਇਸ ਪੁਸਤਕ ਨੂੰ ਦੇਖਦੇ ਹੋਏ ਇਹ ਕਿਹਾ ਜਾ ਸਕਦਾ ਹੈ ਕਿ ਇਹ ਵਿਆਖਿਆਕਾਰੀ ਲਈ ਸਿੱਖ ਦਰਸ਼ਨ, ਸਭਿਆਚਾਰ, ਇਤਿਹਾਸ ਆਦਿ ਬਹੁਤ ਸਾਰੇ ਵਿਸ਼ਿਆਂ ਨਾਲ ਮਿਲਦੇ ਹਵਾਲਿਆਂ ਨਾਲ ਭਰਪੂਰ ਹੈ।

ਭਾਈ ਕਾਨ੍ਹ ਸਿੰਘ ਨਾਭਾ ਤੋਂ ਉਪਰੋਕਤ ਦੋਨੋ ਵਿਦਵਾਨ ਭਾਈ ਜੋਧ ਸਿੰਘ ਅਤੇ ਪ੍ਰੋ. ਪਿਆਰਾ ਸਿੰਘ ਪਦਮ ਕਿਸੇ ਨਾ ਕਿਸੇ ਰੂਪ ਵਿੱਚ ਪ੍ਰਭਾਵਿਤ ਹਨ। ਉਨ੍ਹਾਂ ਦੀਆਂ ਕੋਸ਼ਨੁਮਾ ਉਪਰੋਕਤ ਰਚਨਾਵਾਂ ਨੂੰ ਪੜ੍ਹਨ ਉਪਰੰਤ ਸਾਨੂੰ ਬਹੁਤ ਸਾਰੀਆਂ **ਸਮਾਨਤਾਵਾਂ** ਤੇ **ਵੱਖਰਤਾਵਾਂ** ਹੇਠ ਲਿਖੇ ਅਨੁਸਾਰ ਲੱਭਦੀਆਂ ਹਨ:

1. ਭਾਈ ਕਾਨ੍ਹ ਸਿੰਘ ਦੀ ਪੁਸਤਕ ਦਾ ਘੇਰਾ ਵਿਸ਼ਾਲ ਹੈ। ਜਦੋਂ ਕਿ ਭਾਈ ਜੋਧ ਸਿੰਘ ਦੀ ਪੁਸਤਕ ਕੁਝ ਕੁ ਦਾਰਸ਼ਨਿਕ ਤੇ ਸਮਾਜਿਕ ਸੰਕਲਪਾਂ ਦੀ ਵਿਆਖਿਆ ਨਾਲ ਸੰਪੂਰਨ ਹੁੰਦੀ ਹੈ। ਪ੍ਰੋ. ਪਿਆਰਾ ਸਿੰਘ ਪਦਮ ਦਾ ਵਿਚਾਰ ਕੋਸ਼ ਗੁਰਬਾਣੀ ਦੀਆਂ ਤੁਕਾਂ ਕੁਝ ਸੰਕਲਪਾਂ ਨੂੰ ਲੈ ਕੇ ਇੱਕ ਥਾ ਦੱਸਦਾ ਹੈ। ਪ੍ਰੰਤੂ ਉਨ੍ਹਾਂ ਦੀ ਵਿਆਖਿਆ ਨਹੀਂ ਕਰਦਾ।
2. ਵਿਆਖਿਆਕਾਰੀ ਦੇ ਸੰਦਰਭ ਵਿੱਚ ਵੇਖਿਆ ਪਤਾ ਲੱਗਦਾ ਹੈ ਕਿ *ਗੁਰੁਮਤ ਨਿਰਣਯ* ਅਤੇ *ਵਿਚਾਰ ਕੋਸ਼* ਸਹਿਜ ਪ੍ਰਣਾਲੀ ਭਾਵ ਗੁਰਬਾਣੀ ਦੀ ਗੁਰਬਾਣੀ ਨਾਲ ਵਿਆਖਿਆ ਦੀ ਸ਼ੈਲੀ ਨੂੰ ਅਪਣਾਉਂਦੇ ਹਨ, ਜਦੋਂ ਕਿ ਭਾਈ ਕਾਨ੍ਹ ਸਿੰਘ ਨਾਭਾ ਵਿਚਾਰਾਂ ਦੀ ਵਿਆਖਿਆ ਸਹਜ ਪ੍ਰਣਾਲੀ ਤੋਂ ਇਲਾਵਾ ਭਾਈ ਗੁਰਦਾਸ, ਨੰਦ ਲਾਲ ਜੀ, ਜਨਮ ਸਾਖੀਆਂ ਅਤੇ ਸਿੱਖ ਸਾਹਿਤ ਦੀਆਂ ਹੋਰ ਪਰੰਪਰਾਵਾਂ ਨਾਲ ਪੂਰੀ ਕਰਦੇ ਹਨ।
3. *ਗੁਰੁਮਤ ਨਿਰਣਯ* ਵਿੱਚ ਭਾਈ ਜੋਧ ਸਿੰਘ ਵਿਸਥਾਰ ਸਹਿਤ ਵਿਆਖਿਆ ਕਰਦੇ ਹਨ ਜਦੋਂ ਕਿ ਭਾਈ ਕਾਨ੍ਹ ਸਿੰਘ ਨਾਭਾ ਫੁੱਟਨੋਟਾਂ ਜਾਂ ਸ਼ਬਦਾਰਥ ਰੂਪ ਵਿਚ ਕੋਸ਼ਕਾਰੀ ਦੀ ਸ਼ੈਲੀ ਵਿਆਖਿਆ ਲਈ ਅਪਣਾਉਂਦੇ ਹਨ ਪ੍ਰੰਤੂ ਪ੍ਰੋ. ਪਿਆਰਾ ਸਿੰਘ ਪਦਮ ਇੱਕ ਤਰ੍ਹਾਂ ਚੁੱਪ ਹਨ।

ਸੰਖੇਪ ਵਿੱਚ ਕਹਿ ਸਕਦੇ ਹਾਂ ਕਿ ਭਾਈ ਕਾਨ੍ਹ ਸਿੰਘ ਨਾਭਾ ਦੀ ਲਿਖਤ ਭਾਵ *ਗੁਰੁਮਤ ਮਾਰਤੰਡ* ਨੂੰ ਜੇਕਰ ਵਡੇਰੇ ਦਰਖਤ ਦੀ ਉਪਮਾ ਦਿੱਤੀ ਜਾਵੇ ਤਾਂ ਭਾਈ ਜੋਧ ਸਿੰਘ ਅਤੇ ਪਿਆਰਾ ਸਿੰਘ ਪਦਮ ਜੀ ਦੇ ਗ੍ਰੰਥ ਉਸ ਦਰਖਤ ਦੀਆਂ ਸ਼ਾਖਾਵਾਂ ਵਜੋਂ ਕਹੇ ਜਾ ਸਕਦੇ ਹਨ। ਭਾਵ ਕਿ ਇੱਕ ਵਿਚਾਰ ਜੋ ਭਾਈ ਸਾਹਿਬ ਨੇ *ਗੁਰੁਮਤ ਮਾਰਤੰਡ* ਵਿੱਚ ਸਿੱਖ ਵਿਆਖਿਆਕਾਰੀ ਦਾ ਅਪਣਾਇਆ ਉਸਦੇ ਦਾਰਸ਼ਨਿਕ ਪਹਿਲੂਆਂ ਦੀ ਵਿਆਖਿਆ ਭਾਈ ਜੋਧ ਸਿੰਘ ਨੇ ਕੀਤੀ ਅਤੇ *ਗੁਰੂ ਗ੍ਰੰਥ ਸਾਹਿਬ* ਨੂੰ ਕੇਂਦਰ ਬਣਾ ਕੇ ਪਿਆਰਾ ਸਿੰਘ ਪਦਮ ਨੂੰ ਸੰਖਿਪਤ ਰੂਪ ਵਿੱਚ ਉਸੇ ਸ਼ੈਲੀ ਨਾਲ *ਗੁਰੂ ਗ੍ਰੰਥ ਵਿਚਾਰ ਕੋਸ਼* ਰਚਿਆ।

ਉਪਰੋਕਤ ਵਿਚਾਰ ਚਰਚਾ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਭਾਈ ਕਾਨ੍ਹ ਸਿੰਘ ਨਾਭਾ ਦੇ ਸਮਕਾਲੀ ਵਿਦਵਾਨ ਖਾਸ ਤੌਰ ਤੇ ਸਿੰਘ ਸਭਾ ਦੇ ਵਿਦਵਾਨ ਸਾਰੇ ਹੀ ਆਪਣੇ ਖੇਤਰਾਂ ਵਿਚ ਆਪਣੀ ਭੂਮਿਕਾ ਬੜੇ ਸਮਰਪਣ ਨਾਲ ਨਿਭਾ ਰਹੇ ਸਨ ਅਤੇ ਆਪਣੇ ਖੇਤਰਾਂ ਦੇ ਅਧਿਕਾਰੀ ਵਿਦਵਾਨ ਵੀ ਸਨ। ਪਰੰਤੂ ਭਾਈ ਸਾਹਿਬ ਨੇ ਆਪਣੀਆਂ ਕਿਰਤਾਂ ਵਿਚ ਸਿੱਖ ਧਰਮ ਦੀ ਨਿਵੇਕਲੀ ਪਛਾਣ ਸਥਾਪਿਤ ਕਰਨ ਲਈ ਸਮੂਹ ਸਿੱਖ ਸਾਹਿਤ ਨੂੰ ਕਲਾਵੇ ਵਿਚ ਲੈ ਕੇ ਰਚਨਾ ਕੀਤੀ ਅਤੇ ਪਰੰਪਰਾਗਤ ਵਿਆਖਿਆਕਾਰੀ ਨੂੰ ਅਜੋਕੀਆਂ ਲੀਹਾਂ ਉਤੇ ਪਾਉਣ ਦਾ ਜਤਨ ਕੀਤਾ ਜਿਸ ਨਾਲ ਸਿੱਖ ਸਾਹਿਤ ਤੋਂ ਇਲਾਵਾ ਉਨ੍ਹਾਂ ਨੂੰ ਪੰਜਾਬੀ ਭਾਸ਼ਾ ਅਤੇ ਸਾਹਿਤ ਵਿਚ ਆਪਣੇ ਸਮਕਾਲੀਆਂ ਵਿਚ ਵਿਸ਼ੇਸ਼ ਅਤੇ ਅਗਲੇਰੇ ਵਿਦਵਾਨਾਂ ਵਿਚ ਰਾਹ ਦਸੇਰੇ ਵਜੋਂ ਆਦਰਯੋਗ ਸਥਾਨ ਪ੍ਰਾਪਤ ਹੈ।

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਤੁਲਨਾਤਮਕ ਅਧਿਐਨ ਸਿਧਾਂਤਕ ਰੂਪ ਵਿਚ ਲੰਮੇ ਚੌੜੇ ਅਨੁਸ਼ਾਸਨ ਵਜੋਂ ਸਾਡੇ ਸਨਮੁਖ ਹੁੰਦਾ ਹੈ। ਇਹ ਮਨੁੱਖੀ ਅਨੁਭਵ ਨੂੰ ਸੁਹਜਾਤਮਕ ਸ੍ਰੇਸ਼ਟਤਾ ਵੱਲ ਤੋਰਦਾ ਹੈ। ਜਦੋਂ ਅਸੀਂ ਇਸ ਨੂੰ ਸਾਹਿਤਿਕ ਦ੍ਰਿਸ਼ਟੀਕੋਣ ਤੋਂ ਦੇਖਦੇ ਹਾਂ ਤਾਂ ਇਸ ਵਿਚ

ਸਾਹਿਤਿਕ ਕਿਰਤਾਂ ਦਾ ਸੰਬੰਧਾਤਮਿਕ ਅਧਿਐਨ ਸ਼ਾਮਿਲ ਹੁੰਦਾ ਹੈ ਜਿਸ ਵਿਚ ਗਿਆਨ ਵਿਗਿਆਨ ਦੀਆਂ ਵਿਧਾਵਾਂ ਅਤੇ ਅਨੁਸ਼ਾਸਨਾਂ ਜਿਵੇਂ ਸੰਗੀਤ, ਕਲਾ, ਪੇਟਿੰਗ ਆਦਿ ਸੁਹਜਾਤਮਿਕ ਪੱਖਾਂ, ਰਾਜਨੀਤੀ, ਇਤਿਹਾਸ, ਭੂਗੋਲ ਆਦਿ ਸਮਾਜ ਵਿਗਿਆਨਿਕ ਵਿਸ਼ਿਆਂ, ਭਾਸ਼ਾ, ਸਾਹਿਤ, ਸਭਿਆਚਾਰ ਅਤੇ ਧਰਮ ਆਦਿ ਮਨੁੱਖੀ ਸ਼ਖ਼ਸੀਅਤ ਦੇ ਬੁਨਿਆਦੀ ਪੱਖਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ।

ਸਾਹਿਤਿਕ, ਧਾਰਮਿਕ ਕਿਰਤਾਂ ਦੀ ਤੁਲਨਾਂ ਸਮੇਂ ਨਵੀਆਂ ਵਿਆਖਿਆਵਾਂ ਸ਼ਾਮਿਲ ਹੋ ਜਾਂਦੀਆਂ ਹਨ। ਇਕ ਵਿਸ਼ੇਸ਼ ਪ੍ਰਬੰਧਾਤਮਕ ਰਚਨਾ ਕਰਨ ਸਮੇਂ ਪੂਰਵਵਰਤੀ ਰਚਨਾਵਾਂ ਦੀ ਵਿਆਖਿਆ ਕਰਨੀ ਜ਼ਰੂਰੀ ਹੁੰਦੀ ਹੈ। ਭਾਈ ਕਾਨ੍ਹ ਸਿੰਘ ਨਾਭਾ ਦੀਆਂ ਰਚਨਾਵਾਂ ਦਾ ਅਧਿਐਨ ਕਰਦਿਆਂ ਸਾਨੂੰ ਇਹ ਵਿਆਖਿਆ ਕੀਤੀ ਭਰਪੂਰ ਰੂਪ ਵਿਚ ਮਿਲਦੀ ਹੈ। ਇਸ ਦੀ ਉਦਾਹਰਨ ਲਈ ਅਸੀਂ ਉਨ੍ਹਾਂ ਦੀਆਂ ਪੁਸਤਕਾਂ ਗੁਰੁਮਤ ਮਾਰਤੰਡ ਅਤੇ ਗੁਰੁਸ਼ਬਦ ਰਤਨਾਕਰ ਮਹਾਨ ਕੋਸ਼ ਦੀਆਂ ਭੂਮਿਕਾਵਾਂ ਵੇਖ ਸਕਦੇ ਹਾਂ। ਇੰਨ੍ਹਾਂ ਦਾ ਵੇਰਵਾ ਹਥਲੇ ਅਧਿਆਇ ਵਿਚ ਦਿੱਤਾ ਹੈ।

ਆਪਣੇ ਪੂਰਵਵਰਤੀ ਪੰਡਿਤ ਤਾਰਾ ਸਿੰਘ ਨਰੋਤਮ ਜੀ ਤੋਂ ਭਾਈ ਕਾਨ੍ਹ ਸਿੰਘ ਜੀ ਪ੍ਰੇਰਨਾ ਲੈ ਕੇ ਗੁਰੁ ਗਿਰਾਰਥ ਕੋਸ਼ ਦੀ ਤੁਲਨਾ ਵਿਚ ਵਡੇਰਾ ਗ੍ਰੰਥ ਰਚਦੇ ਹਨ। ਉਹ ਵੇਦਾਂਤੀ ਫਲਸਫੇ ਤੋਂ ਵਿਲਖਣ ਵਿਆਖਿਆ ਕਰਦੇ ਹਨ, ਜਿਹੜੀ ਕਿ ਨਿਰਮਲ ਸੰਪਰਦਾਇ ਦਾ ਵਿਸ਼ੇਸ਼ ਲੱਛਣ ਹੈ। ਉਹ ਇਕ ਸ਼ਬਦ ਦਾ ਇਕ ਅਰਥ ਕਰਦੇ ਹਨ ਅਤੇ ਉਸਦੇ ਸਿਧਾਂਤਿਕ, ਇਤਿਹਾਸਿਕ, ਭੂਗੋਲਿਕ ਅਤੇ ਭਾਸ਼ਾ ਵਿਗਿਆਨਿਕ ਪਰਿਪੇਖਾਂ ਵਿਚ ਅਰਥ ਦਸਦੇ ਹਨ। ਭਾਈ ਵੀਰ ਸਿੰਘ ਦਾ ਕੋਸ਼ ਵੀ ਪੰਡਿਤ ਤਾਰਾ ਸਿੰਘ ਵਾਂਗ ਗੁਰਬਾਣੀ ਦਾ ਕੋਸ਼ ਹੈ ਅਤੇ ਇਹ ਵੀ ਭਾਈ ਸਾਹਿਬ ਦੇ ਕੋਸ਼ ਲਈ

ਪ੍ਰੇਰਨਾਦਾਇਕ ਸਾਬਤ ਹੋਇਆ। ਗਿਆਨੀ ਦਿੱਤ ਸਿੰਘ ਜਿਹੜੇ ਆਪਣੀ ਬੇਬਾਕ ਬੋਲੀ, ਸ਼ੈਲੀ ਪ੍ਰਸਿੱਧ ਸਨ, ਵਰਗੀ ਸ਼ੈਲੀ ਭਾਈ ਸਾਹਿਬ ਦੀ ਪੁਸਤਕ ਹਮ ਹਿੰਦੂ ਨਹੀ  ਵਿਚ ਮਿਲਦੀ ਹੈ। ਭਾਈ ਜੋਧ ਸਿੰਘ ਅਤੇ ਪਿਆਰਾ ਸਿੰਘ ਪਦਮ ਜੀ ਦੀਆਂ ਪੁਸਤਕਾਂ ਕ੍ਰਮਵਾਰ ਗੁਰਮਤ ਨਿਰਣਯ ਅਤੇ ਗੁਰੂ ਗ੍ਰੰਥ ਵਿਚਾਰ ਕੋਸ਼  ਭਾਈ ਸਾਹਿਬ ਤੋਂ ਪ੍ਰੇਰਿਤ ਜਾਪਦੀਆਂ ਹਨ।

ਭਾਈ ਕਾਨ੍ਹ ਸਿੰਘ ਨਾਭਾ ਦੀ ਆਪਣੇ ਸਮਕਾਲੀ ਵਿਆਖਿਆਕਾਰਾਂ ਨਾਲ ਤੁਲਨਾ ਕਰਦੇ ਹੋਏ ਜਿਹੜੀਆਂ ਵਿਸ਼ੇਸ਼ਤਾਵਾਂ ਸਾਹਮਣੇ ਆਈਆਂ ਹਨ। ਉਹ ਇਸ ਪ੍ਰਕਾਰ ਹਨ:

1. ਭਾਈ ਕਾਨ੍ਹ ਸਿੰਘ ਨਾਭਾ ਨੇ ਪੱਛਮੀ ਸ਼ੈਲੀ ਨੂੰ ਅਪਣਾਇਆ।
2. ਇਨ੍ਹਾਂ ਦੀ ਭਾਸ਼ਾ ਆਧੁਨਿਕ ਪੰਜਾਬੀ ਸੀ।
3. ਭਾਈ ਸਾਹਿਬ ਆਪਣੀ ਵਿਆਖਿਆਕਾਰੀ ਵਿਚ ਗੁਰਬਾਣੀ ਨੂੰ ਵੇਦਾਂਤ ਤੋਂ ਸੁਤੰਤਰ ਮੰਨ ਕੇ ਚੱਲਦੇ ਹਨ।
4. ਭਾਈ ਕਾਨ੍ਹ ਸਿੰਘ ਨਾਭਾ ਵਿਆਖਿਆਕਾਰੀ ਵਿਚ ਆਪਣੀ ਗੱਲ ਸਿੱਧ ਕਰਨ ਲਈ ਲੋੜੀਂਦੇ ਇਤਿਹਾਸਿਕ ਹਵਾਲੇ ਵਰਤਦੇ ਹਨ ਅਤੇ ਦੂਜੇ ਵਿਆਖਿਆਕਾਰਾਂ ਨਾਲੋਂ ਜ਼ਿਆਦਾ ਵਿਸਥਾਰਿਤ ਅਰਥਾਂ ਨੂੰ ਪੇਸ਼ ਕਰਦੇ ਹਨ।
5. ਭਾਈ ਕਾਨ੍ਹ ਸਿੰਘ ਨਾਭਾ ਗੁਰਬਾਣੀ ਦੀ ਵਿਆਖਿਆ ਸਹਜ ਪ੍ਰਣਾਲੀ ਤੋਂ ਇਲਾਵਾ ਭਾਈ ਗੁਰਦਾਸ, ਭਾਈ ਨੰਦ ਲਾਲ ਜੀ, ਜਨਮ ਸਾਖੀਆਂ ਅਤੇ ਸਿੱਖ ਸਾਹਿਤ ਦੀਆਂ ਹੋਰ ਪਰੰਪਰਾਵਾਂ ਨਾਲ ਪੂਰੀ ਕਰਦੇ ਹਨ।
6. ਭਾਈ ਸਾਹਿਬ ਅਰਥਾਂ ਦੀ ਵਿਆਖਿਆ ਕਰਨ ਲਈ ਫੁੱਟਨੋਟਾਂ ਜਾਂ ਸ਼ਬਦਾਰਥ ਰੂਪ ਵਿਚ ਕੋਸ਼ਕਾਰੀ ਦੀ ਸ਼ੈਲੀ ਨੂੰ ਵਿਆਖਿਆ ਲਈ ਅਪਣਾਉਂਦੇ ਹਨ।

## ਸਾਰ ਅਤੇ ਸਥਾਪਨਾਵਾਂ

ਭਾਈ ਕਾਨ੍ਹ ਸਿੰਘ ਨਾਭਾ ਸਿੱਖ ਜਗਤ ਦੀ ਜਾਣੀ-ਪਛਾਣੀ ਹਸਤੀ ਸਨ। ਸਿੱਖ ਧਰਮ ਦੀ ਵਿਚਾਰਧਾਰਾ ਅਤੇ ਸਿੱਖ ਸਾਹਿਤ ਵਿਚ ਭਾਈ ਸਾਹਿਬ ਨੇ ਆਪਣਾ ਯੋਗਦਾਨ, ਤਨ, ਮਨ ਨਾਲ ਪਾਇਆ ਹੈ। ਇਹ ਇੱਕ ਸੁਚੱਜੇ ਇਨਸਾਨ ਸਨ, ਜਿਨ੍ਹਾਂ ਨੂੰ ਆਪਣੀ ਕੌਮ ਪ੍ਰਤੀ ਅਥਾ ਪ੍ਰੇਮ ਸੀ। ਭਾਈ ਸਾਹਿਬ ਨੂੰ ਪੜ੍ਹਨ-ਲਿਖਣ ਦਾ ਸ਼ੋਕ ਬੱਚਪਨ ਤੋਂ ਹੀ ਸੀ ਅਤੇ ਇਸ ਸਮੇਂ ਦੌਰਾਨ ਹੀ ਇਨ੍ਹਾਂ ਨੂੰ ਲਿਖਣ ਦੀ ਚਿਣਗ ਵੀ ਲੱਗ ਗਈ ਸੀ। ਪਹਿਲਾਂ-ਪਹਿਲ ਇਨ੍ਹਾਂ ਨੇ ਹਿੰਦੀ ਵਿੱਚ ਹੀ ਆਪਣੀ ਰਚਨਾਵਾਂ ਰਚੀਆਂ, ਪਰੰਤੂ ਬਾਅਦ ਵਿੱਚ ਇਨ੍ਹਾਂ ਦਾ ਝੁਕਾਅ ਪੰਜਾਬੀ ਵਿੱਚ ਸਾਹਿਤ ਰਚਣ ਵਿੱਚ ਹੀ ਰਿਹਾ। ਇਨ੍ਹਾਂ ਨੂੰ ਦੇਖ ਕੇ ਕੁਝ ਹੋਰ ਸਾਹਿਤਕਾਰ ਵੀ ਆਪਣੀ ਰਚਨਾ ਪੰਜਾਬੀ ਭਾਸ਼ਾ ਵਿਚ ਕਰਨ ਲਗ ਪਏ।

ਭਾਈ ਸਾਹਿਬ ਆਪਣੇ ਧਰਮ ਨੂੰ ਪੂਰੀ ਦੁਨੀਆਂ ਦੇ ਧਰਮਾਂ ਵਿਚ ਅਕਾਦਮਿਕ ਤੌਰ 'ਤੇ ਸਥਾਪਿਤ ਕਰਨ ਦੇ ਚਾਹਵਾਨ ਸਨ। ਇਨ੍ਹਾਂ ਨੇ ਆਪਣੀ ਰਚਨਾਵਾਂ ਦਾ ਸਾਰਾ ਤਾਣਾ-ਬਾਣਾ ਇਸੇ ਵਿਉਂਤ ਨੂੰ ਨੇਪਰੇ ਚਾੜ੍ਹਨ ਲਈ ਬੁਣਿਆ। ਗੁਰੂ ਸਾਹਿਬਾਨਾਂ ਦੇ ਚਲਾਏ ਧਰਮ ਵਿੱਚ ਸਮੇਂ ਦੇ ਨਾਲ ਕਾਫ਼ੀ ਤਰ੍ਹਾਂ ਦੇ ਵਹਿਮ-ਭਰਮ, ਹਿੰਦੂ ਮੱਤ ਅਨੁਸਾਰ ਮੂਰਤੀ ਪੂਜਾ ਕਰਨੀ, ਜਾਤ-ਪਾਤ ਆਦਿ ਕੁਰੀਤੀਆਂ ਵੱਧਣ ਲੱਗ ਪਈਆਂ ਸਨ। ਭਾਈ ਸਾਹਿਬ ਸਿੱਖ ਧਰਮ ਦੀ ਮੂਲ ਭਾਵਨਾ ਦਾ ਪ੍ਰਚਾਰ ਅਤੇ ਪ੍ਰਸਾਰ ਕਰਕੇ ਇਸ ਤਰ੍ਹਾਂ ਦੇ ਰਲਾਅ ਨੂੰ ਘੱਟ ਕਰਨ ਜਾਂ ਖ਼ਤਮ ਕਰਨ ਦਾ ਯਤਨ ਲਗਾਤਾਰ ਆਪਣੀਆਂ ਰਚਨਾਵਾਂ ਦੁਆਰਾ ਕਰ ਰਹੇ ਸਨ, ਜਿਸ ਵਿਚ ਇਨ੍ਹਾਂ ਨੂੰ ਸਫ਼ਲਤਾ ਵੀ ਪ੍ਰਾਪਤ ਹੋਈ ਸੀ। ਗੁਰਮਤਿ ਸਾਹਿਤ ਦੀ ਸਾਂਭ-ਸੰਭਾਲ ਅਤੇ ਵਿਆਖਿਆਕਾਰੀ ਦਾ ਜੋ ਕੰਮ ਭਾਈ

ਸਾਹਿਬ ਨੇ ਕੀਤਾ, ਉਹ ਆਪਣੇ ਆਪ ਵਿੱਚ ਇਕ ਮਿਸਾਲ ਹੈ। ਇਨ੍ਹਾਂ ਦੀਆਂ ਲਿਖਤਾਂ ਨਾਲ ਗੁਰਮਤਿ ਦਾ ਮਨਮਤ ਨਾਲੋਂ ਨਿਖੇੜਾ ਹੋਇਆ।

ਹਥਲਾ **ਖੋਜ-ਕਾਰਜ ਭਾਈ ਕਾਨ੍ਹ ਸਿੰਘ ਨਾਭਾ ਦਾ ਗੁਰਮਤਿ ਵਿਆਖਿਆਕਾਰੀ ਵਿਚ ਯੋਗਦਾਨ** ਵਿਸ਼ੇ ਤੇ ਹੈ। ਇਸ ਖੋਜ ਕਾਰਜ ਨੂੰ ਚਾਰ ਅਧਿਆਇਆਂ ਵਿਚ ਵੰਡਿਆ ਗਿਆ ਹੈ। ਇਨ੍ਹਾਂ ਦਾ ਸੰਖੇਪ ਵੇਰਵਾ ਹੇਠ ਲਿਖੇ ਅਨੁਸਾਰ ਹੈ :

ਅਧਿਆਇ ਪਹਿਲਾ ਵਿਚ **ਭਾਈ ਕਾਨ੍ਹ ਸਿੰਘ ਨਾਭਾ ਦਾ ਜੀਵਨ ਅਤੇ ਰਚਨਾ** ਬ੍ਰਿਤਾਂਤ ਪੇਸ਼ ਕੀਤਾ ਹੈ ਅਤੇ ਇਨ੍ਹਾਂ ਦੀਆਂ ਸਮੁੱਚੀਆਂ ਰਚਨਾਵਾਂ ਦੀ ਜਾਣਕਾਰੀ ਦਿੱਤੀ ਗਈ ਹੈ। ਅਧਿਆਇ ਦਾ ਆਰੰਭ ਭਾਈ ਕਾਨ੍ਹ ਸਿੰਘ ਨਾਭਾ ਦੇ ਜਨਮ ਤੋਂ ਪਹਿਲਾਂ ਦੇ ਹਾਲਾਤ ਤੋਂ ਸ਼ੁਰੂ ਕੀਤਾ ਗਿਆ ਹੈ। ਕਿਹਾ ਜਾਂਦਾ ਹੈ ਕਿ ਹਰ ਵਿਅਕਤੀ ਦੀ ਜ਼ਿੰਦਗੀ ਵਿੱਚ ਉਸਦੇ ਸਮਕਾਲੀ ਹਾਲਾਤ ਦਾ ਬੜਾ ਪ੍ਰਭਾਵ ਪੈਂਦਾ ਹੈ ਅਤੇ ਭਾਈ ਕਾਨ੍ਹ ਸਿੰਘ ਨਾਭਾ ਦੇ ਜੀਵਨ ਤੇ ਵੀ ਇਨ੍ਹਾਂ ਹਾਲਾਤ ਨੇ ਗਹਿਰਾ ਪ੍ਰਭਾਵ ਪਾਇਆ ਸੀ।

ਭਾਈ ਸਾਹਿਬ ਦੇ ਬਚਪਨ, ਵਿੱਦਿਆ ਪ੍ਰਾਪਤੀ, ਵਿਆਹ ਤੋਂ ਲੈ ਕੇ ਸਮੁਚੇ ਜੀਵਨ ਦਾ ਜ਼ਿਕਰ ਕੀਤਾ ਗਿਆ ਹੈ। ਭਾਈ ਕਾਨ੍ਹ ਸਿੰਘ ਨਾਭਾ ਦਾ ਜੱਦੀ ਪਿੰਡ ਪਿੱਥੋ ਸੀ। ਇਨ੍ਹਾਂ ਦਾ ਜਨਮ ਨਾਨਕੇ ਪਿੰਡ ਸਬਜ ਬਨੇਰਾ ਵਿਖੇ ਹੋਇਆ। ਛੋਟੀ ਉਮਰੇ ਹੀ ਵਿੱਦਿਆ ਪ੍ਰਾਪਤੀ ਦੇ ਯਤਨ ਆਰੰਭ ਕਰ ਦਿੱਤੇ ਗਏ ਅਤੇ ਦੇਖਦੇ ਹੀ ਦੇਖਦੇ ਇਹ ਹਿੰਦੀ, ਪੰਜਾਬੀ, ਸੰਸਕ੍ਰਿਤ, ਅਰਬੀ, ਫ਼ਾਰਸੀ ਅਤੇ ਅੰਗਰੇਜ਼ੀ ਭਾਸ਼ਾਵਾਂ ਦਾ ਗਿਆਨ ਹਾਸਿਲ ਕਰ ਲਿਆ। ਇਸ ਤੋਂ ਇਲਾਵਾ ਇਨ੍ਹਾਂ ਦੀ ਘਰ ਵਾਪਸੀ ਅਤੇ ਵਿਆਹ ਦਾ ਜ਼ਿਕਰ ਕੀਤਾ ਗਿਆ ਹੈ। ਭਾਈ ਸਾਹਿਬ ਦੀ ਮੁਲਾਜ਼ਮਤ ਦਾ ਹਾਲ ਬਿਆਨ

ਕੀਤਾ ਗਿਆ ਹੈ ਅਤੇ ਸਮਾਜਿਕ ਅਤੇ ਰਾਜਨੀਤਿਕ ਖੇਤਰ ਵਿੱਚ ਵੀ ਉਨ੍ਹਾਂ ਦਾ ਯੋਗਦਾਨ ਦਰਸਾਇਆ ਗਿਆ ਹੈ।

ਰਚਨਾਵਾਂ ਦਾ ਸੰਖੇਪ ਵੇਰਵਾ ਇਸ ਅਧਿਆਇ ਵਿੱਚ ਦਿੱਤਾ ਹੈ। ਇਨ੍ਹਾਂ ਦੀਆਂ ਪ੍ਰਮੁੱਖ ਰਚਨਾਵਾਂ *ਰਾਜ ਧਰਮ, ਨਾਟਕ ਭਾਵਾਰਥ ਦੀਪਿਕਾ, ਹਮ ਹਿੰਦੂ ਨਹੀਂ, ਗੁਰੁਮਤ ਪ੍ਰਭਾਕਰ, ਗੁਰੁਮਤ ਸੁਧਾਕਰ, ਟੀਕਾ ਜੈਮਿਨੀ ਅਸ਼ਵਮੇਧ, ਗੁਰ ਗਿਰਾ ਕਸੌਟੀ, ਸਮੱਸਿਆ ਪੂਰਤੀ, ਟੀਕਾ ਵਿਸ਼ਨੂੰ ਪੁਰਾਣ, ਪਹਾੜ ਯਾਤਰਾ, ਵਲਾਇਤ ਯਾਤਰਾ, ਸ਼ਰਾਬ ਨਿਸ਼ੇਧ, ਰੂਪਦੀਪ ਪਿੰਗਲ, ਅਨੇਕਾਰਥ ਕੋਸ਼, ਨਾਮ ਮਾਲਾ ਕੋਸ਼, ਠਗ ਲੀਲਾ, ਗੁਰੁਸ਼ਬਦ ਅਲੰਕਾਰ, ਇਤਿਹਾਸ ਬਾਗੜੀਆਂ, ਗੁਰਛੰਦ ਦਿਵਾਕਰ, ਗੁਰੁਮਤ ਮਾਰਤੰਡ ਅਤੇ ਗੁਰੁਸ਼ਬਦ ਰਤਨਾਕਰ ਮਹਾਨ ਕੋਸ਼ ਆਦਿ ਦਾ* ਵੇਰਵਾ ਦਿੱਤਾ ਗਿਆ ਹੈ। ਉਸ ਸਮੇਂ ਸਿੰਘ ਸਭਾ ਲਹਿਰ ਦਾ ਜ਼ੋਰ ਹੋਣ ਕਰਕੇ ਸਿੱਖਾਂ ਵਿੱਚ, ਸਿੱਖ ਇਕ ਵੱਖਰੀ ਕੌਮ ਦੀ ਹੋਂਦ ਦਾ ਸਵਾਲ ਘਰ ਕਰ ਚੁੱਕਾ ਸੀ। ਭਾਈ ਸਾਹਿਬ ਨੇ ਸਮਕਾਲੀ ਹਾਲਾਤ ਵਿੱਚ ਸਿੰਘ ਸਭਾ ਲਹਿਰ ਦੇ ਆਸ਼ਿਆਂ ਅਨੁਸਾਰ ਸਾਹਿਤ ਰਚਿਆ, ਜਿਹੜਾ ਸਿੱਖਾਂ ਦੀ ਨਿਵੇਕਲੀ ਹਸਤੀ ਨਾਲ ਜੁੜਿਆ ਹੋਇਆ ਹੈ। ਇਸ ਅਧਿਆਇ ਵਿੱਚ ਇਨ੍ਹਾਂ ਦੀਆਂ ਰਚਨਾਵਾਂ ਦੇ ਪਿਛੋਕੜ ਵਿੱਚ ਕਾਰਜਸ਼ੀਲ ਲਹਿਰਾਂ ਅਤੇ ਉਨ੍ਹਾਂ ਦੇ ਸਾਹਿਤ ਦੀਆਂ ਵੰਨਗੀਆਂ ਦੇ ਰੂਪ ਵਿੱਚ ਉਨ੍ਹਾਂ ਦੀਆਂ ਰਚਨਾਵਾਂ ਦੀ ਚਰਚਾ ਕੀਤੀ ਗਈ ਹੈ।

ਆਧਿਆਇ ਦੂਜਾ **ਗੁਰਮਤਿ ਵਿਆਖਿਆਕਾਰੀ ਪਰੰਪਰਾ** ਵਿਚ ਵਿਆਖਿਆਕਾਰੀ ਦੇ ਅਰਥ, ਵਿਆਖਿਆਕਾਰੀ ਦੀ ਵਿਆਖਿਆ, ਗੁਰਮਤਿ ਵਿਆਖਿਆਕਾਰੀ, ਵਿਆਖਿਆਕਾਰੀ ਪਰੰਪਰਾ ਅਤੇ ਗੁਰਮਤਿ ਵਿਆਖਿਆਕਾਰੀ ਪਰੰਪਰਾ ਆਦਿ ਭਾਗਾਂ ਵਿਚ ਵੰਡਿਆ ਗਿਆ ਹੈ। ਅਧਿਆਇ ਦੇ ਪਹਿਲੇ ਹਿੱਸੇ ਵਿਚ ਵਿਆਖਿਆਕਾਰੀ ਕੀ ਹੈ ਬਾਰੇ ਦੱਸਿਆ ਗਿਆ ਹੈ। ਇਹ ਦੱਸਣ

ਦਾ ਯਤਨ ਕੀਤਾ ਗਿਆ ਹੈ ਕਿ ਵਿਆਖਿਆਕਾਰੀ ਦਾ ਅਰਥ ਕਹਿਣਾ ਜਾਂ ਕਥਨ ਕਰਨਾ, ਬਿਆਨ ਕਰਨਾ, ਦੱਸਣਾ, ਬੋਲਣਾ, ਪ੍ਰਗਟਾਉਣਾ ਹੈ। ਜੋ ਮਹਿਸੂਸ ਕੀਤਾ ਜਾਂਦਾ ਹੈ ਜਾਂ ਸੋਚਿਆ ਜਾਂਦਾ ਹੈ। ਉਸਨੂੰ ਬੋਲ ਕੇ ਪ੍ਰਗਟਾਇਆ ਜਾਂਦਾ ਹੈ, ਇਸ ਤੋਂ ਬਾਅਦ ਸ਼ਬਦ ਪਰਿਭਾਸ਼ਾ ਵੱਖ-ਵੱਖ ਵਿਦਵਾਨਾਂ ਦੇ ਕਥਨ ਅਨੁਸਾਰ ਕੀਤੀ ਗਈ ਹੈ। ਮੁੱਢਲੇ ਰੂਪ ਵਿਚ ਕਿਸੇ ਪਾਠ ਜਾਂ ਸਾਹਿਤਕ ਕ੍ਰਿਤ ਦੇ ਅਰਥਾਂ ਨੂੰ ਸਪੱਸ਼ਟ ਜਾਂ ਨਿਰਧਾਰਿਤ ਕਰਨ ਦੇ ਕਾਰਜ ਨੂੰ ਵਿਆਖਿਆਕਾਰੀ ਕਿਹਾ ਜਾਂਦਾ ਹੈ। ਇਸ ਦੀਆਂ ਵਿਦਵਾਨਾਂ ਵੱਲੋਂ ਵੱਖ-ਵੱਖ ਪਰਿਭਾਸ਼ਾਵਾਂ ਦਿੱਤੀਆਂ ਗਈਆਂ ਹਨ।

ਅਧਿਆਇ ਦੇ ਅਗਲੇ ਭਾਗ ਵਿੱਚ ਗੁਰਮਤਿ ਵਿਆਖਿਆਕਾਰੀ ਬਾਰੇ ਸੰਖੇਪ ਵਿਚ ਦੱਸਣ ਦਾ ਯਤਨ ਕੀਤਾ ਗਿਆ ਹੈ। ਗੁਰਬਾਣੀ ਦੀ ਵਿਆਖਿਆਕਾਰੀ ਨੂੰ ਹੀ ਗੁਰਮਤਿ ਵਿਆਖਿਆਕਾਰੀ ਕਿਹਾ ਜਾਂਦਾ ਹੈ, ਕਿਉਂਕਿ ਗੁਰਬਾਣੀ ਰਾਹੀਂ ਹੀ ਗੁਰੂ ਸਾਹਿਬਾਨਾਂ ਨੇ ਆਪਣਾ ਉਪਦੇਸ਼ ਦੁਨੀਆਂ ਨੂੰ ਦਿੱਤਾ ਹੈ। ਗੁਰੂ ਸਾਹਿਬਾਨ ਦੁਆਰਾ ਦਰਸਾਏ ਮਤ ਉਪਦੇਸ਼, ਸਿਧਾਂਤ ਨੂੰ ਗੁਰੂ ਸਾਹਿਬਾਨ ਦੇ ਹਵਾਲੇ ਨਾਲ ਖੋਲ੍ਹ ਕੇ ਸਮਝਾਉਣਾ ਹੀ ਗੁਰਮਤਿ ਵਿਆਖਿਆਕਾਰੀ ਹੈ। ਅਧਿਆਇ ਦੇ ਤੀਸਰੇ ਭਾਗ ਵਿਚ ਗੁਰਮਤਿ ਵਿਆਖਿਆਕਾਰੀ ਨੂੰ ਕਾਲ ਵੰਡ ਅਨੁਸਾਰ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ ਜੋ ਗੁਰੂ ਕਾਲ ਦੀ ਗੁਰਮਤਿ ਵਿਆਖਿਆਕਾਰੀ (1469-1700), ਉਤਰ ਗੁਰੂ ਕਾਲ ਦੀ ਗੁਰਮਤਿ ਵਿਆਖਿਆਕਾਰੀ (1700-1900) ਅਤੇ ਆਧੁਨਿਕ ਕਾਲ ਦੀ ਗੁਰਮਤਿ ਵਿਆਖਿਆਕਾਰੀ (1900-2000) ਹਨ।

ਅੱਗੇ ਇਨ੍ਹਾਂ ਦੀ ਕਾਲ ਵੰਡ ਅਨੁਸਾਰ ਕਿਹੜੀਆਂ-ਕਿਹੜੀਆਂ ਪ੍ਰਣਾਲੀਆਂ ਕਾਰਜ ਕਰਦੀਆਂ ਰਹੀਆਂ ਦਾ ਵਿਸਤਾਰ ਸਹਿਤ ਵਰਣਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਇਨ੍ਹਾਂ

ਪ੍ਰਣਾਲੀਆਂ ਦੇ ਸਿਧਾਂਤਾਂ, ਭਾਸ਼ਾ ਆਦਿ ਵਿਚ ਕੀ ਅੰਤਰ ਹੈ। ਹਰ ਪ੍ਰਣਾਲੀ ਦੀਆਂ ਵਿਸ਼ੇਸ਼ਤਾਵਾਂ ਵੀ ਦੱਸੀਆਂ ਗਈਆਂ ਹਨ।

**ਭਾਈ ਕਾਨ੍ਹ ਸਿੰਘ ਨਾਭਾ ਦੀ** ਵਿਆਖਿਆਕਾਰੀ ਦੇ ਪ੍ਰਮੁੱਖ ਸਿੱਧਾਂਤਕ ਆਧਾਰ ਇਸ ਪ੍ਰਕਾਰ ਦੇਖੇ ਜਾ ਸਕਦੇ ਹਨ:

- ਵਿਆਖਿਆਕਾਰੀ ਤਰਕਮਈ ਅਤੇ ਵਿਗਿਆਨਕ ਆਧਾਰ ਤੇ ਕੀਤੀ ਗਈ।
- ਸਮੁੱਚੀ ਗੁਰਬਾਣੀ ਅਨੁਸਾਰ ਹਰ ਤੁਕ ਦਾ ਸਹੀ ਇਕ ਹੀ ਅਰਥ ਮੰਨਿਆ ਅਤੇ ਨਿਸ਼ਚਤ ਕੀਤਾ ਗਿਆ।
- ਗੁਰਬਾਣੀ ਵਿੱਚੋਂ ਸਮਾਜ, ਸਭਿਆਚਾਰ, ਵਿਦਿਆ, ਸਾਹਿਤ ਦੇ ਸਿਧਾਂਤ ਲੱਭੇ ਹਨ।
- ਵਿਆਖਿਆਕਾਰੀ ਦੌਰਾਨ ਸ਼ਬਦ ਅਰਥ ਦੇਣ ਲੱਗੇ ਵਿਆਕਰਨ ਅਤੇ ਨਿਰੁਕਤੀ ਨੂੰ ਅਧਾਰ ਬਣਾਇਆ।
- ਇਕਲੌਤੀ ਤੁਕ ਦੀ ਬਜਾਏ ਵਿਆਖਿਆਕਾਰੀ ਸਮੁੱਚੇ ਸ਼ਬਦ, ਪਉੜੀ, ਸਲੋਕ, ਅਸ਼ਟਪਦੀ ਜਾਂ ਰਚਨਾ ਦੇ ਕੇਂਦਰੀ ਭਾਵ ਨੂੰ ਧਿਆਨ ਵਿਚ ਰੱਖਦੇ ਹੋਏ ਕੀਤੀ।
- ਵੇਦ ਮੁਖੀ ਵਿਆਖਿਆਕਾਰੀ ਨੂੰ ਨਕਾਰਦੇ ਹੋਏ ਗੁਰਮਤਿ ਵਿਆਖਿਆਕਾਰੀ ਦਾ ਪ੍ਰਚਲਣ ਕੀਤਾ।
- ਸੁਚੱਜੀ ਜੀਵਨ-ਜਾਚ ਦਾ ਸੰਦੇਸ਼ ਕੇਂਦਰੀ ਵਿਸ਼ਾ ਬਣਾਇਆ।
- ਵਿਆਖਿਆਕਾਰੀ ਵਿੱਚੋਂ ਸ੍ਵੈ-ਵਿਰੋਧ ਖ਼ਤਮ ਕੀਤਾ।
- ਵਿਆਖਿਆਕਾਰੀ ਦੌਰਾਨ ਸਾਖੀਆਂ ਅਤੇ ਪੌਰਾਣਿਕ ਕਥਾਵਾਂ ਦੇਣ ਦੀ ਪ੍ਰਚਲਣ ਖ਼ਤਮ ਕੀਤਾ।

ਅਧਿਆਇ ਤੀਸਰਾ ਵਿੱਚ **ਭਾਈ ਕਾਨ੍ਹ ਸਿੰਘ ਨਾਭਾ ਗੁਰਮਤਿ ਵਿਆਖਿਆਕਾਰੀ ਵਿਚ ਯੋਗਦਾਨ** ਹੈ। ਇਸ ਅਧਿਆਇ ਵਿਚ ਭਾਈ ਕਾਨ੍ਹ ਸਿੰਘ ਨਾਭਾ ਦੀਆਂ ਗੁਰਮਤਿ ਵਿਆਖਿਆਕਾਰੀ ਨਾਲ ਸੰਬੰਧਿਤ ਰਚਨਾਵਾਂ ਦਾ ਵਿਸਥਾਰ ਸਹਿਤ ਵਰਣਨ ਕੀਤਾ ਗਿਆ ਹੈ। ਗੁਰਮਤਿ ਵਿਆਖਿਆਕਾਰੀ ਨਾਲ ਸੰਬੰਧਿਤ ਰਚਨਾਵਾਂ, *ਹਮ ਹਿੰਦੂ ਨਹੀ, ਗੁਰੁਮਤ ਪ੍ਰਭਾਕਰ, ਗੁਰੁਮਤ ਸੁਧਾਕਰ, ਗੁਰੁਮਤ ਮਾਰਤੰਡ, ਗੁਰੁਛੰਦ ਦਿਵਾਕਰ, ਚੰਡੀ ਦੀ ਵਾਰ ਸਟੀਕ, ਅਤੇ ਗੁਰੁਸ਼ਬਦ ਰਤਨਾਕਰ ਮਹਾਨ ਕੋਸ਼* ਆਦਿ ਸ਼ਾਮਿਲ ਹਨ। ਇਨ੍ਹਾਂ ਪੁਸਤਕਾਂ ਦਾ ਵਿਸ਼ਾ ਵਸਤੂ, ਜਿਹੜਾ ਕਿ ਵਿਸ਼ੇਸ਼ ਤੌਰ 'ਤੇ ਸਿੱਖਾਂ ਦੇ ਨਿਆਰੇਪਣ ਨਾਲ ਸੰਬੰਧਿਤ ਹੈ, ਵਿਸਥਾਰ ਸਹਿਤ ਵਿਚਾਰਿਆ ਗਿਆ ਹੈ। ਪੁਸਤਕਾਂ ਦਾ ਵਿਸਤਾਰ ਸਹਿਤ ਵਰਣਨ ਕੀਤਾ ਗਿਆ ਹੈ। ਅਧਿਆਇ ਨੂੰ ਵਿਆਖਿਆਕਾਰੀ ਦੀ ਪਰਿਭਾਸ਼ਾ ਤੋਂ ਸ਼ੁਰੂ ਕੀਤਾ ਗਿਆ ਹੈ ਤੇ ਪਿੱਛੋਂ ਹਰ ਇਕ ਰਚਨਾ ਦੀ ਵਿਆਖਿਆਕਾਰੀ ਦੇ ਲੱਛਣਾਂ ਨੂੰ ਉਨ੍ਹਾਂ ਦੇ ਪ੍ਰਕਾਸ਼ਨਾ ਸਾਲ ਅਨੁਸਾਰ ਦੇ ਕੇ ਸਪਸ਼ਟ ਕੀਤਾ ਗਿਆ ਹੈ। ਇਨ੍ਹਾਂ ਪੁਸਤਕਾਂ ਦਾ ਵਿਸ਼ਾ-ਵਸਤੂ ਜਿਹੜਾ ਕਿ ਸਿੱਖਾਂ ਦੇ ਵੱਖਰੇਪਣ ਨੂੰ ਦੱਸਦਾ ਹੈ, ਦਾ ਵਿਸਥਾਰ ਸਹਿਤ ਵਰਣਨ ਕੀਤਾ ਗਿਆ ਹੈ।

*ਹਮ ਹਿੰਦੂ ਨਹੀਂ* ਪੁਸਤਕ ਲਿਖਣ ਦੇ ਮਨੋਰਥ ਬਾਰੇ ਦੱਸਣ ਤੋਂ ਬਾਅਦ ਪੁਸਤਕ ਦਾ ਵਿਸ਼ਾ-ਵਸਤੂ ਦੱਸਿਆ ਗਿਆ ਹੈ। ਇਹ ਪੁਸਤਕ ਸਿੱਖਾਂ ਦੀ ਵੱਖਰੀ ਕੌਮ ਹੋਣ ਬਾਰੇ ਵਿਸਥਾਰ ਸਹਿਤ ਦੱਸਦੀ ਹੈ। *ਹਮ ਹਿੰਦੂ ਨਹੀਂ* ਪੁਸਤਕ ਸਿੱਖ ਅਤੇ ਹਿੰਦੂ ਵਿਚਾਲੇ ਆਪਣੀਆਂ-ਆਪਣੀਆਂ ਧਾਰਮਿਕ ਮਾਨਤਾਵਾਂ ਨੂੰ ਲੈ ਕੇ ਸੰਵਾਦ ਹੈ। ਜਿਸ ਵਿੱਚ ਸਿੱਖ ਆਪਣੇ ਧਰਮ ਨੂੰ ਹਿੰਦੂਆਂ ਨਾਲੋਂ ਵੱਖਰਾ ਸਿੱਧ ਕਰਦਾ ਹੈ। *ਗੁਰੁਮਤ ਪ੍ਰਭਾਕਰ* ਅਤੇ *ਗੁਰੁਮਤ ਸੁਧਾਕਰ* ਗੁਰਬਾਣੀ ਦੇ ਸਿਧਾਂਤਾਂ ਅਤੇ

ਸਿੱਖ ਸਾਹਿਤ ਦੀ ਕੋਸ਼ਨੁਮਾ ਵਿਆਖਿਆਕਾਰੀ ਹੈ। ਦੋਵਾਂ ਪੁਸਤਕਾਂ ਵਿੱਚ ਸਿੱਖ ਸੰਕਲਪਾਂ ਦੀ ਵਿਆਖਿਆ ਬੜੇ ਤਰਕ ਪੂਰਨ ਢੰਗ ਨਾਲ ਕੀਤੀ ਗਈ ਹੈ। ਇਨ੍ਹਾਂ ਪੁਸਤਕਾਂ ਨੂੰ ਜੇਕਰ ਸਿੱਖ ਧਰਮ ਦਾ ਰਹਿਤਨਾਮਾ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਬਾਅਦ ਵਿੱਚ ਇਨ੍ਹਾਂ ਦੋਵਾਂ ਪੁਸਤਕਾਂ ਨੂੰ *ਗੁਰੁਮਤ ਮਾਰਤੰਡ* ਨਾਮੀ ਗ੍ਰੰਥ ਵਿੱਚ ਸ਼ਾਮਿਲ ਕਰਕੇ ਇੱਕ ਨਵੇਂ ਤਰ੍ਹਾਂ ਦੇ ਗ੍ਰੰਥ ਦੀ ਰਚਨਾ ਕੀਤੀ ਹੈ। ਇਹ ਪੁਸਤਕ ਸਿੱਖ ਵਿਆਖਿਆਕਾਰੀ, ਜਿਸ ਵਿੱਚ ਸਿਧਾਂਤ, ਇਤਿਹਾਸ ਅਤੇ ਰਹਿਤ ਨਾਲ ਸੰਬੰਧਿਤ ਵੱਖ-ਵੱਖ ਸਿਰਲੇਖਾਂ ਹੇਠਾਂ ਗੁਰਬਾਣੀ ਅਤੇ ਸਿੱਖ ਸਾਹਿਤ ਦੇ ਹਵਾਲੇ ਸ਼ਾਮਿਲ ਹਨ ਨੂੰ ਪ੍ਰਵਾਨ ਚੜਾਇਆ ਗਿਆ ਹੈ। *ਗੁਰੁਛੰਦ ਦਿਵਾਕਰ* ਸਿੱਖ ਸਾਹਿਤ ਵਿੱਚ ਵਰਤੇ ਛੰਦਾਂ ਦਾ ਕੋਸ਼ ਹੈ । *ਗੁਰੁਸ਼ਬਦਾਲੰਕਾਰ* ਪੁਸਤਕ ਵਿੱਚ ਗੁਰਬਾਣੀ ਨਾਲ ਸੰਬੰਧਿਤ ਛੰਦਾਂ ਦਾ ਵੇਰਵਾ ਦੇ ਕੇ, ਉਨ੍ਹਾਂ ਬਾਰੇ ਦੱਸਿਆ ਗਿਆ ਹੈ। ਇਹ ਪੁਸਤਕ ਛੰਦ ਸ਼ਾਸਤਰ ਬਾਰੇ ਵਿਸਥਾਰ ਸਹਿਤ ਦੱਸਦੀ ਹੈ ਅਤੇ *ਚੰਡੀ ਦੀ ਵਾਰ ਸਟੀਕ* ਗੁਰੂ ਗੋਬਿੰਦ ਸਿੰਘ ਜੀ ਨੂੰ ਦੁਰਗਾ ਦਾ ਪੂਜਾਰੀ ਦੱਸਣ ਵਾਲਿਆਂ ਲਈ ਜਵਾਬ ਵਜੋਂ ਲਿਖਿਆ ਗਿਆ ਹੈ। *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼* ਸਿੱਖ ਸਾਹਿਤ ਦੀ ਵਿਸ਼ਵਕੋਸ਼ ਕਰਕੇ ਜਾਣੀ ਜਾਣ ਵਾਲੀ ਵਡੇਰੀ ਪੁਸਤਕ ਹੈ। ਇਸ ਵਿੱਚ ਆਏ ਇੰਦਰਾਜਾਂ, ਜਿਹੜੇ ਸਿੱਖ ਫ਼ਿਲਾਸਫੀ, ਇਤਿਹਾਸ ਅਤੇ ਰਹਿਤ ਮਰਿਆਦਾ ਨਾਲ ਸੰਬੰਧਿਤ ਹਨ, ਨੂੰ ਅਧਿਐਨ ਦਾ ਭਾਗ ਬਣਾਇਆ ਹੈ ਅਤੇ ਭਾਈ ਸਾਹਿਬ ਦੀ ਵਿਆਖਿਆ ਦੇ ਕੁਝ ਨਮੂਨੇ ਦਿੱਤੇ ਗਏ ਹਨ।

ਭਾਈ ਕਾਨ੍ਹ ਸਿੰਘ ਨਾਭਾ ਦੀ ਵਿਆਖਿਆਕਾਰੀ ਦੀਆਂ ਕੁਝ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਦੇਖੀਆਂ ਜਾ ਸਕਦੀਆਂ ਹਨ:

- ਵਿਆਖਿਆਕਾਰੀ ਦੀ ਭਾਸ਼ਾ ਸਾਧ ਭਾਸ਼ਾ ਤੋਂ ਸਰਲ ਪੰਜਾਬੀ ਵਿਚ ਕੀਤੀ।
- ਉਨ੍ਹਾਂ ਦੀ ਵਿਆਖਿਆਕਾਰੀ ਗੁਰਮਤਿ ਦੇ ਸਿਧਾਂਤ ਉਤੇ ਟਿਕੀ ਹੋਈ ਹੈ। ਉਹ ਗੁਰਮਤਿ ਅਨੁਸਾਰ ਸ਼ਬਦਾਂ ਦੇ ਅਰਥ ਦੱਸਕੇ ਵਿਆਖਿਆ ਕਰਦੇ ਹਨ।
- ਉਨ੍ਹਾਂ ਨੇ ਆਪਣੀ ਵਿਆਖਿਆਕਾਰੀ ਵਿੱਚ ਸਿੱਖ ਧਰਮ ਦੇ ਮੂਲ ਸਿਧਾਂਤ ਨੂੰ ਦਰਸਾਉਂਦੀ ਵਿਆਖਿਆਕਾਰੀ ਕੀਤੀ ਹੈ।
- ਉਨ੍ਹਾਂ ਨੇ ਆਪਣੀ ਵਿਆਖਿਆਕਾਰੀ ਵਿੱਚ ਸਿੱਖਾਂ ਨੂੰ ਇੱਕ ਸੁਤੰਤਰ ਕੌਮ ਵਜੋਂ ਪੇਸ਼ ਕੀਤਾ ਗਿਆ ਹੈ।
- ਉਹ ਸ਼ਬਦ ਉਪਰ ਵੇਰਵਾ ਦਿੰਦੇ ਹਨ, ਬਾਣੀ ਸ਼ਾਮਿਲ ਕਰਨ ਸਮੇਂ ਇਹ ਧਿਆਨ ਰਖਦੇ ਹਨ ਕਿ ਇਹ ਬਾਣੀ ਕਿਸ ਮਹਲੇ ਜਾਂ ਭਗਤ ਦੀ ਹੈ। ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਮੁਤਾਬਿਕ 'ਆਸਾ ਮਹਲਾ-1' ਅਤੇ 'ਮਾਰੂ ਮਹਲਾ-1' ਆਦਿ ਸ਼ਬਦ ਵਰਤਦੇ ਹਨ ਤਾਂ ਜੋ ਬਾਣੀ ਦੇ ਰਚਨਾਕਾਰ ਬਾਰੇ ਭੁਲੇਖਾ ਨਾ ਰਹੇ।

ਅਧਿਆਇ ਚੌਥਾ ਵਿਚ **ਭਾਈ ਕਾਨ੍ਹ ਸਿੰਘ ਨਾਭਾ ਦੀ ਗੁਰਮਤਿ ਵਿਆਖਿਆਕਾਰੀ ਦਾ ਤੁਲਨਾਮਿਕ ਅਧਿਐਨ** ਕੀਤਾ ਗਿਆ ਹੈ। ਇਸ ਵਿੱਚ ਸਮਕਾਲੀ ਵਿਦਵਾਨਾਂ ਦੀ ਗੁਰਮਤਿ ਵਿਆਖਿਆਕਾਰੀ ਦਾ ਭਾਈ ਕਾਨ੍ਹ ਸਿੰਘ ਨਾਭਾ ਦੀਆਂ ਗੁਰਮਤਿ ਵਿਆਖਿਆਕਾਰੀ ਨਾਲ ਸੰਬੰਧਿਤ ਰਚਨਾਵਾਂ ਨਾਲ ਤੁਲਨਾਤਮਿਕ ਅਧਿਐਨ ਕੀਤਾ ਗਿਆ ਹੈ। ਇਸ ਵਿਚ ਪੰਡਿਤ ਤਾਰਾ ਸਿੰਘ ਨਰੋਤਮ, ਗਿਆਨੀ ਦਿੱਤ ਸਿੰਘ, ਭਾਈ ਵੀਰ ਸਿੰਘ, ਭਾਈ ਜੋਧ ਸਿੰਘ ਅਤੇ ਪ੍ਰੋ. ਪਿਆਰਾ ਸਿੰਘ ਆਦਿ ਵਿਆਖਿਆਕਾਰਾਂ ਦੀ ਵਿਆਖਿਆਕਾਰੀ ਸ਼ਾਮਲ ਹੈ। ਇਸ ਅਧਿਆਇ ਦਾ ਆਰੰਭ ਤੁਲਨਾਤਮਿਕ ਸ਼ਬਦ ਦੀ ਪਰਿਭਾਸ਼ਾ ਤੋਂ ਕੀਤਾ ਗਿਆ ਹੈ। ਦੱਸਣ ਦਾ ਯਤਨ ਕੀਤਾ ਗਿਆ ਹੈ ਕਿ ਤੁਲਨਾਤਮਿਕ ਸਾਹਿਤ ਹੈ ਕੀ ਹੈ ਕਿਸੇ ਸਾਹਿਤਿਕ ਕਿਰਤ ਨੂੰ ਦੂਸਰੀ ਰਚਨਾ ਨਾਲ ਤੁਲਨਾ

ਕਰਨ ਲਈ ਕਿਹੜੇ ਤੱਤ ਜ਼ਰੂਰੀ ਹਨ। ਇਸ ਤੋਂ ਬਾਅਦ ਵੱਖ-ਵੱਖ ਵਿਦਵਾਨਾਂ ਦੁਆਰਾ ਤੁਲਨਾਤਮਿਕ ਅਧਿਐਨ ਸ਼ਬਦ ਬਾਰੇ ਆਪਣੇ ਵਿਚਾਰ ਦਿੱਤੇ ਗਏ ਹਨ। ਇਹ ਪੱਛਮ ਦਾ ਲੰਮੇਰਾ ਸਾਹਿਤ ਹੈ, ਭਾਰਤ ਅਤੇ ਪੰਜਾਬ ਵਿਚ ਇਹ ਵਿਸ਼ਾ ਤੁਲਨਾਤਮਿਕ ਸਾਹਿਤ ਦੇ ਨਾਮ ਤੋਂ ਆਪਣੇ ਮੁਢਲੇ ਦੌਰ ਵਿਚ ਹੈ।

ਇਸ ਅਧਿਆਇ ਵਿਚ ਵੱਖ-ਵੱਖ ਵਿਆਖਿਆਕਾਰਾਂ ਦੇ ਸੰਖੇਪ ਜੀਵਨ ਬਾਰੇ ਜਾਣ ਪਛਾਣ ਦੇ ਕੇ ਉਨ੍ਹਾਂ ਦੀਆਂ ਰਚਨਾਵਾਂ ਦਾ ਵੇਰਵਾ ਦਿੱਤਾ ਗਿਆ ਹੈ, ਜਿਨ੍ਹਾਂ ਦੀ ਤੁਲਨਾ ਭਾਈ ਕਾਨ੍ਹ ਸਿੰਘ ਨਾਭਾ ਦੇ ਅਧਿਐਨ ਤੱਤਾਂ ਨਾਲ ਕੀਤੀ ਗਈ ਹੈ। ਇਸ ਅਧਿਆਇ ਵਿਚ ਸਿਰਫ਼ ਉਨ੍ਹਾਂ ਵਿਆਖਿਆਕਾਰਾਂ ਨੂੰ ਹੀ ਲਿਆ ਗਿਆ ਹੈ, ਜਿਨ੍ਹਾਂ ਨੇ ਭਾਈ ਕਾਨ੍ਹ ਸਿੰਘ ਨਾਭਾ ਵਰਗਾ ਅਧਿਐਨ ਸਿਰਜਿਆ ਹੈ।

ਪੰਡਿਤ ਤਾਰਾ ਸਿੰਘ ਨਰੋਤਮ ਜੀ ਨਿਰਮਲੇ ਵਿਦਵਾਨ ਸਨ, ਇਨ੍ਹਾਂ ਦੀ ਵਿਆਖਿਆ ਕਰਨ ਦਾ ਢੰਗ ਪੁਰਾਤਨ ਸੀ। ਵਿਆਖਿਆਕਾਰੀ ਦੀ ਭਾਸ਼ਾ ਪੁਰਾਤਨ ਹੈ, ਜਿਸਨੂੰ ਸਾਧ ਭਾਸ਼ਾ ਕਿਹਾ ਗਿਆ ਹੈ, ਉਹ ਆਪਣੀ ਵਿਆਖਿਆ ਕਰਨ ਸਮੇਂ ਉਸ ਤੇ ਵੈਦਿਕ ਰੰਗ ਚਾੜ੍ਹਦੇ ਹਨ। ਸਿੱਧੇ ਸ਼ਬਦਾਂ ਵਿਚ ਉਨ੍ਹਾਂ ਦੀ ਵਿਆਖਿਆਕਾਰੀ ਉਪਰ ਵੈਦਿਕ ਸ਼ੈਲੀ ਦੀ ਰੰਗਤ ਦੇਖੀ ਜਾ ਸਕਦੀ ਹੈ, ਜੋ ਸਾਰੇ ਨਿਰਮਲੇ ਵਿਆਖਿਆਕਾਰਾਂ ਦਾ ਸਾਂਝਾ ਲੱਛਣ ਹੈ। ਬਾਕੀ ਦੇ ਵਿਆਖਿਆਕਾਰ ਸਿੰਘ ਸਭਾਈ ਪ੍ਰਣਾਲੀ ਦੇ ਹਨ, ਇਨ੍ਹਾਂ ਦੀ ਭਾਸ਼ਾ, ਸ਼ੈਲੀ ਵਿਚ ਕਾਫ਼ੀ ਸਮਾਨਤਾਵਾਂ ਹਨ। ਇਨ੍ਹਾਂ ਸਾਰੇ ਹੀ ਵਿਆਖਿਆਕਾਰਾਂ ਦੀ ਵਿਆਖਿਆ ਵਿਚ ਮੂਲ ਰੂਪ ਵਿਚ ਸਮਾਨ ਤੱਤਾਂ ਨੂੰ ਆਧਾਰ ਬਣਾਇਆ ਗਿਆ ਹੈ, ਪਰੰਤੂ ਅੰਸ਼ਿਕ ਰੂਪ ਵਿਚ ਫ਼ਰਕ ਵੀ ਮੌਜੂਦ ਹੈ। ਭਾਈ ਸਾਹਿਬ ਦੀ ਵਿਆਖਿਆਕਾਰੀ

ਵਿਚ ਤਰਕ ਪ੍ਰਧਾਨ ਹੈ ਅਤੇ ਅਧਿਆਤਮਿਕਤਾ ਆਟੇ ਵਿੱਚ ਲੂਣ ਦੇ ਬਰਾਬਰ ਹੈ। ਉਨ੍ਹਾਂ ਦੀਆਂ ਵਿਆਖਿਆਕਾਰੀ ਦੀਆਂ ਪੁਸਤਕਾਂ ਨੂੰ ਸਿੱਖ ਰਹਿਤਨਾਮੇ ਵਜੋਂ ਪੜ੍ਹਿਆ ਜਾਂਦਾ ਹੈ। ਭਾਈ ਸਾਹਿਬ ਆਪਣੇ ਸਮਕਾਲੀ ਵਿਆਖਿਆਕਾਰਾਂ ਤੋਂ ਕਾਫ਼ੀ ਵੱਖਰੇ ਜਾਪਦੇ ਹਨ। ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਭਾਈ ਸਾਹਿਬ ਦੀ ਵਿਆਖਿਆਕਾਰੀ ਦਾ ਘੇਰਾ ਇਨ੍ਹਾਂ ਵਿਦਵਾਨਾਂ ਤੋਂ ਵੱਡਾ ਹੈ, ਇਸ ਦੀ ਉਦਾਹਰਣ ਸਾਡੇ ਸਾਹਮਣੇ *ਮਹਾਨ ਕੋਸ਼* ਦੇ ਰੂਪ ਵਿਚ ਮੌਜੂਦ ਹੈ।

ਇਸ ਪ੍ਰਕਾਰ ਤੁਲਨਾਤਮਿਕ ਅਧਿਐਨ ਰਾਹੀਂ ਭਾਈ ਕਾਨ੍ਹ ਸਿੰਘ ਨਾਭਾ ਦੀ ਵਿਆਖਿਆਕਾਰੀ ਦੀਆਂ ਵਿਸ਼ੇਸ਼ਤਾਵਾਂ ਉਘੜਵੇਂ ਰੂਪ ਵਿਚ ਸਾਹਮਣੇ ਆਉਂਦੀਆਂ ਹਨ।

- ਭਾਈ ਕਾਨ੍ਹ ਸਿੰਘ ਨਾਭਾ ਦੀ ਵਿਆਖਿਆਕਾਰੀ ਵਿੱਚ ਰਹਿਤ ਮਰਿਯਾਦਾ ਦ੍ਰਿੜ ਕਰਵਾਉਂਦੇ ਹਨ।
- ਭਾਈ ਸਾਹਿਬ ਅਰਥਾਂ ਦੀ ਵਿਆਖਿਆ ਕਰਨ ਲਈ ਫੁੱਟ ਨੋਟਾਂ ਵਿੱਚ ਜਾਂ ਸ਼ਬਦਾਰਥ ਰੂਪ ਵਿੱਚ ਕੋਸ਼ਕਾਰੀ ਸ਼ੈਲੀ ਅਨੁਸਾਰ ਵਿਆਖਿਆ ਕਰਦੇ ਹਨ।
- ਭਾਈ ਸਾਹਿਬ ਗੁਰਬਾਣੀ ਦੀ ਵਿਆਖਿਆ ਸਹਿਜ ਪ੍ਰਣਾਲੀ ਅਨੁਸਾਰ ਭਾਈ ਗੁਰਦਾਸ, ਭਾਈ ਨੰਦ ਲਾਲ ਜੀ ਜਨਮਸਾਖੀਆਂ ਅਤੇ ਸਿੱਖ ਸਾਹਿਤ ਦੀਆਂ ਹੋਰ ਪਰੰਪਰਾਵਾਂ ਨਾਲ ਪੂਰੀ ਕਰਦੇ ਹਨ।
- ਭਾਈ ਸਾਹਿਬ ਆਪਣੀ ਵਿਆਖਿਆਕਾਰੀ ਵਿੱਚ ਗੁਰਬਾਣੀ ਨੂੰ ਵੇਦਾਂਤ ਤੋਂ ਸੁਤੰਤਰ ਮੰਨ ਕੇ ਚੱਲਦੇ ਹਨ।
- ਭਾਈ ਸਾਹਿਬ ਆਪਣੀ ਗੱਲ ਸਿੱਧ ਕਰਨ ਲਈ ਲੋੜੀਂਦੇ ਇਤਿਹਾਸਕ ਹਵਾਲੇ ਵਰਤਦੇ ਹਨ ਅਤੇ ਦੂਸਰੇ ਵਿਆਖਿਆਕਾਰਾਂ ਨਾਲੋਂ ਵਿਸਥਾਰਤ ਅਰਥ ਪੇਸ਼ ਕਰਦੇ ਹਨ।

ਸਮੁੱਚੇ ਰੂਪ ਵਿਚ, ਭਾਈ ਕਾਨ੍ਹ ਸਿੰਘ ਨਾਭਾ ਸਿੱਖ ਚਿੰਤਨ ਅਤੇ ਵਿਆਖਿਆ ਦੇ ਉੱਘੇ ਵਿਦਵਾਨ ਹੋਏ ਹਨ। ਇਨ੍ਹਾਂ ਨੂੰ ਜੇਕਰ ਇਕ ਸੰਪੂਰਨ ਵਿਆਖਿਆਕਾਰ, ਸਾਹਿਤਕਾਰ ਅਤੇ ਕੋਸ਼ਕਾਰ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਭਾਈ ਸਾਹਿਬ ਨੇ ਆਪਣਾ ਜ਼ਿਆਦਾਤਰ ਸਾਹਿਤ ਸਿੱਖ ਧਰਮ ਨੂੰ ਹੀ ਸਮਰਪਿਤ ਕੀਤਾ ਹੈ। ਭਾਈ ਸਾਹਿਬ ਨੇ ਆਪਣੀਆਂ ਕਿਰਤਾਂ ਵਿਚ ਵਿਗਿਆਨਕ ਅਤੇ ਤਰਕਮਈ ਸੋਚ ਪ੍ਰਮੁੱਖ ਰੱਖਕੇ ਸਿੱਖ ਧਰਮ ਵਿਚ ਪਾਏ ਗਏ ਰਲਾਅ ਨੂੰ ਸਮਝਣ ਦਾ ਯਤਨ ਕੀਤਾ। ਇਨ੍ਹਾਂ ਨੇ ਵਿਆਖਿਆਕਾਰੀ ਕਿਸੇ ਲਾਲਚ ਜਾਂ ਪਦਵੀ ਲਈ ਨਹੀਂ ਕੀਤੀ ਸਗੋਂ ਸਿੱਖ ਧਰਮ ਦੀ ਸੱਚੀ ਸੇਵਾ ਦੇ ਮਕਸਦ ਨਾਲ ਹੀ ਸਾਰੀ ਵਿਆਖਿਆ ਕੀਤੀ ਹੈ। ਗੁਰਮਤਿ ਸਿਧਾਂਤਾਂ ਨੂੰ ਸੰਖੇਪ ਰੂਪ ਵਿਚ ਪੇਸ਼ ਕਰਨ ਵਾਲੇ ਪ੍ਰਤਿਭਾਸ਼ਾਲੀ ਸਾਹਿਤਕਾਰ, ਗੁਰਮਤਿ ਖੋਜੀ ਵਿਦਵਾਨ, ਵਿਆਖਿਆਕਾਰ, ਭਾਸ਼ਾ ਵਿਗਿਆਨੀ, ਕੋਸ਼ਕਾਰ ਅਤੇ ਸੁਚੱਜੇ ਸੰਪਾਦਕ, ਭਾਈ ਸਾਹਿਬ ਕੇਵਲ ਵਿਅਕਤੀ ਨਹੀਂ ਸਨ ਸਗੋਂ ਇਕ ਸੰਸਥਾ ਸਨ।

# ਪੁਸਤਕ ਸੂਚੀ

## ਮੂਲ ਸਰੋਤ

ਭਾਈ ਕਾਨ੍ਹ ਸਿੰਘ ਨਾਭਾ, *ਨਾਟਕ ਭਾਵਾਰਥ ਦੀਪਿਕਾ,* ਰਾਇ ਸਾਹਿਬ ਮੁਨਸ਼ੀ ਗੁਲਾਬ ਸਿੰਘ ਐਂਡ ਸਨਜ਼, ਲਾਹੌਰ, 1888.

ਭਾਈ ਕਾਨ੍ਹ ਸਿੰਘ ਨਾਭਾ, *ਜੈਮਨੀ ਅਸ਼ਵਮੇਧ,* ਦੁਰਗਾ ਪ੍ਰੈਸ, ਨਾਭਾ,1890.

ਭਾਈ ਕਾਨ੍ਹ ਸਿੰਘ ਨਾਭਾ, *ਸਮੱਸਯਾ ਪੂਰਤੀ,* ਖ਼ਾਲਸਾ ਪ੍ਰੈਸ, ਲਾਹੌਰ, 1899.

ਭਾਈ ਕਾਨ੍ਹ ਸਿੰਘ ਨਾਭਾ, *ਠੱਗ ਲੀਲਾ,* ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ, 1901.

ਭਾਈ ਕਾਨ੍ਹ ਸਿੰਘ ਨਾਭਾ, *ਟੀਕਾ ਵਿਸ਼ਨੂੰ ਪੁਰਾਨ,* ਦੁਰਗਾ ਪ੍ਰੈਸ, ਨਾਭਾ, 1902.

ਭਾਈ ਕਾਨ੍ਹ ਸਿੰਘ ਨਾਭਾ, *ਸ਼ਰਾਬ ਨਿਸ਼ੇਧ,* ਮੁਫ਼ੀਦ ਆਮ ਪ੍ਰੈਸ, ਲਾਹੌਰ, 1907.

ਭਾਈ ਕਾਨ੍ਹ ਸਿੰਘ ਨਾਭਾ, *ਗੁਰੁ ਛੰਦ ਦਿਵਾਕਰ,* ਸੁਦਰਸ਼ਨ ਪ੍ਰੈਸ, ਅੰਮ੍ਰਿਤਸਰ, 1924.

ਭਾਈ ਕਾਨ੍ਹ ਸਿੰਘ ਨਾਭਾ, *ਅਨੇਕਾਰਥ ਕੋਸ਼,* ਸੁਦਰਸ਼ਨ ਪ੍ਰੈਸ, ਅੰਮ੍ਰਿਤਸਰ, 1925.

ਭਾਈ ਕਾਨ੍ਹ ਸਿੰਘ ਨਾਭਾ, *ਰੂਪ ਦੀ ਪਿੰਗਲ,* ਭਾਈ ਗੁਰਦਿਆਲ ਸਿੰਘ, ਲਾਹੌਰ, 1925.

ਭਾਈ ਕਾਨ੍ਹ ਸਿੰਘ ਨਾਭਾ, *ਉਕਤਿ ਬਿਲਾਸ,* ਠਾਕੁਰਦਾਸ ਐਂਡ ਸਨਜ਼, ਦਿੱਲੀ, 1927.

ਭਾਈ ਕਾਨ੍ਹ ਸਿੰਘ ਨਾਭਾ, *ਨਾਮ ਮਾਲਾ ਕੋਸ਼,* ਸੁਦਰਸ਼ਨ ਪ੍ਰੈਸ, ਅੰਮ੍ਰਿਤਸਰ, 1938.

ਭਾਈ ਕਾਨ੍ਹ ਸਿੰਘ ਨਾਭਾ, *ਨਾਮ ਮਾਲਾ ਕੋਸ਼,* ਸੁਦਰਸ਼ਨ ਪ੍ਰੈਸ, ਅੰਮ੍ਰਿਤਸਰ, 1938.

ਭਾਈ ਕਾਨ੍ਹ ਸਿੰਘ ਨਾਭਾ, *ਗੁਰੁਮਤ ਮਾਰਤੰਡ,* (ਦੋ ਭਾਗ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1938.

ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦਾਲੰਕਾਰ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970.

ਭਾਈ ਕਾਨ੍ਹ ਸਿੰਘ ਨਾਭਾ, *ਗੁਰੁਮਤ ਸੁਧਾਕਰ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970.

ਭਾਈ ਕਾਨ੍ਹ ਸਿੰਘ ਨਾਭਾ, *ਗੁਰੁਮਤ ਪ੍ਰਭਾਕਰ, ਚਤਰ ਸਿੰਘ, ਭਾਈ ਜੀਵਨ ਸਿੰਘ,* ਪਬਲਿਸ਼ਰਜ਼, ਅੰਮ੍ਰਿਤਸਰ, 2005.

ਭਾਈ ਕਾਨ੍ਹ ਸਿੰਘ ਨਾਭਾ, *ਚੰਡੀ ਦੀ ਵਾਰ ਸਟੀਕ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2005.

ਭਾਈ ਕਾਨ੍ਹ ਸਿੰਘ ਨਾਭਾ, *ਰਾਜ ਧਰਮ* (1884), ਨੈਸ਼ਨਲ ਬੁੱਕ ਸ਼ਾਪ, ਦਿੱਲੀ, 2005.

ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਭਾਸ਼ਾ ਵਿਭਾਗ, ਪਟਿਆਲਾ, 2006.

ਭਾਈ ਕਾਨ੍ਹ ਸਿੰਘ ਨਾਭਾ, *ਹਮ ਹਿੰਦੂ ਨਹੀਂ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2016.

**ਗੌਣ ਸ੍ਰੋਤ**

ਅਮਰਜੀਤ ਸਿੰਘ ਢਿੱਲੋਂ (ਸੰਪਾ.), *ਟੀਕਾਕਾਰੀ, ਇਤਿਹਾਸਕਾਰੀ ਅਤੇ ਪੱਤਰਕਾਰੀ ਕੁੱਝ ਦ੍ਰਿਸ਼ਟੀਕੋਣ,* ਪੰਜਾਬੀ ਯੂਨਿਵਰਸਿਟੀ, ਪਟਿਆਲਾ, 2005.

ਅਮਰਜੀਤ ਸਿੰਘ (ਸੰਪਾ.), *ਭਾਈ ਕਾਨ੍ਹ ਸਿੰਘ ਨਾਭਾ ਇੱਕ ਅਧਿਐਨ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1982.

ਇੰਦਰਜੀਤ ਸਿੰਘ ਗੋਗੋਆਣੀ (ਸੰਪਾ.), *ਗਿਆਨੀ ਦਿੱਤੀ ਸਿੰਘ ਰਚਨਾਵਲੀ : ਧਰਮ ਤੇ ਫਲਸਫ਼ਾ,* ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2016

ਇੰਦਰਜੀਤ ਸਿੰਘ ਗੋਗੋਆਣੀ, *ਗਿਆਨੀ ਦਿੱਤ ਸਿੰਘ:ਜੀਵਨ, ਰਚਨਾ ਅਤੇ ਸਿੱਖ ਪੰਥ ਨੂੰ ਦੇਣ,* ਭਾਈ ਚਤਰ ਸਿੰਘ ਜੀਵਨ ਸਿੰਘ, ਪਬਲਿਸ਼ਰਜ਼, ਅੰਮ੍ਰਿਤਸਰ, 2010.

ਸ. ਸ. ਪਦਮ, *ਸੂਰਤ ਸਿੰਘ ਕ੍ਰਿਤ ਸਿਖਾਂ ਦੀ ਭਗਤਮਾਲਾ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2011.

ਸਤਨਾਮ ਸਿੰਘ ਸੰਧੂ, *ਸਾਹਿਤ ਦੀ ਹੋਂਦ ਵਿਧੀ,* ਪੰਜਾਬ ਹੈਰੀਟੇਜ ਪਬਲੀਕੇਸ਼ਨ, ਪਟਿਆਲਾ, 2008.

ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ,* ਰਾਸਿ 2, ਅੰਸੂ 14, ਖ਼ਾਲਸਾ ਸਮਾਚਾਰ, ਅੰਮ੍ਰਿਤਸਰ, 1963.

ਸ਼ਮਸ਼ੇਰ ਸਿੰਘ ਅਸ਼ੋਕ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ,* (ਸੰਨ 1926 ਤੋਂ 1976 ਤੱਕ) ਸਿੱਖ ਇਤਿਹਾਸ ਰੀਸਰਚ ਬੋਰਡ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਅੰਮ੍ਰਿਤਸਰ, 1982.

ਸ਼ਮਸ਼ੇਰ ਸਿੰਘ ਅਸ਼ੋਕ, *ਪੰਜਾਬ ਦੀਆਂ ਲਹਿਰਾਂ,* ਕਵਿਰਾਜ ਨਰਾਇਣ ਸਿੰਘ ਵੱਲਭ, ਨਿਆਮਤਪੁਰੀ, 1954.

ਸ਼ਮਸ਼ੇਰ ਸਿੰਘ ਅਸ਼ੋਕ, *ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ,* ਨੈਸ਼ਨਲ ਪ੍ਰਿੰਟਿੰਗ ਪ੍ਰੈਸ, ਪਟਿਆਲਾ, 1966.

ਸਰਦੂਲ ਸਿੰਘ, *ਭਾਈ ਗੁਰਦਾਸ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1961.

ਸਿਰਦਾਰ ਕਪੂਰ ਸਿੰਘ, *ਸਿੱਖ ਤੇ ਸਿੰਘ, ਰਾਜ ਕਰੇਗਾ ਖ਼ਾਲਸਾ,* (ਸੰਪਾ.), ਗੁਰਮੁਖ ਸਿੰਘ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2007.

ਸੀਹਾਂ ਉਪਲ, *ਸਾਖੀ ਮਹਲੁ ਪਹਿਲੇ ਕੀ,* (ਸੰਪਾ.) ਸ.ਸ. ਪਦਮ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਮਈ, 2014.

ਸੁਖਜੀਤ ਕੌਰ, *ਭਾਈ ਕਾਨ੍ਹ ਸਿੰਘ ਨਾਭਾ ਤੇ ਉਨ੍ਹਾਂ ਦੀਆਂ ਰਚਨਾਵਾਂ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਮਿਤੀ ਹੀਣ.

ਸੁਰਿੰਦਰ ਸਿੰਘ ਕੋਹਲੀ, ਬਚਨ ਸਿੰਘ ਮੁੰਦਰਾ,(ਸੰਪਾ.), *ਗੁਰੂ ਨਾਨਕ: ਜੀਵਨ, ਦਰਸ਼ਨ ਅਤੇ ਕਾਵਿ-ਕਲਾ,* ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1969.

ਰਤਨ ਸਿੰਘ ਜੱਗੀ, *ਪੰਜਾਬੀ ਸਾਹਿਤ ਦਾ ਇਤਿਹਾਸ,* (ਭਾਗ ਤੀਜਾ), ਪੰਜਾਬੀ ਯੂਨੀਵਰਸਿਟੀ ਪਟਿਆਲਾ, 1992.

ਸੋਹਣ ਸਿੰਘ ਸੀਤਲ, *ਸਿੱਖ ਇਤਿਹਾਸ ਦੇ ਸੋਮੇ* , ਭਾਗ ਦੂਜਾ, ਲਾਹੌਰ ਬੁਕ ਸ਼ਾਪ, ਲੁਧਿਆਣਾ, 1982.

ਗਿ. ਇੰਦਰ ਸਿੰਘ ਗਿੱਲ, (ਸੰਪਾ.), *ਗੁਰਬਿਲਾਸ ਪਾਤਸ਼ਾਹੀ ਛੇਵੀਂ,* ਜੀਵਨ ਮੰਦਰ ਪੁਸਤਕਾਲਯ, ਅੰਮ੍ਰਿਤਸਰ, 1968.

ਹਰਜਿੰਦਰ ਸਿੰਘ ਦਿਲਗੀਰ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਵੇਂ ਬਣੀ?,* ਸਿੱਖ ਇਤਿਹਾਸ ਰੀਸਰਚ ਬੋਰਡ, ਅੰਮ੍ਰਿਤਸਰ, ਅਪ੍ਰੈਲ, 2000,

ਕਰਤਾਰ ਸਿੰਘ 'ਸ੍ਰਹੱਦੀ', *ਸਿੰਘ ਸਭਾ ਲਹਿਰ ਦਾ ਸੁਨਹਿਰੀ ਤੇ ਮਹਾਨ ਪਰਉਪਕਾਰੀ ਇਤਿਹਾਸ ਅਤੇ ਕਲਿਯੁਗ ਵਿਚ ਸਤਿਯੁਗ ਵਰਤਾਉਣ ਵਾਲੇ ਅਰਸ਼ੀ ਗੁਰਮਤਿ ਸਿਧਾਂਤ,* ਖੁਦ, 1974.

ਕਰਤਾਰ ਸਿੰਘ, *ਸਿੱਖ ਇਤਿਹਾਸ (ਭਾਗ ਦੂਜਾ),* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1961.

ਕੇਸਰ ਸਿੰਘ ਛਿਬਰ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ,* (ਸੰਪਾ.) ਪ੍ਰੋ. ਪਿਆਰਾ ਸਿੰਘ ਪਦਮ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ਫ਼ਰਵਰੀ, 1997.

ਗਿਆਨ ਸਿੰਘ, *ਤਵਾਰੀਖ਼ ਗੁਰੂ ਖ਼ਾਲਸਾ (ਭਾਗ ਪਹਿਲਾ),* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1970.

ਗਿਆਨ ਸਿੰਘ, *ਨਿਰਮਲ ਪੰਥ ਪ੍ਰਦੀਪਕਾ,* ਨਿਰਮਲ ਪੰਚਾਇਤੀ ਅਖਾੜਾ, ਕਨਖਲ, 1962.

ਗੁਰਚਰਨ ਸਿੰਘ ਮਹਿਤਾ, *ਭਾਈ ਵੀਰ ਸਿੰਘ ਦੀ ਕਵਿਤਾ,* ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1972.

ਗੁਰਦੇਵ ਸਿੰਘ, (ਸੰਪਾ.), *ਉਦਾਸੀ ਸੰਪ੍ਰਦਾਇ ਅਤੇ ਸਿੱਖ ਪੰਥ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.

ਗੁਰਮੇਲ ਸਿੰਘ, (ਸੰਪਾ.), *ਗੁਰੂ ਅੰਗਦ ਦੇਵ : ਸ੍ਰੋਤ ਪੁਸਤਕ,* ਪ੍ਰੋ. ਸਾਹਿਬ ਸਿੰਘ ਗੁਰਮਤਿ ਟਰੱਸਟ, ਆਨੰਦਪੁਰ ਸਾਹਿਬ, 2006.

ਜਗਮੇਲ ਸਿੰਘ ਭਾਠੂਆਂ, *ਯੁੱਗ ਪੁਰਸ਼, ਭਾਈ ਕਾਨ੍ਹ ਸਿੰਘ ਨਾਭਾ,* ਆਰਸ਼ੀ ਪਬਲਿਸ਼ਰਜ਼, ਦਿੱਲੀ, 2007.

ਜੋਧ ਸਿੰਘ, *ਗੁਰਮਤਿ ਨਿਰਣਯ,* ਭਾਈ ਚਤਰ ਸਿੰਘ, ਜੀਵਨ ਸਿੰਘ, ਪਬਲਿਸ਼ਰਜ਼, ਅੰਮ੍ਰਿਤਸਰ, 2003.

ਪ੍ਰੋ. ਪ੍ਰੀਤਮ ਸਿੰਘ, *ਭਾਈ ਕਾਨ੍ਹ ਸਿੰਘ ਨਾਭਾ ਪਿਛੋਕੜ ਰਚਨਾ ਤੇ ਮੁਲਾਂਕਣ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1989.

ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ* , ਪੰਜਾਬੀ ਯੂਨਿਵਰਸਿਟੀ, ਪਟਿਆਲਾ, 1997.

ਤੇਜਵੰਤ ਮਾਨ, *ਭਾਈ ਕਾਨ੍ਹ ਸਿੰਘ ਨਾਭਾ,* ਮੰਗਲ ਪ੍ਰਕਾਸ਼ਨ, ਅੰਮ੍ਰਿਤਸਰ, 1996.

ਦਲਜੀਤ ਸਿੰਘ (ਐਡਮਿੰਟਨ), *ਦਰਸ਼ਨ : ਸੱਚ ਦੀ ਭਾਲ,* ਚੇਤਨਾ ਪ੍ਰਕਾਸ਼ਨ, ਲੁਧਿਆਣਾ, 2012.

ਦਲਜੀਤ ਸਿੰਘ ਖਹਿਰਾ, *ਕੋਸ਼ਕਾਰੀ ਅਤੇ ਪੰਜਾਬੀ ਕੋਸ਼ਕਾਰੀ: ਸਿਧਾਂਤਕ ਅਤੇ ਵਿਹਾਰਿਕ ਪਰਿਪੇਖ*, 2009.

ਦਰਸ਼ਨ ਸਿੰਘ, *ਭਾਈ ਗੁਰਦਾਸ ਸਿੱਖੀ ਦੇ ਪਹਿਲੇ ਵਿਆਖਿਆਕਾਰ*, ਪੰਜਾਬੀ ਯੂਨਿਵਰਸਿਟੀ, ਪਟਿਆਲਾ, 1997.

ਦਿੱਤ ਸਿੰਘ, *ਸ੍ਰੀ ਗੁਰੂ ਅਰਜਨ ਪ੍ਰਬੋਧ,* ਦਿੱਤ ਹਰੀ ਬੁੱਕ ਡਿੱਪੂ, ਅੰਮ੍ਰਿਤਸਰ, 1932.

ਦੇਵਿੰਦਰ ਸਿੰਘ ਵਿਦਿਆਰਥੀ, *ਭਾਈ ਕਾਨ੍ਹ ਸਿੰਘ ਨਾਭਾ ਜੀਵਨ ਤੇ ਰਚਨਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987.

ਰਣਧੀਰ ਸਿੰਘ, *ਪ੍ਰੇਮ ਸੁਮਾਰਗ ਗ੍ਰੰਥ ਪਾਤਿਸ਼ਾਹੀ 10* ,ਨਿਊ ਬੁੱਕ ਕੰਪਨੀ, ਜਲੰਧਰ, 1995.

ਵਰਿੰਦਰ ਸਿੰਘ, *ਪੰਜਾਬ ਦਾ ਇਤਿਹਾਸ,* ਚੇਤਨਾ ਪਬਲਿਸ਼ਰਜ਼, ਚੰਡੀਗੜ੍ਹ, 2001.

**ਕੋਸ਼**

ਹਰਿਭਜਨ ਸਿੰਘ (ਸੰਪਾ.), *ਸ੍ਰੀ ਗੁਰੂ ਗ੍ਰੰਥ ਕੋਸ਼,* ਬਲਬੀਰ ਸਿੰਘ ਸਾਹਿਤ ਕੇਂਦਰ, ਦੇਹਰਾਦੂਨ, 2008.

ਜੋਧ ਸਿੰਘ (ਮੁੱਖ ਸੰਪਾ.), *ਸਿੱਖ ਧਰਮ ਵਿਸ਼ਵਕੋਸ਼* (ਦੋ ਜਿਲਦਾਂ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008; 2013.

ਜੀ. ਐੱਸ. ਰਿਆਲ, *ਪੰਜਾਬੀ ਭਾਸ਼ਾ ਦਾ ਨਿਰੁਕਤ ਕੋਸ਼ ,* ਪੰਜਾਬੀ ਯੂਨਿਵਰਸਿਟੀ, ਪਟਿਆਲਾ, 2012.

ਕਪੂਰ ਸਿੰਘ ਘੁੰਮਣ (ਮੁੱਖ ਸੰਪਾ.), *ਪੰਜਾਬੀ ਵਿਸ਼ਵ ਕੋਸ਼,* ਭਾਸ਼ਾ ਵਿਭਾਗ, ਪਟਿਆਲਾ, 1983.

ਪ੍ਰੋ. ਪ੍ਰੀਤਮ ਸਿੰਘ, *ਪੰਜਾਬੀ ਲੇਖਕ ਕੋਸ਼,* ਯੂਨੀਸਟਾਰ ਬੁਕਸ, ਚੰਡੀਗੜ੍ਹ, 2003.

ਬ੍ਰਹਮਜਗਦੀਸ਼ ਸਿੰਘ, *ਸਾਹਿਤ ਸੰਕਲਪ ਕੋਸ਼,* ਵਾਰਸ ਸ਼ਾਹ ਫ਼ਾਊਂਡੇਸ਼ਨ, ਅੰਮ੍ਰਿਤਸਰ, 2014.

ਬਲਵੰਤ ਸਿੰਘ ਕੋਠਾਗੁਰੂ (ਸੰਪਾ.), *ਗੁਰੂ ਗਿਰਾਰਥ ਕੋਸ਼,* ਸੁਖਦੇਵ ਕੁਟੀ ਰਤਨ ਬਾਗ, ਕਨਖਲ, ਹਰਿਦੁਆਰ, 2012.

ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵਕੋਸ਼,* (ਦੋ ਜਿਲਦਾਂ), ਪੰਜਾਬੀ ਯੂਨਿਵਰਸਿਟੀ, ਪਟਿਆਲਾ, 2002.

ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼* , (ਦੋ ਜਿਲਦਾਂ), ਗੁਰ ਰਤਨ, ਪਬਲਿਸ਼ਰਜ਼, ਪਟਿਆਲਾ, 2005.

## ਅੰਗਰੇਜ਼ੀ ਕੋਸ਼

*Webster Dictionary of the English Language* (College edition), Surjeet Publications, New Delhi, 1979.

## ਪੱਤ੍ਰਿਕਾਵਾਂ

ਗੁਰਚਰਨ ਸਿੰਘ ਨੰਦਾ (ਸੰਪਾ), *ਆਲੋਚਨਾ*, ਜੁਲਾਈ-ਸਤੰਬਰ 1986.

ਤਾਰਨ ਸਿੰਘ (ਸੰਪਾ.), *ਨਾਨਕ ਪ੍ਰਕਾਸ਼ ਪਤ੍ਰਿਕਾ*, 1985.

## ਪ੍ਰੋਸੀਡਿੰਗਜ਼

ਧਨਵੰਤ ਕੌਰ (ਸੰਪਾ.), *ਪੰਜਾਬੀ ਟੀਕਾਕਾਰੀ ਦੀਆਂ ਪ੍ਰਮੁੱਖ ਪ੍ਰਵਿਰਤੀਆਂ, ਤੀਜੀ ਪੰਜਾਬੀ ਵਿਕਾਸ ਕਾਨਫ਼ਰੰਸ* , ਪੰਜਾਬੀ ਯੂਨੀਵਰਸਿਟੀ, ਪਟਿਆਲਾ, 2015.

ਪ੍ਰੋਸੀਡਿੰਗਜ਼ ਨੈਸ਼ਨਲ ਸੈਮੀਨਾਰ, *ਭਾਈ ਕਾਨ੍ਹ ਸਿੰਘ ਨਾਭਾ ਦਾ ਸਿੱਖ ਧਰਮ ਅਧਿਐਨ ਲਈ ਯੋਗਦਾਨ*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਮਾਰਚ 2011.

ਬਲਵੰਤ ਸਿੰਘ ਢਿੱਲੋਂ, (ਸੰਪਾ.), *ਨੈਸ਼ਨਲ ਸੈਮੀਨਾਰ ਆਨ ਐਕਸੇਜੈਸਿਸ ਆਫ਼ ਸ੍ਰੀ ਗੁਰੂ ਗ੍ਰੰਥ ਸਾਹਿਬ: ਨੇਚਰ ਐਂਡ ਮੈਥਡੋਲਾਜੀ* , ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2012.

**ਟੀਕੇ**

ਕ੍ਰਿਪਾਲ ਸਿੰਘ, *ਸੰਪਰਦਾਈ ਟੀਕਾ ਸ੍ਰੀ ਅਮੀਰ ਭੰਡਾਰ,* ਭਾਈ ਚਤਰ ਸਿੰਘ, ਜੀਵਨ ਸਿੰਘ,ਅੰਮ੍ਰਿਤਸਰ, 2013.

ਰਤਨ ਸਿੰਘ ਜੱਗੀ, *ਭਾਵ ਪ੍ਰਬੋਧਨੀ ਟੀਕਾ: ਸ੍ਰੀ ਗੁਰੂ ਗ੍ਰੰਥ ਸਾਹਿਬ ,* ਪੰਜਾਬੀ ਯੂਨਿਵਰਸਿਟੀ, ਪਟਿਆਲਾ, 2014.

# ਭਾਈ ਕਾਨ੍ਹ ਸਿੰਘ ਨਾਭਾ ਦਾ ਗੁਰਮਤਿ ਵਿਆਖਿਆਕਾਰੀ ਵਿੱਚ ਯੋਗਦਾਨ

*ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ*

*ਸਮਾਜ ਵਿਗਿਆਨ ਫ਼ੈਕਲਟੀ ਅਧੀਨ ਧਰਮ ਅਧਿਐਨ ਵਿਭਾਗ ਵਿਚ*

*ਪੀਐਚ.ਡੀ. ਦੀ ਡਿਗਰੀ ਲਈ ਪ੍ਰਸਤੁਤ*

**ਖੋਜ-ਪ੍ਰਬੰਧ**

**2018**


*ਨਿਗਰਾਨ* :

ਡਾ.ਜਸਪ੍ਰੀਤ ਕੌਰ ਸੰਧੂ

ਪ੍ਰੋਫ਼ੈਸਰ,

ਸਿੱਖ ਵਿਸ਼ਵਕੋਸ਼ ਵਿਭਾਗ,

ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਖੋਜਾਰਥੀ:**

ਅਜੈ ਸਿੰਘ



**ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ,**

**ਪੰਜਾਬੀ ਯੂਨੀਵਰਸਿਟੀ, ਪਟਿਆਲਾ**

## ਸਾਰ ਅਤੇ ਸਥਾਪਨਾਵਾਂ

ਭਾਈ ਕਾਨ੍ਹ ਸਿੰਘ ਨਾਭਾ ਸਿੱਖ ਜਗਤ ਦੀ ਜਾਣੀ-ਪਛਾਣੀ ਹਸਤੀ ਸਨ। ਸਿੱਖ ਧਰਮ ਦੀ ਵਿਚਾਰਧਾਰਾ ਅਤੇ ਸਿੱਖ ਸਾਹਿਤ ਵਿਚ ਭਾਈ ਸਾਹਿਬ ਨੇ ਆਪਣਾ ਯੋਗਦਾਨ, ਤਨ, ਮਨ ਨਾਲ ਪਾਇਆ ਹੈ। ਇਹ ਇੱਕ ਸੁਚੱਜੇ ਇਨਸਾਨ ਸਨ, ਜਿਨ੍ਹਾਂ ਨੂੰ ਆਪਣੀ ਕੌਮ ਪ੍ਰਤੀ ਅਥਾ ਪ੍ਰੇਮ ਸੀ। ਭਾਈ ਸਾਹਿਬ ਨੂੰ ਪੜ੍ਹਨ-ਲਿਖਣ ਦਾ ਸ਼ੋਕ ਬੱਚਪਨ ਤੋਂ ਹੀ ਸੀ ਅਤੇ ਇਸ ਸਮੇਂ ਦੌਰਾਨ ਹੀ ਇਨ੍ਹਾਂ ਨੂੰ ਲਿਖਣ ਦੀ ਚਿਣਗ ਵੀ ਲੱਗ ਗਈ ਸੀ। ਪਹਿਲਾਂ-ਪਹਿਲ ਇਨ੍ਹਾਂ ਨੇ ਹਿੰਦੀ ਵਿੱਚ ਹੀ ਆਪਣੀ ਰਚਨਾਵਾਂ ਰਚੀਆਂ, ਪਰੰਤੂ ਬਾਅਦ ਵਿੱਚ ਇਨ੍ਹਾਂ ਦਾ ਝੁਕਾਅ ਪੰਜਾਬੀ ਵਿੱਚ ਸਾਹਿਤ ਰਚਣ ਵਿੱਚ ਹੀ ਰਿਹਾ। ਇਨ੍ਹਾਂ ਨੂੰ ਦੇਖ ਕੇ ਕੁਝ ਹੋਰ ਸਾਹਿਤਕਾਰ ਵੀ ਆਪਣੀ ਰਚਨਾ ਪੰਜਾਬੀ ਭਾਸ਼ਾ ਵਿਚ ਕਰਨ ਲਗ ਪਏ।

ਭਾਈ ਸਾਹਿਬ ਆਪਣੇ ਧਰਮ ਨੂੰ ਪੂਰੀ ਦੁਨੀਆਂ ਦੇ ਧਰਮਾਂ ਵਿਚ ਅਕਾਦਮਿਕ ਤੌਰ 'ਤੇ ਸਥਾਪਿਤ ਕਰਨ ਦੇ ਚਾਹਵਾਨ ਸਨ। ਇਨ੍ਹਾਂ ਨੇ ਆਪਣੀ ਰਚਨਾਵਾਂ ਦਾ ਸਾਰਾ ਤਾਣਾ-ਬਾਣਾ ਇਸੇ ਵਿਉਂਤ ਨੂੰ ਨੇਪਰੇ ਚਾੜ੍ਹਨ ਲਈ ਬੁਣਿਆ। ਗੁਰੂ ਸਾਹਿਬਾਨਾਂ ਦੇ ਚਲਾਏ ਧਰਮ ਵਿੱਚ ਸਮੇਂ ਦੇ ਨਾਲ ਕਾਫ਼ੀ ਤਰ੍ਹਾਂ ਦੇ ਵਹਿਮ-ਭਰਮ, ਹਿੰਦੂ ਮੱਤ ਅਨੁਸਾਰ ਮੂਰਤੀ ਪੂਜਾ ਕਰਨੀ, ਜਾਤ-ਪਾਤ ਆਦਿ ਕੁਰੀਤੀਆਂ ਵੱਧਣ ਲੱਗ ਪਈਆਂ ਸਨ। ਭਾਈ ਸਾਹਿਬ ਸਿੱਖ ਧਰਮ ਦੀ ਮੂਲ ਭਾਵਨਾ ਦਾ ਪ੍ਰਚਾਰ ਅਤੇ ਪ੍ਰਸਾਰ ਕਰਕੇ ਇਸ ਤਰ੍ਹਾਂ ਦੇ ਰਲਾਅ ਨੂੰ ਘੱਟ ਕਰਨ ਜਾਂ ਖ਼ਤਮ ਕਰਨ ਦਾ ਯਤਨ ਲਗਾਤਾਰ ਆਪਣੀਆਂ ਰਚਨਾਵਾਂ ਦੁਆਰਾ ਕਰ ਰਹੇ ਸਨ, ਜਿਸ ਵਿਚ ਇਨ੍ਹਾਂ ਨੂੰ ਸਫ਼ਲਤਾ ਵੀ ਪ੍ਰਾਪਤ ਹੋਈ ਸੀ। ਗੁਰਮਤਿ ਸਾਹਿਤ ਦੀ ਸਾਂਭ-ਸੰਭਾਲ ਅਤੇ ਵਿਆਖਿਆਕਾਰੀ ਦਾ ਜੋ ਕੰਮ ਭਾਈ

ਸਾਹਿਬ ਨੇ ਕੀਤਾ, ਉਹ ਆਪਣੇ ਆਪ ਵਿੱਚ ਇਕ ਮਿਸਾਲ ਹੈ। ਇਨ੍ਹਾਂ ਦੀਆਂ ਲਿਖਤਾਂ ਨਾਲ ਗੁਰਮਤਿ ਦਾ ਮਨਮਤ ਨਾਲੋਂ ਨਿਖੇੜਾ ਹੋਇਆ।

ਹਥਲਾ **ਖੋਜ-ਕਾਰਜ ਭਾਈ ਕਾਨ੍ਹ ਸਿੰਘ ਨਾਭਾ ਦਾ ਗੁਰਮਤਿ ਵਿਆਖਿਆਕਾਰੀ ਵਿਚ ਯੋਗਦਾਨ** ਵਿਸ਼ੇ ਤੇ ਹੈ। ਇਸ ਖੋਜ ਕਾਰਜ ਨੂੰ ਚਾਰ ਅਧਿਆਇਆਂ ਵਿਚ ਵੰਡਿਆ ਗਿਆ ਹੈ। ਇਨ੍ਹਾਂ ਦਾ ਸੰਖੇਪ ਵੇਰਵਾ ਹੇਠ ਲਿਖੇ ਅਨੁਸਾਰ ਹੈ :

ਅਧਿਆਇ ਪਹਿਲਾ ਵਿਚ **ਭਾਈ ਕਾਨ੍ਹ ਸਿੰਘ ਨਾਭਾ ਦਾ ਜੀਵਨ ਅਤੇ ਰਚਨਾ** ਬ੍ਰਿਤਾਂਤ ਪੇਸ਼ ਕੀਤਾ ਹੈ ਅਤੇ ਇਨ੍ਹਾਂ ਦੀਆਂ ਸਮੁੱਚੀਆਂ ਰਚਨਾਵਾਂ ਦੀ ਜਾਣਕਾਰੀ ਦਿੱਤੀ ਗਈ ਹੈ। ਅਧਿਆਇ ਦਾ ਆਰੰਭ ਭਾਈ ਕਾਨ੍ਹ ਸਿੰਘ ਨਾਭਾ ਦੇ ਜਨਮ ਤੋਂ ਪਹਿਲਾਂ ਦੇ ਹਾਲਾਤ ਤੋਂ ਸ਼ੁਰੂ ਕੀਤਾ ਗਿਆ ਹੈ। ਕਿਹਾ ਜਾਂਦਾ ਹੈ ਕਿ ਹਰ ਵਿਅਕਤੀ ਦੀ ਜ਼ਿੰਦਗੀ ਵਿੱਚ ਉਸਦੇ ਸਮਕਾਲੀ ਹਾਲਾਤ ਦਾ ਬੜਾ ਪ੍ਰਭਾਵ ਪੈਂਦਾ ਹੈ ਅਤੇ ਭਾਈ ਕਾਨ੍ਹ ਸਿੰਘ ਨਾਭਾ ਦੇ ਜੀਵਨ ਤੇ ਵੀ ਇਨ੍ਹਾਂ ਹਾਲਾਤ ਨੇ ਗਹਿਰਾ ਪ੍ਰਭਾਵ ਪਾਇਆ ਸੀ।

ਭਾਈ ਸਾਹਿਬ ਦੇ ਬਚਪਨ, ਵਿੱਦਿਆ ਪ੍ਰਾਪਤੀ, ਵਿਆਹ ਤੋਂ ਲੈ ਕੇ ਸਮੁਚੇ ਜੀਵਨ ਦਾ ਜ਼ਿਕਰ ਕੀਤਾ ਗਿਆ ਹੈ। ਭਾਈ ਕਾਨ੍ਹ ਸਿੰਘ ਨਾਭਾ ਦਾ ਜੱਦੀ ਪਿੰਡ ਪਿੱਥੋ ਸੀ। ਇਨ੍ਹਾਂ ਦਾ ਜਨਮ ਨਾਨਕੇ ਪਿੰਡ ਸਬਜ ਬਨੇਰਾ ਵਿਖੇ ਹੋਇਆ। ਛੋਟੀ ਉਮਰੇ ਹੀ ਵਿੱਦਿਆ ਪ੍ਰਾਪਤੀ ਦੇ ਯਤਨ ਆਰੰਭ ਕਰ ਦਿੱਤੇ ਗਏ ਅਤੇ ਦੇਖਦੇ ਹੀ ਦੇਖਦੇ ਇਹ ਹਿੰਦੀ, ਪੰਜਾਬੀ, ਸੰਸਕ੍ਰਿਤ, ਅਰਬੀ, ਫ਼ਾਰਸੀ ਅਤੇ ਅੰਗਰੇਜ਼ੀ ਭਾਸ਼ਾਵਾਂ ਦਾ ਗਿਆਨ ਹਾਸਿਲ ਕਰ ਲਿਆ। ਇਸ ਤੋਂ ਇਲਾਵਾ ਇਨ੍ਹਾਂ ਦੀ ਘਰ ਵਾਪਸੀ ਅਤੇ ਵਿਆਹ ਦਾ ਜ਼ਿਕਰ ਕੀਤਾ ਗਿਆ ਹੈ। ਭਾਈ ਸਾਹਿਬ ਦੀ ਮੁਲਾਜ਼ਮਤ ਦਾ ਹਾਲ ਬਿਆਨ

ਕੀਤਾ ਗਿਆ ਹੈ ਅਤੇ ਸਮਾਜਿਕ ਅਤੇ ਰਾਜਨੀਤਿਕ ਖੇਤਰ ਵਿੱਚ ਵੀ ਉਨ੍ਹਾਂ ਦਾ ਯੋਗਦਾਨ ਦਰਸਾਇਆ ਗਿਆ ਹੈ।

ਰਚਨਾਵਾਂ ਦਾ ਸੰਖੇਪ ਵੇਰਵਾ ਇਸ ਅਧਿਆਇ ਵਿੱਚ ਦਿੱਤਾ ਹੈ। ਇਨ੍ਹਾਂ ਦੀਆਂ ਪ੍ਰਮੁੱਖ ਰਚਨਾਵਾਂ *ਰਾਜ ਧਰਮ, ਨਾਟਕ ਭਾਵਾਰਥ ਦੀਪਿਕਾ, ਹਮ ਹਿੰਦੂ ਨਹੀਂ, ਗੁਰੁਮਤ ਪ੍ਰਭਾਕਰ, ਗੁਰੁਮਤ ਸੁਧਾਕਰ, ਟੀਕਾ ਜੈਮਿਨੀ ਅਸ਼ਵਮੇਧ, ਗੁਰ ਗਿਰਾ ਕਸੌਟੀ, ਸਮੱਸਿਆ ਪੂਰਤੀ, ਟੀਕਾ ਵਿਸ਼ਨੂੰ ਪੁਰਾਣ, ਪਹਾੜ ਯਾਤਰਾ, ਵਲਾਇਤ ਯਾਤਰਾ, ਸ਼ਰਾਬ ਨਿਸ਼ੇਧ, ਰੂਪਦੀਪ ਪਿੰਗਲ, ਅਨੇਕਾਰਥ ਕੋਸ਼, ਨਾਮ ਮਾਲਾ ਕੋਸ਼, ਠਗ ਲੀਲਾ, ਗੁਰੁਸ਼ਬਦ ਅਲੰਕਾਰ, ਇਤਿਹਾਸ ਬਾਗੜੀਆਂ, ਗੁਰਛੰਦ ਦਿਵਾਕਰ, ਗੁਰੁਮਤ ਮਾਰਤੰਡ ਅਤੇ ਗੁਰੁਸ਼ਬਦ ਰਤਨਾਕਰ ਮਹਾਨ ਕੋਸ਼ ਆਦਿ ਦਾ* ਵੇਰਵਾ ਦਿੱਤਾ ਗਿਆ ਹੈ। ਉਸ ਸਮੇਂ ਸਿੰਘ ਸਭਾ ਲਹਿਰ ਦਾ ਜ਼ੋਰ ਹੋਣ ਕਰਕੇ ਸਿੱਖਾਂ ਵਿੱਚ, ਸਿੱਖ ਇਕ ਵੱਖਰੀ ਕੌਮ ਦੀ ਹੋਂਦ ਦਾ ਸਵਾਲ ਘਰ ਕਰ ਚੁੱਕਾ ਸੀ। ਭਾਈ ਸਾਹਿਬ ਨੇ ਸਮਕਾਲੀ ਹਾਲਾਤ ਵਿੱਚ ਸਿੰਘ ਸਭਾ ਲਹਿਰ ਦੇ ਆਸ਼ਿਆਂ ਅਨੁਸਾਰ ਸਾਹਿਤ ਰਚਿਆ, ਜਿਹੜਾ ਸਿੱਖਾਂ ਦੀ ਨਿਵੇਕਲੀ ਹਸਤੀ ਨਾਲ ਜੁੜਿਆ ਹੋਇਆ ਹੈ। ਇਸ ਅਧਿਆਇ ਵਿੱਚ ਇਨ੍ਹਾਂ ਦੀਆਂ ਰਚਨਾਵਾਂ ਦੇ ਪਿਛੋਕੜ ਵਿੱਚ ਕਾਰਜਸ਼ੀਲ ਲਹਿਰਾਂ ਅਤੇ ਉਨ੍ਹਾਂ ਦੇ ਸਾਹਿਤ ਦੀਆਂ ਵੰਨਗੀਆਂ ਦੇ ਰੂਪ ਵਿੱਚ ਉਨ੍ਹਾਂ ਦੀਆਂ ਰਚਨਾਵਾਂ ਦੀ ਚਰਚਾ ਕੀਤੀ ਗਈ ਹੈ।

ਆਧਿਆਇ ਦੂਜਾ **ਗੁਰਮਤਿ ਵਿਆਖਿਆਕਾਰੀ ਪਰੰਪਰਾ** ਵਿਚ ਵਿਆਖਿਆਕਾਰੀ ਦੇ ਅਰਥ, ਵਿਆਖਿਆਕਾਰੀ ਦੀ ਵਿਆਖਿਆ, ਗੁਰਮਤਿ ਵਿਆਖਿਆਕਾਰੀ, ਵਿਆਖਿਆਕਾਰੀ ਪਰੰਪਰਾ ਅਤੇ ਗੁਰਮਤਿ ਵਿਆਖਿਆਕਾਰੀ ਪਰੰਪਰਾ ਆਦਿ ਭਾਗਾਂ ਵਿਚ ਵੰਡਿਆ ਗਿਆ ਹੈ। ਅਧਿਆਇ ਦੇ ਪਹਿਲੇ ਹਿੱਸੇ ਵਿਚ ਵਿਆਖਿਆਕਾਰੀ ਕੀ ਹੈ ਬਾਰੇ ਦੱਸਿਆ ਗਿਆ ਹੈ। ਇਹ ਦੱਸਣ

ਦਾ ਯਤਨ ਕੀਤਾ ਗਿਆ ਹੈ ਕਿ ਵਿਆਖਿਆਕਾਰੀ ਦਾ ਅਰਥ ਕਹਿਣਾ ਜਾਂ ਕਥਨ ਕਰਨਾ, ਬਿਆਨ ਕਰਨਾ, ਦੱਸਣਾ, ਬੋਲਣਾ, ਪ੍ਰਗਟਾਉਣਾ ਹੈ। ਜੋ ਮਹਿਸੂਸ ਕੀਤਾ ਜਾਂਦਾ ਹੈ ਜਾਂ ਸੋਚਿਆ ਜਾਂਦਾ ਹੈ। ਉਸਨੂੰ ਬੋਲ ਕੇ ਪ੍ਰਗਟਾਇਆ ਜਾਂਦਾ ਹੈ, ਇਸ ਤੋਂ ਬਾਅਦ ਸ਼ਬਦ ਪਰਿਭਾਸ਼ਾ ਵੱਖ-ਵੱਖ ਵਿਦਵਾਨਾਂ ਦੇ ਕਥਨ ਅਨੁਸਾਰ ਕੀਤੀ ਗਈ ਹੈ। ਮੁੱਢਲੇ ਰੂਪ ਵਿਚ ਕਿਸੇ ਪਾਠ ਜਾਂ ਸਾਹਿਤਕ ਕ੍ਰਿਤ ਦੇ ਅਰਥਾਂ ਨੂੰ ਸਪੱਸ਼ਟ ਜਾਂ ਨਿਰਧਾਰਿਤ ਕਰਨ ਦੇ ਕਾਰਜ ਨੂੰ ਵਿਆਖਿਆਕਾਰੀ ਕਿਹਾ ਜਾਂਦਾ ਹੈ। ਇਸ ਦੀਆਂ ਵਿਦਵਾਨਾਂ ਵੱਲੋਂ ਵੱਖ-ਵੱਖ ਪਰਿਭਾਸ਼ਾਵਾਂ ਦਿੱਤੀਆਂ ਗਈਆਂ ਹਨ।

ਅਧਿਆਇ ਦੇ ਅਗਲੇ ਭਾਗ ਵਿੱਚ ਗੁਰਮਤਿ ਵਿਆਖਿਆਕਾਰੀ ਬਾਰੇ ਸੰਖੇਪ ਵਿਚ ਦੱਸਣ ਦਾ ਯਤਨ ਕੀਤਾ ਗਿਆ ਹੈ। ਗੁਰਬਾਣੀ ਦੀ ਵਿਆਖਿਆਕਾਰੀ ਨੂੰ ਹੀ ਗੁਰਮਤਿ ਵਿਆਖਿਆਕਾਰੀ ਕਿਹਾ ਜਾਂਦਾ ਹੈ, ਕਿਉਂਕਿ ਗੁਰਬਾਣੀ ਰਾਹੀਂ ਹੀ ਗੁਰੂ ਸਾਹਿਬਾਨਾਂ ਨੇ ਆਪਣਾ ਉਪਦੇਸ਼ ਦੁਨੀਆਂ ਨੂੰ ਦਿੱਤਾ ਹੈ। ਗੁਰੂ ਸਾਹਿਬਾਨ ਦੁਆਰਾ ਦਰਸਾਏ ਮਤ ਉਪਦੇਸ਼, ਸਿਧਾਂਤ ਨੂੰ ਗੁਰੂ ਸਾਹਿਬਾਨ ਦੇ ਹਵਾਲੇ ਨਾਲ ਖੋਲ੍ਹ ਕੇ ਸਮਝਾਉਣਾ ਹੀ ਗੁਰਮਤਿ ਵਿਆਖਿਆਕਾਰੀ ਹੈ। ਅਧਿਆਇ ਦੇ ਤੀਸਰੇ ਭਾਗ ਵਿਚ ਗੁਰਮਤਿ ਵਿਆਖਿਆਕਾਰੀ ਨੂੰ ਕਾਲ ਵੰਡ ਅਨੁਸਾਰ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ ਜੋ ਗੁਰੂ ਕਾਲ ਦੀ ਗੁਰਮਤਿ ਵਿਆਖਿਆਕਾਰੀ (1469-1700), ਉਤਰ ਗੁਰੂ ਕਾਲ ਦੀ ਗੁਰਮਤਿ ਵਿਆਖਿਆਕਾਰੀ (1700-1900) ਅਤੇ ਆਧੁਨਿਕ ਕਾਲ ਦੀ ਗੁਰਮਤਿ ਵਿਆਖਿਆਕਾਰੀ (1900-2000) ਹਨ।

ਅੱਗੇ ਇਨ੍ਹਾਂ ਦੀ ਕਾਲ ਵੰਡ ਅਨੁਸਾਰ ਕਿਹੜੀਆਂ-ਕਿਹੜੀਆਂ ਪ੍ਰਣਾਲੀਆਂ ਕਾਰਜ ਕਰਦੀਆਂ ਰਹੀਆਂ ਦਾ ਵਿਸਤਾਰ ਸਹਿਤ ਵਰਣਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਇਨ੍ਹਾਂ

ਪ੍ਰਣਾਲੀਆਂ ਦੇ ਸਿਧਾਂਤਾਂ, ਭਾਸ਼ਾ ਆਦਿ ਵਿਚ ਕੀ ਅੰਤਰ ਹੈ। ਹਰ ਪ੍ਰਣਾਲੀ ਦੀਆਂ ਵਿਸ਼ੇਸ਼ਤਾਵਾਂ ਵੀ ਦੱਸੀਆਂ ਗਈਆਂ ਹਨ।

**ਭਾਈ ਕਾਨ੍ਹ ਸਿੰਘ ਨਾਭਾ ਦੀ** ਵਿਆਖਿਆਕਾਰੀ ਦੇ ਪ੍ਰਮੁੱਖ ਸਿੱਧਾਂਤਕ ਆਧਾਰ ਇਸ ਪ੍ਰਕਾਰ ਦੇਖੇ ਜਾ ਸਕਦੇ ਹਨ:

- ਵਿਆਖਿਆਕਾਰੀ ਤਰਕਮਈ ਅਤੇ ਵਿਗਿਆਨਕ ਆਧਾਰ ਤੇ ਕੀਤੀ ਗਈ।
- ਸਮੁੱਚੀ ਗੁਰਬਾਣੀ ਅਨੁਸਾਰ ਹਰ ਤੁਕ ਦਾ ਸਹੀ ਇਕ ਹੀ ਅਰਥ ਮੰਨਿਆ ਅਤੇ ਨਿਸ਼ਚਤ ਕੀਤਾ ਗਿਆ।
- ਗੁਰਬਾਣੀ ਵਿੱਚੋਂ ਸਮਾਜ, ਸਭਿਆਚਾਰ, ਵਿਦਿਆ, ਸਾਹਿਤ ਦੇ ਸਿਧਾਂਤ ਲੱਭੇ ਹਨ।
- ਵਿਆਖਿਆਕਾਰੀ ਦੌਰਾਨ ਸ਼ਬਦ ਅਰਥ ਦੇਣ ਲੱਗੇ ਵਿਆਕਰਨ ਅਤੇ ਨਿਰੁਕਤੀ ਨੂੰ ਅਧਾਰ ਬਣਾਇਆ।
- ਇਕਲੌਤੀ ਤੁਕ ਦੀ ਬਜਾਏ ਵਿਆਖਿਆਕਾਰੀ ਸਮੁੱਚੇ ਸ਼ਬਦ, ਪਉੜੀ, ਸਲੋਕ, ਅਸ਼ਟਪਦੀ ਜਾਂ ਰਚਨਾ ਦੇ ਕੇਂਦਰੀ ਭਾਵ ਨੂੰ ਧਿਆਨ ਵਿਚ ਰੱਖਦੇ ਹੋਏ ਕੀਤੀ।
- ਵੇਦ ਮੁਖੀ ਵਿਆਖਿਆਕਾਰੀ ਨੂੰ ਨਕਾਰਦੇ ਹੋਏ ਗੁਰਮਤਿ ਵਿਆਖਿਆਕਾਰੀ ਦਾ ਪ੍ਰਚਲਣ ਕੀਤਾ।
- ਸੁਚੱਜੀ ਜੀਵਨ-ਜਾਚ ਦਾ ਸੰਦੇਸ਼ ਕੇਂਦਰੀ ਵਿਸ਼ਾ ਬਣਾਇਆ।
- ਵਿਆਖਿਆਕਾਰੀ ਵਿੱਚੋਂ ਸ੍ਵੈ-ਵਿਰੋਧ ਖ਼ਤਮ ਕੀਤਾ।
- ਵਿਆਖਿਆਕਾਰੀ ਦੌਰਾਨ ਸਾਖੀਆਂ ਅਤੇ ਪੌਰਾਣਿਕ ਕਥਾਵਾਂ ਦੇਣ ਦੀ ਪ੍ਰਚਲਣ ਖ਼ਤਮ ਕੀਤਾ।

ਅਧਿਆਇ ਤੀਸਰਾ ਵਿੱਚ **ਭਾਈ ਕਾਨ੍ਹ ਸਿੰਘ ਨਾਭਾ ਗੁਰਮਤਿ ਵਿਆਖਿਆਕਾਰੀ ਵਿਚ ਯੋਗਦਾਨ** ਹੈ। ਇਸ ਅਧਿਆਇ ਵਿਚ ਭਾਈ ਕਾਨ੍ਹ ਸਿੰਘ ਨਾਭਾ ਦੀਆਂ ਗੁਰਮਤਿ ਵਿਆਖਿਆਕਾਰੀ ਨਾਲ ਸੰਬੰਧਿਤ ਰਚਨਾਵਾਂ ਦਾ ਵਿਸਥਾਰ ਸਹਿਤ ਵਰਣਨ ਕੀਤਾ ਗਿਆ ਹੈ। ਗੁਰਮਤਿ ਵਿਆਖਿਆਕਾਰੀ ਨਾਲ ਸੰਬੰਧਿਤ ਰਚਨਾਵਾਂ, *ਹਮ ਹਿੰਦੂ ਨਹੀ, ਗੁਰੁਮਤ ਪ੍ਰਭਾਕਰ, ਗੁਰੁਮਤ ਸੁਧਾਕਰ, ਗੁਰੁਮਤ ਮਾਰਤੰਡ, ਗੁਰੁਛੰਦ ਦਿਵਾਕਰ, ਚੰਡੀ ਦੀ ਵਾਰ ਸਟੀਕ, ਅਤੇ ਗੁਰੁਸ਼ਬਦ ਰਤਨਾਕਰ ਮਹਾਨ ਕੋਸ਼* ਆਦਿ ਸ਼ਾਮਿਲ ਹਨ। ਇਨ੍ਹਾਂ ਪੁਸਤਕਾਂ ਦਾ ਵਿਸ਼ਾ ਵਸਤੂ, ਜਿਹੜਾ ਕਿ ਵਿਸ਼ੇਸ਼ ਤੌਰ 'ਤੇ ਸਿੱਖਾਂ ਦੇ ਨਿਆਰੇਪਣ ਨਾਲ ਸੰਬੰਧਿਤ ਹੈ, ਵਿਸਥਾਰ ਸਹਿਤ ਵਿਚਾਰਿਆ ਗਿਆ ਹੈ। ਪੁਸਤਕਾਂ ਦਾ ਵਿਸਤਾਰ ਸਹਿਤ ਵਰਣਨ ਕੀਤਾ ਗਿਆ ਹੈ। ਅਧਿਆਇ ਨੂੰ ਵਿਆਖਿਆਕਾਰੀ ਦੀ ਪਰਿਭਾਸ਼ਾ ਤੋਂ ਸ਼ੁਰੂ ਕੀਤਾ ਗਿਆ ਹੈ ਤੇ ਪਿੱਛੋਂ ਹਰ ਇਕ ਰਚਨਾ ਦੀ ਵਿਆਖਿਆਕਾਰੀ ਦੇ ਲੱਛਣਾਂ ਨੂੰ ਉਨ੍ਹਾਂ ਦੇ ਪ੍ਰਕਾਸ਼ਨਾ ਸਾਲ ਅਨੁਸਾਰ ਦੇ ਕੇ ਸਪਸ਼ਟ ਕੀਤਾ ਗਿਆ ਹੈ। ਇਨ੍ਹਾਂ ਪੁਸਤਕਾਂ ਦਾ ਵਿਸ਼ਾ-ਵਸਤੂ ਜਿਹੜਾ ਕਿ ਸਿੱਖਾਂ ਦੇ ਵੱਖਰੇਪਣ ਨੂੰ ਦੱਸਦਾ ਹੈ, ਦਾ ਵਿਸਥਾਰ ਸਹਿਤ ਵਰਣਨ ਕੀਤਾ ਗਿਆ ਹੈ।

*ਹਮ ਹਿੰਦੂ ਨਹੀਂ* ਪੁਸਤਕ ਲਿਖਣ ਦੇ ਮਨੋਰਥ ਬਾਰੇ ਦੱਸਣ ਤੋਂ ਬਾਅਦ ਪੁਸਤਕ ਦਾ ਵਿਸ਼ਾ-ਵਸਤੂ ਦੱਸਿਆ ਗਿਆ ਹੈ। ਇਹ ਪੁਸਤਕ ਸਿੱਖਾਂ ਦੀ ਵੱਖਰੀ ਕੌਮ ਹੋਣ ਬਾਰੇ ਵਿਸਥਾਰ ਸਹਿਤ ਦੱਸਦੀ ਹੈ। *ਹਮ ਹਿੰਦੂ ਨਹੀਂ* ਪੁਸਤਕ ਸਿੱਖ ਅਤੇ ਹਿੰਦੂ ਵਿਚਾਲੇ ਆਪਣੀਆਂ-ਆਪਣੀਆਂ ਧਾਰਮਿਕ ਮਾਨਤਾਵਾਂ ਨੂੰ ਲੈ ਕੇ ਸੰਵਾਦ ਹੈ। ਜਿਸ ਵਿੱਚ ਸਿੱਖ ਆਪਣੇ ਧਰਮ ਨੂੰ ਹਿੰਦੂਆਂ ਨਾਲੋਂ ਵੱਖਰਾ ਸਿੱਧ ਕਰਦਾ ਹੈ। *ਗੁਰੁਮਤ ਪ੍ਰਭਾਕਰ* ਅਤੇ *ਗੁਰੁਮਤ ਸੁਧਾਕਰ* ਗੁਰਬਾਣੀ ਦੇ ਸਿਧਾਂਤਾਂ ਅਤੇ

ਸਿੱਖ ਸਾਹਿਤ ਦੀ ਕੋਸ਼ਨੁਮਾ ਵਿਆਖਿਆਕਾਰੀ ਹੈ। ਦੋਵਾਂ ਪੁਸਤਕਾਂ ਵਿੱਚ ਸਿੱਖ ਸੰਕਲਪਾਂ ਦੀ ਵਿਆਖਿਆ ਬੜੇ ਤਰਕ ਪੂਰਨ ਢੰਗ ਨਾਲ ਕੀਤੀ ਗਈ ਹੈ। ਇਨ੍ਹਾਂ ਪੁਸਤਕਾਂ ਨੂੰ ਜੇਕਰ ਸਿੱਖ ਧਰਮ ਦਾ ਰਹਿਤਨਾਮਾ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਬਾਅਦ ਵਿੱਚ ਇਨ੍ਹਾਂ ਦੋਵਾਂ ਪੁਸਤਕਾਂ ਨੂੰ *ਗੁਰੁਮਤ ਮਾਰਤੰਡ* ਨਾਮੀ ਗ੍ਰੰਥ ਵਿੱਚ ਸ਼ਾਮਿਲ ਕਰਕੇ ਇੱਕ ਨਵੇਂ ਤਰ੍ਹਾਂ ਦੇ ਗ੍ਰੰਥ ਦੀ ਰਚਨਾ ਕੀਤੀ ਹੈ। ਇਹ ਪੁਸਤਕ ਸਿੱਖ ਵਿਆਖਿਆਕਾਰੀ, ਜਿਸ ਵਿੱਚ ਸਿਧਾਂਤ, ਇਤਿਹਾਸ ਅਤੇ ਰਹਿਤ ਨਾਲ ਸੰਬੰਧਿਤ ਵੱਖ-ਵੱਖ ਸਿਰਲੇਖਾਂ ਹੇਠਾਂ ਗੁਰਬਾਣੀ ਅਤੇ ਸਿੱਖ ਸਾਹਿਤ ਦੇ ਹਵਾਲੇ ਸ਼ਾਮਿਲ ਹਨ ਨੂੰ ਪ੍ਰਵਾਨ ਚੜ੍ਹਾਇਆ ਗਿਆ ਹੈ। *ਗੁਰੁਛੰਦ ਦਿਵਾਕਰ* ਸਿੱਖ ਸਾਹਿਤ ਵਿੱਚ ਵਰਤੇ ਛੰਦਾਂ ਦਾ ਕੋਸ਼ ਹੈ । *ਗੁਰੁਸ਼ਬਦਾਲੰਕਾਰ* ਪੁਸਤਕ ਵਿੱਚ ਗੁਰਬਾਣੀ ਨਾਲ ਸੰਬੰਧਿਤ ਛੰਦਾਂ ਦਾ ਵੇਰਵਾ ਦੇ ਕੇ, ਉਨ੍ਹਾਂ ਬਾਰੇ ਦੱਸਿਆ ਗਿਆ ਹੈ। ਇਹ ਪੁਸਤਕ ਛੰਦ ਸ਼ਾਸਤਰ ਬਾਰੇ ਵਿਸਥਾਰ ਸਹਿਤ ਦੱਸਦੀ ਹੈ ਅਤੇ *ਚੰਡੀ ਦੀ ਵਾਰ ਸਟੀਕ* ਗੁਰੂ ਗੋਬਿੰਦ ਸਿੰਘ ਜੀ ਨੂੰ ਦੁਰਗਾ ਦਾ ਪੂਜਾਰੀ ਦੱਸਣ ਵਾਲਿਆਂ ਲਈ ਜਵਾਬ ਵਜੋਂ ਲਿਖਿਆ ਗਿਆ ਹੈ। *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼* ਸਿੱਖ ਸਾਹਿਤ ਦੀ ਵਿਸ਼ਵਕੋਸ਼ ਕਰਕੇ ਜਾਣੀ ਜਾਣ ਵਾਲੀ ਵਡੇਰੀ ਪੁਸਤਕ ਹੈ। ਇਸ ਵਿੱਚ ਆਏ ਇੰਦਰਾਜਾਂ, ਜਿਹੜੇ ਸਿੱਖ ਫ਼ਿਲਾਸਫੀ, ਇਤਿਹਾਸ ਅਤੇ ਰਹਿਤ ਮਰਿਆਦਾ ਨਾਲ ਸੰਬੰਧਿਤ ਹਨ, ਨੂੰ ਅਧਿਐਨ ਦਾ ਭਾਗ ਬਣਾਇਆ ਹੈ ਅਤੇ ਭਾਈ ਸਾਹਿਬ ਦੀ ਵਿਆਖਿਆ ਦੇ ਕੁਝ ਨਮੂਨੇ ਦਿੱਤੇ ਗਏ ਹਨ।

ਭਾਈ ਕਾਨ੍ਹ ਸਿੰਘ ਨਾਭਾ ਦੀ ਵਿਆਖਿਆਕਾਰੀ ਦੀਆਂ ਕੁਝ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਦੇਖੀਆਂ ਜਾ ਸਕਦੀਆਂ ਹਨ:

- ਵਿਆਖਿਆਕਾਰੀ ਦੀ ਭਾਸ਼ਾ ਸਾਧ ਭਾਸ਼ਾ ਤੋਂ ਸਰਲ ਪੰਜਾਬੀ ਵਿਚ ਕੀਤੀ।
- ਉਨ੍ਹਾਂ ਦੀ ਵਿਆਖਿਆਕਾਰੀ ਗੁਰਮਤਿ ਦੇ ਸਿਧਾਂਤ ਉਤੇ ਟਿਕੀ ਹੋਈ ਹੈ। ਉਹ ਗੁਰਮਤਿ ਅਨੁਸਾਰ ਸ਼ਬਦਾਂ ਦੇ ਅਰਥ ਦੱਸਕੇ ਵਿਆਖਿਆ ਕਰਦੇ ਹਨ।
- ਉਨ੍ਹਾਂ ਨੇ ਆਪਣੀ ਵਿਆਖਿਆਕਾਰੀ ਵਿੱਚ ਸਿੱਖ ਧਰਮ ਦੇ ਮੂਲ ਸਿਧਾਂਤ ਨੂੰ ਦਰਸਾਉਂਦੀ ਵਿਆਖਿਆਕਾਰੀ ਕੀਤੀ ਹੈ।
- ਉਨ੍ਹਾਂ ਨੇ ਆਪਣੀ ਵਿਆਖਿਆਕਾਰੀ ਵਿੱਚ ਸਿੱਖਾਂ ਨੂੰ ਇੱਕ ਸੁਤੰਤਰ ਕੌਮ ਵਜੋਂ ਪੇਸ਼ ਕੀਤਾ ਗਿਆ ਹੈ।
- ਉਹ ਸ਼ਬਦ ਉਪਰ ਵੇਰਵਾ ਦਿੰਦੇ ਹਨ, ਬਾਣੀ ਸ਼ਾਮਿਲ ਕਰਨ ਸਮੇਂ ਇਹ ਧਿਆਨ ਰਖਦੇ ਹਨ ਕਿ ਇਹ ਬਾਣੀ ਕਿਸ ਮਹਲੇ ਜਾਂ ਭਗਤ ਦੀ ਹੈ। ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਮੁਤਾਬਿਕ 'ਆਸਾ ਮਹਲਾ-1' ਅਤੇ 'ਮਾਰੂ ਮਹਲਾ-1' ਆਦਿ ਸ਼ਬਦ ਵਰਤਦੇ ਹਨ ਤਾਂ ਜੋ ਬਾਣੀ ਦੇ ਰਚਨਾਕਾਰ ਬਾਰੇ ਭੁਲੇਖਾ ਨਾ ਰਹੇ।

ਅਧਿਆਇ ਚੌਥਾ ਵਿਚ **ਭਾਈ ਕਾਨ੍ਹ ਸਿੰਘ ਨਾਭਾ ਦੀ ਗੁਰਮਤਿ ਵਿਆਖਿਆਕਾਰੀ ਦਾ ਤੁਲਨਾਮਿਕ ਅਧਿਐਨ** ਕੀਤਾ ਗਿਆ ਹੈ। ਇਸ ਵਿੱਚ ਸਮਕਾਲੀ ਵਿਦਵਾਨਾਂ ਦੀ ਗੁਰਮਤਿ ਵਿਆਖਿਆਕਾਰੀ ਦਾ ਭਾਈ ਕਾਨ੍ਹ ਸਿੰਘ ਨਾਭਾ ਦੀਆਂ ਗੁਰਮਤਿ ਵਿਆਖਿਆਕਾਰੀ ਨਾਲ ਸੰਬੰਧਿਤ ਰਚਨਾਵਾਂ ਨਾਲ ਤੁਲਨਾਤਮਿਕ ਅਧਿਐਨ ਕੀਤਾ ਗਿਆ ਹੈ। ਇਸ ਵਿਚ ਪੰਡਿਤ ਤਾਰਾ ਸਿੰਘ ਨਰੋਤਮ, ਗਿਆਨੀ ਦਿੱਤ ਸਿੰਘ, ਭਾਈ ਵੀਰ ਸਿੰਘ, ਭਾਈ ਜੋਧ ਸਿੰਘ ਅਤੇ ਪ੍ਰੋ. ਪਿਆਰਾ ਸਿੰਘ ਆਦਿ ਵਿਆਖਿਆਕਾਰਾਂ ਦੀ ਵਿਆਖਿਆਕਾਰੀ ਸ਼ਾਮਲ ਹੈ। ਇਸ ਅਧਿਆਇ ਦਾ ਆਰੰਭ ਤੁਲਨਾਤਮਿਕ ਸ਼ਬਦ ਦੀ ਪਰਿਭਾਸ਼ਾ ਤੋਂ ਕੀਤਾ ਗਿਆ ਹੈ। ਦੱਸਣ ਦਾ ਯਤਨ ਕੀਤਾ ਗਿਆ ਹੈ ਕਿ ਤੁਲਨਾਤਮਿਕ ਸਾਹਿਤ ਹੈ ਕੀ ਹੈ ਕਿਸੇ ਸਾਹਿਤਿਕ ਕਿਰਤ ਨੂੰ ਦੂਸਰੀ ਰਚਨਾ ਨਾਲ ਤੁਲਨਾ

ਕਰਨ ਲਈ ਕਿਹੜੇ ਤੱਤ ਜ਼ਰੂਰੀ ਹਨ। ਇਸ ਤੋਂ ਬਾਅਦ ਵੱਖ-ਵੱਖ ਵਿਦਵਾਨਾਂ ਦੁਆਰਾ ਤੁਲਨਾਤਮਿਕ ਅਧਿਐਨ ਸ਼ਬਦ ਬਾਰੇ ਆਪਣੇ ਵਿਚਾਰ ਦਿੱਤੇ ਗਏ ਹਨ। ਇਹ ਪੱਛਮ ਦਾ ਲੰਮੇਰਾ ਸਾਹਿਤ ਹੈ, ਭਾਰਤ ਅਤੇ ਪੰਜਾਬ ਵਿਚ ਇਹ ਵਿਸ਼ਾ ਤੁਲਨਾਤਮਿਕ ਸਾਹਿਤ ਦੇ ਨਾਮ ਤੋਂ ਆਪਣੇ ਮੁਢਲੇ ਦੌਰ ਵਿਚ ਹੈ।

ਇਸ ਅਧਿਆਇ ਵਿਚ ਵੱਖ-ਵੱਖ ਵਿਆਖਿਆਕਾਰਾਂ ਦੇ ਸੰਖੇਪ ਜੀਵਨ ਬਾਰੇ ਜਾਣ ਪਛਾਣ ਦੇ ਕੇ ਉਨ੍ਹਾਂ ਦੀਆਂ ਰਚਨਾਵਾਂ ਦਾ ਵੇਰਵਾ ਦਿੱਤਾ ਗਿਆ ਹੈ, ਜਿਨ੍ਹਾਂ ਦੀ ਤੁਲਨਾ ਭਾਈ ਕਾਨ੍ਹ ਸਿੰਘ ਨਾਭਾ ਦੇ ਅਧਿਐਨ ਤੱਤਾਂ ਨਾਲ ਕੀਤੀ ਗਈ ਹੈ। ਇਸ ਅਧਿਆਇ ਵਿਚ ਸਿਰਫ਼ ਉਨ੍ਹਾਂ ਵਿਆਖਿਆਕਾਰਾਂ ਨੂੰ ਹੀ ਲਿਆ ਗਿਆ ਹੈ, ਜਿਨ੍ਹਾਂ ਨੇ ਭਾਈ ਕਾਨ੍ਹ ਸਿੰਘ ਨਾਭਾ ਵਰਗਾ ਅਧਿਐਨ ਸਿਰਜਿਆ ਹੈ।

ਪੰਡਿਤ ਤਾਰਾ ਸਿੰਘ ਨਰੋਤਮ ਜੀ ਨਿਰਮਲੇ ਵਿਦਵਾਨ ਸਨ, ਇਨ੍ਹਾਂ ਦੀ ਵਿਆਖਿਆ ਕਰਨ ਦਾ ਢੰਗ ਪੁਰਾਤਨ ਸੀ। ਵਿਆਖਿਆਕਾਰੀ ਦੀ ਭਾਸ਼ਾ ਪੁਰਾਤਨ ਹੈ, ਜਿਸਨੂੰ ਸਾਧ ਭਾਸ਼ਾ ਕਿਹਾ ਗਿਆ ਹੈ, ਊਹ ਆਪਣੀ ਵਿਆਖਿਆ ਕਰਨ ਸਮੇਂ ਉਸ ਤੇ ਵੈਦਿਕ ਰੰਗ ਚਾੜ੍ਹਦੇ ਹਨ। ਸਿੱਧੇ ਸ਼ਬਦਾਂ ਵਿਚ ਉਨ੍ਹਾਂ ਦੀ ਵਿਆਖਿਆਕਾਰੀ ਉਪਰ ਵੈਦਿਕ ਸ਼ੈਲੀ ਦੀ ਰੰਗਤ ਦੇਖੀ ਜਾ ਸਕਦੀ ਹੈ, ਜੋ ਸਾਰੇ ਨਿਰਮਲੇ ਵਿਆਖਿਆਕਾਰਾਂ ਦਾ ਸਾਂਝਾ ਲੱਛਣ ਹੈ। ਬਾਕੀ ਦੇ ਵਿਆਖਿਆਕਾਰ ਸਿੰਘ ਸਭਾਈ ਪ੍ਰਣਾਲੀ ਦੇ ਹਨ, ਇਨ੍ਹਾਂ ਦੀ ਭਾਸ਼ਾ, ਸ਼ੈਲੀ ਵਿਚ ਕਾਫ਼ੀ ਸਮਾਨਤਾਵਾਂ ਹਨ। ਇਨ੍ਹਾਂ ਸਾਰੇ ਹੀ ਵਿਆਖਿਆਕਾਰਾਂ ਦੀ ਵਿਆਖਿਆ ਵਿਚ ਮੂਲ ਰੂਪ ਵਿਚ ਸਮਾਨ ਤੱਤਾਂ ਨੂੰ ਆਧਾਰ ਬਣਾਇਆ ਗਿਆ ਹੈ, ਪਰੰਤੂ ਅੰਸ਼ਿਕ ਰੂਪ ਵਿਚ ਫ਼ਰਕ ਵੀ ਮੌਜੂਦ ਹੈ। ਭਾਈ ਸਾਹਿਬ ਦੀ ਵਿਆਖਿਆਕਾਰੀ

ਵਿਚ ਤਰਕ ਪ੍ਰਧਾਨ ਹੈ ਅਤੇ ਅਧਿਆਤਮਿਕਤਾ ਆਟੇ ਵਿੱਚ ਲੂਣ ਦੇ ਬਰਾਬਰ ਹੈ। ਉਨ੍ਹਾਂ ਦੀਆਂ ਵਿਆਖਿਆਕਾਰੀ ਦੀਆਂ ਪੁਸਤਕਾਂ ਨੂੰ ਸਿੱਖ ਰਹਿਤਨਾਮੇ ਵਜੋਂ ਪੜ੍ਹਿਆ ਜਾਂਦਾ ਹੈ। ਭਾਈ ਸਾਹਿਬ ਆਪਣੇ ਸਮਕਾਲੀ ਵਿਆਖਿਆਕਾਰਾਂ ਤੋਂ ਕਾਫ਼ੀ ਵੱਖਰੇ ਜਾਪਦੇ ਹਨ। ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਭਾਈ ਸਾਹਿਬ ਦੀ ਵਿਆਖਿਆਕਾਰੀ ਦਾ ਘੇਰਾ ਇਨ੍ਹਾਂ ਵਿਦਵਾਨਾਂ ਤੋਂ ਵੱਡਾ ਹੈ, ਇਸ ਦੀ ਉਦਾਹਰਣ ਸਾਡੇ ਸਾਹਮਣੇ *ਮਹਾਨ ਕੋਸ਼* ਦੇ ਰੂਪ ਵਿਚ ਮੌਜੂਦ ਹੈ।

ਇਸ ਪ੍ਰਕਾਰ ਤੁਲਨਾਤਮਿਕ ਅਧਿਐਨ ਰਾਹੀਂ ਭਾਈ ਕਾਨ੍ਹ ਸਿੰਘ ਨਾਭਾ ਦੀ ਵਿਆਖਿਆਕਾਰੀ ਦੀਆਂ ਵਿਸ਼ੇਸ਼ਤਾਵਾਂ ਉਘੜਵੇਂ ਰੂਪ ਵਿਚ ਸਾਹਮਣੇ ਆਉਂਦੀਆਂ ਹਨ।

- ਭਾਈ ਕਾਨ੍ਹ ਸਿੰਘ ਨਾਭਾ ਦੀ ਵਿਆਖਿਆਕਾਰੀ ਵਿੱਚ ਰਹਿਤ ਮਰਿਯਾਦਾ ਦ੍ਰਿੜ ਕਰਵਾਉਂਦੇ ਹਨ।
- ਭਾਈ ਸਾਹਿਬ ਅਰਥਾਂ ਦੀ ਵਿਆਖਿਆ ਕਰਨ ਲਈ ਫੁੱਟ ਨੋਟਾਂ ਵਿੱਚ ਜਾਂ ਸ਼ਬਦਾਰਥ ਰੂਪ ਵਿੱਚ ਕੋਸ਼ਕਾਰੀ ਸ਼ੈਲੀ ਅਨੁਸਾਰ ਵਿਆਖਿਆ ਕਰਦੇ ਹਨ।
- ਭਾਈ ਸਾਹਿਬ ਗੁਰਬਾਣੀ ਦੀ ਵਿਆਖਿਆ ਸਹਿਜ ਪ੍ਰਣਾਲੀ ਅਨੁਸਾਰ ਭਾਈ ਗੁਰਦਾਸ, ਭਾਈ ਨੰਦ ਲਾਲ ਜੀ ਜਨਮਸਾਖੀਆਂ ਅਤੇ ਸਿੱਖ ਸਾਹਿਤ ਦੀਆਂ ਹੋਰ ਪਰੰਪਰਾਵਾਂ ਨਾਲ ਪੂਰੀ ਕਰਦੇ ਹਨ।
- ਭਾਈ ਸਾਹਿਬ ਆਪਣੀ ਵਿਆਖਿਆਕਾਰੀ ਵਿੱਚ ਗੁਰਬਾਣੀ ਨੂੰ ਵੇਦਾਂਤ ਤੋਂ ਸੁਤੰਤਰ ਮੰਨ ਕੇ ਚੱਲਦੇ ਹਨ।
- ਭਾਈ ਸਾਹਿਬ ਆਪਣੀ ਗੱਲ ਸਿੱਧ ਕਰਨ ਲਈ ਲੋੜੀਂਦੇ ਇਤਿਹਾਸਕ ਹਵਾਲੇ ਵਰਤਦੇ ਹਨ ਅਤੇ ਦੂਸਰੇ ਵਿਆਖਿਆਕਾਰਾਂ ਨਾਲੋਂ ਵਿਸਥਾਰਤ ਅਰਥ ਪੇਸ਼ ਕਰਦੇ ਹਨ।

ਸਮੁੱਚੇ ਰੂਪ ਵਿਚ, ਭਾਈ ਕਾਨ੍ਹ ਸਿੰਘ ਨਾਭਾ ਸਿੱਖ ਚਿੰਤਨ ਅਤੇ ਵਿਆਖਿਆ ਦੇ ਉੱਘੇ ਵਿਦਵਾਨ ਹੋਏ ਹਨ। ਇਨ੍ਹਾਂ ਨੂੰ ਜੇਕਰ ਇਕ ਸੰਪੂਰਨ ਵਿਆਖਿਆਕਾਰ, ਸਾਹਿਤਕਾਰ ਅਤੇ ਕੋਸ਼ਕਾਰ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਭਾਈ ਸਾਹਿਬ ਨੇ ਆਪਣਾ ਜ਼ਿਆਦਾਤਰ ਸਾਹਿਤ ਸਿੱਖ ਧਰਮ ਨੂੰ ਹੀ ਸਮਰਪਿਤ ਕੀਤਾ ਹੈ। ਭਾਈ ਸਾਹਿਬ ਨੇ ਆਪਣੀਆਂ ਕਿਰਤਾਂ ਵਿਚ ਵਿਗਿਆਨਕ ਅਤੇ ਤਰਕਮਈ ਸੋਚ ਪ੍ਰਮੁੱਖ ਰੱਖਕੇ ਸਿੱਖ ਧਰਮ ਵਿਚ ਪਾਏ ਗਏ ਰਲਾਅ ਨੂੰ ਸਮਝਣ ਦਾ ਯਤਨ ਕੀਤਾ। ਇਨ੍ਹਾਂ ਨੇ ਵਿਆਖਿਆਕਾਰੀ ਕਿਸੇ ਲਾਲਚ ਜਾਂ ਪਦਵੀ ਲਈ ਨਹੀਂ ਕੀਤੀ ਸਗੋਂ ਸਿੱਖ ਧਰਮ ਦੀ ਸੱਚੀ ਸੇਵਾ ਦੇ ਮਕਸਦ ਨਾਲ ਹੀ ਸਾਰੀ ਵਿਆਖਿਆ ਕੀਤੀ ਹੈ। ਗੁਰਮਤਿ ਸਿਧਾਂਤਾਂ ਨੂੰ ਸੰਖੇਪ ਰੂਪ ਵਿਚ ਪੇਸ਼ ਕਰਨ ਵਾਲੇ ਪ੍ਰਤਿਭਾਸ਼ਾਲੀ ਸਾਹਿਤਕਾਰ, ਗੁਰਮਤਿ ਖੋਜੀ ਵਿਦਵਾਨ, ਵਿਆਖਿਆਕਾਰ, ਭਾਸ਼ਾ ਵਿਗਿਆਨੀ, ਕੋਸ਼ਕਾਰ ਅਤੇ ਸੁਚੱਜੇ ਸੰਪਾਦਕ, ਭਾਈ ਸਾਹਿਬ ਕੇਵਲ ਵਿਅਕਤੀ ਨਹੀਂ ਸਨ ਸਗੋਂ ਇਕ ਸੰਸਥਾ ਸਨ।

# ਭਾਈ ਕਾਨ੍ਹ ਸਿੰਘ ਨਾਭਾ ਦਾ ਗੁਰਮਤਿ ਵਿਆਖਿਆਕਾਰੀ ਵਿਚ ਯੋਗਦਾਨ

*ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ*

*ਸਮਾਜ ਵਿਗਿਆਨ ਫ਼ੈਕਲਟੀ ਅਧੀਨ ਧਰਮ ਅਧਿਐਨ ਵਿਭਾਗ ਵਿਚ*

*ਪੀਐਚ.ਡੀ. ਦੀ ਡਿਗਰੀ ਲਈ ਪ੍ਰਸਤੁਤ*

*ਸਾਰ* **(Summary)**

**2018**


*ਨਿਗਰਾਨ* : *ਖੋਜਾਰਥੀ*:

**ਡਾ.ਜਸਪ੍ਰੀਤ ਕੌਰ ਸੰਧੂ** **ਅਜੈ ਸਿੰਘ**

**ਪ੍ਰੋਫ਼ੈਸਰ,**

**ਸਿੱਖ ਵਿਸ਼ਵਕੋਸ਼ ਵਿਭਾਗ,**

**ਪੰਜਾਬੀ ਯੂਨੀਵਰਸਿਟੀ, ਪਟਿਆਲਾ**

**ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ,**

**ਪੰਜਾਬੀ ਯੂਨੀਵਰਸਿਟੀ, ਪਟਿਆਲਾ**

**ਭਾਈ ਕਾਨ੍ਹ ਸਿੰਘ ਨਾਭਾ ਦਾ ਗੁਰਮਤਿ ਵਿਆਖਿਆਕਾਰੀ ਵਿਚ ਯੋਗਦਾਨ**

ਹਥਲਾ ਖੋਜ ਕਾਰਜ ਸਿੱਖੀ ਦੇ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਦਾ ਗੁਰਮਤਿ ਵਿਆਖਿਆਕਾਰੀ ਵਿੱਚ ਯੋਗਦਾਨ ਵਿਸ਼ੇ ਤੇ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਗੁਰਮਤਿ ਵਿਆਖਿਆ ਦੇ ਸਾਰੇ ਸੰਕਲਪਾਂ ਜਿਵੇਂ ਕੋਸ਼ਕਾਰੀ, ਇਤਿਹਾਸਿਕ, ਸਾਹਿਤਿਕ, ਰਾਜਨੀਤਿਕ, ਧਾਰਮਿਕ ਗ੍ਰੰਥਾਂ ਦੀ ਵਿਆਖਿਆ ਅਤੇ ਚਿੰਤਨ ਦੇ ਖੇਤਰ ਵਿੱਚ ਵਡਮੁੱਲਾ ਯੋਗਦਾਨ ਪਾਇਆ ਹੈ। ਭਾਈ ਕਾਨ੍ਹ ਸਿੰਘ ਨਾਭਾ ਦਾ ਜਨਮ 30 ਅਗਸਤ 1861 ਈ. ਨੂੰ ਨਾਭੇ ਤੋਂ ਪੰਜ ਮੀਲ ਚੜ੍ਹਦੇ ਵੱਲ, ਪਿੰਡ ਸਉਜੇ-ਬਨੇਰੇ, ਨਾਨਕੇ ਘਰ ਹੋਇਆ। ਆਪ ਦੇ ਪਿਤਾ ਸ੍ਰ. ਨਰਾਇਣ ਸਿੰਘ ਅਤੇ ਮਾਤਾ ਹਰਿ ਕੌਰ ਸਨ। ਭਾਈ ਕਾਨ੍ਹ ਸਿੰਘ ਨਾਭਾ ਦੀ ਬਹੁਪੱਖੀ ਸ਼ਖਸੀਅਤ ਵਿੱਚ ਵੱਖ-ਵੱਖ ਭਾਸ਼ਾਵਾਂ ਦੇ ਗਿਆਨ ਨੇ ਅਹਿਮ ਭੂਮਿਕਾ ਨਿਭਾਈ। ਭਾਈ ਸਾਹਿਬ ਸੰਸਕ੍ਰਿਤ, ਬ੍ਰਿਜਭਾਸ਼ੀ, ਹਿੰਦੀ, ਪੰਜਾਬੀ, ਉਰਦੂ, ਫ਼ਾਰਸੀ, ਅਤੇ ਅੰਗਰੇਜੀ ਭਾਸ਼ਾਵਾਂ ਜਾਣਦੇ ਸਨ। ਭਾਈ ਸਾਹਿਬ ਨਾਭਾ ਰਿਆਸਤ ਵਿੱਚ ਵੱਖ-ਵੱਖ ਪਦਵੀਆਂ ਤੇ ਆਪਣੀਆਂ ਸੇਵਾਵਾਂ ਪ੍ਰਦਾਨ ਕਰਦੇ ਰਹੇ। ਇਸ ਸਮੇਂ ਦੌਰਾਨ ਭਾਈ ਕਾਨ੍ਹ ਸਿੰਘ ਨਾਭਾ ਨੇ ਮੈਕਸ ਆਰਥਰ ਮੈਕਾਲਿਫ਼ ਦੀ ਗੁਰਮੁਖੀ ਅੱਖਰਾਂ ਦੀ ਸੂਝ, ਗੁਰਬਾਣੀ ਦੇ ਭੇਦ ਅਤੇ ਸਿੱਖ ਇਤਿਹਾਸ ਦੀ ਜਾਣਕਾਰੀ ਪ੍ਰਾਪਤ ਕਰਨ ਵਿੱਚ ਬਹੁਤ ਸਹਾਇਤਾ ਕੀਤੀ। ਪਿੱਛੋਂ ਮੈਕਸ ਆਰਥਰ ਮੈਕਾਲਿਫ਼ ਨੇ ਅੰਗਰੇਜੀ ਵਿੱਚ ਸਿੱਖ ਧਰਮ ਅਤੇ ਵਿਚਾਰਧਾਰਾ ਬਾਰੇ ਪੁਸਤਕ *'ਦ ਸਿੱਖ ਰਿਲੀਜਨ'* ਦੀ ਰਚਨਾ ਕੀਤੀ। ਸ਼ਮਸ਼ੇਰ ਸਿੰਘ ਅਸ਼ੋਕ ਅਤੇ ਬੀਬੀ ਸੁਖਜੀਤ ਕੌਰ ਦੇ ਅਨੁਸਾਰ ਭਾਈ ਕਾਨ੍ਹ ਸਿੰਘ ਨਾਭਾ ਦੀਆਂ ਪ੍ਰਕਾਸ਼ਿਤ ਤੇ ਅਪ੍ਰਕਾਸ਼ਿਤ ਰਚਨਾਵਾਂ ਦੀ ਗਿਣਤੀ 31 ਤੱਕ ਪਹੁੰਚ ਜਾਂਦੀ ਹੈ। ਇਨ੍ਹਾਂ ਦਾ ਰਚਨਾ ਕਾਲ 1884 ਤੋਂ 1998 ਤੱਕ ਬਣ ਜਾਂਦਾ ਹੈ। ਇਨ੍ਹਾਂ ਪੁਸਤਕਾਂ ਵਿੱਚ ਕੁਝ ਪੁਸਤਕਾਂ ਅਜਿਹੀਆਂ ਹਨ ਜਿਨ੍ਹਾਂ ਨੂੰ ਸੁਤੰਤਰ ਰੂਪ ਵਿੱਚ ਭਾਈ ਸਾਹਿਬ ਦੀ ਕ੍ਰਿਤ ਨਹੀਂ ਕਿਹਾ ਜਾ ਸਕਦਾ, ਪਰ

ਕਿਸੇ ਨਾ ਕਿਸੇ ਰੂਪ ਵਿੱਚ ਭਾਈ ਸਾਹਿਬ ਦਾ ਉਨ੍ਹਾਂ ਪੁਸਤਕਾਂ ਦੀ ਰਚਨਾ ਵਿੱਚ ਯੋਗਦਾਨ ਹੋਣ ਤੋਂ ਇਨਕਾਰ ਵੀ ਨਹੀਂ ਕੀਤਾ ਜਾ ਸਕਦਾ। *ਹਮ ਹਿੰਦੂ ਨਹੀਂ (1897), ਗੁਰੁਮਤ ਪ੍ਰਭਾਕਰ (1899 ਈ.), ਗੁਰੁਮਤ ਸੁਧਾਕਰ (1899 ਈ.), ਗੁਰੁਸ਼ਬਦ ਰਤਨਾਕਰ ਮਹਾਨ ਕੋਸ਼ (1930 ਈ.) ਅਤੇ ਗੁਰੁਮਤ ਮਾਰਤੰਡ (1961 ਈ.)* ਮਹਾਨ ਰਚਨਾਵਾਂ ਹਨ।

**ਘੇਰਾ:**

ਇਸ ਖੋਜ ਕਾਰਜ ਦਾ ਘੇਰਾ ਮੂਲ ਰੂਪ ਵਿੱਚ ਭਾਈ ਕਾਨ੍ਹ ਸਿੰਘ ਨਾਭਾ ਦੀਆਂ ਗੁਰਮਤਿ ਵਿਆਖਿਆਕਾਰੀ ਨਾਲ ਸੰਬੰਧਿਤ ਰਚਨਾਵਾਂ ਦੇ ਰਚਨਾ ਕਾਲ ਤੇ ਕੇਂਦਰਿਤ ਰਹੇਗਾ। ਸਿੰਘ ਸਭਾ ਲਹਿਰ ਅਤੇ ਉਸਦੇ ਪਿਛੋਕੜ ਵਿੱਚ ਪਈਆਂ ਸਿੱਖ ਧਰਮ ਦੀਆਂ ਵਿਆਖਿਆ ਪ੍ਰਣਾਲੀਆਂ, ਸਿੰਘ ਸਭਾ ਲਹਿਰ ਦੀ ਵਿਆਖਿਆ ਦੇ ਪ੍ਰਭਾਵ ਅਤੇ ਭਾਈ ਕਾਨ੍ਹ ਸਿੰਘ ਨਾਭਾ ਦੇ ਜੀਵਨ ਹਾਲਤ ਅਤੇ ਉਨ੍ਹਾ ਦੀ ਰਚਨਾ ਨੂੰ ਇਸ ਪ੍ਰਸੰਗ ਵਿੱਚ ਵੀ ਦੇਖਿਆ ਗਿਆ ਹੈ। ਇਸ ਤੋਂ ਇਲਾਵਾ ਉਨ੍ਹਾਂ ਦੀ ਰਚਨਾ ਦੇ ਪਏ ਬਹੁਪੱਖੀ ਪ੍ਰਭਾਵਾਂ ਨੂੰ ਵੀ ਇਸ ਖੋਜ ਵਿੱਚ ਸ਼ਾਮਿਲ ਕੀਤਾ ਗਿਆ ਹੈ।

**ਖੋਜ ਵਿਧੀ:**

ਹੱਥਲੇ ਖੋਜ ਕਾਰਜ ਨੂੰ ਸੰਪੂਰਨ ਕਰਨ ਲਈ ਧਰਮ ਸ਼ਾਸਤਰੀ, ਵਿਆਖਿਆ ਸ਼ਾਸਤਰੀ, ਸ਼ੈਲੀ, ਇਤਿਹਾਸਿਕ ਅਤੇ ਤੁਲਨਾਤਮਿਕ ਵਿਧੀ ਦਾ ਵਿਸ਼ੇ ਦੀ ਲੋੜ ਅਨੁਸਾਰ ਸਹਾਰਾ ਲਿਆ ਗਿਆ ਹੈ। ਇਸ ਤੋਂ ਇਲਾਵਾ ਦਾਰਸ਼ਨਿਕ ਵਿਧੀਆਂ ਦੀ ਜਿੱਧਰ ਕਿਤੇ ਲੋੜ ਪਈ ਰਚਨਾਵਾਂ ਦੇ ਸਹਿਜ ਵਿਸ਼ਲੇਸ਼ਣ ਦੀ ਵਰਤੋਂ ਵੀ ਕੀਤੀ ਗਈ ਹੈ। ਖੋਜ ਨਿਬੰਧ ਵਿੱਚ ਵਰਤੀ ਵਿਧੀ ਵਿੱਚ ਇਸ ਦਾ ਪ੍ਰਮੁੱਖ ਲੱਛਣ ਇਹ ਹੈ ਇਸ ਵਿੱਚ ਧਰਮ ਪ੍ਰੰਪਰਾਵਾਂ ਦੀ ਤੁਲਾਨਾ ਵਿੱਚ ਧਰਮ, ਗੁਰਮਤਿ, ਦਰਸ਼ਨ, ਕੋਸ਼ਕਾਰੀ ਅਤੇ ਸ਼ੈਲੀ ਦੇ ਵਿਸ਼ੇਸ਼ ਲੱਛਣ ਦਰਸਾਏ ਗਏ ਹਨ। ਦੂਜਿਆਂ ਦੇ ਮੁਕਾਬਲੇ ਗੁਰਮਤਿ ਚਿੰਤਨ ਤੇ ਸਿੱਖ ਧਰਮ ਨੂੰ ਵਿਲੱਖਣ ਸਿੱਧ ਕੀਤਾ

ਗਿਆ ਹੈ। ਤੁਲਨਾਤਮਿਕ ਵਿਧੀ ਵਿੱਚ ਵੱਖ-ਵੱਖ ਵਿਦਵਾਨਾਂ ਦੀਆਂ ਰਚਨਾਵਾਂ ਨੂੰ ਉਹਨਾਂ ਦੀਆਂ ਵਿਸ਼ੇਸ਼ਤਾਵਾਂ ਉਜਾਗਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਤੋਂ ਇਲਾਵਾ ਰਚਨਾਵਾਂ ਦੇ ਖੇਤਰ ਵਿੱਚ ਸ਼ੈਲੀ, ਵਿਚਾਰਧਾਰਾ ਅਤੇ ਅਕਾਰ ਆਦਿ ਗੁਣਾਂ ਨੂੰ ਦੇਖਦੇ ਹੋਏ ਕਿਸੇ ਸਾਹਿਤਿਕ ਰਚਨਾ ਇੱਕ ਦੂਸਰੇ ਨਾਲੋਂ ਕਿਸ ਤਰ੍ਹਾਂ ਭਿੰਨ ਹਨ ਉਸਨੂੰ ਦਰਸਾਇਆ ਗਿਆ ਹੈ। ਵਿਸ਼ੇ ਦੀ ਲੋੜ ਅਨੁਸਾਰ ਇਸ ਕਾਰਜ ਲਈ ਅੰਤਰ-ਅਨੁਸ਼ਾਸ਼ਨੀ ਵਿਧੀ ਨੂੰ ਪ੍ਰਮੁਖਤਾ ਦਿੱਤੀ ਹੈ। ਇਸ ਦਾ ਕਾਰਨ ਹੈ ਕਿ ਭਾਈ ਸਾਹਿਬ ਦੀਆਂ ਰਚਨਾਵਾਂ ਵਿੱਚ ਭਾਸ਼ਾ-ਵਿਗਿਆਨ, ਕੋਸ਼ਕਾਰੀ, ਧਰਮ-ਅਧਿਐਨ, ਇਤਿਹਾਸ ਸਾਹਿਤ ਆਦਿ ਨਾਲ ਸਬੰਧਿਤ ਬਹੁਤ ਸਾਰੀਆਂ ਪਹੁੰਚ ਵਿਧੀਆਂ ਪੇਸ਼ ਹੁੰਦੀਆਂ ਹਨ।

ਹਥਲੇ ਕਾਰਜ ਨੂੰ ਹੇਠ ਲਿਖੇ ਚਾਰ ਅਧਿਆਇਆਂ ਵਿੱਚ ਉਲੀਕ ਕੇ ਨੇਪਰੇ ਚਾੜ੍ਹਨ ਦੀ ਕੋਸ਼ਿਸ਼ ਕੀਤੀ ਹੈ, ਇਨ੍ਹਾਂ ਦਾ ਸੰਖੇਪ ਵੇਰਵਾ ਇਸ ਪ੍ਰਕਾਰ ਹੈ:

ਅਧਿਆਇ ਪਹਿਲਾ ਵਿਚ **ਭਾਈ ਕਾਨ੍ਹ ਸਿੰਘ ਨਾਭਾ ਦਾ ਜੀਵਨ ਅਤੇ ਰਚਨਾ** ਬ੍ਰਿਤਾਂਤ ਪੇਸ਼ ਕੀਤਾ ਹੈ ਅਤੇ ਇਨ੍ਹਾਂ ਦੀਆਂ ਸਮੁੱਚੀਆਂ ਰਚਨਾਵਾਂ ਦੀ ਜਾਣਕਾਰੀ ਦਿੱਤੀ ਗਈ ਹੈ। ਅਧਿਆਇ ਦਾ ਆਰੰਭ ਭਾਈ ਕਾਨ੍ਹ ਸਿੰਘ ਨਾਭਾ ਦੇ ਜਨਮ ਤੋਂ ਪਹਿਲਾਂ ਦੇ ਹਾਲਾਤ ਤੋਂ ਸ਼ੁਰੂ ਕੀਤਾ ਗਿਆ ਹੈ। ਕਿਹਾ ਜਾਂਦਾ ਹੈ ਕਿ ਹਰ ਵਿਅਕਤੀ ਦੀ ਜ਼ਿੰਦਗੀ ਵਿੱਚ ਉਸਦੇ ਸਮਕਾਲੀ ਹਾਲਾਤ ਦਾ ਬੜਾ ਪ੍ਰਭਾਵ ਪੈਂਦਾ ਹੈ ਅਤੇ ਭਾਈ ਕਾਨ੍ਹ ਸਿੰਘ ਨਾਭਾ ਦੇ ਜੀਵਨ ਤੇ ਵੀ ਇਨ੍ਹਾਂ ਹਾਲਾਤ ਨੇ ਗਹਿਰਾ ਪ੍ਰਭਾਵ ਪਾਇਆ ਸੀ।

ਭਾਈ ਸਾਹਿਬ ਦੇ ਬਚਪਨ, ਵਿੱਦਿਆ ਪ੍ਰਾਪਤੀ, ਵਿਆਹ ਤੋਂ ਲੈ ਕੇ ਸਮੁਚੇ ਜੀਵਨ ਦਾ ਜ਼ਿਕਰ ਕੀਤਾ ਗਿਆ ਹੈ। ਭਾਈ ਕਾਨ੍ਹ ਸਿੰਘ ਨਾਭਾ ਦਾ ਜੱਦੀ ਪਿੰਡ ਪਿੱਥੋ ਸੀ। ਇਨ੍ਹਾਂ ਦਾ ਜਨਮ

ਨਾਨਕੇ ਪਿੰਡ ਸਬਜ ਬਨੇਰਾ ਵਿਖੇ ਹੋਇਆ। ਛੋਟੀ ਉਮਰੇ ਹੀ ਵਿੱਦਿਆ ਪ੍ਰਾਪਤੀ ਦੇ ਯਤਨ ਆਰੰਭ ਕਰ ਦਿੱਤੇ ਗਏ ਅਤੇ ਦੇਖਦੇ ਹੀ ਦੇਖਦੇ ਇਹ ਹਿੰਦੀ, ਪੰਜਾਬੀ, ਸੰਸਕ੍ਰਿਤ, ਅਰਬੀ, ਫ਼ਾਰਸੀ ਅਤੇ ਅੰਗਰੇਜ਼ੀ ਭਾਸ਼ਾਵਾਂ ਦਾ ਗਿਆਨ ਹਾਸਿਲ ਕਰ ਲਿਆ। ਇਸ ਤੋਂ ਇਲਾਵਾ ਇਨ੍ਹਾਂ ਦੀ ਘਰ ਵਾਪਸੀ ਅਤੇ ਵਿਆਹ ਦਾ ਜ਼ਿਕਰ ਕੀਤਾ ਗਿਆ ਹੈ। ਭਾਈ ਸਾਹਿਬ ਦੀ ਮੁਲਾਜ਼ਮਤ ਦਾ ਹਾਲ ਬਿਆਨ ਕੀਤਾ ਗਿਆ ਹੈ ਅਤੇ ਸਮਾਜਿਕ ਅਤੇ ਰਾਜਨੀਤਿਕ ਖੇਤਰ ਵਿੱਚ ਵੀ ਉਨ੍ਹਾਂ ਦਾ ਯੋਗਦਾਨ ਦਰਸਾਇਆ ਗਿਆ ਹੈ।

ਰਚਨਾਵਾਂ ਦਾ ਸੰਖੇਪ ਵੇਰਵਾ ਇਸ ਅਧਿਆਇ ਵਿੱਚ ਦਿੱਤਾ ਹੈ। ਇਨ੍ਹਾਂ ਦੀਆਂ ਪ੍ਰਮੁੱਖ ਰਚਨਾਵਾਂ *ਰਾਜ ਧਰਮ, ਨਾਟਕ ਭਾਵਾਰਥ ਦੀਪਿਕਾ, ਹਮ ਹਿੰਦੂ ਨਹੀਂ, ਗੁਰੁਮਤ ਪ੍ਰਭਾਕਰ, ਗੁਰੁਮਤ ਸੁਧਾਕਰ, ਟੀਕਾ ਜੈਮਿਨੀ ਅਸ਼ਵਮੇਧ, ਗੁਰ ਗਿਰਾ ਕਸੌਟੀ, ਸਮੱਸਿਆ ਪੂਰਤੀ, ਟੀਕਾ ਵਿਸ਼ਨੂੰ ਪੁਰਾਣ, ਪਹਾੜ ਯਾਤਰਾ, ਵਲਾਇਤ ਯਾਤਰਾ, ਸ਼ਰਾਬ ਨਿਸ਼ੇਧ, ਰੂਪਦੀਪ ਪਿੰਗਲ, ਅਨੇਕਾਰਥ ਕੋਸ਼, ਨਾਮ ਮਾਲਾ ਕੋਸ਼, ਠਗ ਲੀਲਾ, ਗੁਰੁਸ਼ਬਦ ਅਲੰਕਾਰ, ਇਤਿਹਾਸ ਬਾਗੜੀਆਂ, ਗੁਰਛੰਦ ਦਿਵਾਕਰ, ਗੁਰੁਮਤ ਮਾਰਤੰਡ ਅਤੇ ਗੁਰੁਸ਼ਬਦ ਰਤਨਾਕਰ ਮਹਾਨ ਕੋਸ਼* ਆਦਿ ਦਾ ਵੇਰਵਾ ਦਿੱਤਾ ਗਿਆ ਹੈ। ਉਸ ਸਮੇਂ ਸਿੰਘ ਸਭਾ ਲਹਿਰ ਦਾ ਜ਼ੋਰ ਹੋਣ ਕਰਕੇ ਸਿੱਖਾਂ ਵਿੱਚ, ਸਿੱਖ ਇਕ ਵੱਖਰੀ ਕੌਮ ਦੀ ਹੋਂਦ ਦਾ ਸਵਾਲ ਘਰ ਕਰ ਚੁੱਕਾ ਸੀ। ਭਾਈ ਸਾਹਿਬ ਨੇ ਸਮਕਾਲੀ ਹਾਲਾਤ ਵਿੱਚ ਸਿੰਘ ਸਭਾ ਲਹਿਰ ਦੇ ਆਸ਼ਿਆਂ ਅਨੁਸਾਰ ਸਾਹਿਤ ਰਚਿਆ, ਜਿਹੜਾ ਸਿੱਖਾਂ ਦੀ ਨਿਵੇਕਲੀ ਹਸਤੀ ਨਾਲ ਜੁੜਿਆ ਹੋਇਆ ਹੈ। ਇਸ ਅਧਿਆਇ ਵਿੱਚ ਇਨ੍ਹਾਂ ਦੀਆਂ ਰਚਨਾਵਾਂ ਦੇ ਪਿਛੋਕੜ

ਵਿੱਚ ਕਾਰਜਸ਼ੀਲ ਲਹਿਰਾਂ ਅਤੇ ਉਨ੍ਹਾਂ ਦੇ ਸਾਹਿਤ ਦੀਆਂ ਵੰਨਗੀਆਂ ਦੇ ਰੂਪ ਵਿੱਚ ਉਨ੍ਹਾਂ ਦੀਆਂ ਰਚਨਾਵਾਂ ਦੀ ਚਰਚਾ ਕੀਤੀ ਗਈ ਹੈ।

ਆਧਿਆਇ ਦੂਜਾ **ਗੁਰਮਤਿ ਵਿਆਖਿਆਕਾਰੀ ਪਰੰਪਰਾ** ਵਿਚ ਵਿਆਖਿਆਕਾਰੀ ਦੇ ਅਰਥ, ਵਿਆਖਿਆਕਾਰੀ ਦੀ ਵਿਆਖਿਆ, ਗੁਰਮਤਿ ਵਿਆਖਿਆਕਾਰੀ, ਵਿਆਖਿਆਕਾਰੀ ਪਰੰਪਰਾ ਅਤੇ ਗੁਰਮਤਿ ਵਿਆਖਿਆਕਾਰੀ ਪਰੰਪਰਾ ਆਦਿ ਭਾਗਾਂ ਵਿਚ ਵੰਡਿਆ ਗਿਆ ਹੈ। ਅਧਿਆਇ ਦੇ ਪਹਿਲੇ ਹਿੱਸੇ ਵਿਚ ਵਿਆਖਿਆਕਾਰੀ ਕੀ ਹੈ ਬਾਰੇ ਦੱਸਿਆ ਗਿਆ ਹੈ। ਇਹ ਦੱਸਣ ਦਾ ਯਤਨ ਕੀਤਾ ਗਿਆ ਹੈ ਕਿ ਵਿਆਖਿਆਕਾਰੀ ਦਾ ਅਰਥ ਕਹਿਣਾ ਜਾਂ ਕਥਨ ਕਰਨਾ, ਬਿਆਨ ਕਰਨਾ, ਦੱਸਣਾ, ਬੋਲਣਾ, ਪ੍ਰਗਟਾਉਣਾ ਹੈ। ਜੋ ਮਹਿਸੂਸ ਕੀਤਾ ਜਾਂਦਾ ਹੈ ਜਾਂ ਸੋਚਿਆ ਜਾਂਦਾ ਹੈ। ਉਸਨੂੰ ਬੋਲ ਕੇ ਪ੍ਰਗਟਾਇਆ ਜਾਂਦਾ ਹੈ, ਇਸ ਤੋਂ ਬਾਅਦ ਸ਼ਬਦ ਪਰਿਭਾਸ਼ਾ ਵੱਖ-ਵੱਖ ਵਿਦਵਾਨਾਂ ਦੇ ਕਥਨ ਅਨੁਸਾਰ ਕੀਤੀ ਗਈ ਹੈ। ਮੁੱਢਲੇ ਰੂਪ ਵਿਚ ਕਿਸੇ ਪਾਠ ਜਾਂ ਸਾਹਿਤਕ ਕ੍ਰਿਤ ਦੇ ਅਰਥਾਂ ਨੂੰ ਸਪੱਸ਼ਟ ਜਾਂ ਨਿਰਧਾਰਿਤ ਕਰਨ ਦੇ ਕਾਰਜ ਨੂੰ ਵਿਆਖਿਆਕਾਰੀ ਕਿਹਾ ਜਾਂਦਾ ਹੈ। ਇਸ ਦੀਆਂ ਵਿਦਵਾਨਾਂ ਵੱਲੋਂ ਵੱਖ-ਵੱਖ ਪਰਿਭਾਸ਼ਾਵਾਂ ਦਿੱਤੀਆਂ ਗਈਆਂ ਹਨ।

ਅਧਿਆਇ ਦੇ ਅਗਲੇ ਭਾਗ ਵਿੱਚ ਗੁਰਮਤਿ ਵਿਆਖਿਆਕਾਰੀ ਬਾਰੇ ਸੰਖੇਪ ਵਿਚ ਦੱਸਣ ਦਾ ਯਤਨ ਕੀਤਾ ਗਿਆ ਹੈ। ਗੁਰਬਾਣੀ ਦੀ ਵਿਆਖਿਆਕਾਰੀ ਨੂੰ ਹੀ ਗੁਰਮਤਿ ਵਿਆਖਿਆਕਾਰੀ ਕਿਹਾ ਜਾਂਦਾ ਹੈ, ਕਿਉਂਕਿ ਗੁਰਬਾਣੀ ਰਾਹੀਂ ਹੀ ਗੁਰੂ ਸਾਹਿਬਾਨਾਂ ਨੇ ਆਪਣਾ ਉਪਦੇਸ਼ ਦੁਨੀਆਂ ਨੂੰ ਦਿੱਤਾ ਹੈ। ਗੁਰੂ ਸਾਹਿਬਾਨ ਦੁਆਰਾ ਦਰਸਾਏ ਮਤ ਉਪਦੇਸ਼, ਸਿਧਾਂਤ ਨੂੰ ਗੁਰੂ ਸਾਹਿਬਾਨ ਦੇ ਹਵਾਲੇ ਨਾਲ ਖੋਲ੍ਹ ਕੇ ਸਮਝਾਉਣਾ ਹੀ ਗੁਰਮਤਿ ਵਿਆਖਿਆਕਾਰੀ ਹੈ। ਅਧਿਆਇ ਦੇ ਤੀਸਰੇ

ਭਾਗ ਵਿਚ ਗੁਰਮਤਿ ਵਿਆਖਿਆਕਾਰੀ ਨੂੰ ਕਾਲ ਵੰਡ ਅਨੁਸਾਰ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ ਜੋ ਗੁਰੂ ਕਾਲ ਦੀ ਗੁਰਮਤਿ ਵਿਆਖਿਆਕਾਰੀ (1469-1700), ਉਤਰ ਗੁਰੂ ਕਾਲ ਦੀ ਗੁਰਮਤਿ ਵਿਆਖਿਆਕਾਰੀ (1700-1900) ਅਤੇ ਆਧੁਨਿਕ ਕਾਲ ਦੀ ਗੁਰਮਤਿ ਵਿਆਖਿਆਕਾਰੀ (1900-2000) ਹਨ।

ਅੱਗੇ ਇਨ੍ਹਾਂ ਦੀ ਕਾਲ ਵੰਡ ਅਨੁਸਾਰ ਕਿਹੜੀਆਂ-ਕਿਹੜੀਆਂ ਪ੍ਰਣਾਲੀਆਂ ਕਾਰਜ ਕਰਦੀਆਂ ਰਹੀਆਂ ਦਾ ਵਿਸਤਾਰ ਸਹਿਤ ਵਰਣਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਇਨ੍ਹਾਂ ਪ੍ਰਣਾਲੀਆਂ ਦੇ ਸਿਧਾਂਤਾਂ, ਭਾਸ਼ਾ ਆਦਿ ਵਿਚ ਕੀ ਅੰਤਰ ਹੈ। ਹਰ ਪ੍ਰਣਾਲੀ ਦੀਆਂ ਵਿਸ਼ੇਸ਼ਤਾਵਾਂ ਵੀ ਦੱਸੀਆਂ ਗਈਆਂ ਹਨ।

**ਭਾਈ ਕਾਨ੍ਹ ਸਿੰਘ ਨਾਭਾ ਦੀ** ਵਿਆਖਿਆਕਾਰੀ ਦੇ ਪ੍ਰਮੁੱਖ ਸਿੱਧਾਂਤਕ ਆਧਾਰ ਇਸ ਪ੍ਰਕਾਰ ਦੇਖੇ ਜਾ ਸਕਦੇ ਹਨ:

- ਵਿਆਖਿਆਕਾਰੀ ਤਰਕਮਈ ਅਤੇ ਵਿਗਿਆਨਕ ਆਧਾਰ ਤੇ ਕੀਤੀ ਗਈ।
- ਸਮੁੱਚੀ ਗੁਰਬਾਣੀ ਅਨੁਸਾਰ ਹਰ ਤੁਕ ਦਾ ਸਹੀ ਇਕ ਹੀ ਅਰਥ ਮੰਨਿਆ ਅਤੇ ਨਿਸ਼ਚਤ ਕੀਤਾ ਗਿਆ।
- ਗੁਰਬਾਣੀ ਵਿੱਚੋਂ ਸਮਾਜ, ਸਭਿਆਚਾਰ, ਵਿਦਿਆ, ਸਾਹਿਤ ਦੇ ਸਿਧਾਂਤ ਲੱਭੇ ਹਨ।
- ਵਿਆਖਿਆਕਾਰੀ ਦੌਰਾਨ ਸ਼ਬਦ ਅਰਥ ਦੇਣ ਲੱਗੇ ਵਿਆਕਰਨ ਅਤੇ ਨਿਰੁਕਤੀ ਨੂੰ ਅਧਾਰ ਬਣਾਇਆ।

- ਇਕਲੌਤੀ ਤੁਕ ਦੀ ਬਜਾਏ ਵਿਆਖਿਆਕਾਰੀ ਸਮੁੱਚੇ ਸ਼ਬਦ, ਪਉੜੀ, ਸਲੋਕ, ਅਸ਼ਟਪਦੀ ਜਾਂ ਰਚਨਾ ਦੇ ਕੇਂਦਰੀ ਭਾਵ ਨੂੰ ਧਿਆਨ ਵਿਚ ਰੱਖਦੇ ਹੋਏ ਕੀਤੀ।
- ਵੇਦ ਮੁਖੀ ਵਿਆਖਿਆਕਾਰੀ ਨੂੰ ਨਕਾਰਦੇ ਹੋਏ ਗੁਰਮਤਿ ਵਿਆਖਿਆਕਾਰੀ ਦਾ ਪ੍ਰਚਲਣ ਕੀਤਾ।
- ਸੁਚੱਜੀ ਜੀਵਨ-ਜਾਚ ਦਾ ਸੰਦੇਸ਼ ਕੇਂਦਰੀ ਵਿਸ਼ਾ ਬਣਾਇਆ।
- ਵਿਆਖਿਆਕਾਰੀ ਵਿੱਚੋਂ ਸ੍ਵੈ-ਵਿਰੋਧ ਖ਼ਤਮ ਕੀਤਾ।
- ਵਿਆਖਿਆਕਾਰੀ ਦੌਰਾਨ ਸਾਖੀਆਂ ਅਤੇ ਪੌਰਾਣਿਕ ਕਥਾਵਾਂ ਦੇਣ ਦੀ ਪ੍ਰਚਲਣ ਖ਼ਤਮ ਕੀਤਾ।

ਅਧਿਆਇ ਤੀਸਰਾ ਵਿੱਚ **ਭਾਈ ਕਾਨ੍ਹ ਸਿੰਘ ਨਾਭਾ ਗੁਰਮਤਿ ਵਿਆਖਿਆਕਾਰੀ ਵਿਚ ਯੋਗਦਾਨ** ਹੈ। ਇਸ ਅਧਿਆਇ ਵਿਚ ਭਾਈ ਕਾਨ੍ਹ ਸਿੰਘ ਨਾਭਾ ਦੀਆਂ ਗੁਰਮਤਿ ਵਿਆਖਿਆਕਾਰੀ ਨਾਲ ਸੰਬੰਧਿਤ ਰਚਨਾਵਾਂ ਦਾ ਵਿਸਥਾਰ ਸਹਿਤ ਵਰਣਨ ਕੀਤਾ ਗਿਆ ਹੈ। ਗੁਰਮਤਿ ਵਿਆਖਿਆਕਾਰੀ ਨਾਲ ਸੰਬੰਧਿਤ ਰਚਨਾਵਾਂ, *ਹਮ ਹਿੰਦੂ ਨਹੀ, ਗੁਰੁਮਤ ਪ੍ਰਭਾਕਰ, ਗੁਰੁਮਤ ਸੁਧਾਕਰ, ਗੁਰੁਮਤ ਮਾਰਤੰਡ, ਗੁਰੁਛੰਦ ਦਿਵਾਕਰ, ਚੰਡੀ ਦੀ ਵਾਰ ਸਟੀਕ, ਅਤੇ ਗੁਰੁਸ਼ਬਦ ਰਤਨਾਕਰ ਮਹਾਨ ਕੋਸ਼* ਆਦਿ ਸ਼ਾਮਿਲ ਹਨ। ਇਨ੍ਹਾਂ ਪੁਸਤਕਾਂ ਦਾ ਵਿਸ਼ਾ ਵਸਤੂ, ਜਿਹੜਾ ਕਿ ਵਿਸ਼ੇਸ਼ ਤੌਰ ’ਤੇ ਸਿੱਖਾਂ ਦੇ ਨਿਆਰੇਪਣ ਨਾਲ ਸੰਬੰਧਿਤ ਹੈ, ਵਿਸਥਾਰ ਸਹਿਤ ਵਿਚਾਰਿਆ ਗਿਆ ਹੈ। ਪੁਸਤਕਾਂ ਦਾ ਵਿਸਤਾਰ ਸਹਿਤ ਵਰਣਨ ਕੀਤਾ ਗਿਆ ਹੈ। ਅਧਿਆਇ ਨੂੰ ਵਿਆਖਿਆਕਾਰੀ ਦੀ ਪਰਿਭਾਸ਼ਾ ਤੋਂ ਸ਼ੁਰੂ ਕੀਤਾ ਗਿਆ ਹੈ ਤੇ ਪਿੱਛੋਂ ਹਰ ਇਕ ਰਚਨਾ ਦੀ ਵਿਆਖਿਆਕਾਰੀ ਦੇ ਲੱਛਣਾਂ ਨੂੰ ਉਨ੍ਹਾਂ ਦੇ ਪ੍ਰਕਾਸ਼ਨਾ ਸਾਲ ਅਨੁਸਾਰ ਦੇ ਕੇ ਸਪਸ਼ਟ ਕੀਤਾ ਗਿਆ ਹੈ। ਇਨ੍ਹਾਂ ਪੁਸਤਕਾਂ

ਦਾ ਵਿਸ਼ਾ-ਵਸਤੂ ਜਿਹੜਾ ਕਿ ਸਿੱਖਾਂ ਦੇ ਵੱਖਰੇਪਣ ਨੂੰ ਦੱਸਦਾ ਹੈ, ਦਾ ਵਿਸਥਾਰ ਸਹਿਤ ਵਰਣਨ ਕੀਤਾ ਗਿਆ ਹੈ।

*ਹਮ ਹਿੰਦੂ ਨਹੀਂ* ਪੁਸਤਕ ਲਿਖਣ ਦੇ ਮਨੋਰਥ ਬਾਰੇ ਦੱਸਣ ਤੋਂ ਬਾਅਦ ਪੁਸਤਕ ਦਾ ਵਿਸ਼ਾ-ਵਸਤੂ ਦੱਸਿਆ ਗਿਆ ਹੈ। ਇਹ ਪੁਸਤਕ ਸਿੱਖਾਂ ਦੀ ਵੱਖਰੀ ਕੌਮ ਹੋਣ ਬਾਰੇ ਵਿਸਥਾਰ ਸਹਿਤ ਦੱਸਦੀ ਹੈ। *ਹਮ ਹਿੰਦੂ ਨਹੀਂ* ਪੁਸਤਕ ਸਿੱਖ ਅਤੇ ਹਿੰਦੂ ਵਿਚਾਲੇ ਆਪਣੀਆਂ-ਆਪਣੀਆਂ ਧਾਰਮਿਕ ਮਾਨਤਾਵਾਂ ਨੂੰ ਲੈ ਕੇ ਸੰਵਾਦ ਹੈ। ਜਿਸ ਵਿੱਚ ਸਿੱਖ ਆਪਣੇ ਧਰਮ ਨੂੰ ਹਿੰਦੂਆਂ ਨਾਲੋਂ ਵੱਖਰਾ ਸਿੱਧ ਕਰਦਾ ਹੈ। *ਗੁਰੁਮਤ ਪ੍ਰਭਾਕਰ* ਅਤੇ *ਗੁਰੁਮਤ ਸੁਧਾਕਰ* ਗੁਰਬਾਣੀ ਦੇ ਸਿਧਾਂਤਾਂ ਅਤੇ ਸਿੱਖ ਸਾਹਿਤ ਦੀ ਕੋਸ਼ਨੁਮਾ ਵਿਆਖਿਆਕਾਰੀ ਹੈ। ਦੋਵਾਂ ਪੁਸਤਕਾਂ ਵਿੱਚ ਸਿੱਖ ਸੰਕਲਪਾਂ ਦੀ ਵਿਆਖਿਆ ਬੜੇ ਤਰਕ ਪੂਰਨ ਢੰਗ ਨਾਲ ਕੀਤੀ ਗਈ ਹੈ। ਇਨ੍ਹਾਂ ਪੁਸਤਕਾਂ ਨੂੰ ਜੇਕਰ ਸਿੱਖ ਧਰਮ ਦਾ ਰਹਿਤਨਾਮਾ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਬਾਅਦ ਵਿੱਚ ਇਨ੍ਹਾਂ ਦੋਵਾਂ ਪੁਸਤਕਾਂ ਨੂੰ *ਗੁਰੁਮਤ ਮਾਰਤੰਡ* ਨਾਮੀ ਗ੍ਰੰਥ ਵਿੱਚ ਸ਼ਾਮਿਲ ਕਰਕੇ ਇੱਕ ਨਵੇਂ ਤਰ੍ਹਾਂ ਦੇ ਗ੍ਰੰਥ ਦੀ ਰਚਨਾ ਕੀਤੀ ਹੈ। ਇਹ ਪੁਸਤਕ ਸਿੱਖ ਵਿਆਖਿਆਕਾਰੀ, ਜਿਸ ਵਿੱਚ ਸਿਧਾਂਤ, ਇਤਿਹਾਸ ਅਤੇ ਰਹਿਤ ਨਾਲ ਸੰਬੰਧਿਤ ਵੱਖ-ਵੱਖ ਸਿਰਲੇਖਾਂ ਹੇਠਾਂ ਗੁਰਬਾਣੀ ਅਤੇ ਸਿੱਖ ਸਾਹਿਤ ਦੇ ਹਵਾਲੇ ਸ਼ਾਮਿਲ ਹਨ ਨੂੰ ਪ੍ਰਵਾਨ ਚੜਾਇਆ ਗਿਆ ਹੈ। *ਗੁਰੁਛੰਦ ਦਿਵਾਕਰ* ਸਿੱਖ ਸਾਹਿਤ ਵਿੱਚ ਵਰਤੇ ਛੰਦਾਂ ਦਾ ਕੋਸ਼ ਹੈ । *ਗੁਰੁਸ਼ਬਦਾਲੰਕਾਰ* ਪੁਸਤਕ ਵਿੱਚ ਗੁਰਬਾਣੀ ਨਾਲ ਸੰਬੰਧਿਤ ਛੰਦਾਂ ਦਾ ਵੇਰਵਾ ਦੇ ਕੇ, ਉਨ੍ਹਾਂ ਬਾਰੇ ਦੱਸਿਆ ਗਿਆ ਹੈ। ਇਹ ਪੁਸਤਕ ਛੰਦ ਸ਼ਾਸਤਰ ਬਾਰੇ ਵਿਸਥਾਰ ਸਹਿਤ ਦੱਸਦੀ ਹੈ ਅਤੇ *ਚੰਡੀ ਦੀ ਵਾਰ ਸਟੀਕ* ਗੁਰੂ ਗੋਬਿੰਦ ਸਿੰਘ ਜੀ ਨੂੰ ਦੁਰਗਾ ਦਾ

ਪੂਜਾਰੀ ਦੱਸਣ ਵਾਲਿਆਂ ਲਈ ਜਵਾਬ ਵਜੋਂ ਲਿਖਿਆ ਗਿਆ ਹੈ। *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼* ਸਿੱਖ ਸਾਹਿਤ ਦੀ ਵਿਸ਼ਵਕੋਸ਼ ਕਰਕੇ ਜਾਣੀ ਜਾਣ ਵਾਲੀ ਵਡੇਰੀ ਪੁਸਤਕ ਹੈ। ਇਸ ਵਿੱਚ ਆਏ ਇੰਦਰਾਜਾਂ, ਜਿਹੜੇ ਸਿੱਖ ਫ਼ਿਲਾਸਫੀ, ਇਤਿਹਾਸ ਅਤੇ ਰਹਿਤ ਮਰਿਆਦਾ ਨਾਲ ਸੰਬੰਧਿਤ ਹਨ, ਨੂੰ ਅਧਿਐਨ ਦਾ ਭਾਗ ਬਣਾਇਆ ਹੈ ਅਤੇ ਭਾਈ ਸਾਹਿਬ ਦੀ ਵਿਆਖਿਆ ਦੇ ਕੁਝ ਨਮੂਨੇ ਦਿੱਤੇ ਗਏ ਹਨ।

ਭਾਈ ਕਾਨ੍ਹ ਸਿੰਘ ਨਾਭਾ ਦੀ ਵਿਆਖਿਆਕਾਰੀ ਦੀਆਂ ਕੁਝ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਦੇਖੀਆਂ ਜਾ ਸਕਦੀਆਂ ਹਨ:

- ਵਿਆਖਿਆਕਾਰੀ ਦੀ ਭਾਸ਼ਾ ਸਾਧ ਭਾਸ਼ਾ ਤੋਂ ਸਰਲ ਪੰਜਾਬੀ ਵਿਚ ਕੀਤੀ।
- ਉਨ੍ਹਾਂ ਦੀ ਵਿਆਖਿਆਕਾਰੀ ਗੁਰਮਤਿ ਦੇ ਸਿਧਾਂਤ ਉਤੇ ਟਿਕੀ ਹੋਈ ਹੈ। ਉਹ ਗੁਰਮਤਿ ਅਨੁਸਾਰ ਸ਼ਬਦਾਂ ਦੇ ਅਰਥ ਦੱਸਕੇ ਵਿਆਖਿਆ ਕਰਦੇ ਹਨ।
- ਉਨ੍ਹਾਂ ਨੇ ਆਪਣੀ ਵਿਆਖਿਆਕਾਰੀ ਵਿੱਚ ਸਿੱਖ ਧਰਮ ਦੇ ਮੂਲ ਸਿਧਾਂਤ ਨੂੰ ਦਰਸਾਉਂਦੀ ਵਿਆਖਿਆਕਾਰੀ ਕੀਤੀ ਹੈ।
- ਉਨ੍ਹਾਂ ਨੇ ਆਪਣੀ ਵਿਆਖਿਆਕਾਰੀ ਵਿੱਚ ਸਿੱਖਾਂ ਨੂੰ ਇੱਕ ਸੁਤੰਤਰ ਕੌਮ ਵਜੋਂ ਪੇਸ਼ ਕੀਤਾ ਗਿਆ ਹੈ।
- ਉਹ ਸ਼ਬਦ ਉਪਰ ਵੇਰਵਾ ਦਿੰਦੇ ਹਨ, ਬਾਣੀ ਸ਼ਾਮਿਲ ਕਰਨ ਸਮੇਂ ਇਹ ਧਿਆਨ ਰਖਦੇ ਹਨ ਕਿ ਇਹ ਬਾਣੀ ਕਿਸ ਮਹਲੇ ਜਾਂ ਭਗਤ ਦੀ ਹੈ। ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਮੁਤਾਬਿਕ ‘ਆਸਾ ਮਹਲਾ-1’ ਅਤੇ ‘ਮਾਰੂ ਮਹਲਾ-1’ ਆਦਿ ਸ਼ਬਦ ਵਰਤਦੇ ਹਨ ਤਾਂ ਜੋ ਬਾਣੀ ਦੇ ਰਚਨਾਕਾਰ ਬਾਰੇ ਭੁਲੇਖਾ ਨਾ ਰਹੇ।

ਅਧਿਆਇ ਚੌਥਾ ਵਿਚ **ਭਾਈ ਕਾਨ੍ਹ ਸਿੰਘ ਨਾਭਾ ਦੀ ਗੁਰਮਤਿ ਵਿਆਖਿਆਕਾਰੀ ਦਾ ਤੁਲਨਾਮਿਕ ਅਧਿਐਨ** ਕੀਤਾ ਗਿਆ ਹੈ। ਇਸ ਵਿੱਚ ਸਮਕਾਲੀ ਵਿਦਵਾਨਾਂ ਦੀ ਗੁਰਮਤਿ ਵਿਆਖਿਆਕਾਰੀ ਦਾ ਭਾਈ ਕਾਨ੍ਹ ਸਿੰਘ ਨਾਭਾ ਦੀਆਂ ਗੁਰਮਤਿ ਵਿਆਖਿਆਕਾਰੀ ਨਾਲ ਸੰਬੰਧਿਤ ਰਚਨਾਵਾਂ ਨਾਲ ਤੁਲਨਾਤਮਿਕ ਅਧਿਐਨ ਕੀਤਾ ਗਿਆ ਹੈ। ਇਸ ਵਿਚ ਪੰਡਿਤ ਤਾਰਾ ਸਿੰਘ ਨਰੋਤਮ, ਗਿਆਨੀ ਦਿੱਤ ਸਿੰਘ, ਭਾਈ ਵੀਰ ਸਿੰਘ, ਭਾਈ ਜੋਧ ਸਿੰਘ ਅਤੇ ਪ੍ਰੋ. ਪਿਆਰਾ ਸਿੰਘ ਆਦਿ ਵਿਆਖਿਆਕਾਰਾਂ ਦੀ ਵਿਆਖਿਆਕਾਰੀ ਸ਼ਾਮਲ ਹੈ। ਇਸ ਅਧਿਆਇ ਦਾ ਆਰੰਭ ਤੁਲਨਾਤਮਿਕ ਸ਼ਬਦ ਦੀ ਪਰਿਭਾਸ਼ਾ ਤੋਂ ਕੀਤਾ ਗਿਆ ਹੈ। ਦੱਸਣ ਦਾ ਯਤਨ ਕੀਤਾ ਗਿਆ ਹੈ ਕਿ ਤੁਲਨਾਤਮਿਕ ਸਾਹਿਤ ਹੈ ਕੀ ਹੈ ਕਿਸੇ ਸਾਹਿਤਿਕ ਕਿਰਤ ਨੂੰ ਦੂਸਰੀ ਰਚਨਾ ਨਾਲ ਤੁਲਨਾ ਕਰਨ ਲਈ ਕਿਹੜੇ ਤੱਤ ਜ਼ਰੂਰੀ ਹਨ। ਇਸ ਤੋਂ ਬਾਅਦ ਵੱਖ-ਵੱਖ ਵਿਦਵਾਨਾਂ ਦੁਆਰਾ ਤੁਲਨਾਤਮਿਕ ਅਧਿਐਨ ਸ਼ਬਦ ਬਾਰੇ ਆਪਣੇ ਵਿਚਾਰ ਦਿੱਤੇ ਗਏ ਹਨ। ਇਹ ਪੱਛਮ ਦਾ ਲੰਮੇਰਾ ਸਾਹਿਤ ਹੈ, ਭਾਰਤ ਅਤੇ ਪੰਜਾਬ ਵਿਚ ਇਹ ਵਿਸ਼ਾ ਤੁਲਨਾਤਮਿਕ ਸਾਹਿਤ ਦੇ ਨਾਮ ਤੋਂ ਆਪਣੇ ਮੁਢਲੇ ਦੌਰ ਵਿਚ ਹੈ।

ਇਸ ਅਧਿਆਇ ਵਿਚ ਵੱਖ-ਵੱਖ ਵਿਆਖਿਆਕਾਰਾਂ ਦੇ ਸੰਖੇਪ ਜੀਵਨ ਬਾਰੇ ਜਾਣ ਪਛਾਣ ਦੇ ਕੇ ਉਨ੍ਹਾਂ ਦੀਆਂ ਰਚਨਾਵਾਂ ਦਾ ਵੇਰਵਾ ਦਿੱਤਾ ਗਿਆ ਹੈ, ਜਿਨ੍ਹਾਂ ਦੀ ਤੁਲਨਾ ਭਾਈ ਕਾਨ੍ਹ ਸਿੰਘ ਨਾਭਾ ਦੇ ਅਧਿਐਨ ਤੱਤਾਂ ਨਾਲ ਕੀਤੀ ਗਈ ਹੈ। ਇਸ ਅਧਿਆਇ ਵਿਚ ਸਿਰਫ਼ ਉਨ੍ਹਾਂ ਵਿਆਖਿਆਕਾਰਾਂ ਨੂੰ ਹੀ ਲਿਆ ਗਿਆ ਹੈ, ਜਿਨ੍ਹਾਂ ਨੇ ਭਾਈ ਕਾਨ੍ਹ ਸਿੰਘ ਨਾਭਾ ਵਰਗਾ ਅਧਿਐਨ ਸਿਰਜਿਆ ਹੈ।

ਪੰਡਿਤ ਤਾਰਾ ਸਿੰਘ ਨਰੋਤਮ ਜੀ ਨਿਰਮਲੇ ਵਿਦਵਾਨ ਸਨ, ਇਨ੍ਹਾਂ ਦੀ ਵਿਆਖਿਆ ਕਰਨ ਦਾ ਢੰਗ ਪੁਰਾਤਨ ਸੀ। ਵਿਆਖਿਆਕਾਰੀ ਦੀ ਭਾਸ਼ਾ ਪੁਰਾਤਨ ਹੈ, ਜਿਸਨੂੰ ਸਾਧ ਭਾਸ਼ਾ ਕਿਹਾ ਗਿਆ ਹੈ, ਉਹ ਆਪਣੀ ਵਿਆਖਿਆ ਕਰਨ ਸਮੇਂ ਉਸ ਤੇ ਵੈਦਿਕ ਰੰਗ ਚਾੜ੍ਹਦੇ ਹਨ। ਸਿੱਧੇ ਸ਼ਬਦਾਂ ਵਿਚ ਉਨ੍ਹਾਂ ਦੀ ਵਿਆਖਿਆਕਾਰੀ ਉਪਰ ਵੈਦਿਕ ਸ਼ੈਲੀ ਦੀ ਰੰਗਤ ਦੇਖੀ ਜਾ ਸਕਦੀ ਹੈ, ਜੋ ਸਾਰੇ ਨਿਰਮਲੇ ਵਿਆਖਿਆਕਾਰਾਂ ਦਾ ਸਾਂਝਾ ਲੱਛਣ ਹੈ। ਬਾਕੀ ਦੇ ਵਿਆਖਿਆਕਾਰ ਸਿੰਘ ਸਭਾਈ ਪ੍ਰਣਾਲੀ ਦੇ ਹਨ, ਇਨ੍ਹਾਂ ਦੀ ਭਾਸ਼ਾ, ਸ਼ੈਲੀ ਵਿਚ ਕਾਫ਼ੀ ਸਮਾਨਤਾਵਾਂ ਹਨ। ਇਨ੍ਹਾਂ ਸਾਰੇ ਹੀ ਵਿਆਖਿਆਕਾਰਾਂ ਦੀ ਵਿਆਖਿਆ ਵਿਚ ਮੂਲ ਰੂਪ ਵਿਚ ਸਮਾਨ ਤੱਤਾਂ ਨੂੰ ਆਧਾਰ ਬਣਾਇਆ ਗਿਆ ਹੈ, ਪਰੰਤੂ ਅੰਸ਼ਿਕ ਰੂਪ ਵਿਚ ਫ਼ਰਕ ਵੀ ਮੌਜੂਦ ਹੈ। ਭਾਈ ਸਾਹਿਬ ਦੀ ਵਿਆਖਿਆਕਾਰੀ ਵਿਚ ਤਰਕ ਪ੍ਰਧਾਨ ਹੈ ਅਤੇ ਅਧਿਆਤਮਿਕਤਾ ਆਟੇ ਵਿੱਚ ਲੂਣ ਦੇ ਬਰਾਬਰ ਹੈ। ਉਨ੍ਹਾਂ ਦੀਆਂ ਵਿਆਖਿਆਕਾਰੀ ਦੀਆਂ ਪੁਸਤਕਾਂ ਨੂੰ ਸਿੱਖ ਰਹਿਤਨਾਮੇ ਵਜੋਂ ਪੜ੍ਹਿਆ ਜਾਂਦਾ ਹੈ। ਭਾਈ ਸਾਹਿਬ ਆਪਣੇ ਸਮਕਾਲੀ ਵਿਆਖਿਆਕਾਰਾਂ ਤੋਂ ਕਾਫ਼ੀ ਵੱਖਰੇ ਜਾਪਦੇ ਹਨ। ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਭਾਈ ਸਾਹਿਬ ਦੀ ਵਿਆਖਿਆਕਾਰੀ ਦਾ ਘੇਰਾ ਇਨ੍ਹਾਂ ਵਿਦਵਾਨਾਂ ਤੋਂ ਵੱਡਾ ਹੈ, ਇਸ ਦੀ ਉਦਾਹਰਣ ਸਾਡੇ ਸਾਹਮਣੇ *ਮਹਾਨ ਕੋਸ਼* ਦੇ ਰੂਪ ਵਿਚ ਮੌਜੂਦ ਹੈ।

ਇਸ ਪ੍ਰਕਾਰ ਤੁਲਨਾਤਮਿਕ ਅਧਿਐਨ ਰਾਹੀਂ ਭਾਈ ਕਾਨ੍ਹ ਸਿੰਘ ਨਾਭਾ ਦੀ ਵਿਆਖਿਆਕਾਰੀ ਦੀਆਂ ਵਿਸ਼ੇਸ਼ਤਾਵਾਂ ਉਘੜਵੇਂ ਰੂਪ ਵਿਚ ਸਾਹਮਣੇ ਆਉਂਦੀਆਂ ਹਨ।

- ਭਾਈ ਕਾਨ੍ਹ ਸਿੰਘ ਨਾਭਾ ਦੀ ਵਿਆਖਿਆਕਾਰੀ ਵਿੱਚ ਰਹਿਤ ਮਰਿਯਾਦਾ ਦ੍ਰਿੜ ਕਰਵਾਉਂਦੇ ਹਨ।
- ਭਾਈ ਸਾਹਿਬ ਅਰਥਾਂ ਦੀ ਵਿਆਖਿਆ ਕਰਨ ਲਈ ਫੁੱਟ ਨੋਟਾਂ ਵਿੱਚ ਜਾਂ ਸ਼ਬਦਾਰਥ ਰੂਪ ਵਿੱਚ ਕੋਸ਼ਕਾਰੀ ਸ਼ੈਲੀ ਅਨੁਸਾਰ ਵਿਆਖਿਆ ਕਰਦੇ ਹਨ।
- ਭਾਈ ਸਾਹਿਬ ਗੁਰਬਾਣੀ ਦੀ ਵਿਆਖਿਆ ਸਹਿਜ ਪ੍ਰਣਾਲੀ ਅਨੁਸਾਰ ਭਾਈ ਗੁਰਦਾਸ, ਭਾਈ ਨੰਦ ਲਾਲ ਜੀ ਜਨਮਸਾਖੀਆਂ ਅਤੇ ਸਿੱਖ ਸਾਹਿਤ ਦੀਆਂ ਹੋਰ ਪਰੰਪਰਾਵਾਂ ਨਾਲ ਪੂਰੀ ਕਰਦੇ ਹਨ।

- ਭਾਈ ਸਾਹਿਬ ਆਪਣੀ ਵਿਆਖਿਆਕਾਰੀ ਵਿੱਚ ਗੁਰਬਾਣੀ ਨੂੰ ਵੇਦਾਂਤ ਤੋਂ ਸੁਤੰਤਰ ਮੰਨ ਕੇ ਚੱਲਦੇ ਹਨ।
- ਭਾਈ ਸਾਹਿਬ ਆਪਣੀ ਗੱਲ ਸਿੱਧ ਕਰਨ ਲਈ ਲੋੜੀਂਦੇ ਇਤਿਹਾਸਕ ਹਵਾਲੇ ਵਰਤਦੇ ਹਨ ਅਤੇ ਦੂਸਰੇ ਵਿਆਖਿਆਕਾਰਾਂ ਨਾਲੋਂ ਵਿਸਥਾਰਤ ਅਰਥ ਪੇਸ਼ ਕਰਦੇ ਹਨ।

ਸਮੁੱਚੇ ਰੂਪ ਵਿਚ, ਭਾਈ ਕਾਨ੍ਹ ਸਿੰਘ ਨਾਭਾ ਸਿੱਖ ਚਿੰਤਨ ਅਤੇ ਵਿਆਖਿਆ ਦੇ ਉੱਘੇ ਵਿਦਵਾਨ ਹੋਏ ਹਨ। ਇਨ੍ਹਾਂ ਨੂੰ ਜੇਕਰ ਇਕ ਸੰਪੂਰਨ ਵਿਆਖਿਆਕਾਰ, ਸਾਹਿਤਕਾਰ ਅਤੇ ਕੋਸ਼ਕਾਰ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਭਾਈ ਸਾਹਿਬ ਨੇ ਆਪਣਾ ਜ਼ਿਆਦਾਤਰ ਸਾਹਿਤ ਸਿੱਖ ਧਰਮ ਨੂੰ ਹੀ ਸਮਰਪਿਤ ਕੀਤਾ ਹੈ। ਭਾਈ ਸਾਹਿਬ ਨੇ ਆਪਣੀਆਂ ਕਿਰਤਾਂ ਵਿਚ ਵਿਗਿਆਨਕ ਅਤੇ ਤਰਕਮਈ ਸੋਚ ਪ੍ਰਮੁੱਖ ਰੱਖਕੇ ਸਿੱਖ ਧਰਮ ਵਿਚ ਪਾਏ ਗਏ ਰਲਾਅ ਨੂੰ ਸਮਝਣ ਦਾ ਯਤਨ ਕੀਤਾ। ਇਨ੍ਹਾਂ ਨੇ ਵਿਆਖਿਆਕਾਰੀ ਕਿਸੇ ਲਾਲਚ ਜਾਂ ਪਦਵੀ ਲਈ ਨਹੀਂ ਕੀਤੀ ਸਗੋਂ ਸਿੱਖ ਧਰਮ ਦੀ ਸੱਚੀ ਸੇਵਾ ਦੇ ਮਕਸਦ ਨਾਲ ਹੀ ਸਾਰੀ ਵਿਆਖਿਆ ਕੀਤੀ ਹੈ। ਗੁਰਮਤਿ ਸਿਧਾਂਤਾਂ ਨੂੰ ਸੰਖੇਪ ਰੂਪ ਵਿਚ ਪੇਸ਼ ਕਰਨ ਵਾਲੇ ਪ੍ਰਤਿਭਾਸ਼ਾਲੀ ਸਾਹਿਤਕਾਰ, ਗੁਰਮਤਿ ਖੋਜੀ ਵਿਦਵਾਨ, ਵਿਆਖਿਆਕਾਰ, ਭਾਸ਼ਾ ਵਿਗਿਆਨੀ, ਕੋਸ਼ਕਾਰ ਅਤੇ ਸੁਚੱਜੇ ਸੰਪਾਦਕ, ਭਾਈ ਸਾਹਿਬ ਕੇਵਲ ਵਿਅਕਤੀ ਨਹੀਂ ਸਨ ਸਗੋਂ ਇਕ ਸੰਸਥਾ ਸਨ।